ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

19-25 ਫਰਵਰੀ 2025

ਸਾਲ 16ਵਾਂ - ਅੰਕ 8
email : info@sadelok.com
Ph. : 510-706-1300
Fax : 925-373-1300


(ਦੇਖੋ ਸਫ਼ਾ 37 'ਤੇ )

ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ

## ਆਲ ਇੰਡੀਆ ਪੰਥਕ ਕਨਵੈਨਸ਼ਨ 'ਚ ਗਿਆਨੀ ਹਰਪ੍ਰੀਤ ਸਿੰਘ ਨੂੰ ਫ਼ਾਰਗ ਕਰਨ ਦਾ ਫ਼ੈਸਲਾ ਰੱਦ

- ਇਕ ਪਰਿਵਾਰ ਨੂੰ ਬਚਾਉਣ ਵਾਸਤੇ ਸਿੱਖ ਸੰਸਥਾਵਾਂ ਦਾ ਘਾਣ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ : ਸ੍ਰ. ਹਰਮੀਤ ਸਿੰਘ ਕਾਲਕਾ
- 10 ਜਣੇ ਹੀ ਅਕਾਲੀ ਦਲ ਨੂੰ ਡੋਬਣ 'ਤੇ ਲੱਗੇ ਹਨ : ਗਿਆਨੀ ਹਰਪ੍ਰੀਤ ਸਿੰਘ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਈ ਆਲ ਇੰਡੀਆ ਪੰਥਕ ਕਨਵੈਨਸ਼ਨ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਸਮਾਪਤ ਕਰਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਿਆ ਗਿਆ ਫੈਸਲਾ ਮੁੱਢੋਂ ਹੀ ਰੱਦ ਕਰ ਦਿੱਤਾ। ਇਥੇ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿੱਚ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਹੋਈ ਕਨਵੈਨਸ਼ਨ ਵਿੱਚ ਅੱਧੀ ਦਰਜਨ ਦੇ ਕਰੀਬ ਮਤੇ ਸਰਬਸੰਮਤੀ ਨਾਲ ਪ੍ਰਵਾਨ ਕੀਤੇ ਗਏ। ਪਹਿਲੇ ਮਤੇ ਰਾਹੀਂ ਅਕਾਲ ਤਖ਼ਤ ਵੱਲੋਂ 2 ਦਸੰਬਰ ਨੂੰ ਸੁਣਾਏ ਗਏ ਹੁਕਮਨਾਮੇ ਨੂੰ ਇੰਨ-ਬਿੰਨ ਲਾਗੂ ਕਰਵਾਉਣ ਦੀ ਹਮਾਇਤ ਕੀਤੀ ਗਈ।

ਦੂਜੇ ਮਤੇ ਰਾਹੀਂ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ

ਦੇਖੋ ਸਫ਼ਾ 15 'ਤੇ




## ਰੇਖਾ ਗੁਪਤਾ ਨੇ ਦਿੱਲੀ ਦੀ ਮੁੱਖ ਮੰਤਰੀ ਵਜੋਂ ਲਿਆ ਹਲਫ਼

### ਛੇ ਹੋਰ ਮੰਤਰੀਆਂ ਨੇ ਵੀ ਚੁੱਕੀ ਸਹੁੰ



ਨਵੀਂ ਦਿੱਲੀ : ਭਾਜਪਾ ਦੀ ਪਹਿਲੀ ਵਾਰ ਵਿਧਾਇਕ ਬਣੀ ਬੀਬੀ ਰੇਖਾ ਗੁਪਤਾ ਨੇ ਦਿੱਲੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਇਸ ਦੇ ਨਾਲ ਹੀ ਭਾਜਪਾ ਦੀ 26 ਸਾਲਾਂ ਤੋਂ ਵੱਧ ਸਮੇਂ ਬਾਅਦ ਕੌਮੀ ਰਾਜਧਾਨੀ ਵਿੱਚ ਸੱਤਾ 'ਚ ਵਾਪਸੀ ਹੋਈ ਹੈ।

ਰੇਖਾ ਗੁਪਤਾ ਦੇ ਨਾਲ ਪਰਵੇਸ਼ ਵਰਮਾ,

(ਦੇਖੋ ਸਫ਼ਾ 27 'ਤੇ)

## ਅਮਰੀਕਨ ਸਿੱਖ ਸਿਰਮੌਰ ਜਥੇਬੰਦੀਆਂ ਵਲੋਂ ਸਿੱਖ ਡਿਪੋਰਟੀਆਂ ਦੀਆਂ ਪੱਗਾਂ ਉਤਾਰਨ ਖਿਲਾਫ਼ ਮੰਗ ਪੱਤਰ

(ਦੇਖੋ ਸਫ਼ਾ 15 'ਤੇ)

## ਟਰੰਪ ਦੀਆਂ ਨੀਤੀਆਂ ਵਿਰੁੱਧ ਅਮਰੀਕਾ ਭਰ 'ਚ ਰੋਸ ਪ੍ਰਦਰਸ਼ਨ




ਸਾਨ ਫਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਵਾਸ਼ਿੰਗਟਨ, ਆਸਟਿਨ, ਟੈਕਸਸ, ਅਟਲਾਂਟਾ, ਮਿਸ਼ੀਗਨ ਤੇ ਇਲਨੋਇਸ ਸਮੇਤ ਪ੍ਰਮੁੱਖ ਸ਼ਹਿਰਾਂ ਸਮੇਤ ਅਮਰੀਕਾ ਭਰ 'ਚ ਪ੍ਰਦਰਸ਼ਨਕਾਰੀ ਸੜਕਾਂ 'ਤੇ ਉਤਰੇ। ਹਜ਼ਾਰਾਂ ਸੰਘੀ ਕਰਮਚਾਰੀਆਂ ਨੂੰ ਬਰਖ਼ਾਸਤ ਕਰਨ, ਸੰਘੀ ਸਰਕਾਰ ਦੇ ਅੰਦਰ ਸਰਕਾਰੀ ਵਕੀਲਾਂ ਅਤੇ ਆਜ਼ਾਦ ਨਿਗਰਾਨਾਂ ਨੂੰ ਬਰਖ਼ਾਸਤ ਕਰਨ ਦੀ ਕਵਾਇਦ ਦਰਮਿਆਨ ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਹਾ ਸੀ ਕਿ ਉਹ ਇਸ ਚਿੰਤਾ ਵੱਲ ਧਿਆਨ ਨਹੀਂ ਦੇਣਗੇ ਕਿ ਉਨ੍ਹਾਂ ਦੀਆਂ ਵੱਡੀਆਂ ਕਾਰਵਾਈਆਂ ਕਾਨੂੰਨ ਤੋੜਨ ਵਰਗੀਆਂ ਹੋ ਸਕਦੀਆਂ ਹਨ। ਉਨ੍ਹਾਂ ਨੈਪੋਲੀਅਨ ਬੋਨਾਪਾਰਟ ਦੀ ਇਕ ਤੁਕ ਨਾਲ ਸੋਸ਼ਲ 'ਤੇ ਲਿਖਿਆ ਸੀ ਕਿ ਜੋ ਆਪਣੇ ਦੇਸ਼ ਨੂੰ ਬਚਾਉਂਦਾ ਹੈ, ਉਹ ਕਿਸੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਕਰਦਾ। ਨਿਊਯਾਰਕ 'ਚ ਹਜ਼ਾਰਾਂ ਲੋਕਾਂ

(ਦੇਖੋ ਸਫ਼ਾ 7 'ਤੇ)

## ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਬਿਨਾ 'ਕਪਤਾਨ' ਤੋਂ !

### ਅਕਾਲੀ ਦਲ ਦੇ ਵਫ਼ਦ ਵਲੋਂ ਸ੍ਰ. ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ 'ਡੈਮੇਜ ਕੰਟਰੋਲ' 'ਚ ਰੁੱਝ ਗਿਆ ਹੈ। ਇਸੇ ਤਹਿਤ ਅੱਜ ਸੀਨੀਅਰ ਅਕਾਲੀ ਆਗੂ ਡਾ: ਦਲਜੀਤ ਸਿੰਘ ਚੀਮਾ, ਜਨਮੇਜਾ ਸਿੰਘ ਸ਼ੇਖੋਂ, ਹੀਰਾ ਸਿੰਘ ਗਾਬੜੀਆ, ਵਰਿੰਦਰ ਸਿੰਘ ਬਾਜਵਾ, ਗੁਰਬਚਨ ਸਿੰਘ ਬੱਬੇਹਾਲੀ, ਕੁਲਵੰਤ ਸਿੰਘ ਮੰਨਣ, ਜਤਿੰਦਰ ਸਿੰਘ ਲਾਲੀ ਬਾਜਵਾ, ਜਰਨੈਲ ਸਿੰਘ ਵਾਹਦ, ਹਰਸਿਮਰਨ



**ਮੈਂ ਆਪਣੇ ਫ਼ੈਸਲੇ 'ਤੇ ਕਾਇਮ ਰਹਾਂਗਾ : ਹਰਜਿੰਦਰ ਸਿੰਘ ਧਾਮੀ**

(ਦੇਖੋ ਸਫ਼ਾ 20-21 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
International Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com, www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigration Services
Citizenship
e-Verify, I-9 and
Other Compliance
Other service -B-1/B-2
Visitor Visasextension
and other Services
Santa Clara-Pleasanton-Merced
(844) 4USATAX (209)-354-8696
info@bhatiaco.com, www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
Broker License # 24012019
206-295-5993
Cjs@realtorcjs.com
HOMESMART ONE REALTY
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
HomeSmart One Realty
16329 Cascadian Way
Bothell, WA 98012
Each brokerage independently owned and operated

BIBA INSURANCE
1.800.221.4187
Specializing in Truck Insurance for Owner Operators and Trucking Companies
License #0F71937
ਟਰੱਕਾਂ ਦੀ ਸਸਤੀ ਅਤੇ ਵਧੀਆ ਇੰਸ਼ੋਰੈਂਸ ਕਰਾਉਣ ਲਈ ਭਰੋਸੇਮੰਦ ਅਤੇ ਜ਼ੁੰਮੇਵਾਰ ਕੰਪਨੀ
ਬੀਬਾ ਇੰਸ਼ੋਰੈਂਸ
ਨੂੰ ਅੱਜ ਹੀ ਕਾਲ ਕਰੋ

Punjabi International Services Inc
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਮੈਰੀਲੈਂਡ ਦੇ ਗਵਰਨਰ ਦੀ ਇੰਟਰਫੇਥ ਕੌਂਸਲ ਮੀਟਿੰਗ 'ਚ ਭਾਈ ਸਵਿੰਦਰ ਸਿੰਘ ਨੇ ਕੀਤੀ ਸਿੱਖ ਭਾਈਚਾਰੇ ਦੀ ਨੁਮਾਇੰਦਗੀ

ਮੈਰੀਲੈਂਡ (ਰਾਜ ਗੋਗਨਾ) : ਅਮਰੀਕਾ ਦੇ ਸੂਬੇ ਮੈਰੀਲੈਂਡ ਦੇ ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਦੇ ਸੱਦੇ 'ਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਭਾਈ ਸਵਿੰਦਰ ਸਿੰਘ ਨੇ ਹਾਲ ਹੀ ਵਿੱਚ ਹੋਈ ਗਵਰਨਰ ਦੀ ਇੰਟਰਫੇਥ ਕੌਂਸਲ ਦੀ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿੱਚ ਵੱਖ-ਵੱਖ ਧਰਮਾਂ ਦੇ ਆਗੂ, ਭਾਈਚਾਰੇ ਨੂੰ ਦਰਪੇਸ਼ ਚੁਣੌਤੀਆਂ ਸੰਬੰਧੀ ਵਿਚਾਰ-ਵਟਾਂਦਰਾ ਅਤੇ ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚਕਾਰ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਏ।




ਭਾਈ ਸਵਿੰਦਰ ਸਿੰਘ ਪਿਛਲੇ 25 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਮੈਰੀਲੈਂਡ ਦੇ ਨਿਵਾਸੀ ਹਨ ਅਤੇ ਸੂਬੇ ਵਿੱਚ ਹੋਣ ਵਾਲੇ ਇੰਟਰਫੇਥ ਪ੍ਰੋਗਰਾਮਾਂ, ਸੰਵਾਦਾਂ ਅਤੇ ਸਮਾਜਿਕ ਉਪਰਾਲਿਆਂ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦੇ ਹਨ। ਕੌਂਸਲ ਦੀ ਮੀਟਿੰਗ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਸਿੱਖ ਸਿਧਾਂਤਾ- ਸਮਾਨਤਾ, ਨਿਰਸਵਾਰਥ ਸੇਵਾ ਅਤੇ ਵਿਸ਼ਵਵਿਆਪੀ ਭਾਈਚਾਰੇ - ਦਾ ਪ੍ਰਚਾਰ ਕਰਦੀ ਹੈ, ਜੋ ਕਿ ਇੰਟਰਫੇਥ ਕੌਂਸਲ ਦੇ ਏਕਤਾ ਅਤੇ ਸਾਂਝ ਨੂੰ ਮਜ਼ਬੂਤ ਕਰਨ ਦੇ ਮਿਸ਼ਨ ਨਾਲ ਮੇਲ ਖਾਂਦੀ ਹੈ। ਮੀਟਿੰਗ ਸੰਬੰਧੀ ਲੈਫਟੀਨੈਂਟ ਗਵਰਨਰ ਅਰੁਣਾ ਮਿਲਰ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਸਮਾਜਿਕ ਸਮੱਸਿਆਵਾਂ ਦਾ ਹੱਲ ਕਰਨ ਲਈ ਸਾਰੇ ਧਰਮਾਂ ਦੇ ਮੈਂਬਰਾਂ ਨੂੰ ਇਕੱਠੇ ਕਰਨਾ ਜ਼ਰੂਰੀ ਹੈ। ਸਾਡੀ ਇੰਟਰਫੇਥ ਕੌਂਸਲ ਇਹ ਵਿਸ਼ਵਾਸ ਰੱਖਦੀ ਹੈ ਕਿ ਅਸੀਂ ਆਪਸੀ ਸਹਿਯੋਗ ਅਤੇ ਭਾਈਵਾਲੀ ਰਾਹੀਂ ਹੀ ਅੱਗੇ ਵੱਧ ਸਕਦੇ ਹਾਂ। ਇਕੱਠੇ ਮਿਲ ਕੇ, ਅਸੀਂ ਸਕਾਰਾਤਮਕ ਤਬਦੀਲੀ ਨੂੰ ਯਕੀਨੀ ਬਣਾ ਸਕਦੇ ਹਾਂ!" ਭਾਈ ਸਵਿੰਦਰ ਸਿੰਘ ਨੇ ਇਸ ਇੰਟਰਫੇਥ ਮੀਟਿੰਗ ਦੀ ਮਹੱਤਤਾ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਅਜਿਹੀਆਂ ਬੈਠਕਾਂ ਆਪਸੀ ਸਮਝ ਨੂੰ ਵਿਕਸਤ ਕਰਦੀਆਂ ਹਨ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਸਾਂਝੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਦੀਆਂ ਹਨ। ਉਹਨਾਂ ਨੇ ਗਵਰਨਰ ਵੱਲੋਂ ਵੱਖ-ਵੱਖ ਧਰਮਾਂ ਦੇ ਆਗੂਆਂ ਨੂੰ ਵਿਚਾਰ-ਵਟਾਂਦਰੇ ਅਤੇ ਸਹਿਯੋਗ ਲਈ ਇਕੱਠੇ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇੰਟਰਫੇਥ ਕੌਂਸਲ ਦੇ ਮੈਂਬਰ ਵਜੋਂ, ਭਾਈ ਸਵਿੰਦਰ ਸਿੰਘ ਨੇ 'ਫੂਡ (ਖੁਰਾਕ) ਸੁਰੱਖਿਆ' ਅਤੇ 'ਇੰਟਰਫੇਥ ਕੌਂਸਲ ਰਿਲੇਸ਼ਨ' ਕਮੇਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ। ਉਨ੍ਹਾਂ ਨੇ ਦੱਸਿਆ ਕਿ ਸੂਬੇ ਦੇ ਨਿਯਮਾਂ ਅਨੁਸਾਰ, ਉਹ ਸਿੱਖ ਅਤੇ ਹੋਰ ਭਾਈਚਾਰਿਆਂ ਨਾਲ ਮਿਲ ਕੇ ਸਰਕਾਰੀ ਸਰੋਤਾਂ ਦੀ ਵੰਡ ਨੂੰ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਨਗੇ। ਗਵਰਨਰ ਦੀ ਇੰਟਰਫੇਥ ਕੌਂਸਲ, ਧਾਰਮਿਕ ਭਾਈਚਾਰਿਆਂ ਵਿੱਚਕਾਰ ਸਮਝ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਦਾ ਇੱਕ ਮੰਚ ਹੈ। ਭਾਈ ਸਵਿੰਦਰ ਸਿੰਘ ਵਾਂਗ ਧਾਰਮਿਕ ਆਗੂਆਂ ਦੀ ਸ਼ਮੂਲੀਅਤ, ਮੈਰੀਲੈਂਡ ਵਿੱਚ ਏਕਤਾ ਅਤੇ ਸੇਵਾ ਪ੍ਰਤੀ ਲਗਨ ਨੂੰ ਦਰਸਾਉਂਦੀ ਹੈ।







# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ
ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ
ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ
DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ

# 326ਵੇਂ ਖ਼ਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ) ਨੂੰ ਸਮਰਪਿਤ

## ਸਿੱਖ ਕੋਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ



1984 / 2024 40 YEARS

ਖ਼ਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਦੇਸ਼-ਵਿਦੇਸ਼ ਵਿਚ ਨੈਸ਼ਨਲ ਸਿੱਖ-ਡੇਅ ਵੱਜੋਂ ਸਥਾਪਤ ਕਰਨ ਲਈ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ

# 8th ਨੈਸ਼ਨਲ ਸਿਖ ਡੇਅ ਪਰੇਡ (ਯੂ.ਐਸ.ਏ.)

## SIKH FREEDOM MARCH
## Washington, D.C.

SIKH COORDINATION COMMITTEE EAST COAST, USA

**ਸ਼ਨਿਚਰਵਾਰ 5 ਅਪ੍ਰੈਲ 2025 ਨੂੰ ਕੈਪੀਟਲ ਹਿੱਲ ਵਾਸ਼ਿੰਗਟਨ ਡੀ. ਸੀ. ਵਿਖੇ ਪਰੇਡ ਦੀ ਅਰੰਭਤਾ ਤੋਂ ਪਹਿਲਾਂ**
**20th Street & Constitution Ave ਉੱਪਰ - ਦੀਵਾਨ ਦੀ ਸ਼ੁਰੂਆਤ 10 ਵਜੇ ਸਵੇਰੇ, ਪਰੇਡ ਦੁਪਹਿਰ 12 ਵਜੇ ਸ਼ੁਰੂ ਹੋਵੇਗੀ।**
**ਉਪਰੰਤ 3 ਵਜੇ CAPITOL HILL ਦੇ ਸਾਹਮਣੇ ਸਟੇਜ ਲੱਗੇਗੀ।**
**ਆਪ ਜੀ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ।**









## ਸਹਿਯੋਗੀ ਸੰਸਥਾਵਾਂ ਤੇ ਗੁਰਦੁਆਰਾ ਸਾਹਿਬਾਨ

ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ, ਰਿਚਮੰਡ ਹਿੱਲ ਨਿਊਯਾਰਕ
ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਨਿਊਯਾਰਕ ਇੰਕ. ਫਲੱਸ਼ਿੰਗ ਅਤੇ ਕੁਈਨਜ਼ ਵਿਲੇਜ ਨਿਊਯਾਰਕ
ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਨਿਊਯਾਰਕ
ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਨਿਊਯਾਰਕ
ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਮਿਡ ਹਡਸਨ ਸਿੱਖ ਕਲਚਰਲ ਸੋਸਾਇਟੀ, ਵਾਪਿੰਗਰਜ਼ ਫ਼ਾਲਜ਼ ਨਿਊਯਾਰਕ
ਗੁਰਦੁਆਰਾ ਸਿੱਖ ਸਾਗਰ, ਰੋਚੈਸਟਰ ਨਿਊਯਾਰਕ
ਹਡਸਨ ਵੈਲੀ ਸਿੱਖ ਸੁਸਾਇਟੀ, ਮਿਡਲਟਾਊਨ ਨਿਊਯਾਰਕ
ਸਿੱਖ ਐਸੋਸੀਏਸ਼ਨ ਆਫ ਸਟੇਟਨ ਆਈਲੈਂਡ, ਨਿਊਯਾਰਕ
ਗੁਰਦੁਆਰਾ ਮਾਤਾ ਸਾਹਿਬ ਕੌਰ, ਗਲੈਨ ਕੋਵ ਨਿਊਯਾਰਕ
ਗੁਰਦੁਆਰਾ ਬਾਬਾ ਮਾਝਾ ਸਿੰਘ ਕਰਮਜੋਤ ਸਿੱਖ ਸੈਂਟਰ, ਨਿਊਯਾਰਕ
ਸੱਚਖੰਡ ਗੁਰੂ ਨਾਨਕ ਦਰਬਾਰ, ਸਾਊਥ ਓਜ਼ੋਨ ਪਾਰਕ ਨਿਊਯਾਰਕ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਿਊਹਾਈਡ ਪਾਰਕ ਨਿਊਯਾਰਕ
ਗੁਰਦੁਆਰਾ ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਵਿਦਾਸ ਟੈਂਪਲ, ਵੁੱਡਸਾਈਡ ਨਿਊਯਾਰਕ
ਗੁਰਦੁਆਰਾ ਸ਼ਹੀਦਾਂ, ਹਿਕਸਵਿਲ ਨਿਊਯਾਰਕ
ਗੁਰਦੁਆਰਾ ਰਾਮਗੜ੍ਹੀਆ ਸਿੱਖ ਸੋਸਾਇਟੀ, ਹੋਲਿਸ ਨਿਊਯਾਰਕ
ਗੁਰੂਦੁਆਰਾ ਗੁਰੂ ਤੇਗ ਬਹਾਦਰ ਜੀ, ਨਿਊਹਾਈਡ ਪਾਰਕ ਨਿਊਯਾਰਕ

ਗੁਰਦੁਆਰਾ ਸਿੰਘ ਸਭਾ, ਫੇਅਰਫੈਕਸ ਵਰਜੀਨੀਆਂ
ਸਿੱਖ ਸੈਂਟਰ ਆਫ ਵਰਜੀਨੀਆ, ਮਾਨਾਸਜ ਵਰਜੀਨੀਆਂ.
ਸਿੱਖ ਫਾਊਂਡੇਸ਼ਨ ਆਫ ਵਰਜੀਨੀਆਂ, ਫੇਅਰਫੈਕਸ ਸਟੇਸ਼ਨ ਵਰਜੀਨੀਆਂ
ਗੁਰਦੁਆਰਾ ਸਿੱਖ ਸੰਗਤ ਆਫ ਵਰਜੀਨੀਆਂ, ਸ਼ੈਂਟਿਲੀ ਵਰਜੀਨੀਆਂ
ਰਾਜ ਖਾਲਸਾ ਗੁਰਦੁਆਰਾ, ਸਟਰਲਿੰਗ ਵਰਜੀਨੀਆਂ
ਸਿੱਖ ਮਿਸ਼ਨ ਆਫ ਵਰਜੀਨੀਆਂ, ਵਾਰੈਨਟਨ ਵਰਜੀਨੀਆਂ
ਸਿੱਖ ਗੁਰਦੁਆਰਾ ਆਫ ਡੀ.ਸੀ., ਵਾਸ਼ਿੰਗਟਨ ਡੀ.ਸੀ.

ਸਿੱਖ ਗੁਰਦੁਆਰਾ ਆਫ ਪਾਈਨ ਹਿੱਲ, ਨਿਊਜਰਸੀ
ਗੁਰਦੁਆਰਾ ਦਸ਼ਮੇਸ਼ ਦਰਬਾਰ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਖਾਲਸਾ ਦਰਬਾਰ, ਬਰਲਿੰਗਟਨ ਨਿਊਜਰਸੀ
ਸ੍ਰੀ ਗੁਰੂ ਸਿੰਘ ਸਭਾ, ਗਲੈਨਰਾਕ ਨਿਊਜਰਸੀ
ਗਾਰਡਨ ਸਟੇਟ ਸਿੱਖ ਐਸੋਸੀਏਸ਼ਨ, ਬ੍ਰਿਜਵਾਟਰ, ਨਿਊਜਰਸੀ
ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਓਕਲੈਂਡ ਨਿਊਜਰਸੀ
ਗੁਰੂ ਨਾਨਕ ਸਿੱਖ ਸੁਸਾਇਟੀ ਆਫ ਡੇਲਾਵੇਅਰ ਵੈਲੀ, ਨਿਊਜਰਸੀ
ਗੁਰਦੁਆਰਾ ਸਿੰਘ ਸਭਾ, ਕਾਰਟਰੇਟ ਨਿਊਜਰਸੀ
ਗੁਰਦੁਆਰਾ ਨਾਨਕ ਨਾਮ ਜਹਾਜ, ਨਿਊਜਰਸੀ
ਸਾਊਥ ਜਰਸੀ ਸਿੱਖ ਸੁਸਾਇਟੀ, ਵਾਈਨਲੈਂਡ ਨਿਊਜਰਸੀ

ਸਿੱਖ ਸੈਂਟਰ ਆਫ ਡੇਲਵੇਅਰ, ਨਿਊ ਕੈਸਲ ਡੇਲਵੇਅਰ
ਗੁਰੂਦੁਆਰਾ ਆਫ ਡੈਲਵੇਅਰ, ਮਿਡਲਟਾਊਨ ਡੈਲਵੇਅਰ

ਬਾਲਟੀਮੋਰ ਸਿੱਖ ਸੁਸਾਇਟੀ, ਡਨਡਾਲਕ ਮੇਰੀਲੈਂਡ
ਗੁਰਦੁਆਰਾ ਸਿੰਘ ਸਭਾ ਆਫ ਮੈਰੀਲੈਂਡ, ਡਨਡਾਲਕ ਮੇਰੀਲੈਂਡ
ਗੁਰਦੁਆਰਾ ਵਾਸ਼ਿੰਗਟਨ ਸਿੱਖ ਸੈਂਟਰ, ਗੇਦਰਜਬਰਗ ਮੇਰੀਲੈਂਡ
ਸ੍ਰੀ ਹਰਿਮੰਦਰ ਸਾਹਿਬ ਅਕੈਡਮੀ, ਮੇਰੀਲੈਂਡ
ਗੁਰਦੁਆਰਾ ਗੁਰ ਗਿਆਨ ਸਾਗਰ, ਬਰਟਨਜਵਿਲ ਮੇਰੀਲੈਂਡ
ਗੁਰੂ ਨਾਨਕ ਫਾਊਂਡੇਸ਼ਨ ਆਫ ਅਮਰੀਕਾ, ਸਿਲਵਰ ਸਪਰਿੰਗ ਮੇਰੀਲੈਂਡ
ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ, ਰੈਂਡਲਸਟਾਊਨ ਮੇਰੀਲੈਂਡ
ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਰੌਕਵਿਲ ਮੇਰੀਲੈਂਡ

ਗੁਰਦੁਆਰਾ ਫਿਲਾਡਲਫੀਆ ਸਿੱਖ ਸੁਸਾਇਟੀ, ਅੱਪਰ-ਡਰਬੀ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸੁਸਾਇਟੀ ਹੈਰਿਸਬਰਗ, ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੋਸਾਇਟੀ ਆਫ ਲੀਹਾਈ-ਵੈਲੀ, ਨੈਜ਼ਰਥ ਪੈਨਸਿਲਵੇਨੀਆਂ
ਗੁਰਦੁਆਰਾ ਸਿੱਖ ਸਾਧ ਸੰਗਤ, ਈਸਟਨ ਪੈਨਸਿਲਵੇਨੀਆਂ
ਗੁਰੂ ਨਾਨਕ ਸਿੱਖ ਸੁਸਾਇਟੀ ਅੱਪਰ-ਡਰਬੀ ਪੈਨਸਿਲਵੇਨੀਆਂ

ਗੁਰੂ ਨਾਨਕ ਸਿੱਖ ਸੁਸਾਇਟੀ ਆਫ ਬਲੂ-ਮਾਊਂਟੇਨ, ਪੈਨਸਿਲਵੇਨੀਆਂ
ਸੇਪਾ ਸਿੱਖ ਗੁਰਦੁਆਰਾ, ਪੌਟਸਟਾਊਨ ਪੈਨਸਿਲਵੇਨੀਆਂ
ਗੁਰਦੁਆਰਾ ਆਫ ਲੈਂਕੈਸਟਰ ਕਾਊਂਟੀ, ਪੈਨਸਿਲਵੇਨੀਆਂ
ਟ੍ਰਾਈ ਸਟੇਟ ਸਿੱਖ ਕਲਚਰਲ ਸੁਸਾਇਟੀ, ਮੌਨਰੋਵਿਲ ਪੈਨਸਿਲਵੇਨੀਆਂ

ਗੁਰਦੁਆਰਾ ਨਾਨਕ ਦਰਬਾਰ, ਸਾਊਥਿੰਗਟਨ ਕਨੈਕਟੀਕਟ
ਗੁਰਦੁਆਰਾ ਗੁਰੂ ਤੇਗ ਬਹਾਦਰ ਫਾਊਂਡੇਸ਼ਨ, ਨੌਰਵਾਕ ਕਨੈਕਟੀਕਟ
ਗੁਰਦੁਆਰਾ ਸੱਚਖੰਡ ਦਰਬਾਰ, ਹੈਮਡਨ ਕਨੈਕਟੀਕਟ
ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਦਰਬਾਰ, ਵਿੰਡਸਰ ਕਨੈਕਟੀਕਟ
ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਕਨੈਕਟੀਕਟ

ਗੁਰਦੁਆਰਾ ਸਿੱਖ ਸੰਗਤ ਐਵਰੇਟ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਗੁਰੂ ਨਾਨਕ ਦਰਬਾਰ ਮੈਡਫੋਰਡ, ਬੌਸਟਨ ਮੈਸਾਚਿਊਸਟਸ
ਗੁਰਦੁਆਰਾ ਨਿਊ-ਇੰਗਲੈਂਡ ਸਿੱਖ ਸਟੱਡੀ ਸਰਕਲ, ਵੈਸਟਬੋਰੋ ਮੈਸਾਚਿਊਸਟਸ

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਗ੍ਰੀਨਵੁੱਡ ਇੰਡਿਆਨਾਂ
ਗੁਰੂਦੁਆਰਾ ਗੁਰ ਨਾਨਕ ਦਰਬਾਰ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਮਿਸ਼ਾਵਾਕਾ ਇੰਡਿਆਨਾਂ
ਦਸਮੇਸ਼ ਸਿੱਖ ਗੁਰੂਦੁਆਰਾ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਖਾਲਸਾ ਦਰਬਾਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਸਿੱਖ ਸੈਂਟਰ, ਫੋਰਟ ਵੇਨ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਸ ਇੰਡਿਆਨਾਂ
ਗੁਰੂਦੁਆਰਾ ਗੁਰੂ ਨਾਨਕ ਸਿੱਖ ਸੁਸਾਇਟੀ, ਇੰਡੀਆਨਾਪੋਲਿਸ ਇੰਡਿਆਨਾਂ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੰਡੀਆਨਾਪੋਲਿਸ ਇੰਡਿਆਨਾਂ
ਗੁਰੂਦੁਆਰਾ ਗੋਬਿੰਦ ਮਾਰਗ, ਇੰਡਿਆਨਾਂ
ਗੁਰੂਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਦੱਖਣੀ ਮੋੜ ਇੰਡਿਆਨਾਂ

**ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ**

ਗੁਰੂਦੁਆਰਾ ਜੋਤ ਅੰਮ੍ਰਿਤ ਪ੍ਰਕਾਸ਼, ਮੈਕਕਾਰਡਸਵਿਲੇ ਇੰਡਿਆਨਾਂ
ਗੁਰੂ ਗ੍ਰੰਥ ਸਿੱਖ ਸੋਸਾਇਟੀ, ਮੈਕਕਾਰਡਸਵਿਲੇ ਇੰਡਿਆਨਾਂ
ਸਿੱਖ ਰਿਲੀਜੀਅਸ ਸੋਸਾਇਟੀ ਆਫ਼ ਇੰਡੀਆਨਾ, ਕਰਾਊਨ ਪੁਆਇੰਟ ਇੰਡਿਆਨਾਂ
ਗੁਰੂਦੁਆਰਾ ਸਿੱਖ ਸਤਿਸੰਗ, ਇੰਡੀਆਨਾਪੋਲਿਸ ਇੰਡਿਆਨਾਂ
ਗੁਰਦੁਆਰਾ ਗੁਰੂ ਨਾਨਕ ਸੰਗਤ ਸੇਵਾ, ਨਿਊ ਵਾਈਟਲੈਂਡ ਇੰਡਿਆਨਾਂ
ਗੁਰਦੁਆਰਾ ਸਾਹਿਬ ਪ੍ਰੇਮ ਪ੍ਰਕਾਸ਼, ਫਰੈਂਕਲਿਨ ਇੰਡਿਆਨਾਂ

ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ, ਔਹਾਇਓ
ਗੁਰਦੁਆਰਾ ਗੁਰੂ ਨਾਨਕ ਸਿੱਖ ਸੋਸਾਇਟੀ, ਔਹਾਇਓ
ਸਿੱਖ ਰਿਲਿਜੀਅਸ ਸੈਂਟਰ, ਡੇਟਨ ਔਹਾਇਓ
ਸਿੱਖ ਸੁਸਾਇਟੀ ਆਫ ਡੇਟਨ, ਔਹਾਇਓ
ਗੁਰੂ ਨਾਨਕ ਰਿਲਿਜੀਅਸ ਸੁਸਾਇਟੀ, ਔਹਾਇਓ
ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ, ਔਹਾਇਓ
ਗੁਰਦੁਆਰਾ ਸਾਹਿਬ ਆਫ ਕੋਲੰਬੀਆ ਔਹਾਇਓ
ਗੁਰੂ ਰਾਮਦਾਸ ਆਸ਼ਰਮ, ਔਹਾਇਓ

ਸਿੱਖ ਟੈਂਪਲ ਆਫ ਵਿਸਕੌਨਸਿਨ, ਓਕ-ਕਰੀਕ ਵਿਸਕੌਨਸਿਨ
ਗੁਰਦੁਆਰਾ ਸਾਹਿਬ ਆਫ ਸ਼ਿਕਾਗੋ, ਇਲਿਨੌਏਅ
ਗੁਰਦੁਆਰਾ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ ਇਲਿਨੌਏਅ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸ਼ਿਕਾਗੋ, ਪੈਲਾਟਾਈਨ ਇਲਿਨੌਏਅ
ਗੁਰੂਦੁਆਰਾ ਸਿੱਖ ਟੈਂਪਲ, ਸਿਲਵਿਸ ਇਲਿਨੌਏਅ
ਨਾਨਕਸਰ ਗੁਰੂਦੁਆਰਾ ਸਾਹਿਬ, ਰੌਕਫੋਰਡ ਇਲਿਨੌਏਅ
ਗੁਰੂਦੁਆਰਾ ਸਿੱਖ ਸੋਸਾਇਟੀ ਆਫ ਕੈਨਟਕੀ, ਲੁਈਸਵਿਲ ਕੈਨਟਕੀ
ਗੁਰੂਦੁਆਰਾ ਸਿੱਖ ਟੈਂਪਲ ਆਫ ਬਲੂਗ੍ਰਾਸ, ਲੈਕਸਿੰਗਟਨ ਕੈਨਟਕੀ
ਗੁਰਦੁਆਰਾ ਸਿੰਘ ਸਭਾ ਆਫ ਮਿਸ਼ੀਗਨ, ਕੈਨਟਨ ਮਿਸ਼ੀਗਨ
ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਮਿਸ਼ੀਗਨ
ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਕੈਨਟਨ ਮਿਸ਼ੀਗਨ
ਸਿੱਖ ਟੈਂਪਲ ਡਾਊਨ ਰਿਵਰ, ਬ੍ਰਾਊਨਸਟਾਊਨ ਟਾਊਨਸ਼ਿਪ ਮਿਸ਼ੀਗਨ
ਮਾਤਾ ਤ੍ਰਿਪਤਾ ਜੀ ਗੁਰਦੁਆਰਾ (ਹਿਡਨ ਫਾਲਸ), ਪਲੀਮਥ ਮਿਸ਼ੀਗਨ

ਸਿੱਖ ਸੁਸਾਇਟੀ ਆਫ ਮਿਸ਼ੀਗਨ, ਸਟਰਲਿੰਗ ਹਾਈਟਸ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਰੋਚੈਸਟਰ ਹਿੱਲਜ਼, ਮਿਸ਼ੀਗਨ
ਗੁਰਦੁਆਰਾ ਖਾਲਸਾ ਸਿੱਖ ਸੈਂਟਰ, ਗ੍ਰੈਂਡ ਬਲੈਂਕ ਮਿਸ਼ੀਗਨ
ਗੁਰੂ ਨਾਨਕ ਸਿੱਖ ਸੈਂਟਰ, ਲੈਂਸਿੰਗ ਮਿਸ਼ੀਗਨ
ਸਿੱਖ ਸੋਸਾਇਟੀ ਆਫ ਵੈਸਟ ਮਿਸ਼ੀਗਨ, ਫੋਰੈਸਟ ਹਿਲਸ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ, ਗ੍ਰੈਂਡ ਰੈਪਿਡਜ਼ ਮਿਸ਼ੀਗਨ
ਗੁਰਦੁਆਰਾ ਸਿੰਘ ਸਭਾ ਆਫ਼ ਕਾਲਮਾਜ਼ੂ, ਮਿਸ਼ੀਗਨ
ਗੁਰਦੁਆਰਾ ਸਿੱਖ ਟੈਂਪਲ, ਬੈਟਲ ਕਰੀਕ ਮਿਸ਼ੀਗਨ
ਸਿੱਖ ਰਿਲੀਜੀਅਸ ਸੋਸਾਇਟੀ ਆਫ ਸਾਊਥਵੈਸਟ ਮਿਸ਼ੀਗਨ, ਬੈਂਟਨ ਹਾਰਬਰ ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਨਿਵਾਸ, ਮੁਸਕੇਗਨ ਮਿਸ਼ੀਗਨ
ਗੁਰਦੁਆਰਾ ਮਿਡ-ਮਿਸ਼ੀਗਨ ਸਿੰਘ ਸਭਾ, ਸਾਗਿਨਾਵ ਮਿਸ਼ੀਗਨ
ਸਿੱਖ ਗੁਰਦੁਆਰਾ ਆਫ ਮਿਸ਼ੀਗਨ, ਮਿਸ਼ੀਗਨ
ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਮਿਸ਼ੀਗਨ
ਗੁਰਦੁਆਰਾ ਗੁਰੂ ਰਾਮਦਾਸ ਆਸ਼ਰਮ, ਮਿਸ਼ੀਗਨ

ਅਦਾਰਾ ਟੀਵੀ-84 ਨਿਊਯਾਰਕ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ
ਸਿੱਖ ਯੂਥ ਆਫ ਅਮਰੀਕਾ
ਗੁਰੂ ਰਾਮਦਾਸ ਵੈਲਫੇਅਰ ਸੋਸਾਇਟੀ ਆਫ ਹਰਿਆਣਾ, ਨਿਊਯਾਰਕ
ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ
ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ
ਸਿੱਖਸ ਫਾਰ ਜਸਟਿਸ
ਪੰਥਕ ਸਿੱਖ ਸੋਸਾਇਟੀ
ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
ਸ਼ਹੀਦ ਊਧਮ ਸਿੰਘ ਸੋਸਾਇਟੀ
ਦੋਆਬਾ ਸਿੱਖ ਐਸੋਸੀਏਸ਼ਨ
ਭਾਈ ਲਾਲੋ ਜੀ ਸੋਸਾਇਟੀ
ਧੰਨ ਧੰਨ ਬਾਬਾ ਬੁੱਢਾ ਜੀ ਸਿੱਖ ਸੋਸਾਇਟੀ
ਧੰਨ ਧੰਨ ਬਾਬਾ ਦੀਪ ਸਿੰਘ ਸਿੱਖ ਸੋਸਾਇਟੀ

**ਪਰੇਡ ਵਿੱਚ ਕਿਸੇ ਵੀ ਤਰਾਂ ਦੀ ਲੰਗਰ ਆਦਿਕ ਜਾਂ ਹੋਰ ਸੇਵਾਵਾਂ ਲਈ ਅਤੇ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ:**

| Himmat Singh (NY) | Kewal Singh Sidhu (PA) | Harjinder Singh (NJ) | Veer Singh Mangat (CT) | Devinder Singh Deo (VA) |
|---|---|---|---|---|
| Coordinator | Treasurer | Media Spokesman | Member | Member |
| 646-358-7745 | 215-264-5037 | 609-374-7249 | 203-919-3988 | 703-626-2561 |

**New York:**
Jatinder Singh Boparai
Gurdev Singh Kang
Rajinder Singh
Makhan Singh
Harminder Singh Ahluwalia
Baljinder Singh

**Virginia:**
Balwinder S Chatha
Mehtab S Kahlon
Narinder Singh
Bakhshish Singh
Udham Singh

**Maryland:**
Bakhshish Singh
Shwinder Singh
Harbans Singh
Manvir Singh Baltimore
Sukhdev Singh Chatha

**New Jersey:**
Inderjit Singh
Barjinder Singh Brar
Gurdawar Singh
Kewal Singh
Jasbir Singh
Joga Singh

**Pennsylvania:**
Bhagat Singh
Harcharan Singh
Navtej Singh Teji
Jasvir Singh

**Indiana:**
Santokh Singh
Subash Singh
Jagdish Singh
Japhi Singh

**Massachusetts:**
Karam Singh
Jagjit Singh

**Connecticut:**
Swaranjit Singh
Kuljeet Singh

# ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸ਼ਰਧਾ ਨਾਲ ਮਨਾਇਆ ਗਿਆ
















ਸੈਨਹੋਜ਼ੇ : ਸਾਕਾ ਨਕੋਦਰ ਦੇ ਸ਼ਹੀਦਾਂ, ਸ਼ਹੀਦ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ, ਸ਼ਹੀਦ ਭਾਈ ਹਰਮਿੰਦਰ ਸਿੰਘ ਜੀ ਚਲੂਪੁਰ, ਸ਼ਹੀਦ ਭਾਈ ਝਿਲਮਣ ਸਿੰਘ ਜੀ ਗੋਰਸੀਆਂ, ਅਤੇ ਸ਼ਹੀਦ ਭਾਈ ਬਲਧੀਰ ਸਿੰਘ ਜੀ ਰਾਮਗੜ੍ਹ ਜਿਨ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਲਈ 4 ਫ਼ਰਵਰੀ 1986 ਨੂੰ ਸ਼ਹਾਦਤਾਂ ਦੀ ਦਾਤ ਪ੍ਰਾਪਤ ਕੀਤੀ ਦਾ 39ਵਾਂ ਸ਼ਹੀਦੀ ਦਿਹਾੜਾ ਹਰ ਸਾਲ ਦੇ ਤਰ੍ਹਾਂ ਗੁਰਦਵਾਰਾ ਸਾਹਿਬ ਸੈਨ ਹੋਜ਼ੇ ਵਿਖੇ ਮਨਾਇਆ ਗਿਆ। ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਛੋਟੇ ਵੀਰ ਡਾ: ਹਰਿੰਦਰ ਸਿੰਘ ਨੇ ਇੱਕ ਸਲਾਈਡ ਸ਼ੋਅ  ਦੀ ਵਰਤੋਂ ਕਰਦੇ ਹੋਏ ਦਸਤਾਵੇਜ਼ ਦਿਖਾ ਕੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਜਜ਼ਬਾਤੀ ਪੇਸ਼ਕਾਰੀ ਕੀਤੀ ਜੋ ਦਰਸਾਉਂਦੀ ਹੈ ਕਿ ਕਿਵੇਂ ਰਾਜ ਦੇ ਅਧਿਕਾਰੀਆਂ, ਕਾਨੂੰਨ ਨਿਰਮਾਤਾਵਾਂ, ਪੁਲਿਸ ਅਤੇ ਨਿਆਂਪਾਲਿਕਾ ਦੁਆਰਾ ਨਿਆਂ ਵਿੱਚ ਦੇਰੀ ਕੀਤੀ ਗਈ ਹੈ ਜਦੋਂ ਕਿ ਜ਼ਿਆਦਾਤਰ ਦੋਸ਼ੀਆਂ ਦੀ ਬਿਨ੍ਹਾਂ ਕਿਸੇ ਮੁਕੱਦਮੇ ਜਾਂ ਸਜ਼ਾ ਦਾ ਸਾਹਮਣਾ ਕਰਦੇ ਹੋਏ ਮੌਤ ਹੋ ਗਈ ਹੈ, ਜ਼ਿਆਦਾਤਰ ਗਵਾਹਾਂ ਦੀ ਮੌਤ ਹੋ ਗਈ ਹੈ ਅਤੇ ਪੀੜਤਾਂ ਦੇ ਮਾਤਾ-ਪਿਤਾ ਵਿੱਚੋਂ ਤਿੰਨ ਦੀ ਮੌਤ ਇਨਸਾਫ਼ ਤੋਂ ਬਿਨਾਂ ਹੋ ਗਈ ਹੈ। ਕੇਵਲ ਭਾਈ ਰਵਿੰਦਰ ਸਿੰਘ ਦੇ ਮਾਤਾ-ਪਿਤਾ ਅਜੇ ਜ਼ਿੰਦਾ ਹਨ ਅਤੇ ਉਨ੍ਹਾਂ ਨੇ ਸਥਾਨਕ, ਜ਼ਿਲ੍ਹਾ, ਸੂਬਾ ਅਤੇ ਕੇਂਦਰ ਦੇ ਹਰ ਪੱਧਰ ’ਤੇ ਇਨਸਾਫ਼ ਦੀ ਮੰਗ ਕੀਤੀ ਹੈ। ਰਾਜ ਦੇ ਗਠਿਤ ਜਾਂਚ ਕਮਿਸ਼ਨ ਦਾ ਸਿਰਫ਼ ਇੱਕ ਹਿੱਸਾ ਪ੍ਰਾਪਤ ਹੋਣ ਵਿੱਚ 33 ਸਾਲ ਲੱਗ ਗਏ ਅਤੇ ਬਾਕੀ ਦੀ ਰਿਪੋਰਟ ਅਜੇ ਵੀ ਦੱਬੀ ਹੋਈ ਹੈ। ਰਾਜ ਦੇ ਰਾਜਪਾਲ ਅਤੇ ਦੇਸ਼ ਦੇ ਰਾਸ਼ਟਰਪਤੀ ਕੋਲ ਦਾਇਰ ਸ਼ਿਕਾਇਤਾਂ, ਰਾਜ ਵਿਧਾਨ ਸਭਾ ਦੇ ਪ੍ਰਤੀਨਿਧਾਂ, ਮੁੱਖ ਮੰਤਰੀ, ਸੰਸਦ ਮੈਂਬਰਾਂ ਨੂੰ ਪਟੀਸ਼ਨਾਂ ਨੇ ਅੱਤਿਆਚਾਰ ਦੇ ਸਹਾਇਕਾਂ ਅਤੇ ਉਕਸਾਉਣ ਵਾਲਿਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਵਿੱਚ ਸਹਾਇਤਾ ਨਹੀਂ ਕੀਤੀ। ਇੱਥੋਂ ਤੱਕ ਕਿ ਬਾਪੂ ਬਲਦੇਵ ਸਿੰਘ ਪਿਤਾ ਭਾਈ ਰਵਿੰਦਰ ਸਿੰਘ ਵਲੋਂ ਆਰ ਟੀ ਆਈ ਦੇ ਜਵਾਬ ਵਿੱਚ ਪੰਜਾਬ ਪੁਲਿਸ ਨੇ ਲਿਖਿਆ ਹੈ ਕਿ 4 ਫ਼ਰਵਰੀ 1986 ਨੂੰ ਨਕੋਦਰ ਵਿੱਚ ਕੋਈ ਪੁਲਿਸ ਗੋਲੀਬਾਰੀ ਨਹੀਂ ਹੋਈ ਤੇ ਨਾ ਹੀ ਪੁਲਿਸ ਵਲੋਂ 5 ਫ਼ਰਵਰੀ ਨੂੰ ਕਿਸੇ ਅਣਪਛਾਤੀ ਲਾਸ਼ ਦਾ ਸਸਕਾਰ ਕੀਤਾ ਗਿਆ ਹੈ।

ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵਲੋਂ ਸ਼ਹੀਦਾਂ ਨੂੰ ਨਿਮਨ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ ਮਨਾਉਣ ਤੇ ਕੌਮਾਂਤਰੀ ਪੱਧਰ ਤੇ ਬੇਇਨਸਾਫੀਆਂ ਦੀ ਤੱਥਾਂ ਸਮੇਤ ਡਾਕੂਮੈਂਟੇਸ਼ਨ ਕਰਨੀ ਹੀ ਸ਼ਹੀਦਾਂ ਨੂੰ ਅਸਲ ਸ਼ਰਧਾਂਜਲੀ ਹੈ ਤੇ ਦੱਸਿਆ ਕਿ ਉਹ ਸਾਕਾ ਨਕੋਦਰ ਦੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮੇਸ਼ਾਂ ਖੜ੍ਹਦੇ ਰਹੇ ਹਨ ਤੇ ਹਮੇਸ਼ਾਂ ਸਾਥ ਦਿੰਦੇ ਰਹਿਣਗੇ, ਉਨ੍ਹਾਂ ਵਲੋਂ ਸ਼ਹੀਦਾਂ ਦੇ ਇਤਿਹਾਸ ਸਬੰਧੀ ਬਾਪੂ ਬਲਦੇਵ ਸਿੰਘ ਵਲੋਂ ਲਗਾਤਾਰ ਕੀਤੇ ਜਾ ਰਹੇ ਸੰਘਰਸ਼ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸ. ਭਜਨ ਸਿੰਘ ਭਿੰਡਰ ਤੇ ਗੁਰਦਵਾਰਾ ਸਾਹਿਬ ਜੀ ਦੇ ਮੁਖ ਸੇਵਾਦਾਰ ਜਥੇਦਾਰ ਸੁਖਦੇਵ ਸਿੰਘ ਬੈਣੀਵਾਲ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁਲ ਭੇਂਟ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ ।

ਇਸ ਮੌਕੇ ਅਮਰੀਕਨ ਕਾਂਗਰਸ ਮੈਂਬਰ ਜਿੰਮੀ ਪਨੇਟਾ ਵਲੋਂ 6 ਫਰਵਰੀ 2025 ਨੂੰ ਸਾਕਾ ਨਕੋਦਰ ਦੇ ਸ਼ਹੀਦਾਂ ਨੂੰ ਅਮਰੀਕਨ  ਕਾਂਗਰਸ ਦੇ ਸਦਨ ਵਿਚ ਸ਼ਰਧਾਂਜਲੀ ਦੇਣ ਤੇ ਸਾਕਾ ਨਕੋਦਰ ਦੀ ਨਾਇਨਸਾਫੀ ਤੇ ਪੁਲਿਸ ਵਲੋਂ ਬੇਗੁਨਾਹ ਨਿਹੱਥੇ ਸਿੰਘਾਂ ਦੇ ਕਤਲਾਂ ਦਾ ਮੁੱਦਾ ਅਮਰੀਕੀ ਪ੍ਰਤਿਨਿਧੀ ਸਦਨ ਵਿਚ ਗੰਭੀਰਤਾ ਨਾਲ ਚੁੱਕਣ ਲਈ ਉਨ੍ਹਾਂ ਦਾ ਸਿੱਖ ਕੌਮ ਵਲੋਂ ਧੰਨਵਾਦ ਕੀਤਾ ਗਿਆ। ਸੰਗਤਾਂ ਵਲੋਂ ਕੈਲੀਫੋਰਨੀਆ ਅਸੈਂਬਲੀ ਮੈਂਬਰ ਡਾ. ਜਸਮੀਤ ਕੌਰ ਬੈਂਸ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ 13 ਜੂਨ 2024 ਨੂੰ ਕੈਲੀਫੋਰਨੀਆ ਦੀ ਸੂਬਾ ਅਸੈਂਬਲੀ ਵਿਚ 4 ਫਰਵਰੀ ਨੂੰ ਹਰ ਸਾਲ ਕੈਲੀਫੋਰਨੀਆ ਸੂਬੇ ਵਿਚ ਸਾਕਾ ਨਕੋਦਰ ਦਿਵਸ ਵਜੋਂ ਮਨਾਉਣ ਦਾ ਮਤਾ ਨੰਬਰ 93 ਸਰਬਸੰਤੀ ਨਾਲ ਪਾਸ ਕਰਵਾਇਆ ।

ਸਟੇਜ ਦੀ ਸੇਵਾ ਭਾਈ ਰਜਿੰਦਰ ਸਿੰਘ ਤੇ ਅਰੁਣ ਸਿੰਘ ਜੀ ਵਲੋਂ ਨਿਭਾਈ ਗਈ। ਕਥਾ ਭਾਈ ਪਰਮਜੀਤ ਸਿੰਘ, ਕੀਰਤਨ ਊਨਾ ਸਾਹਿਬ ਵਾਲੇ ਭਾਈ ਉਂਕਾਰ ਸਿੰਘ ਜੀ ਤੇ ਬੀਬੀ ਚੈਂਚਲਦੀਪ ਜੀ ਦੇ ਜਥੇ ਵਲੋਂ ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕੀਤਾ ਗਿਆ। ਬੀਬੀ ਪਰਮਜੀਤ ਕੌਰ ਜੀ ਖਾਲੜਾ, ਸ਼ਹੀਦ ਭਾਈ ਝਿਲਮਣ ਸਿੰਘ ਜੀ ਦੀ ਭਾਣਜੀ ਹਰਮਨ ਕੌਰ ਤੇ ਡਾ. ਹਰਿੰਦਰ ਸਿੰਘ ਨੂੰ ਗੁਰਦਵਾਰਾ ਸਾਹਿਬ ਵਲੋਂ ਸਨਮਾਨਤ ਕੀਤਾ ਗਿਆ।

# ਅਮਰੀਕਾ ਤੋਂ ਡਿਪੋਰਟ ਵਿਅਕਤੀ ਪਨਾਮਾ ਦੇ ਹੋਟਲ ’ਚ ਨਜ਼ਰਬੰਦ, ‘Help’ ਲਿਖ ਕੇ ਮਦਦ ਦੀ ਗੁਹਾਰ ਲਗਾਈ







ਪਨਾਮਾ : ਅਮਰੀਕਾ ਹਰ ਪ੍ਰਵਾਸੀ ਨੂੰ ਲੱਭ-ਲੱਭ ਕੇ ਦੇਸ਼ ਅੰਦਰੋਂ ਬਾਹਰ ਕੱਢ ਰਿਹਾ ਹੈ। ਅਮਰੀਕਾ ਵਲੋਂ ਇਨ੍ਹਾਂ ਪ੍ਰਵਾਸੀਆਂ ਨੂੰ ਫੌਜੀ ਜਹਾਜ਼ਾਂ ਰਾਹੀਂ ਉਨ੍ਹਾਂ ਦੇ ਦੇਸ਼ ਭੇਜਿਆ ਜਾ ਰਿਹਾ ਹੈ। ਪਰ ਹੁਣ ਅਮਰੀਕਾ ਨੇ ਆਪਣੇ ਗੁਆਂਢੀ ਦੇਸ਼ਾਂ ਪਨਾਮਾ, ਗੁਆਟੇਮਾਲਾ ਅਤੇ ਕੋਸਟਾਰਿਕਾ ਨਾਲ ਸਮਝੌਤਾ ਕਰ ਕੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਇਨ੍ਹਾਂ ਦੇਸ਼ਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ ਹੈ। ਜਿਥੇ ਬਾਕੀ ਦੀ ਕਾਨੂੰਨੀ ਕਾਰਵਾਈ ਤੋਂ ਬਾਅਦ ਉਨ੍ਹਾਂ ਨੂੰ ਆਪੋ-ਆਪਣੇ ਦੇਸ਼ ਭੇਜਿਆ ਜਾਣਾ ਹੈ। ਅਜਿਹੇ ਵਿਚਾਲੇ ਅਮਰੀਕਾ ਨੇ ਕੁਝ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਨਾਮਾ ਭੇਜਿਆ ਹੈ। ਜਿਨ੍ਹਾਂ ਵਿੱਚ ਭਾਰਤੀ ਖਾਸ ਕਰਕੇ ਪੰਜਾਬੀ ਵੀ ਸ਼ਾਮਲ ਦੱਸੇ ਜਾ ਰਹੇ ਹਨ। ਹਲਾਂਕਿ ਇਸ ਬਾਰੇ ਕੋਈ ਵੀ ਅਧਿਕਾਰਕ ਤੌਰ ਉੱਤੇ ਕੋਈ ਬਿਆਨ ਸਾਹਮਣੇ ਨਹੀਂ ਆਇਆ ਹੈ ਕਿ ਡਿਪੋਰਟ ਕਰ ਪਨਾਮਾ ਭੇਜੇ ਗਏ ਪ੍ਰਵਾਸੀਆਂ ਵਿੱਚ ਕਿੰਨੇ ਭਾਰਤੀ ਸ਼ਾਮਲ ਹਨ।

ਅਮਰੀਕਾ ਤੋਂ ਡਿਪੋਰਟ ਕੀਤੇ ਗਏ 299 ਲੋਕਾਂ ਨੂੰ ਪਨਾਮਾ ਦੇ ਇੱਕ ਹੋਟਲ ਵਿੱਚ ਰੱਖਿਆ ਗਿਆ ਹੈ, ਜਿਨ੍ਹਾਂ ਨੂੰ ਅਧਿਕਾਰੀ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਦੀ ਕੋਸ਼ਿਸ਼ ਕਰ ਰਹੇ ਹਨ। ਰਿਪੋਰਟਾਂ ਦੇ ਅਨੁਸਾਰ, ਜਦੋਂ ਤੱਕ ਅੰਤਰਰਾਸ਼ਟਰੀ ਅਧਿਕਾਰੀ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਣ ਦਾ ਪ੍ਰਬੰਧ ਨਹੀਂ ਕਰਦੇ, ਉਦੋਂ ਤੱਕ ਉਨ੍ਹਾਂ ਨੂੰ ਹੋਟਲ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੈ। ਅਜਿਹੇ ਵਿਚਾਲੇ ਕੁਝ ਤਸਵੀਰਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਪੰਜਾਬੀ ਨੌਜਵਾਨਾਂ ਵੀ ਪਨਾਮਾ ਅੰਦਰ ਵੇਖੇ ਜਾ ਸਕਦੇ ਹਨ।

ਅਧਿਕਾਰੀਆਂ ਨੇ ਦੱਸਿਆ ਕਿ 40 ਫੀਸਦੀ ਤੋਂ ਵੱਧ ਪ੍ਰਵਾਸੀ ਆਪਣੀ ਮਰਜ਼ੀ ਨਾਲ ਆਪਣੇ ਵਤਨ ਪਰਤਣਾ ਨਹੀਂ ਚਾਹੁੰਦੇ ਹਨ। ਹੋਟਲ ਦੇ ਕਮਰਿਆਂ ’ਚ ਮੌਜੂਦ ਪ੍ਰਵਾਸੀਆਂ ਨੇ ਖਿੜਕੀਆਂ ’ਤੇ ’ਮਦਦ’ ਅਤੇ ’ਅਸੀਂ ਆਪਣੇ ਦੇਸ਼ ’ਚ ਸੁਰੱਖਿਅਤ ਨਹੀਂ ਹਾਂ’ ਵਾਲੇ ਕਾਰਡ ਦਿਖਾਏ ਹਨ ਅਤੇ ਮਦਦ ਦੀ ਅਪੀਲ ਕੀਤੀ ਹੈ। ਪ੍ਰਵਾਸੀ 10 ਜ਼ਿਆਦਾਤਰ ਏਸ਼ੀਆਈ ਦੇਸ਼ਾਂ ਦੇ ਹਨ, ਜਿਨ੍ਹਾਂ ਵਿਚ ਈਰਾਨ, ਭਾਰਤ, ਨੇਪਾਲ, ਸ਼੍ਰੀਲੰਕਾ, ਪਾਕਿਸਤਾਨ, ਅਫਗਾਨਿਸਤਾਨ, ਚੀਨ ਅਤੇ ਹੋਰ ਦੇਸ਼ ਸ਼ਾਮਲ ਹਨ। ਅਮਰੀਕਾ ਨੂੰ ਇਹਨਾਂ ਵਿੱਚੋਂ ਕੁਝ ਦੇਸ਼ਾਂ ਵਿੱਚ ਸਿੱਧੇ ਦੇਸ਼ ਨਿਕਾਲਾ ਦੇਣ ਵਿੱਚ ਕੁਝ ਮੁਸ਼ਕਲ ਹੈ, ਇਸ ਲਈ ਪਨਾਮਾ ਨੂੰ ਇੱਕ ਪੁਲ ਵਜੋਂ ਵਰਤਿਆ ਜਾ ਰਿਹਾ ਹੈ। ਪਨਾਮਾ ਤੋਂ ਇਲਾਵਾ ਅਮਰੀਕਾ ਕੋਸਟਾ ਰੀਕਾ ਨੂੰ ਵੀ ਪੁਲ ਦੇ ਤੌਰ ’ਤੇ ਵਰਤ ਰਿਹਾ ਹੈ।

ਪਨਾਮਾ ਦੇ ਸੁਰੱਖਿਆ ਮੰਤਰੀ ਫਰੈਂਕ ਅਬਰੇਗੋ ਨੇ ਮੰਗਲਵਾਰ ਨੂੰ ਕਿਹਾ ਕਿ ਪਨਾਮਾ ਅਤੇ ਅਮਰੀਕਾ ਵਿਚਾਲੇ ਹੋਏ ਪ੍ਰਵਾਸ ਸਮਝੌਤੇ ਦੇ ਤਹਿਤ ਪ੍ਰਵਾਸੀਆਂ ਨੂੰ ਡਾਕਟਰੀ ਦੇਖਭਾਲ ਅਤੇ ਭੋਜਨ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਨਾਮਾ ਦੇ ਰਾਸ਼ਟਰਪਤੀ ਨੂੰ ਟਰੰਪ ਦੇ ਦਬਾਅ ਵਿਚ ਕੰਮ ਕਰਨ ਲਈ ਆਪਣੇ ਦੇਸ਼ ਵਿਚ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਬਰੇਗੋ ਨੇ ਕਿਹਾ ਕਿ 299 ਲੋਕਾਂ ’ਚੋਂ 171 ਆਪਣੇ ਦੇਸ਼ ਪਰਤਣ ਲਈ ਤਿਆਰ ਹਨ। ਉਨ੍ਹਾਂ ਨੂੰ ਅੰਤਰਰਾਸ਼ਟਰੀ ਪ੍ਰਵਾਸ ਸੰਗਠਨ ਅਤੇ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਦੀ ਮਦਦ ਨਾਲ ਆਪਣੇ-ਆਪਣੇ ਦੇਸ਼ਾਂ ਵਿੱਚ ਭੇਜਿਆ ਜਾਵੇਗਾ। ਇਸ ਤੋਂ ਇਲਾਵਾ ਜਿਹੜੇ ਲੋਕ ਆਪਣੇ ਦੇਸ਼ ਵਾਪਸ ਨਹੀਂ ਪਰਤਣਾ ਚਾਹੁੰਦੇ ਹਨ, ਉਨ੍ਹਾਂ ਨੂੰ ਅਸਥਾਈ ਤੌਰ ’ਤੇ ਪਨਾਮਾ ’ਚ ਰੱਖਿਆ ਜਾਵੇਗਾ।

# ਟਰੰਪ ਦੀਆਂ ਨੀਤੀਆਂ ਵਿਰੁੱਧ ਅਮਰੀਕਾ ਭਰ 'ਚ ਰੋਸ ਪ੍ਰਦਰਸ਼ਨ




ਸਾਨ ਫਰਾਂਸਿਸਕੋ : ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਵਾਸ਼ਿੰਗਟਨ, ਆਸਟਿਨ, ਟੈਕਸਸ, ਅਟਲਾਂਟਾ, ਮਿਸ਼ੀਗਨ ਤੇ ਇਲਨੋਇਸ ਸਮੇਤ ਪ੍ਰਮੁੱਖ ਸ਼ਹਿਰਾਂ ਸਮੇਤ ਅਮਰੀਕਾ ਭਰ 'ਚ ਪ੍ਰਦਰਸ਼ਨਕਾਰੀ ਸੜ੍ਹਕਾਂ 'ਤੇ ਉਤਰੇ। ਹਜ਼ਾਰਾਂ ਸੰਘੀ ਕਰਮਚਾਰੀਆਂ ਨੂੰ ਬਰਖ਼ਾਸਤ ਕਰਨ, ਸੰਘੀ ਸਰਕਾਰ ਦੇ ਅੰਦਰ ਸਰਕਾਰੀ ਵਕੀਲਾਂ ਅਤੇ ਆਜ਼ਾਦ ਨਿਗਰਾਨਾਂ ਨੂੰ ਬਰਖ਼ਾਸਤ ਕਰਨ ਦੀ ਕਵਾਇਦ ਦਰਮਿਆਨ ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਹਾ ਸੀ ਕਿ ਉਹ ਇਸ ਚਿੰਤਾ ਵੱਲ ਧਿਆਨ ਨਹੀਂ ਦੇਣਗੇ ਕਿ ਉਨ੍ਹਾਂ ਦੀਆਂ ਵੱਡੀਆਂ ਕਾਰਵਾਈਆਂ ਕਾਨੂੰਨ ਤੋੜਨ ਵਰਗੀਆਂ ਹੋ ਸਕਦੀਆਂ ਹਨ। ਉਨ੍ਹਾਂ ਨੈਪੋਲੀਅਨ ਬੋਨਾਪਾਰਟ ਦੀ ਇਕ ਤੁਕ ਨਾਲ ਸੋਸ਼ਲ 'ਤੇ ਲਿਖਿਆ ਸੀ ਕਿ ਜੋ ਆਪਣੇ ਦੇਸ਼ ਨੂੰ ਬਚਾਉਂਦਾ ਹੈ, ਉਹ ਕਿਸੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਕਰਦਾ। ਨਿਊਯਾਰਕ 'ਚ ਹਜ਼ਾਰਾਂ ਲੋਕਾਂ ਨੇ ਯੂਨੀਅਨ ਸੁਕੇਅਰ ਤੋਂ ਵਾਸ਼ਿੰਗਟਨ ਸੁਕੇਅਰ ਪਾਰਕ ਤੱਕ ਮਾਰਚ ਕੀਤਾ। ਇਸ ਦੌਰਾਨ ਹੱਥਾਂ 'ਚ ਫੜੀਆਂ ਤਖਤੀਆਂ 'ਤੇ ਲਿਖਿਆ ਸੀ 'ਤਾਨਾ ਸ਼ਾਹੀ ਰੋਕੋ' ਅਤੇ 'ਨੋ ਬਿਲੀਅਨਰ ਕਿੰਗਸ', ਜੋ ਕਿ ਟਰੰਪ ਪ੍ਰਸ਼ਾਸਨ 'ਚ ਅਰਬਪਤੀ ਐਲਨ ਮਸਕ ਦੀ ਭੂਮਿਕਾ ਵੱਲ ਇਸ਼ਾਰਾ ਕਰਦੇ ਸਨ।

# ਭਾਰਤ ਨੂੰ ਫ਼ੰਡਾਂ ਦੀ ਕੀ ਲੋੜ, ਉਨ੍ਹਾਂ ਕੋਲ ਬਹੁਤ ਜ਼ਿਆਦਾ ਪੈਸਾ ਹੈ : ਟਰੰਪ

**• ਭਾਰਤ ਨੂੰ ਚੋਣ ਪ੍ਰਕਿਰਿਆ ਲਈ ਮੰਜ਼ੂਰ 21 ਮਿਲੀਅਨ ਡਾਲਰ ਦੇ ਫ਼ੰਡ ਨੂੰ ਕੀਤਾ ਰੱਦ**

**• ਭਾਰਤ ਸੱਭ ਤੋਂ ਵੱਧ ਟੈਕਸ ਲਾਉਣ ਵਾਲੇ ਦੇਸ਼ਾਂ 'ਚ ਇਕ**

ਨਿਊਯਾਰਕ : ਅਮਰੀਕੀ ਸਰਕਾਰ ਦੇ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੈਂਸੀ (ਡੀਓਜੀਈ) ਵਲੋਂ 'ਭਾਰਤ ਵਿਚ ਚੋਣ' ਲਈ ਮੰਜ਼ੂਰ 21 ਮਿਲੀਅਨ ਡਾਲਰ ਦੇ ਫ਼ੰਡ ਰੱਦ ਕਰਨ ਦੇ ਫ਼ੈਸਲੇ ਬਾਅਦ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਨੂੰ ਅਪਣੀ ਵਧਦੀ ਆਰਥਵਿਵਸਥਾ ਅਤੇ ਉੱਚ ਟੈਕਸ ਦਰਾਂ ਦੇ ਨਾਲ ਅਜਿਹੇ ਵਿੱਤੀ ਸਹਾਇਤਾ ਦੀ ਲੋੜ ਨਹੀਂ ਹੈ। ਜਦੋਂਕਿ ਉਨ੍ਹਾਂ ਨੇ ਭਾਰਤ ਅਤੇ ਇਸਦੇ ਪ੍ਰਧਾਨ ਮੰਤਰੀ ਲਈ ਅਪਣੇ ਸਨਮਾਨ ਨੂੰ ਸਵੀਕਾਰ ਕੀਤਾ, ਟਰੰਪ ਨੇ ਦੇਸ਼ ਵਿਚ ਚੋਣ ਪਹਿਲਕਦਮੀਆਂ ਨੂੰ ਫ਼ੰਡ ਦੇਣ ਦੇ ਵਿਚਾਰ ਦੀ ਆਲੋਚਨਾ ਕੀਤੀ। ਇਸ ਫ਼ੰਡਿੰਗ ਨੂੰ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋ ਬਾਈਡੇਨ ਦੇ ਪ੍ਰਸ਼ਾਸਨ ਨੇ ਮੰਜ਼ੂਰੀ ਦਿਤੀ ਸੀ, ਜਿਸਦਾ ਉਦੇਸ਼ ਭਾਰਤ ਵਿਚ ਚੋਣ ਪ੍ਰਕਿਰਿਆ ਨੂੰ ਬਿਹਤਰ ਅਤੇ ਪ੍ਰਭਾਵਸ਼ਾਲੀ ਬਣਾਉਣਾ ਸੀ।



ਮੰਗਲਵਾਰ (ਸਥਾਨਕ ਸਮੇਂ) ਨੂੰ ਮਾਰ-ਏ-ਲਾਗੋ ਵਿਖੇ ਕਾਰਜਕਾਰੀ ਆਦੇਸ਼ਾਂ 'ਤੇ ਦਸਤਖ਼ਤ ਕਰਦੇ ਹੋਏ, ਟਰੰਪ ਨੇ ਕਿਹਾ, "ਅਸੀਂ ਭਾਰਤ ਨੂੰ 21 ਮਿਲੀਅਨ ਡਾਲਰ ਕਿਉਂ ਦੇ ਰਹੇ ਹਾਂ? ਉਨ੍ਹਾਂ ਕੋਲ ਬਹੁਤ ਜ਼ਿਆਦਾ ਪੈਸਾ ਹੈ। ਉਹ ਸਾਡੇ ਮਾਮਲੇ ਵਿਚ ਦੁਨੀਆਂ ਦੇ ਸਭ ਤੋਂ ਵੱਧ ਟੈਕਸ ਲਗਾਉਣ ਵਾਲੇ ਦੇਸ਼ਾਂ ਵਿਚੋਂ ਇਕ ਹਨ; ਅਸੀਂ ਮੁਸ਼ਕਲ ਨਾਲ ਉੱਥੇ ਪਹੁੰਚ ਸਕਦੇ ਹਾਂ ਕਿਉਂਕਿ ਉਨ੍ਹਾਂ ਦੇ ਟੈਰਿਫ਼ ਬਹੁਤ ਜ਼ਿਆਦਾ ਹਨ। ਮੈਂ ਭਾਰਤ ਅਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਦਾ ਬਹੁਤ ਸਤਿਕਾਰ ਕਰਦਾ ਹਾਂ, ਪਰ ਵੋਟਿੰਗ ਲਈ 21 ਮਿਲੀਅਨ ਡਾਲਰ ਦੇਣ ਲਈ ਨਹੀਂ?" 16 ਫ਼ਰਵਰੀ ਨੂੰ, ਡੀਓਜੀਈ ਨੇ ਅਮਰੀਕੀ ਟੈਕਸਦਾਤਾਵਾਂ ਦੁਆਰਾ ਫ਼ੰਡਿਗ ਪਹਿਲਕਦਮੀਆਂ ਦੀ ਇਕ ਸੂਚੀ ਪੋਸਟ ਕੀਤੀ, ਜਿਸ ਵਿਚ "ਭਾਰਤ ਵਿਚ ਵੋਟਿੰਗ" ਲਈ ਰੱਖੇ ਗਏ 21 ਮਿਲੀਅਨ ਡਾਲਰ ਦਾ ਜ਼ਿਕਰ ਕੀਤਾ ਗਿਆ।

ਐਲਨ ਮਸਕ ਦੀ ਅਗਵਾਈ ਵਾਲੀ ਡੀਓਜੀਈ ਨੇ ਸਨਿਚਰਵਾਰ ਨੂੰ "ਭਾਰਤ ਵਿਚ ਵੋਟਿੰਗ" ਲਈ ਰੱਖੇ ਗਏ 22 ਮਿਲੀਅਨ ਡਾਲਰ ਫ਼ੰਡਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ। ਐਕਸ 'ਤੇ ਇਕ ਪੋਸਟ ਵਿਚ, ਡੀਓਜੀਈ ਨੇ "ਅਮਰੀਕੀ ਟੈਕਸਦਾਤਾਵਾਂ ਵਲੋਂ ਰੱਦ ਕੀਤੇ ਗਏ ਖ਼ਰਚਿਆਂ ਦੀ ਗਿਣਤੀ ਸੂਚੀਬੱਧ ਕੀਤੀ, ਜਿਸ ਵਿਚ "ਭਾਰਤ 'ਚ ਵੋਟਿੰਗ ਲਈ 21 ਮਿਲੀਅਨ ਡਾਲਰ" ਸ਼ਾਮਲ ਹਨ। ਮਸਕ ਦੀ ਅਗਵਾਈ ਵਾਲੇ ਵਿਭਾਗ ਨੇ ਐਲਾਨ ਕੀਤਾ ਕਿਹਾ, "ਅਮਰੀਕੀ ਟੈਕਸਦਾਤਾਵਾਂ ਦੇ ਡਾਲਰ ਹੇਠ ਲਿਖੀਆਂ ਚੀਜ਼ਾਂ 'ਤੇ ਖ਼ਰਚ ਕੀਤੇ ਜਾਣੇ ਸਨ, ਜਿਨ੍ਹਾਂ ਨੂੰ ਰੱਦ ਕਰ ਦਿਤਾ ਗਿਆ ਹੈ।" ਭਾਰਤੀ ਜਨਤਾ ਪਾਰਟੀ ਦੇ ਅਮਿਤ ਮਾਲਵੀਆ ਨੇ ਇਸ ਘੋਸ਼ਣਾ 'ਤੇ ਪ੍ਰਤੀਕਿਰਿਆ ਦੇਣ ਲਈ ਐਕਸ 'ਤੇ ਲਿਖਿਆ, "ਵੋਟਰ ਵੋਟਿੰਗ ਲਈ 21 ਮਿਲੀਅਨ ਡਾਲਰ? ਇਹ ਯਕੀਨੀ ਤੌਰ 'ਤੇ ਭਾਰਤ ਦੀ ਚੋਣ ਪ੍ਰਕਿਰਿਆ ਵਿਚ ਬਾਹਰੀ ਦਖਲਅੰਦਾਜ਼ੀ ਹੈ। ਇਸ ਨਾਲ ਕਿਸ ਦਾ ਫਾਇਦਾ ਹੋਵੇਗਾ? ਯਕੀਨਨ ਸੱਤਾਧਾਰੀ ਪਾਰਟੀ ਨੂੰ ਨਹੀਂ!"

# ਮੈਂ ਨਹੀਂ ਜਾਣਦਾ ਐਲਨ ਮਸਕ ਪ੍ਰਧਾਨ ਮੰਤਰੀ ਮੋਦੀ ਨੂੰ ਕਿਉਂ ਮਿਲਿਆ : ਟਰੰਪ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਆਪਣੇ ਵਾਸ਼ਿੰਗਟਨ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਰਬਪਤੀ ਕਾਰੋਬਾਰੀ ਐਲਨ ਮਸਕ ਵਿਚਾਲੇ ਹੋਈ ਮੀਟਿੰਗ ਨੂੰ ਲੈ ਕੇ ਵਾਈਟ ਹਾਊਸ ਵਿਚ ਨਵੀਂ ਚਰਚਾ ਛਿੜ ਗਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਈਟ ਹਾਊਸ ਪ੍ਰੈੱਸ ਕਾਰਪੋਰੇਸ਼ਨ ਨੂੰ ਦਸਿਆ ਕਿ ਉਹ ਸਰਕਾਰੀ ਕੁਸ਼ਲਤਾ ਵਿਭਾਗ ਵਿਚ ਤਾਇਨਾਤ ਐਲਨ ਮਸਕ ਦੇ ਹਿੱਤਾਂ 'ਚ ਸੰਭਾਵੀ ਟਕਰਾਅ ਉਪਰ ਨਿੱਜੀ ਤੌਰ 'ਤੇ ਨਜ਼ਰ ਰਖ ਰਹੇ ਹਨ ਤੇ ਉਹ ਨਹੀਂ ਜਾਣਦੇ ਕਿ ਮਸਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਅਮਰੀਕੀ ਸ਼ਹਿਰੀ ਵਜੋਂ ਮਿਲੇ ਹਨ ਜਾਂ ਸਰਕਾਰੀ ਹੈਸੀਅਤ ਵਿਚ ਮਿਲੇ ਹਨ। ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਤੋਂ ਪਹਿਲਾਂ ਮਸਕ ਦੀ 13 ਫਰਵਰੀ ਨੂੰ ਮੋਦੀ ਨਾਲ ਮੀਟਿੰਗ ਹੋਈ ਸੀ। ਦਿਲਚਸਪ ਗੱਲ ਇਹ ਵੀ ਹੈ ਕਿ ਇਸ ਮੀਟਿੰਗ 'ਚ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਸਮੇਤ ਭਾਰਤ ਦੇ ਚੋਟੀ ਦੇ ਅਧਿਕਾਰੀ ਵੀ ਹਾਜ਼ਰ ਸਨ, ਜਿਸ ਤੋਂ ਮੀਟਿੰਗ ਦੀ ਅਹਿਮੀਅਤ ਦਾ ਪਤਾ ਲੱਗਦਾ ਹੈ। ਮੀਟਿੰਗ ਵਿਚ ਮਸਕ ਦੇ 10 ਬੱਚਿਆਂ ਵਿਚੋਂ 3 ਬੱਚੇ ਤੇ ਉਸ ਦੀ ਮੌਜੂਦਾ ਦੋਸਤ ਕੁੜੀ ਵੀ ਹਾਜ਼ਰ ਸੀ। ਪਤਾ ਲੱਗਾ ਹੈ ਕਿ ਮੀਟਿੰਗ ਦੌਰਾਨ ਤਕਨੀਕ, ਪੁਲਾੜ ਤੇ ਨਿਵੇਸ਼ 'ਚ ਮੌਕਿਆਂ ਬਾਰੇ ਗੱਲਬਾਤ ਹੋਈ, ਜਿਨ੍ਹਾਂ ਪ੍ਰਮੁੱਖ ਖੇਤਰਾਂ ਵਿਚ ਮਸਕ ਦੀਆਂ ਦੋ ਤਾਕਤਵਰ ਕੰਪਨੀਆਂ ਟੈਲਸਾ ਤੇ ਸਪੇਸ ਐਕਸ ਕੰਮ ਕਰ ਰਹੀਆਂ ਹਨ। ਹਾਲਾਂਕਿ, ਅਜਿਹੇ ਵਿਚਾਰ-ਵਟਾਂਦਰੇ ਉਪਰ ਆਮ ਤੌਰ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ, ਪ੍ਰੰਤੂ ਮਸਕ ਦੀ ਵਿਸ਼ੇਸ਼ ਸਰਕਾਰੀ ਮੁਲਾਜ਼ਮ ਵਜੋਂ ਨਿਯੁਕਤੀ ਦੇ ਮੱਦੇਨਜਰ ਇਸ ਮੀਟਿੰਗ ਨੇ ਉਸ ਦੇ ਕਾਰੋਬਾਰੀ ਹਿੱਤਾਂ ਤੇ ਰਾਜਸੀ ਹਿੱਤਾਂ ਬਾਰੇ ਚਰਚਾ ਜ਼ਰੂਰ ਛੇੜ ਦਿੱਤੀ ਹੈ। ਟਰੰਪ ਨੇ ਕਿਹਾ ਕਿ ਸੁਰੱਖਿਆ ਮਾਪਦੰਡ ਹਨ, ਅਸੀਂ ਮਸਕ ਨੂੰ ਟਕਰਾਅ ਵਾਲੀ ਕੋਈ ਚੀਜ ਕਰਨ ਨਹੀਂ ਦੇਵਾਂਗੇ। ਪਹਿਲੀ ਗੱਲ ਉਹ ਖ਼ੁਦ ਹੀ ਅਜਿਹਾ ਨਹੀਂ ਕਰੇਗਾ ਤੇ ਦੂਜੀ ਗੱਲ ਅਸੀਂ ਉਸ ਨੂੰ ਅਜਿਹੀ ਕੋਈ ਚੀਜ ਕਰਨ ਨਹੀਂ ਦੇਵਾਂਗੇ, ਜਿਥੇ ਹਿੱਤਾਂ ਦੇ ਟਕਰਾਅ ਦੀ ਗੱਲ ਹੋਈ। ਜ਼ਿਕਰਯੋਗ ਹੈ ਕਿ ਮਸਕ ਦੀ ਸੈਟੇਲਾਈਟ ਕੰਪਨੀ ਸਟਾਰਲਿੰਕ ਨੂੰ ਅਜੇ ਭਾਰਤ ਵਿਚ ਨਿਯਮਤ ਪ੍ਰਵਾਨਗੀ ਨਹੀਂ ਮਿਲੀ। ਪਿਛਲੇ ਸਾਲ ਦਸੰਬਰ ਵਿਚ ਮਸਕ ਨੇ ਉਨ੍ਹਾਂ ਦਾਅਵਿਆਂ ਨੂੰ ਰੱਦ ਕਰ ਦਿੱਤਾ ਸੀ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਸਟਾਰਲਿੰਕ ਦੀ ਵਰਤੋਂ ਭਾਰਤ 'ਚ ਅੱਤਵਾਦ ਫੈਲਾਉਣ ਲਈ ਕੀਤੀ ਜਾ ਰਹੀ ਹੈ।



# ਹੋਮਲੈਂਡ ਸਕਿਉਰਿਟੀ ਵਿਭਾਗ ਦੇ ਸਾਰੇ 6000 ਏਜੰਟਾਂ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਦੇ ਕੰਮ 'ਤੇ ਲਾਇਆ

## ਟਰੰਪ ਦਾ ਦੇਸ਼ ਨਿਕਾਲਾ ਮਿਸ਼ਨ ਫੜੇਗਾ ਜੋਰ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ (ਡੀ.ਐਚ.ਐਸ.) ਨੇ ਆਪਣੀ ਸਮੁੱਚੀ ਜਾਂਚ ਡਵੀਜਨ, ਜੋ 6000 ਏਜੰਟਾਂ 'ਤੇ ਅਧਾਰਤ ਹੈ, ਨੂੰ ਆਦੇਸ਼ ਦਿੱਤਾ ਹੈ ਕਿ ਉਹ ਆਪਣਾ ਸਾਰਾ ਧਿਆਨ ਨਸ਼ਾ ਤਸਕਰਾਂ, ਅੱਤਵਾਦੀਆਂ ਤੇ ਮਨੁੱਖੀ ਤਸਕਰੀ ਵਲੋਂ ਹਟਾ ਕੇ ਟਰੰਪ ਪ੍ਰਸ਼ਾਸਨ ਦੇ ਉਸ ਮਿਸ਼ਨ ਵੱਲ ਦੇਵੇ, ਜਿਸ ਤਹਿਤ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਵਿਚ ਵਾਪਸ ਭੇਜਿਆ ਜਾ ਰਿਹਾ ਹੈ। ਡੀ.ਐਚ.ਐਸ. ਦੀ ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨ ਏਜੰਸੀ (ਐਚ.ਐਸ.ਆਈ.) ਦੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਹਾਲ ਹੀ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਜਾਰੀ ਕੀਤੇ ਕਾਰਜਕਾਰੀ ਆਦੇਸ਼ ਅਨੁਸਾਰ ਕੰਮ ਕਰ ਰਹੇ ਹਨ, ਜਿਸ ਤਹਿਤ ਸੰਘੀ ਲਾਅ ਇਨਫੋਰਸਮੈਂਟ ਸਾਧਨਾਂ ਦੀ ਵਰਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਰਨ ਲਈ ਕਿਹਾ ਗਿਆ ਹੈ। ਇਸ ਲਈ ਆਉਣ ਵਾਲੇ ਦਿਨਾਂ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਤੇ ਉਨ੍ਹਾਂ ਦੇ ਦੇਸ਼ ਨਿਕਾਲੇ ਦੇ ਕੰਮ ਵਿਚ ਤੇਜ਼ੀ ਆਵੇਗੀ। ਦੂਜੇ ਪਾਸੇ, ਇਨ੍ਹਾਂ ਅਧਿਕਾਰੀਆਂ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਟਰੰਪ ਪ੍ਰਸ਼ਾਸਨ ਦੇ ਇਸ ਤਾਜ਼ਾ ਆਦੇਸ਼ ਕਾਰਨ ਮੈਕਸੀਕਨ ਡਰੱਗ ਗਰੋਹ, ਜੋ ਸਰਹੱਦ ਪਾਰੋਂ ਖ਼ਤਰਨਾਕ ਨਸ਼ਾ 'ਫੈਂਟਾਨਾਇਲ' ਦੀ ਤਸਕਰੀ ਕਰਦੇ ਹਨ, ਸਮੇਤ ਅਮਰੀਕੀਆਂ ਨੂੰ ਦਰਪੇਸ਼ ਹੋਰ ਖ਼ਤਰਨਾਕ ਕੌਮਾਂਤਰੀ ਖਤਰਿਆਂ ਨਾਲ ਜੁੜੇ ਕਈ ਅਹਿਮ ਮਾਮਲਿਆਂ ਦੀ ਜਾਂਚ ਪ੍ਰਭਾਵਤ ਹੋਵੇਗੀ੍ਰ ਐਚ.ਐਸ.ਆਈ. ਦੇ ਇਕ ਸਾਬਕਾ ਸੁਪਰਵਾਈਜਰ ਏਜੰਟ ਕਿ ?ਸ ਕੈਪਨੇਲੀ ਨੇ ਕਿਹਾ ਕਿ ਇਹ ਇਕ ਤਰ੍ਹਾਂ ਨਾਲ ਸਮੁੱਚੀ ਵਿਵਸਥਾ ਨੂੰ ਪੱਟੜੀ ਤੋਂ ਲਾਹ ਦੇਣ ਵਾਲੀ ਕਾਰਵਾਈ ਹੈ੍ਰ ਉਨ੍ਹਾਂ ਕਿਹਾ ਕਿ ਕੁਝ ਦੋਸਤ ਡੀ.ਐਚ.ਐਸ. ਤੋਂ ਬਾਹਰ ਹੋਰ ਲਾਅ ਇਨਫੋਰਸਮੈਂਟ ਏਜੰਸੀਆਂ ਵਿਚ ਨੌਕਰੀਆਂ ਲੱਭ ਰਹੇ ਹਨ, ਜਿਥੇ ਉਨ੍ਹਾਂ ਨੂੰ ਪ੍ਰਵਾਸੀਆਂ ਮਗਰ ਭੱਜਣਾ ਨਾ ਪਵੇ੍ਰ ਇਨ੍ਹਾਂ ਦੋਸਤਾਂ ਦਾ ਕਹਿਣਾ ਹੈ ਕਿ ਜੋ ਕੰਮ ਕਰਨ ਲਈ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ, ਇਹ ਉਹ ਨਹੀਂ ਹੈ, ਜਿਸ ਲਈ ਉਨ੍ਹਾਂ ਦੀ ਨਿਯੁਕਤੀ ਹੋਈ ਸੀ। ਇਹ ਸਾਡੇ ਹੁਨਰ ਤੇ ਤਜ਼ਰਬੇ ਦੀ ਯੋਗ ਵਰਤੋਂ ਨਹੀਂ ਹੈ। ਇਸ ਸੰਬੰਧੀ ਡੀ.ਐਚ.ਐਸ. ਦੀ ਜਨਤਕ ਮਾਮਲਿਆਂ ਬਾਰੇ ਸਹਾਇਕ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਕਿਹਾ ਕਿ ਇਸ ਸਮੇਂ ਐਚ.ਐਸ.ਆਈ. ਸਮੇਤ ਡੀ.ਐਚ.ਐਸ. ਦੇ ਸਾਰੇ ਏਜੰਟ ਗੈਰ-ਕਾਨੂੰਨੀ ਵਿਦੇਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਤੇ ਉਨ੍ਹਾਂ ਨੂੰ ਵਾਪਸ ਭੇਜਣ ਦੇ ਕੰਮ ਵਿਚ ਲੱਗੇ ਹੋਏ ਹਨ ਤਾਂ ਜੋ ਅਮਰੀਕਾ ਦੀ ਸੁਰੱਖਿਆ ਦੇ ਮੁੱਢਲੇ ਮਿਸ਼ਨ ਦੀ ਪੂਰਤੀ ਕੀਤੀ ਜਾ ਸਕੇ।



# 26,000 ਹੋਰ ਪ੍ਰਵਾਸੀ ਹੋਣਗੇ ਡਿਪੋਰਟ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਿਚ ਅਮਰੀਕਾ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਐਕਸ਼ਨ ਲਗਾਤਾਰ ਜਾਰੀ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਪਹਿਲਾਂ ਹੀ ਫ਼ੌਜੀ ਜਹਾਜ਼ਾਂ ਰਾਹੀਂ ਡਿਪੋਰਟ ਕਰ ਕੇ ਆਪੋ-ਆਪਣੇ ਦੇਸ਼ ਵਾਪਸ ਭੇਜਿਆ ਜਾ ਰਿਹਾ ਹੈ। ਇਸ ਵਿਚਾਲੇ ਹੁਣ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਉਨ੍ਹਾਂ ਬੱਚਿਆਂ ਨੂੰ ਇਮੀਗ੍ਰੇਸ਼ਨ ਅਦਾਲਤ ਵਿਚ ਕਾਨੂੰਨੀ ਪ੍ਰਤੀਨਿਧਤਾ ਲਈ ਦਿੱਤੀ ਜਾਣ ਵਾਲੀ ਸਹਾਇਤਾ ਰੋਕ ਦਿੱਤੀ ਹੈ ਜੋ ਕਥਿਤ ਤੌਰ 'ਤੇ ਇਕੱਲੇ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਏ ਸਨ। ਸਰਕਾਰ ਦਾ ਇਹ ਕਦਮ ਉਨ੍ਹਾਂ ਲੋਕਾਂ ਲਈ ਝਟਕਾ ਹੈ ਜੋ ਦੇਸ਼ ਨਿਕਾਲੇ ਦੀ ਲੜਾਈ ਲੜ ਰਹੇ ਹਨ ਅਤੇ ਵਕੀਲ ਦਾ ਖਰਚਾ ਨਹੀਂ ਚੁੱਕ ਸਕਦੇ। ਅਕੇਸ਼ੀਆ ਸੈਂਟਰ ਫਾਰ ਜਸਟਿਸ ਨੇ ਕਿਹਾ ਕਿ ਉਹ ਆਪਣੇ ਸੰਘੀ ਇਕਰਾਰਨਾਮੇ ਦੇ ਤਹਿਤ 26 ਹਜ਼ਾਰ ਪ੍ਰਵਾਸੀ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ। ਟਰੰਪ ਦੇ ਇਸ ਫ਼ੈਸਲੇ ਨਾਲ ਉਨ੍ਹਾਂ 'ਤੇ ਵੀ ਡਿਪੋਰਟੇਸ਼ਨ ਦੀ ਤਲਵਾਰ ਲਟਕ ਗਈ ਹੈ, ਕਿਉਂਕਿ ਉਨ੍ਹਾਂ ਨੂੰ ਇਮੀਗ੍ਰੇਸ਼ਨ ਅਦਾਲਤ ਵਿਚ ਕਾਨੂੰਨੀ ਨੁਮਾਇੰਦਗੀ ਲਈ ਕੋਈ ਸਹਾਇਤਾ ਨਹੀਂ ਮਿਲੇਗੀ। ਗ੍ਰਹਿ ਮੰਤਰਾਲੇ ਨੇ 'ਸਟਾਪ ਵਰਕ ਆਰਡਰ' ਲਈ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਅਤੇ ਸਮੂਹ ਨੂੰ ਸਿਰਫ ਇਹ ਦੱਸਿਆ ਕਿ ਇਹ ਕਦਮ 'ਤੁਹਾਡੇ ਨਿਯੰਤਰਣ ਤੋਂ ਬਾਹਰ ਦੇ ਕਾਰਨਾਂ' ਕਰਕੇ ਲਿਆ ਗਿਆ ਸੀ ਅਤੇ ਇਸ ਨੂੰ ਮਾੜੀ ਕਾਰਗੁਜ਼ਾਰੀ ਦੇ ਅਧਾਰ 'ਤੇ ਕੀਤੇ ਗਏ ਫ਼ੈਸਲੇ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਹੁਕਮ ਅਗਲੇ ਨੋਟਿਸ ਤੱਕ ਲਾਗੂ ਰਹੇਗਾ। ਗ੍ਰਹਿ ਮੰਤਰਾਲੇ ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਮੰਤਰਾਲੇ ਨੇ ਇਸ ਮਾਮਲੇ ਨਾਲ ਸਬੰਧਤ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ ਹੈ। ਅਕਾਸੀਆ ਨੇ ਕਿਹਾ ਕਿ ਇਹ ਦੇਸ਼ ਭਰ ਵਿਚ 85 ਸੰਗਠਨਾਂ ਦੇ ਨੈੱਟਵਰਕ ਰਾਹੀਂ ਇਕ ਕਾਨੂੰਨੀ ਸਹਾਇਤਾ ਪ੍ਰੋਗਰਾਮ ਚਲਾਉਂਦਾ ਹੈ ਜੋ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਨੁਮਾਇੰਦਗੀ ਕਰਦੇ ਹਨ। ਦੇਸ਼ ਨਿਕਾਲੇ ਨੂੰ ਚੁਣੌਤੀ ਦੇਣ ਵਾਲੇ ਲੋਕ ਆਪਣੇ ਖਰਚੇ 'ਤੇ ਵਕੀਲ ਰੱਖ ਸਕਦੇ ਹਨ, ਪਰ ਸਰਕਾਰ ਉਨ੍ਹਾਂ ਨੂੰ ਇਹ ਸਹੂਲਤ ਪ੍ਰਦਾਨ ਨਹੀਂ ਕਰਦੀ। ਸੈਂਟਰ ਫਾਰ ਜੈਂਡਰ ਐਂਡ ਰਿਫਿਊਜੀ ਸਟੱਡੀਜ਼ ਵਿਖੇ ਸਿਖਲਾਈ ਅਤੇ ਤਕਨੀਕੀ ਸਹਾਇਤਾ ਦੀ ਡਾਇਰੈਕਟਰ ਕ੍ਰਿਸਟੀਨ ਲਿਨ ਨੇ ਕਿਹਾ, 'ਇਹ ਬੇਤੁਕਾ ਅਤੇ ਬਹੁਤ ਹੀ ਬੇਇਨਸਾਫ਼ੀ ਹੈ ਕਿ ਇਕ ਬੱਚੇ ਤੋਂ ਇਹ ਉਮੀਦ ਕੀਤੀ ਜਾਵੇ ਕਿ ਉਹ ਇਮੀਗ੍ਰੇਸ਼ਨ ਅਦਾਲਤ ਵਿਚ ਆਪਣੀ ਪ੍ਰਤੀਨਿਧਤਾ ਖ਼ੁਦ ਕਰੇ।'

# ਦੇਸ਼ ਦੇ ਸਵੈਮਾਣ ਦੀ ਭਾਵਨਾ

ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਏ ਭਾਰਤੀਆਂ ਨੂੰ 5 ਫ਼ਰਵਰੀ ਨੂੰ ਜਬਰੀ ਅਮਰੀਕੀ ਫ਼ੌਜੀ ਜਹਾਜ਼ ਰਾਹੀਂ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਭੇਜਿਆ ਗਿਆ ਸੀ। ਅਮਰੀਕਾ ਦੇ ਰਾਸ਼ਟਰਪਤੀ ਡੌਨਾਲਡ ਟਰੰਪ ਵਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਪ੍ਰਤੀ ਸਪੱਸ਼ਟ ਤੌਰ 'ਤੇ ਅਪਣਾਈਆਂ ਗਈਆਂ ਨੀਤੀਆਂ ਦੇ ਮੱਦੇਨਜ਼ਰ ਭਾਰਤ ਦੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਇਸ ਘਟਨਾਕ੍ਰਮ ਤੋਂ ਬਾਅਦ ਸੰਸਦ ਵਿਚ ਇਹ ਬਿਆਨ ਦਿੱਤਾ ਸੀ ਕਿ ਉਹ ਇਸ ਮਸਲੇ ਸੰਬੰਧੀ ਅਮਰੀਕਾ ਦੇ ਪ੍ਰਸ਼ਾਸਨ ਨਾਲ ਸੰਪਰਕ ਵਿਚ ਹਨ ਅਤੇ ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਗ਼ੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖ਼ਲ ਹੋਏ ਭਾਰਤੀਆਂ ਨੂੰ ਵਾਪਸ ਆਪਣੇ ਦੇਸ਼ ਲਿਆਉਣ ਲਈ ਭਾਰਤ ਸਰਕਾਰ ਵਚਨਬੱਧ ਹੈ।

ਜਿਸ ਤਰ੍ਹਾਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ 5 ਫ਼ਰਵਰੀ ਨੂੰ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਏ 104 ਭਾਰਤੀਆਂ ਨੂੰ ਲੈ ਕੇ ਅਮਰੀਕਾ ਦਾ ਇਕ ਫ਼ੌਜੀ ਹਵਾਈ ਜਹਾਜ਼ ਪਹਿਲੀ ਵਾਰੀ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਿਆ ਸੀ। ਉਸ ਤੋਂ ਬਾਅਦ 15 ਫਰਵਰੀ ਨੂੰ 116 ਅਤੇ 16 ਫਰਵਰੀ ਨੂੰ 112 ਹੋਰ ਭਾਰਤੀਆਂ ਨੂੰ ਲੈ ਕੇ ਅਮਰੀਕਾ ਦੇ ਕ੍ਰਮਵਾਰ ਦੋ ਹੋਰ ਫ਼ੌਜੀ ਜਹਾਜ਼ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰੇ ਸਨ। ਬਿਨਾਂਸ਼ੱਕ ਇਹ ਵਿਅਕਤੀ ਸਹੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਨਹੀਂ ਸਨ ਹੋਏ ਪਰ ਭਾਰਤ ਸਰਕਾਰ ਦੇ ਵਿਸ਼ਵਾਸ ਦਿਵਾਉਣ ਦੇ ਬਾਵਜੂਦ ਜਿਸ ਢੰਗ ਨਾਲ ਉਨ੍ਹਾਂ ਨੂੰ ਇਥੇ ਧੱਕਿਆ ਗਿਆ ਹੈ, ਉਹ ਬੇਹੱਦ ਦੁਖਦਾਈ ਅਤੇ ਦੇਸ਼ ਨੂੰ ਸ਼ਰਮਸਾਰ ਕਰਨ ਵਾਲਾ ਹੈ। ਅਮਰੀਕੀ ਫ਼ੌਜ ਦੇ ਜਹਾਜ਼ ਵਿਚ ਹੇਠਾਂ ਬਿਠਾ ਕੇ, ਉਨ੍ਹਾਂ ਨੂੰ ਹੱਥਕੜੀਆਂ ਅਤੇ ਬੇੜੀਆਂ ਨਾਲ ਨੂੜ ਕੇ ਜਿਸ ਤਰ੍ਹਾਂ ਭਾਰਤ ਲਿਆਂਦਾ ਗਿਆ, ਉਸ ਨਾਲ ਦੇਸ਼ ਦੇ ਸਵੈਮਾਣ ਨੂੰ ਵੱਡੀ ਠੇਸ ਪਹੁੰਚੀ ਹੈ। ਇਸ ਘਟਨਾ ਤੋਂ ਬਾਅਦ ਸੰਸਦ ਦੇ ਸੈਸ਼ਨ ਵਿਚ ਵੱਖ-ਵੱਖ ਵਿਰੋਧੀ ਪਾਰਟੀਆਂ ਵਲੋਂ ਜਿਥੇ ਅਮਰੀਕੀ ਪ੍ਰਸ਼ਾਸਨ ਦੇ ਅਜਿਹੇ ਵਤੀਰੇ ਦੀ ਸਖ਼ਤ ਨਿੰਦਾ ਕੀਤੀ ਗਈ, ਉੱਥੇ ਕੇਂਦਰ ਵਿਚਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੂੰ ਵੀ ਨਿਸ਼ਾਨੇ 'ਤੇ ਲਿਆ ਗਿਆ। ਇਨ੍ਹਾਂ ਵਿਰੋਧੀ ਪਾਰਟੀਆਂ ਦੇ ਬਹੁਤੇ ਆਗੂਆਂ ਦੇ ਸੁਆਲਾਂ ਦੇ ਜਵਾਬ ਵਿਚ ਵਿਦੇਸ਼ ਮੰਤਰੀ ਨੇ ਸੰਸਦ ਵਿਚ ਕਿਹਾ ਸੀ ਕਿ ਇਸ ਮਸਲੇ ਪ੍ਰਤੀ ਅਸੀਂ ਅਮਰੀਕੀ ਪ੍ਰਸ਼ਾਸਨ ਨਾਲ ਗੱਲਬਾਤ ਕਰ ਰਹੇ ਹਾਂ। ਇਸ ਤੋਂ ਇਹ ਪ੍ਰਭਾਵ ਲਿਆ ਜਾ ਸਕਦਾ ਸੀ ਕਿ ਆਉਣ ਵਾਲੇ ਸਮੇਂ ਵਿਚ ਭਾਰਤੀਆਂ ਨੂੰ ਹੁਣ ਸਨਮਾਨਜਨਕ ਢੰਗ ਨਾਲ ਦੇਸ਼ ਲਿਆਂਦਾ ਜਾਏਗਾ।

ਡੌਨਾਲਡ ਟਰੰਪ ਤੋਂ ਪਹਿਲਾਂ ਦੀਆਂ ਅਮਰੀਕੀ ਸਰਕਾਰਾਂ ਵਲੋਂ ਵੀ ਸਮੇਂ-ਸਮੇਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖ਼ਲ ਹੋਏ ਭਾਰਤੀਆਂ ਨੂੰ ਵਾਪਸ ਭਾਰਤ ਭੇਜਿਆ ਜਾਂਦਾ ਰਿਹਾ ਹੈ। ਪਰ ਇਸ ਸੰਬੰਧੀ ਕਦੇ ਬਹੁਤੀ ਚਰਚਾ ਨਹੀਂ ਸੀ ਹੋਈ, ਕਿਉਂਕਿ ਉਨ੍ਹਾਂ ਨੂੰ ਆਮ ਯਾਤਰੀਆਂ ਵਾਂਗ ਜਹਾਜ਼ਾਂ 'ਤੇ ਚੜ੍ਹਾ ਕੇ ਭੇਜਿਆ ਜਾਂਦਾ ਸੀ। ਪਰ ਡੌਨਾਲਡ ਟਰੰਪ ਵਲੋਂ ਅਜਿਹਾ ਵਤੀਰਾ ਸਿਰਫ਼ ਭਾਰਤੀਆਂ ਪ੍ਰਤੀ ਹੀ ਨਹੀਂ ਵੱਖ-ਵੱਖ ਦੇਸ਼ਾਂ ਨੂੰ ਭੇਜੇ ਜਾ ਰਹੇ ਉਨ੍ਹਾਂ ਦੇਸ਼ਾਂ ਦੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਪ੍ਰਤੀ ਵੀ ਅਪਣਾਇਆ ਜਾ ਰਿਹਾ ਹੈ। ਇਸ ਤੋਂ ਡੌਨਾਲਡ ਟਰੰਪ ਸਰਕਾਰ ਦੀ ਹੈਂਕੜਬਾਜ਼ੀ ਤੇ ਹੂੜ੍ਹਮੱਤ ਵਾਲੀ ਵਿਦੇਸ਼ ਨੀਤੀ ਦਾ ਪ੍ਰਗਟਾਵਾ ਸਪੱਸ਼ਟ ਰੂਪ ਵਿਚ ਹੁੰਦਾ ਹੈ। ਸਾਡੇ ਵਿਦੇਸ਼ ਮੰਤਰੀ ਜੈਸ਼ੰਕਰ ਵਲੋਂ ਸੰਸਦ ਵਿਚ ਵਿਸ਼ਵਾਸ ਦਿਵਾਉਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2 ਦਿਨ ਦੀ ਅਮਰੀਕਾ ਦੀ ਯਾਤਰਾ 'ਤੇ ਵੀ ਗਏ ਸਨ। ਉਨ੍ਹਾਂ ਨੇ ਡੌਨਾਲਡ ਟਰੰਪ ਦੇ ਪਹਿਲੇ ਸ਼ਾਸਨ ਕਾਲ ਸਮੇਂ ਦੇ ਚੰਗੇ ਸੰਬੰਧਾਂ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਇਸ ਵਾਰ ਵੀ ਭਾਰਤ ਨਾਲ ਅਮਰੀਕਾ ਦੇ ਸੰਬੰਧ ਬੇਹੱਦ ਨਿੱਘੇ ਬਣੇ ਰਹਿਣਗੇ ਤੇ ਇਹ ਵੀ ਪ੍ਰਭਾਵ ਦਿੱਤਾ ਗਿਆ ਕਿ ਉਨ੍ਹਾਂ ਦੀ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਨਾਲ ਬੜੀ ਗੂੜ੍ਹੀ ਨਿੱਜੀ ਦੋਸਤੀ ਹੈ। ਆਪਣੀ ਪਿਛਲੀ ਪਾਰੀ ਵਿਚ ਡੌਨਾਲਡ ਟਰੰਪ ਦੇ ਭਾਰਤ ਆਉਣ 'ਤੇ ਉਨ੍ਹਾਂ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਜਿਸ ਸ਼ਾਨਦਾਰ ਤੇ ਨਿੱਘੇ ਤਰੀਕੇ ਨਾਲ ਸੁਆਗਤ ਕੀਤਾ ਗਿਆ ਸੀ, ਉਹ ਅੱਜ ਵੀ ਯਾਦਗਾਰੀ ਬਣਿਆ ਹੋਇਆ ਹੈ। ਭਾਰਤੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਤੋਂ ਬਾਅਦ ਵੀ ਸਾਡੀ ਸਰਕਾਰ ਵਲੋਂ ਅਮਰੀਕਾ ਨਾਲ ਚੰਗੇ ਸੰਬੰਧ ਹੋਣ ਦਾ ਵੀ ਪ੍ਰਭਾਵ ਦਿੱਤਾ ਗਿਆ ਸੀ। ਇਹ ਵੀ ਕਿਹਾ ਗਿਆ ਸੀ ਕਿ ਪ੍ਰਧਾਨ ਮੰਤਰੀ ਦੀ ਇਸ ਫੇਰੀ ਨਾਲ ਦੋਸਤੀ ਹੋਰ ਮਜ਼ਬੂਤ ਹੋਈ ਹੈ। ਪਰ ਇਸ ਦੇ ਬਾਵਜੂਦ ਦੂਜੀ ਤੇ ਤੀਜੀ ਵਾਰ ਅਮਰੀਕੀ ਪ੍ਰਸ਼ਾਸਨ ਵਲੋਂ ਜਿਸ ਅਪਮਾਨਜਨਕ ਢੰਗ ਨਾਲ ਭਾਰਤੀਆਂ ਨੂੰ ਅਮਰੀਕਾ ਦੇ ਫ਼ੌਜੀ ਜਹਾਜ਼ਾਂ ਵਿਚ ਲੱਦ ਕੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਭੇਜਿਆ ਗਿਆ ਹੈ, ਉਹ ਜਿੱਥੇ ਅਫ਼ਸੋਸਜਨਕ ਹੈ, ਉੱਥੇ ਭਾਰਤ ਸਰਕਾਰ ਲਈ ਬੇਹੱਦ ਖੁਨਾਮੀ ਵਾਲਾ ਵੀ ਹੈ। ਇਹ ਵੀ ਕਿ ਗ਼ੈਰ ਕਾਨੂੰਨੀ ਤੌਰ 'ਤੇ ਅਮਰੀਕਾ ਗਏ ਪ੍ਰਵਾਸੀ ਭਾਰਤੀਆਂ ਦੇ ਭੇਜੇ ਗਏ ਪਹਿਲੇ ਜਹਾਜ਼ ਤੋਂ ਬਾਅਦ ਦੇਸ਼ ਭਰ ਵਿਚ ਉਸ ਢੰਗ ਤਰੀਕੇ ਸੰਬੰਧੀ ਉੱਠੇ ਵਿਰੋਧ ਤੋਂ ਬਾਅਦ ਵੀ ਭਾਰਤ ਸਰਕਾਰ ਅਮਰੀਕਾ ਦੇ ਪ੍ਰਸ਼ਾਸਨ ਨਾਲ ਸੰਪਰਕ ਬਣਾ ਕੇ ਇਹ ਗੱਲ ਨਹੀਂ ਮੰਨਵਾ ਸਕੀ ਕਿ ਭਾਰਤੀਆਂ ਨੂੰ ਸਹੀ ਢੰਗ ਤਰੀਕੇ ਨਾਲ ਵਾਪਸ ਭੇਜਿਆ ਜਾਵੇ। ਜੇਕਰ ਭਾਰਤ ਸਰਕਾਰ ਨੇ ਇਸ ਸੰਬੰਧੀ ਅਮਰੀਕਾ ਦੇ ਪ੍ਰਸ਼ਾਸਨ ਨਾਲ ਕੋਈ ਗੱਲ ਕੀਤੀ ਸੀ ਪਰ ਇਸ ਦੇ ਬਾਵਜੂਦ ਅਮਰੀਕੀ ਵਤੀਰੇ ਵਿਚ ਕੋਈ ਤਬਦੀਲੀ ਨਹੀਂ ਆਈ ਤਾਂ ਭਾਰਤ ਸਰਕਾਰ ਨੂੰ ਅਮਰੀਕਾ ਨਾਲ ਆਪਣੀਆਂ ਸੰਪਰਕ ਸੰਬੰਧੀ ਨੀਤੀਆਂ ਬਾਰੇ ਮੁੜ ਤੋਂ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਇੱਥੇ ਹੀ ਬੱਸ ਨਹੀਂ ਡੌਨਾਲਡ ਟਰੰਪ ਨੇ ਅਹੁਦਾ ਸੰਭਾਲਣ ਤੋਂ ਬਾਅਦ ਯੂਰਪੀ ਮੁਲਕਾਂ ਪ੍ਰਤੀ ਵੀ ਹੈਂਕੜਬਾਜ਼ੀ ਵਾਲਾ ਵਤੀਰਾ ਸ਼ੁਰੂ ਕਰ ਦਿੱਤਾ ਹੈ। ਉਸ ਤੋਂ ਬਾਅਦ ਰੂਸ-ਯੂਕਰੇਨ ਅਤੇ ਹਮਾਸ-ਇਜ਼ਰਾਈਲ ਜੰਗਾਂ ਸੰਬੰਧੀ ਕੀਤੀ ਟਰੰਪ ਦੀ ਬਿਆਨਬਾਜ਼ੀ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਦੁਨੀਆ ਦੇ ਭਖਦੇ ਮਸਲਿਆਂ ਸੰਬੰਧੀ ਸਾਰੇ ਹਿਤਧਾਰਕ ਦੇਸ਼ਾਂ ਨੂੰ ਵਿਸ਼ਵਾਸ ਵਿਚ ਲੈ ਕੇ ਚੱਲਣ ਵਿਚ ਸਫ਼ਲ ਨਹੀਂ ਹੋ ਸਕੇ। ਇਸ ਗੱਲ ਨੇ ਸਮੁੱਚੀ ਦੁਨੀਆ ਨੂੰ ਫਿਕਰਮੰਦੀ ਵਿਚ ਪਾ ਦਿੱਤਾ ਹੈ। ਭਾਰਤ ਨੂੰ ਵੀ ਆਪਣੀ ਵਿਦੇਸ਼ ਨੀਤੀ ਦੇ ਸੰਦਰਭ ਵਿਚ ਅਮਰੀਕੀ ਪ੍ਰਸ਼ਾਸਨ ਦੇ ਅਜਿਹੇ ਵਤੀਰੇ ਨੂੰ ਦੇਖਦਿਆਂ ਆਪਣੇ ਪੱਖ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰਨਾ ਹੋਵੇਗਾ, ਕਿਉਂਕਿ ਰਾਸ਼ਟਰ ਦੇ ਸਵੈਮਾਣ ਤੋਂ ਉੱਪਰ ਕਿਸੇ ਵੀ ਹੋਰ ਦੇਸ਼ ਨਾਲ ਰਿਸ਼ਤੇ ਗੂੜ੍ਹੇ ਨਹੀਂ ਹੋ ਸਕਦੇ। ਆਉਂਦੇ ਸਮੇਂ ਵਿਚ ਵੀ ਕੇਂਦਰ ਸਰਕਾਰ ਨੂੰ ਦੇਸ਼ ਦੀ ਅਣਖ਼ ਤੇ ਸਨਮਾਨ ਦੇ ਸੁਆਲ 'ਤੇ ਪੂਰੀ ਦ੍ਰਿੜ੍ਹਤਾ ਤੇ ਮਜ਼ਬੂਤੀ ਦਿਖਾਉਣੀ ਹੋਵੇਗੀ।

# ਦਿੱਲੀ ਤੋਂ ਬਾਅਦ ਪੰਜਾਬ ਦਾ ਕੀ ਬਣੇਗਾ ?



ਦੇਸ਼ ਦੀ ਰਾਜਧਾਨੀ ਦਿੱਲੀ ਦੇ ਲੋਕਾਂ ਨੇ ਆਮ ਆਦਮੀ ਪਾਰਟੀ (ਆਪ) ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਅਬਰਾਹਮ ਲਿੰਕਨ ਨੇ 2 ਸਤੰਬਰ 1858 ਨੂੰ ਕਿਹਾ ਸੀ- "ਤੁਸੀਂ ਸਭ ਲੋਕਾਂ ਨੂੰ ਕੁਝ ਸਮੇਂ ਲਈ ਮੂਰਖ ਬਣਾ ਸਕਦੇ ਹੋ, ਕੁਝ ਲੋਕਾਂ ਨੂੰ ਹਮੇਸ਼ਾ ਮੂਰਖ ਬਣਾ ਸਕਦੇ ਹੋ ਪਰ ਤੁਸੀਂ ਸਭ ਲੋਕਾਂ ਨੂੰ ਹਮੇਸ਼ਾ ਮੂਰਖ ਨਹੀਂ ਬਣਾ ਸਕਦੇ।"ਲਿੰਕਨ ਦੇ ਇਹ ਸ਼ਬਦ ਦਿੱਲੀ ਦੇ ਲੋਕਾਂ ਨੇ ਸੱਚ ਕਰ ਦਿਖਾਏ ਹਨ ਜੋ 'ਆਪ' ਮੁਖੀ ਅਰਵਿੰਦ ਕੇਜਰੀਵਾਲ ਬਾਰੇ ਐਨ ਢੁੱਕਵੇਂ ਹਨ।

ਸ਼ਰਾਬ ਮਸਲੇ ਵਿੱਚ ਕਰੋੜੀ (ਲਿਹਾਜੀ) ਭ੍ਰਿਸ਼ਟਾਚਾਰ ਕਰ ਕੇ ਅਰਵਿੰਦ ਕੇਜਰੀਵਾਲ, ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਸਤੇਂਦਰ ਜੈਨ, ਸੰਜੈ ਸਿੰਘ ਆਦਿ ਨੂੰ ਜੇਲ੍ਹ ਜਾਣਾ ਪਿਆ। ਦਿੱਲੀ ਵਾਸੀਆਂ ਦੇ ਆਮ ਆਦਮੀ ਪਾਰਟੀ ਅਤੇ ਲੀਡਰਸ਼ਿਪ ਵਿਚ ਭਰੋਸੇ ਨੂੰ ਵੱਡੀ ਸੱਟ ਲੱਗੀ ਹੈ। ਨਤੀਜਾ ਸਾਹਮਣੇ ਹੈ। ਅਜਿਹੀ ਸਥਿਤੀ 'ਤੇ ਲਹਿੰਦੇ ਪੰਜਾਬ ਦੇ ਸ਼ਾਇਰ ਹਬੀਬ ਜਾਲਿਬ ਦੇ ਇਹ ਸ਼ਬਦ ਢੁੱਕਦੇ ਹਨ:

**ਡਾਕੂਆਂ ਦਾ ਜੇ ਸਾਥ ਨਾ ਦੇਂਦਾ,**
**ਪਿੰਡ ਦਾ ਪਹਿਰੇਦਾਰ**
**ਅੱਜ ਪੈਰੀਂ ਜ਼ੰਜੀਰ ਨਾ ਹੁੰਦੀ,**
**ਜਿੱਤ ਨਾ ਜਾਂਦੀ ਹਾਰ।**

ਆਮ ਆਦਮੀ ਪਾਰਟੀ ਦੀ ਦਿੱਲੀ ਹਾਰ ਲਈ ਸੱਤਾ ਵਿਰੋਧੀ ਮਾਹੌਲ, ਰਿਓੜੀ ਵੰਡਣ ਕਰ ਕੇ ਵਿਕਾਸ ਕਾਰਜਾਂ ਦਾ ਰੁਕਣਾ, ਅੰਨਾ ਹਜ਼ਾਰੇ ਅਨੁਸਾਰ ਸ਼ਰਾਬ ਰਾਜਨੀਤੀ, ਬਾਰਾਂ ਤੇ ਠੇਕੇ ਖੋਲ੍ਹਣਾ, ਧਨ ਤਲਿੱਸਮ, ਕਾਂਗਰਸ ਨਾਲ ਚੋਣ ਗਠਜੋੜ ਨਾ ਹੋਣਾ, ਕੇਂਦਰੀ ਬਜਟ ਵਿਚ ਵੱਡੇ ਮੱਧ ਵਰਗ ਅਤੇ ਨੌਕਰੀ ਪੇਸ਼ਾ ਲੋਕਾਂ ਲਈ ਆਮਦਨ ਕਰ ਦੀ ਹੱਦ 12 ਲੱਖ ਤੱਕ ਵਧਾਉਣਾ, ਮਨੀਸ਼ ਸਿਸੋਦੀਆ ਦੇ ਲੜਕੇ ਦਾ ਵਿਦੇਸ਼ ਪੜ੍ਹਨਾ, ਪਾਣੀ, ਪ੍ਰਦੂਸ਼ਿਤ ਹਵਾ, ਕੂੜੇ ਦੇ ਢੇਰ, ਸਿਹਤ, ਸਿੱਖਿਆ, ਬਿਜਲੀ ਸੇਵਾਵਾਂ ਦਾ ਜਨਾਜ਼ਾ ਆਦਿ ਕਾਰਨ ਹੋ ਸਕਦੇ ਹਨ।

ਦਿੱਲੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਵੱਡੇ ਪੱਧਰ 'ਤੇ ਰਿਓੜੀ ਵੰਡ ਤਹਿਤ ਦਿੱਤੀਆਂ ਗਰੰਟੀਆਂ ਦੇਣ ਦਾ ਕੁਝ ਅਸਰ ਹੋ ਸਕਦਾ ਹੈ ਪਰ ਦਿੱਲੀ ਵਿਚ ਭਾਜਪਾ ਦੀ ਜਿੱਤ ਦਾ ਸਿਹਰਾ ਉਨ੍ਹਾਂ ਸਿਰ ਨਹੀਂ ਬੱਝ ਸਕਦਾ। ਜੇ ਅਜਿਹਾ ਹੁੰਦਾ ਤਾਂ ਉਹ ਲੋਕ ਸਭਾ ਚੋਣਾਂ 2024 ਵਿਚ 400 ਪਾਰ ਅੰਕੜੇ ਦੀ ਥਾਂ 240 'ਤੇ ਨਾ ਡਿੱਗਦੇ।

ਹਰਿਆਣਾ ਅਤੇ ਮਹਾਰਾਸ਼ਟਰ ਅੰਦਰ ਭਾਜਪਾ ਦੀਆਂ ਪ੍ਰਤੱਖ ਦਿਸ ਰਹੀਆਂ ਹਾਰਾਂ ਨੂੰ ਜਿੱਤਾਂ ਵਿਚ ਤਬਦੀਲ ਕਰਨ ਵਾਲੇ ਆਰਐੱਸਐੱਸ ਦੇ ਸਮਰਪਿਤ ਵਲੰਟੀਅਰਾਂ ਨੇ ਦਿੱਲੀ ਵਿਚ ਵੀ ਭਾਜਪਾ ਦੀ ਜਿੱਤ ਲਈ ਫੈਸਲਾਕੁਨ ਭੂਮਿਕਾ ਅਦਾ ਕੀਤੀ। 2020 ਵਾਲੀਆਂ ਚੋਣਾਂ ਵਿਚ 70 ਮੈਂਬਰੀ ਦਿੱਲੀ ਵਿਧਾਨ ਸਭਾ ਵਿਚ ਸਿਰਫ਼ 8 ਸੀਟਾਂ ਜਿੱਤਣ ਵਾਲੀ ਭਾਜਪਾ ਜੋ 1998 ਤੋਂ ਸੱਤਾ ਤੋਂ ਬਾਹਰ ਸੀ, ਨੂੰ 27 ਸਾਲ ਬਾਅਦ ਜਿਸ ਵਿਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਵਜੋਂ 11 ਸਾਲ ਵੀ ਸ਼ਾਮਲ ਹਨ, ਨੇ ਹੁਣ 48 ਸੀਟਾਂ ਦੀ ਵੱਡੀ ਜਿੱਤ ਹਾਸਿਲ ਕੀਤੀ ਹੈ। ਆਰਐੱਸਐੱਸ ਵਲੰਟੀਅਰਾਂ ਨੇ ਲੋਕਾਂ ਨੂੰ 'ਆਪ' ਮੁਖੀ ਅਰਵਿੰਦ ਕੇਜਰੀਵਾਲ, ਕੁ-ਸਾਸ਼ਨ, ਭ੍ਰਿਸ਼ਟਾਚਾਰ ਅਤੇ ਕੂੜ ਪ੍ਰਚਾਰ ਬਾਰੇ ਜਾਗ੍ਰਿਤ ਕੀਤਾ। ਪੰਜਾਬ ਪ੍ਰਦੇਸ਼ ਨੂੰ ਪਾਰਟੀ ਪ੍ਰਚਾਰ, ਇਸ਼ਤਿਹਾਰ, ਹਵਾਈ ਉਡਾਨਾਂ, ਵੋਟਰਾਂ ਨੂੰ ਤੋਹਫ਼ੇ ਅਤੇ ਸ਼ਰਾਬ ਵੰਡਣ ਰਾਹੀਂ ਕਿਵੇਂ ਕੰਗਾਲ ਕੀਤਾ ਜਾ ਰਿਹਾ, ਉਸ ਬਾਰੇ ਦੱਸਿਆ। ਦਿੱਲੀ ਵਿਚ ਰੋਹਿੰਗਿਆ, ਬੰਗਲਾਦੇਸ਼ੀ ਅਤੇ ਹੋਰ ਵਿਦੇਸ਼ੀ ਪਰਵਾਸੀਆਂ ਦੇ ਵਸੇਬੇ ਬਾਰੇ ਰੋਸ਼ਨੀ ਪਾਈ। ਮਿਸਾਲ ਵਜੋਂ ਇਨ੍ਹਾਂ ਵਲੰਟੀਅਰਾਂ ਨੇ ਸਿਰਫ ਦਵਾਰਕਾ ਖੇਤਰ ਵਿਚ 500 ਡਰਾਇੰਗ ਰੂਮ ਮੀਟਿੰਗਾਂ ਕੀਤੀਆਂ। ਨਤੀਜੇ ਵਜੋਂ 'ਆਪ' ਜਿਸ ਦੀਆਂ 2020 ਵਾਲੀਆਂ ਚੋਣਾਂ ਵਿਚ 62 ਸੀਟਾਂ ਸਨ, 22 ਸੀਟਾਂ 'ਤੇ ਸਿਮਟ ਗਈ।

ਆਮ ਆਦਮੀ ਪਾਰਟੀ ਅਤੇ ਇਸ ਦੇ

**ਦਰਬਾਰਾ ਸਿੰਘ ਕਾਹਲੋਂ**

ਇਨਕਲਾਬ ਦਾ ਪਰਦਾਫਾਸ਼ ਹੋ ਚੁੱਕਾ ਹੈ। ਪਾਰਟੀ ਨੇ ਸ਼ਾਇਦ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਦੇਣ ਵਾਲੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਆਦਿ ਦਾ ਸਿਰਫ਼ ਨਾਂ ਹੀ ਵਰਤਿਆ ਹੈ, ਉਨ੍ਹਾਂ ਦੀ ਸਿਆਸਤ ਉੱਤੇ ਅਮਲ ਨਹੀਂ ਕੀਤਾ ਹੈ। ਪਿਛਲੇ ਤਿੰਨ ਸਾਲਾਂ ਦੌਰਾਨ ਇਸ ਪਾਰਟੀ ਨੇ ਇਨ੍ਹਾਂ ਸ਼ਹੀਦਾਂ ਦੀ ਸਿਆਸਤ ਅਨੁਸਾਰ ਸ਼ਾਇਦ ਕੁਝ ਵੀ ਨਹੀਂ ਕੀਤਾ ਹੈ। ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਦੇ ਸ਼ੀਸ਼ ਮਹਿਲ, 4-5 ਕੋਠੀਆਂ ਅਲਾਟ ਕਰਾਉਣ, ਉਡਣ ਖਟੋਲਿਆਂ 'ਤੇ ਯਾਤਰਾ ਕਰਨ, 4 ਤੋਂ 10 ਲੱਖ ਰੋਜ਼ਾਨਾ ਕਿਰਾਏ ਵਾਲੇ ਹੋਟਲਾਂ ਵਿਚ ਠਹਿਰਨ, ਚੋਣਾਂ ਵੇਲੇ ਮਹਿਲਾਂ ਵਰਗੀਆਂ ਕੋਠੀਆਂ ਵਿਚ ਰਿਹਾਇਸ਼, ਜ਼ੈੱਡ ਅਤੇ ਬਟਾਲੀਅਨ ਸੁਰੱਖਿਆ, ਆਮ ਆਦਮੀ ਨੂੰ ਮਿਲਣ ਤੋਂ ਇਨਕਾਰ, ਹਿਟਲਰ ਦੇ ਲੋਕ ਸੰਪਰਕ ਮੰਤਰੀ ਜੋਸਫ ਗੋਇਬਲਜ਼ ਵਾਂਗ ਕੂੜ ਪ੍ਰਚਾਰ 'ਤੇ ਕਰੋੜ ਰੁਪਏ ਖਰਚਣ ਤੋਂ ਜ਼ਾਹਿਰ ਹੋ ਜਾਂਦਾ ਹੈ ਕਿ ਇਸ ਪਾਰਟੀ ਦਾ ਇਨਕਲਾਬ ਕਿਹੋ ਜਿਹਾ ਹੈ।

**ਪੰਜਾਬ ਦਾ ਕੀ ਬਣੂ ?**

ਸਵਾਲ ਹੁਣ ਇਹ ਹੈ ਕਿ ਪੰਜਾਬ ਜੋ ਆਮ ਆਦਮੀ ਪਾਰਟੀ ਅਤੇ ਇਸ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਆਰਥਿਕ ਅਤੇ ਰਾਜਨੀਤਕ ਬਸਤੀ ਹੈ, ਇਸ ਦਾ ਕੀ ਬਣੇਗਾ? ਦਿੱਲੀ ਵਿਚ ਕਰਾਰੀ ਹਾਰ ਕਰ ਕੇ ਕੇਜਰੀਵਾਲ ਹੁਣ ਨਿਸ਼ਚਤ ਤੌਰ 'ਤੇ ਆਪਣੀ ਇਸ ਬਸਤੀ ਨੂੰ ਖੁੱਸ ਜਾਣ ਤੋਂ ਬਚਾਉਣ ਦਾ ਯਤਨ ਕਰੇਗਾ। ਪੰਜਾਬ ਦੇ ਲੋਕ ਅਤੇ ਅਫਸਰਸ਼ਾਹ ਤਾਂ ਪਹਿਲਾਂ ਹੀ ਇੱਥੇ ਸ਼ਾਸਨ-ਪ੍ਰਸ਼ਾਸਨ, ਨੀਤੀਆਂ, ਨਿਯੁਕਤੀਆਂ, ਬਦਲੀਆਂ, ਪੰਜਾਬ ਦੇ ਮਾਲੀਏ, ਗੈਰ-ਕਾਨੂੰਨੀ ਰੇਤ-ਬਜਰੀ, ਸ਼ਰਾਬ, ਟ?ਰਾਂਸਪੋਰਟ, ਕੇਬਲ, ਭੂਮੀ, ਪ੍ਰਸ਼ਾਸਨਕ-ਰਾਜਨੀਤਕ ਭ੍ਰਿਸ਼ਟਾਚਾਰ ਤੋਂ ਅਵਾਜਾਰ ਹੈ।

ਮੁੱਖ ਮੰਤਰੀ ਦਾ ਦਫ਼ਤਰ ਪਾਰਟੀ ਸੁਪਰੀਮੋ ਦਾ ਪੀਏ ਵੈਭਵ ਕੁਮਾਰ ਚਲਾ ਰਿਹਾ ਹੈ ਜਿਸ ਨੂੰ ਸੁਰੱਖਿਆ ਮਿਲੀ ਹੋਈ ਹੈ। ਦਫ਼ਤਰ ਵਿਚੋਂ ਮੁੱਖ ਮੰਤਰੀ ਦੇ ਸਲਾਹਕਾਰ ਬਾਹਰ ਕੱਢ ਦਿੱਤੇ ਗਏ। ਮੁੱਖ ਮੰਤਰੀ ਬਿਮਾਰ ਹੋਇਆ ਤਾਂ ਕਿਸੇ ਨੇ ਪੁੱਛ-ਪ੍ਰਤੀਤ ਨਾ ਕੀਤੀ। ਦਿੱਲੀ ਚੋਣ ਪ੍ਰਚਾਰ ਵਿਚ ਸਮੇਤ ਕੈਬਨਿਟ, ਵਿਧਾਇਕ, ਚੇਅਰਮੈਨ ਅਤੇ ਵਰਕਰਾਂ ਦੇ ਮਹੀਨੇ ਤੋਂ ਵੱਧ ਸਮਾਂ ਬੈਠੇ ਰਹੇ। ਜਿਨ੍ਹਾਂ 26 ਸੀਟਾਂ ਵਿਚ ਉਨ੍ਹਾਂ ਪ੍ਰਚਾਰ ਕੀਤਾ, 21 ਵਿਚ ਪਾਰਟੀ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਦਿੱਲੀ ਅੰਦਰ ਸਿੱਖ ਅਤੇ ਪੰਜਾਬੀ ਵੋਟਰ ਐਤਕੀਂ 'ਆਪ' ਤੋਂ ਖਿਸਕ ਕੇ ਭਾਜਪਾ ਵੱਲ ਚਲੇ ਗਏ। 'ਆਪ' ਸਰਕਾਰਾਂ ਵਿਚ ਇੱਕ ਵੀ ਸਿੱਖ ਨੂੰ ਕੈਬਨਿਟ ਵਿਚ ਥਾਂ ਨਹੀਂ ਦਿੱਤੀ।

ਪੰਜਾਬ ਆਪਣੇ ਨਾਬਰੀ ਭਰੇ ਸੁਭਾਅ ਤੋਂ ਜਾਣਿਆ ਜਾਂਦਾ ਹੈ। ਪਾਰਟੀ ਅਨੁਸ਼ਾਸਨ ਹੋਰ ਅਤੇ ਡਿਕਟੇਟਰਸ਼ਿਪ ਹੋਰ ਹੁੰਦੀ ਹੈ। ਮੁੱਖ ਮੰਤਰੀ ਭਗਵੰਤ ਮਾਨ, ਮੰਤਰੀਆਂ, ਪਲਾਨਿੰਗ ਬੋਰਡ ਅਤੇ ਹੋਰ ਸਰਕਾਰੀ ਸੰਗਠਨਾਂ ਦੇ ਦਫ਼ਤਰਾਂ ਵਿਚ ਗੈਰ-ਪੰਜਾਬੀ ਦਿੱਲੀ ਤੋਂ ਨਿਯੁਕਤ ਲੋਕ ਚਲਾ ਰਹੇ ਹਨ। ਵੈਭਵ ਕੁਮਾਰ ਵਰਗੇ ਲੀਡਰ ਅੱਗੇ ਮੁੱਖ ਸਕੱਤਰ, ਪੁਲੀਸ ਮੁਖੀ ਅਤੇ ਮੰਤਰੀਆਂ ਦੇ ਦਫ਼ਤਰਾਂ ਵਿਚ ਬੈਠੇ ਗੈਰ-ਸੰਵਿਧਾਨਿਕ ਵਿਅਕਤੀਆਂ ਅੱਗੇ ਸਕੱਤਰਾਂ, ਡਾਇਰੈਕਟਰਾਂ ਜਾਂ ਹੋਰ ਅਫਸਰਸ਼ਾਹਾਂ ਨੂੰ ਜਵਾਬਦੇਹ ਹੋਣਾ ਪੈਂਦਾ ਹੈ। ਉਂਝ, ਹੁਣ ਮੌਕਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ, ਸੂਬੇ ਦਾ ਸ਼ਾਸਨ-ਪ੍ਰਸ਼ਾਸਨ ਆਪਣੇ ਹੱਥਾਂ ਵਿਚ ਲੈਣ। ਲੋਕਾਂ ਨੂੰ ਜਵਾਬਦੇਹ ਉਹ ਹਨ। ਉਹ ਦਿੱਲੀ ਨਿਯੁਕਤ ਵਿਅਕਤੀਆਂ ਦੀ ਤੁਰੰਤ ਛੁੱਟੀ ਕਰਨ। ਜੇ ਕੇਜਰੀਵਾਲ ਨਿਰੰਕੁਸ਼ ਵਤੀਰਾ ਨਹੀਂ ਛੱਡਦਾ ਤਾਂ 'ਪੰਜਾਬ ਆਮ ਆਦਮੀ ਪਾਰਟੀ' ਬਣਾ ਕੇ ਭਗਵੰਤ ਮਾਨ ਆਪਣੀ ਕੈਬਨਿਟ ਮੁੜ ਬਣਾਵੇ ਅਤੇ ਪੰਜਾਬੀਆਂ ਦੀ ਭਰੋਸੇਯੋਗਤਾ ਜਿੱਤੇ; ਨਾਲ ਹੀ ਵਾਅਦਿਆਂ ਦੀ ਪੂਰਤੀ ਕਰੇ, ਨਹੀਂ ਤਾਂ 2027 ਦੀਆਂ ਚੋਣਾਂ ਵਿਚ ਪੰਜਾਬੀ, ਦਿੱਲੀ ਨਾਲੋਂ ਵੀ ਬੁਰੀ ਕਰਨਗੇ। ਮੀਡੀਆ 'ਤੇ ਗੈਰ-ਸੰਵਿਧਾਨਿਕ, ਗੈਰ-ਲੋਕਤੰਤਰੀ ਜਕੜ ਬੰਦ ਹੋਣੀ ਚਾਹੀਦੀ ਹੈ, ਨਹੀਂ ਤਾਂ ਭਵਿੱਖ ਵਿਚ ਜੱਗੋਂ ਤੇਰ੍ਹਵੀਂ ਹੋ ਸਕਦੀ ਹੈ। ਲੋਕ ਸਭਾ ਅਤੇ ਨਿਗਮ ਚੋਣਾਂ ਵਿਚ ਲੋਕ ਆਪਣੇ ਹੱਥ ਦਿਖਾ ਚੁੱਕੇ ਹਨ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਟਰੰਪ ਵਲੋਂ ਨਵੀਂ ਟੈਰਿਫ ਨੀਤੀ ’ਤੇ ਦਸਤਖ਼ਤ

## *ਕਿਹਾ-ਜੋ ਜਿੰਨਾ ਟੈਰਿਫ ਲਾਏਗਾ ਅਸੀਂ ਵੀ ਓਨਾ ਹੀ ਵਸੂਲਾਂਗੇ*

ਵਾਸ਼ਿੰਗਟਨ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਤੋਂ ਪਹਿਲਾਂ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੇਸੀਪ੍ਰੋਕਲ (ਪਰਸਪਰ) ਟੈਰਿਫ ਲਾਗੂ ਕਰ ਦਿੱਤਾ ਹੈ। ਟਰੰਪ ਨੇ ਆਪਣੇ ਵਪਾਰਕ ਭਾਈਵਾਲਾਂ ’ਤੇ ਟੈਰਿਫ ਵਧਾਉਣ ਦੀ ਯੋਜਨਾ ’ਤੇ ਦਸਤਖਤ ਕੀਤੇ, ਇਸ ਕਦਮ ਨਾਲ ਸੰਭਾਵਿਤ ਤੌਰ ’ਤੇ ਕੌਮਾਂਤਰੀ ਆਰਥਿਕ ਖੜੋਤ ਪੈਦਾ ਹੋ ਸਕਦੀ ਹੈ। ਪਰਸਪਰ ਟੈਰਿਫ ਦਾ ਅਰਥ ਹੈ ਕਿ ਜਦੋਂ ਕਿਸੇ ਦੇਸ਼ ਨੂੰ ਕਿਸੇ ਹੋਰ ਦੇਸ਼ ਤੋਂ ਨਿਰਯਾਤ ਅਤੇ ਆਯਾਤ ’ਤੇ ਇਕੋ ਜਿਹਾ ਟੈਰਿਫ ਅਦਾ ਕਰਨਾ ਪੈਂਦਾ ਹੈ। ਰੇਸੀਪ੍ਰੋਕਲ ਟੈਰਿਫ ਦਾ ਐਲਾਨ ਕਰਦੇ ਹੋਏ ਟਰੰਪ ਨੇ ਕਿਹਾ ਕਿ ਅਸੀਂ ਵੀ ਉਸ ਦੇਸ਼ ’ਤੇ ਟੈਰਿਫ ਲਗਾਵਾਂਗੇ ਜੋ ਸਾਡੇ ’ਤੇ ਟੈਰਿਫ ਲਗਾਵੇਗਾ। ਭਾਰਤ ਬਾਰੇ ਟਰੰਪ ਨੇ ਕਿਹਾ ਕਿ ਭਾਰਤ ’ਚ ਕਿਸੇ ਵੀ ਹੋਰ ਦੇਸ਼ ਨਾਲੋਂ ਜ਼ਿਆਦਾ ਟੈਰਿਫ



ਹਨ। ਉਨ੍ਹਾਂ ਸਪੱਸ਼ਟ ਤੌਰ ’ਤੇ ਕਿਹਾ ਕਿ ਉਹ ਦੂਜੇ ਦੇਸ਼ਾਂ ਤੋਂ ਓਨਾ ਹੀ ਟੈਰਿਫ ਵਸੂਲਣਗੇ ਜਿੰਨਾ ਦੂਜੇ ਦੇਸ਼ ਅਮਰੀਕਾ ਤੋਂ ਵਸੂਲ ਰਹੇ ਹਨ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਵਪਾਰਕ ਭਾਈਵਾਲਾਂ ’ਤੇ ਰੇਸੀਪ੍ਰੋਕਲ ਟੈਰਿਫ ਲਗਾਉਣ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ ਉਨ੍ਹਾਂ ਦੇ ਵਧਦੇ ਵਿਸ਼ਵ ਵਪਾਰ ਯੁੱਧ ’ਚ ਨਵੇਂ ਮੋਰਚੇ ਖੁੱਲ੍ਹ ਗਏ ਹਨ। ਟਰੰਪ ਨੇ ਕਿਹਾ ਕਿ ਵਪਾਰ ਦੇ ਮਾਮਲੇ ’ਚ ਅਮਰੀਕੀ ਸਹਿਯੋਗੀ ਅਕਸਰ ਸਾਡੇ ਦੁਸ਼ਮਣਾਂ ਨਾਲੋਂ ਵੀ ਮਾੜੇ ਹੁੰਦੇ ਹਨ।

# ਟਰੰਪ ਪ੍ਰਸ਼ਾਸਨ ਵਲੋਂ 20 ਇਮੀਗ੍ਰੇਸ਼ਨ ਜੱਜ ਬਰਖ਼ਾਸਤ

ਸਾਨ ਫਰਾਂਸਿਸਕੋ : ਸੰਘੀ ਸਰਕਾਰ ਦੇ ਕਰਮਚਾਰੀਆਂ ਨੂੰ ਘਟਾਉਣ ਦੀ ਕਵਾਇਦ ਦਰਮਿਆਨ ਟਰੰਪ ਪ੍ਰਸ਼ਾਸਨ ਦੇ ਨਿਆਂ ਵਿਭਾਗ ਨੇ ਅੱਜ ਬਿਨਾਂ ਕਿਸੇ ਸਪੱਸ਼ਟੀਕਰਨ ਦੇ 20 ਇਮੀਗ੍ਰੇਸ਼ਨ ਜੱਜਾਂ ਨੂੰ ਬਰਖ਼ਾਸਤ ਕਰ ਦਿੱਤਾ ਹੈ। ਫੈਡਰਲ ਵਰਕਰਾਂ ਦੀ ਨੁਮਾਇੰਦਗੀ ਕਰਨ ਵਾਲੇ ਇੰਟਰਨੈਸ਼ਨਲ ਫੈਡਰੇਸ਼ਨ ਆਫ਼ ਪ੍ਰੋਫੈਸ਼ਨਲ ਐਂਡ ਟੈਕਨੀਕਲ ਇੰਜੀਨੀਅਰ ਦੇ ਪ੍ਰਧਾਨ ਮੈਥਿਊ ਵਿਗਸ ਨੇ ਕਿਹਾ ਕਿ 13 ਜੱਜਾਂ, ਜਿਨ੍ਹਾਂ ਨੇ ਹਾਲੇ ਸਹੁੰ ਵੀ ਨਹੀਂ ਚੱਕੀ ਸੀ ਅਤੇ ਪੰਜ ਸਹਾਇਕ ਮੁੱਖ ਇਮੀਗ੍ਰੇਸ਼ਨ ਜੱਜਾਂ ਨੂੰ ਬਿਨਾਂ ਕਿਸੇ ਨੋਟਿਸ ਦੇ ਬਰਖ਼ਾਸਤ ਕਰ ਦਿੱਤਾ ਗਿਆ ਹੈ। ਪਿਛਲੇ ਹਫ਼ਤੇ ਵੀ ਦੋ ਜੱਜਾਂ ਨੂੰ ਇਸੇ ਤਰ੍ਹਾਂ ਹਟਾ ਦਿੱਤਾ ਗਿਆ ਸੀ। ਅਮਰੀਕੀ ਨਿਆਂ ਵਿਭਾਗ ਦੀ ਇਮੀਗ੍ਰੇਸ਼ਨ ਸਮੀਖਿਆ ਲਈ ਕਾਰਜਕਾਰੀ ਦਫ਼ਤਰ, ਜੋ ਅਦਾਲਤਾਂ ਨੂੰ ਚਲਾਉਂਦਾ ਹੈ ਅਤੇ ਆਪਣੇ ਲਗਭਗ 700 ਜੱਜਾਂ ਦੀ ਨਿਗਰਾਨੀ ਕਰਦਾ ਹੈ, ਨੇ ਇਸ ਫੈਸਲੇ ’ਤੇ ਕੋਈ ਵੀ ਟਿੱਪਣੀ ਨਹੀਂ ਕੀਤੀ ਹੈ। ਹਾਲਾਂਕਿ, ਆਪਣੀ ਚੋਣ ਮੁਹਿੰਮ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਇਹ ਕਹਿੰਦੇ ਰਹੇ ਹਨ ਕਿ ਉਹ ਇਮੀਗਰੇਸ਼ਨ ਅਦਾਲਤਾਂ ’ਚ ਤਕਰੀਬਨ 37 ਲੱਖ ਤੋਂ ਵੱਧ ਰੁਕੀਆਂ ਹੋਈਆਂ ਫਾਈਲਾਂ ਦੇ ਨਿਪਟਾਰੇ ਲਈ ਜੱਜਾਂ ਦੀ ਗਿਣਤੀ ਵਧਾਉਣਗੇ। ਇਨ੍ਹਾਂ ਫਾਇਲਾਂ ’ਚ ਬਹੁ ਗਿਣਤ ਸ਼ਰਨ ਮੰਗਣ ਵਾਲਿਆਂ ਦੀ ਦੱਸੀ ਜਾ ਰਹੀ ਹੈ ਪਰ ਇਸ ਦੇ ਐਨ ਉਲਟ ਇਮੀਗ੍ਰੇਸ਼ਨ ਜੱਜਾਂ ਨੂੰ ਹਟਾਉਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਡੋਨਾਲਡ ਟਰੰਪ ਨੇ ਆਪਣੇ ਪਿਛਲੇ ਕਾਰਜਕਾਲ ’ਚ ਜੱਜਾਂ ’ਤੇ ਅਜਿਹੇ ਫੈਸਲਿਆਂ ਦਾ ਜਲਦੀ ਨਿਪਟਾਰਾ ਕਰਨ ਦਾ ਦਬਾਅ ਬਣਾਇਆ ਸੀ ਪਰ ਹੁਣ ਟਰੰਪ ਨੇ ਆਉਂਦਿਆਂ ਹੀ ਪਹਿਲਾਂ ਪੰਜ ਉਚ ਅਦਾਲਤੀ ਅਧਿਕਾਰੀਆਂ ਨੂੰ ਬਦਲ ਦਿੱਤਾ ਸੀ, ਜਿਨ੍ਹਾਂ ’ਚ ਏਜੰਸੀ ਦੀ ਕਾਰਜਕਾਰੀ ਨਿਰਦੇਸ਼ਕ ਮੈਰੀ ਚੇਂਗ ਵੀ ਸ਼ਾਮਿਲ ਸੀ।ਅਸਲ ’ਚ ਟਰੰਪ ਪ੍ਰਸ਼ਾਸ਼ਨ ਦੀਆਂ ਇਹ ਬਰਖ਼ਾਸਤਗੀਆਂ ਦੋ ਪ੍ਰਮੁੱਖ ਅਜਿਹੀਆਂ ਤਰਜੀਹਾਂ ਨੂੰ ਛੂਹਦੀਆਂ ਹਨ। ਇਕ ਵੱਡੇ ਪੱਧਰ ’ਤੇ ਦੇਸ਼ ਨਿਕਾਲਾ ਤੇ ਦੂਜਾ ਸੰਘੀ ਸਰਕਾਰ ਦੇ ਆਕਾਰ ਨੂੰ ਘਟਾਉਣਾ। ਉਨ੍ਹਾਂ ਏਜੰਸੀਆਂ ਨੂੰ ਲਗਭਗ ਸਾਰੇ ਪਰੋਬੇਸ਼ਨਰੀ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢਣ ਦਾ ਹੁਕਮ ਦਿੱਤਾ ਸੀ, ਜਿਨ੍ਹਾਂ ਨੇ ਅਜੇ ਇਹ ਸਿਵਲ ਸੇਵਾ ਪ੍ਰਾਪਤ ਵੀ ਨਹੀਂ ਕੀਤੀ ਸੀ।

# ਅਮਰੀਕੀ ਸੈਨੇਟ ਨੇ ਹਾਵਰਡ ਲੂਟਨਿਕ ਦੀ ਵਿੱਤ ਮੰਤਰੀ ਵਜੋਂ ਨਿਯੁਕਤੀ ਨੂੰ ਦਿੱਤੀ ਮਨਜ਼ੂਰੀ

ਵਾਸ਼ਿੰਗਟਨ : ਅਮਰੀਕੀ ਸੈਨੇਟ ਨੇ ਮੰਗਲਵਾਰ ਨੂੰ ਹਾਵਰਡ ਲੂਟਨਿਕ ਨੂੰ ਵਿੱਤ ਮੰਤਰੀ ਵਜੋਂ ਨਿਯੁਕਤ ਕਰਨ ਨੂੰ ਮਨਜ਼ੂਰੀ ਦੇ ਦਿੱਤੀ। ਸੈਨੇਟ ਵਿਚ ਨਿਵੇਸ਼ ਕੰਪਨੀ ਕੈਂਟਰ ਫਿਟਜ਼ਗੇਰਾਲਡ ਦੇ ਸਾਬਕਾ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਲੂਟਨਿਕ ਨੂੰ ਵਿੱਤ ਮੰਤਰੀ ਨਿਯੁਕਤ ਕਰਨ ਦੇ ਹੱਕ ਵਿੱਚ 45 ਦੇ ਮੁਕਾਬਲੇ 51 ਵੋਟਾਂ ਪਈਆਂ। ਲੂਟਨਿਕ ਨੇ ਇਸ ਅਹੁਦੇ ’ਤੇ ਆਪਣੀ ਨਿਯੁਕਤੀ ਪ੍ਰਕਿਰਿਆ ਤਹਿਤ ਪਿਛਲੇ ਮਹੀਨੇ ਸਦਨ ਵਿਚ ਇਸ ਵਿਚਾਰ ਨੂੰ ਬਕਵਾਸ ਕਰਾਰ ਦਿੱਤਾ ਸੀ ਕਿ ਟੈਕਸ ਕਾਰਨ ਮਹਿੰਗਾਈ ਵਧਦੀ ਹੈ। 11



ਸਤੰਬਰ 2001 ਨੂੰ ਵਰਲਡ ਟ੍ਰੇਡ ਸੈਂਟਰ ’ਤੇ ਹੋਏ ਹਮਲੇ ਦੌਰਾਨ ਲੂਟਨਿਕ ਕੈਂਟਰ ਫਿਟਜ਼ਗੇਰਾਲਡ ਦੇ ਸੀਈਓ ਸਨ ਅਤੇ ਉਸ ਸਮੇਂ ਕੰਪਨੀ ਦੇ ਦਫਤਰਾਂ ’ਤੇ ਵੀ ਹਮਲਾ ਹੋਇਆ ਸੀ। ਉਸ ਦਿਨ ਕੰਪਨੀ ਨੇ ਆਪਣੇ ਦੋ-ਤਿਹਾਈ ਕਰਮਚਾਰੀਆਂ ਯਾਨੀ 658 ਲੋਕ ਨੂੰ ਗੁਆ ਦਿੱਤਾ ਸੀ, ਜਿਨ੍ਹਾਂ ਵਿੱਚ ਲੂਟਨਿਕ ਦਾ ਭਰਾ ਵੀ ਸ਼ਾਮਲ ਸੀ।

# ਅਮਰੀਕਾ ਦੀ ਪਹਿਲੀ ਚਾਰ ਸਟਾਰ ਟਰਾਂਸਜੈਂਡਰ ਫ਼ੌਜੀ ਅਧਿਕਾਰੀ ਵਲੋਂ ਟਰੰਪ ਦੀ ਨੀਤੀ ਦੀ ਨਿੰਦਾ

ਸਾਨ ਫਰਾਂਸਿਸਕੋ : ਅਮਰੀਕੀ ਫ਼ੌਜ ਨੇ ਟਰਾਂਸਜੈਂਡਰਾਂ ਦੇ ਫ਼ੌਜ ’ਚ ਭਰਤੀ ਹੋਣ ’ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਨਾਲ ਹੀ ਕਿਹਾ ਹੈ ਕਿ ਜਿਨ੍ਹਾਂ ਵੀ ਅਜਿਹੇ ਲੋਕਾਂ ਨੇ ਆਪਣੀ ਇੱਛਾ ਨਾਲ ਅਮਰੀਕੀ ਫ਼ੌਜ ’ਚ ਸੇਵਾ ਨਿਭਾਈ ਹੈ, ਉਨ੍ਹਾਂ ਦਾ ਮਾਣ-ਸਨਮਾਨ ਕਾਇਮ ਰੱਖਿਆ ਜਾਵੇਗਾ। ਡੋਨਾਲਡ ਟਰੰਪ ਨੇ ਰਾਸ਼ਟਰਪਤੀ ਬਣਨ ਤੋਂ ਬਾਅਦ 27 ਜਨਵਰੀ ਨੂੰ ਜਾਰੀ ਆਪਣੇ ਕਾਰਜਕਾਰੀ ਹੁਕਮਾਂ ’ਚ ਕਿਹਾ ਸੀ ਕਿ ਦੇਸ਼ ’ਚ ਦੋ ਹੀ ਲਿੰਗ (ਪੁਰਸ਼ ਤੇ ਔਰਤ) ਹੋਣਗੇ, ਤੀਜੇ ਲਿੰਗ ਲਈ ਅਮਰੀਕਾ ’ਚ ਕੋਈ ਵੀ ਥਾਂ ਨਹੀਂ ਹੋਵੇਗੀ। ਜ਼ਿਕਰਯੋਗ ਹੈ ਕਿ ਟਰੰਪ ਨੇ ਆਪਣੇ ਪਿਛਲੇ ਕਾਰਜਕਾਲ ’ਚ ਵੀ ਅਜਿਹੀ ਪਾਬੰਦੀ ਲਗਾਉਣ ਦਾ ਯਤਨ ਕੀਤਾ ਸੀ ਪਰ ਕਾਨੂੰਨੀ ਪ੍ਰਕਿਰਿਆ ਦੇ ਚਲਦਿਆਂ ਉਹ ਅਜਿਹਾ ਨਹੀਂ ਕਰ ਸਕੇ ਸਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਚਾਰ ਸਟਾਰਾਂ ਵਾਲੀ ਦੇਸ਼ ਦੀ ਪਹਿਲੀ ਟਰਾਂਸਜੈਂਡਰ ਡਾ. ਰਾਚੇਲ ਲੇਵਿਨ ਨੇ ਪਬਲਿਕ ਹੈਲਥ ਸਰਵਿਸ ਕਮਿਸ਼ਨ ਕੋਰ ਦੀ ਅਗਵਾਈ ਕੀਤੀ ਸੀ। ਅਮਰੀਕਾ ਦੀ ਸਭ ਤੋਂ ਸੀਨੀਅਰ ਟਰਾਂਸਜੈਂਡਰ ਅਧਿਕਾਰੀ ਰਾਚੇਲ ਲੇਵਿਨ, ਜਿਸ ਨੇ ਫ਼ੌਜ ’ਚ ਚਾਰ ਸਟਾਰ ਅਧਿਕਾਰੀ ਬਣ ਕੇ ਇਤਿਹਾਸ ਰਚਿਆ ਸੀ, ਨੇ ਟਰੰਪ ਦੀ ਨਵੀਂ ਨੀਤੀ ਦੀ ਨਿੰਦਾ ਕੀਤੀ ਹੈ। ਪੈਂਟਾਗਨ ਦੇ ਅੰਕੜਿਆਂ ਮੁਤਾਬਿਕ ਅਮਰੀਕੀ ਸੈਨਾ ’ਚ ਲਗਭਗ 13 ਲੱਖ ਜਵਾਨ ਹਨ



ਡਾ. ਰਾਚੇਲ ਲੇਵਿਨ

ਅਤੇ ਟਰਾਂਸਜੈਂਡਰ ਫ਼ੌਜੀਆਂ ਦੀ ਗਿਣਤੀ 15 ਹਜਾਰ ਦੇ ਕਰੀਬ ਹੈ। ਜਲ ਸੈਨਾ ਦੀ ਲੈਫਟੀਨੈਂਟ ਕਮਾਂਡਰ ਸੀ. ਐਮ. ਡੀ. ਆਰ. ਡਰੀਮੈਨ ਇਕ ਟਰਾਜੈਂਡਰ ਹੈ, ਜਿਸ ਨੂੰ 2010 ’ਚ ਅਫ਼ਗਾਨਿਸਤਾਨ ਵਿੱਚ ਭੇਜਿਆ ਗਿਆ ਸੀ, ਜਦੋਂਕਿ ਫ਼ੌਜ ਦੀ ਕੈਪਟਨ ਅਲੀਬੀਆ ਸਟੇਲਿਕ ਨੇ ਦਸੰਬਰ 2018 ’ਚ ਅਫ਼ਗਾਨਿਸਤਾਨ ’ਚ ਚੌਥੀ ਇਨਫੈਂਟਰੀ ਡਿਵੀਜ਼ਨ ਨਾਲ ਡੱਟ ਕੇ ਕੰਮ ਕੀਤਾ ਸੀ, ਜਦੋਂ ਉਹ ਲੜ ਰਹੇ ਸਨ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans



LM RANS
Georgia

## NC, SC, GA, FL, AL, LA, MS to CA, AZ, NV, CA, AZ, NV to NC, SC, GA, FL, AL, LA, MS

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਕੋਈ ਵੀ ਮੇਰੇ ਨਾਲ ਬਹਿਸ ਨਹੀਂ ਕਰ ਸਕਦਾ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਭਾਰਤ ਨੂੰ ਵਾਸ਼ਿੰਗਟਨ ਦੇ ਜਵਾਬੀ ਟੈਰਿਫ ਤੋਂ ਛੋਟ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ, 'ਟੈਰਿਫ ਦੇ ਮੁੱਦੇ 'ਤੇ ਕੋਈ ਵੀ ਮੇਰੇ ਨਾਲ ਬਹਿਸ ਨਹੀਂ ਕਰ



ਸਕਦਾ।' ਟਰੰਪ ਨੇ ਇਹ ਟਿੱਪਣੀਆਂ ਫੌਕਸ ਨਿਊਜ਼ ਨਾਲ ਇੱਕ ਹਾਲੀਆ ਇੰਟਰਵਿਊ ਦੌਰਾਨ ਕੀਤੀਆਂ। ਫੌਕਸ ਨਿਊਜ਼ ਨੇ ਮੰਗਲਵਾਰ ਰਾਤ ਨੂੰ ਰਾਸ਼ਟਰਪਤੀ ਟਰੰਪ ਅਤੇ ਅਰਬਪਤੀ ਐਲੋਨ ਮਸਕ ਨਾਲ ਇੱਕ ਸਾਂਝਾ ਟੈਲੀਵਿਜ਼ਨ ਇੰਟਰਵਿਊ ਪ੍ਰਸਾਰਿਤ ਕੀਤਾ। 13 ਫਰਵਰੀ ਨੂੰ, ਵ੍ਹਾਈਟ ਹਾਊਸ ਵਿਖੇ ਪ੍ਰਧਾਨ ਮੰਤਰੀ ਮੋਦੀ ਦੀ ਟਰੰਪ ਨਾਲ ਦੁਵੱਲੀ ਮੁਲਾਕਾਤ ਤੋਂ ਕੁਝ ਘੰਟੇ ਪਹਿਲਾਂ, ਅਮਰੀਕੀ ਰਾਸ਼ਟਰਪਤੀ ਨੇ ਜਵਾਬੀ ਟੈਰਿਫ ਦਾ ਐਲਾਨ ਕੀਤਾ।

ਇਸ ਯੋਜਨਾ ਦੇ ਤਹਿਤ, ਟਰੰਪ ਪ੍ਰਸ਼ਾਸਨ ਹਰੇਕ ਵਿਦੇਸ਼ੀ ਵਪਾਰਕ ਭਾਈਵਾਲ 'ਤੇ ਲਗਭਗ ਬਰਾਬਰ ਜਵਾਬੀ ਟੈਰਿਫ ਲਗਾਏਗਾ। ਇੰਟਰਵਿਊ ਦੌਰਾਨ, ਟਰੰਪ ਨੇ ਅਮਰੀਕਾ ਅਤੇ ਭਾਰਤ ਸਮੇਤ ਉਸਦੇ ਭਾਈਵਾਲਾਂ ਵਿਚਕਾਰ ਮੌਜੂਦਾ ਟੈਰਿਫ ਢਾਂਚੇ 'ਤੇ ਆਪਣੇ ਰੁਖ਼ ਨੂੰ ਦੁਹਰਾਇਆ। ਰਾਸ਼ਟਰਪਤੀ ਟਰੰਪ ਨੇ ਕਿਹਾ, 'ਮੈਂ ਕੱਲ੍ਹ ਪ੍ਰਧਾਨ ਮੰਤਰੀ ਮੋਦੀ ਨੂੰ ਕਿਹਾ ਸੀ (ਜਦੋਂ ਉਹ ਇੱਥੇ ਸਨ)' ਅਸੀਂ ਇਹ ਕਰਨ ਜਾ ਰਹੇ ਹਾਂ: ਬਰਾਬਰ ਜਵਾਬੀ ਟੈਰਿਫ। ਤੁਸੀਂ ਜੋ ਵੀ ਟੈਰਿਫ ਲਗਾਓਗੇ, ਮੈਂ ਵੀ ਉਹੀ ਕਰਾਂਗਾ। ਉਨ੍ਹਾਂ (ਮੋਦੀ) ਨੇ ਕਿਹਾ, 'ਨਹੀਂ, ਨਹੀਂ, ਮੈਨੂੰ ਇਹ ਪਸੰਦ ਨਹੀਂ ਹੈ।' ਤਾਂ ਮੈਂ ਕਿਹਾ, 'ਨਹੀਂ, ਨਹੀਂ, ਤੁਸੀਂ ਜੋ ਵੀ ਟੈਰਿਫ ਲਗਾਓਗੇ, ਮੈਂ ਵੀ ਉਹੀ ਕਰਾਂਗਾ। ਮੈਂ ਹਰ ਦੇਸ਼ ਨਾਲ ਇਹੀ ਕਰ ਰਿਹਾ ਹਾਂ।'

ਭਾਰਤ ਅਮਰੀਕਾ ਤੋਂ ਕੁਝ ਆਯਾਤ 'ਤੇ ਬਹੁਤ ਸਖ਼ਤ ਟੈਰਿਫ ਲਗਾਉਂਦਾ ਹੈ, ਜਿਵੇਂ ਕਿ ਆਟੋਮੋਬਾਈਲ ਸੈਕਟਰ 'ਤੇ 100 ਫੀਸਦੀ ਟੈਰਿਫ। ਇੰਟਰਵਿਊ ਦੌਰਾਨ ਮਸਕ ਨੇ ਕਿਹਾ, 'ਇਹ 100 ਫੀਸਦੀ ਹੈ- ਆਟੋਮੋਬਾਈਲ ਸੈਕਟਰ 'ਤੇ 100 ਫੀਸਦੀ ਟੈਰਿਫ ਹੈ। ਹਾਂ, ਇਹ ਬਹੁਤ ਜ਼ਿਆਦਾ ਹੈ ਅਤੇ ਕਈ ਹੋਰ ਚੀਜ਼ਾਂ 'ਤੇ ਵੀ ਅਜਿਹੀ ਹੀ ਕੁੱਝ ਹੈ।' ਮੈਂ ਕਿਹਾ, 'ਅਸੀਂ ਇਹੀ ਕਰਨ ਜਾ ਰਹੇ ਹਾਂ: ਜਵਾਬੀ ਟੈਰਿਫ।' ਤੁਸੀਂ ਜੋ ਵੀ ਟੈਰਿਫ ਲਗਾਓਗੇ, ਮੈਂ ਵੀ ਉਹੀ ਟੈਰਿਫ ਲਵਾਂਗਾ।' ਟਰੰਪ ਨੇ ਕਿਹਾ ਜਵਾਬੀ ਟੈਰਿਫ ਪ੍ਰਣਾਲੀ ਦੇ ਤਹਿਤ, ਅਮਰੀਕਾ ਭਾਰਤੀ ਦਰਾਮਦਾਂ 'ਤੇ ਉਸੇ ਪੱਧਰ ਦਾ ਟੈਰਿਫ ਲਗਾਏਗਾ ਜਿਵੇਂ ਭਾਰਤ ਅਮਰੀਕੀ ਸਾਮਾਨਾਂ 'ਤੇ ਲਗਾਉਂਦਾ ਹੈ।

# ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਭਾਰਤੀ ਭਾਈਚਾਰੇ ਲਈ ਦਿੱਤੀਆਂ ਸੇਵਾਵਾਂ ਲਈ ਕੀਤਾ ਧੰਨਵਾਦ

## ਅਮਰੀਕਾ ਵਸਦੇ ਸਿੱਖਾਂ ਨੇ ਹਰ ਖੇਤਰ 'ਚ ਮੱਲਾਂ ਮਾਰ ਕੇ ਭਾਰਤ ਦਾ ਨਾਮ ਰੌਸ਼ਨ ਕੀਤਾ : ਰੰਗਾਨਾਥਨ



ਵਾਸ਼ਿੰਗਟਨ : ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ ਚ' ਸਥਿਤ ਭਾਰਤੀ ਅੰਬੈਸੀ ਦੀ ਡਿਪਟੀ ਚੀਫ ਆਫ ਮਿਸ਼ਨ ਸ਼ ?ਰੀਮਤੀ ਸਰੀਪ੍ਰੀਆ ਰੰਗਾਨਾਥਨ ਦੀ ਵਿਦਾਇਗੀ 'ਤੇ ਸਿੱਖਸ ਆਫ ਅਮੈਰਿਕਾ ਤੇ ਐੱਨ.ਸੀ.ਏ.ਆਈ.ਏ. ਨੇ ਵਾਸ਼ਿੰਗਟਨ ਵਿਖੇ ਇਕ ਸ਼ਾਨਦਾਰ ਵਿਦਾਇਗੀ ਸਮਾਰੋਹ ਅਯੋਜਿਤ ਕੀਤਾ ਗਿਆ। ਇਸ ਸਮਾਗਮ 'ਚ ਸ਼੍ਰੀਮਤੀ ਸਰੀਪ੍ਰੀਆ ਤੋਂ ਇਲਾਵਾ ਭਾਰਤੀ ਅੰਬੈਸੀ ਤੋਂ ਜਗਮੋਹਨ ਕਮਿਉਨਿਟੀ ਐਂਡ ਪਰਸੋਨਲ ਮਨਿਸਟਰ, ਜਿਗਰ ਰਾਵਲ ਫਸਟ ਸੈਕਰੇਟਰੀ (ਆਈ.ਟੀ.ਓ.ਯੂ), ਅਨੂਪ ਵਾਸਿਤਵਾ ਸੈਕੰਡ ਸੈਕਰੇਟਰੀ (ਕੌਂਸਲਰ), ਰਾਜੀਵ ਅਹੂਜਾ ਸੈਕੰਡ ਸੈਕਰੇਟਰੀ (ਵੀਜ਼ਾ) ਅਧਿਕਾਰੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸਮੂਹ ਮਹਿਮਾਨਾਂ ਦਾ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਵਾਈਸ ਪ੍ਰਧਾਨ, ਮਨਿੰਦਰ ਸੇਠੀ, ਗੁਰਵਿੰਦਰ ਸੇਠੀ, ਇੰਦਰਜੀਤ ਗੁਜਰਾਲ, ਹਰਬੀਰ ਬਤਰਾ, ਵਰਿੰਦਰ ਸਿੰਘ, ਪ੍ਰਭਜੋਤ ਬਤਰਾ, ਕਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਸਾਜਿਦ ਤਰਾਰ, ਹਰਜੀਤ ਚੰਡੋਕ, ਜਸਵਿੰਦਰ ਸਿੰਘ, ਪਵਨ ਬਜਵਾੜਾ, ਅਸ਼ੀਲਾ ਪੁਲਵਰਤੀ, ਵਿਕਰਮ ਮੋਰ, ਪਿੰਕੀ ਪਾਠਕ ਅਤੇ ਸੋਮਾ ਬਰਮਨ ਨੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਸ਼੍ਰੀਮਤੀ ਸਰੀਪ੍ਰੀਆ ਨੇ ਕਿਹਾ ਕਿ ਉਹਨਾਂ ਆਪਣੇ ਕਾਰਜਕਾਲ ਦੌਰਾਨ ਇਹ ਮਹਿਸੂਸ ਕੀਤਾ ਕਿ ਅਮਰੀਕਾ ਚ' ਵਸਦੇ ਭਾਈਚਾਰੇ ਨੇ ਆਪਣੀ ਮਿਹਨਤ, ਇਮਾਨਦਾਰੀ, ਦ੍ਰਿੜ੍ਹਤਾ ਲਗਨ ਦੇ ਨਾਲ ਤਰੱਕੀ ਨਾਲ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। ਜਿਸ ਕਾਰਨ ਉਸ ਦੇ ਦਿਲ ਵਿਚ ਸਿੱਖਾਂ ਪ੍ਰਤੀ ਵੱਡਾ ਸਤਿਕਾਰ ਪੈਦਾ ਹੋਇਆ ਹੈ। ਉਹਨਾਂ ਕਿਹਾ ਕਿ ਉਹਨਾਂ ਦਾ ਇਹ ਕਾਰਜਕਾਲ ਅਤੇ ਸਿੱਖ ਭਾਈਚਾਰੇ ਵਲੋਂ ਦਿੱਤਾ ਗਿਆ ਮਾਣ ਸਤਿਕਾਰ ਅਤੇ ਉਹਨਾਂ ਲਈ ਹਮੇਸ਼ਾ ਇਕ ਯਾਦ ਬਣ ਕੇ ਸਾਰੀ ਜ਼ਿੰਦਗੀ ਨਾਲ ਰਹੇਗਾ। ਸਿੱਖ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸ਼੍ਰੀਮਤੀ ਸਰੀਪ੍ਰੀਆ ਨੇ ਆਪਣੇ ਕਾਰਜਕਾਲ ਦੌਰਾਨ ਬਹੁਤ ਹੀ ਉੱਚ ਪੱਧਰੀ ਸੇਵਾਵਾਂ ਨਿਭਾਈਆਂ ਜਿਸ ਨਾਲ ਭਾਰਤੀ ਭਾਈਚਾਰੇ ਨੂੰ ਬਹੁਤ ਵੱਡੀ ਸਹੂਲਤ ਮਿਲੀ। ਉਹਨਾਂ ਇਸ ਮੌਕੇ ਸ਼੍ਰੀਮਤੀ ਸਰੀਪ੍ਰੀਆ ਨੂੰ ਸਿੱਖਸ ਆਫ ਅਮੈਰਿਕਾ ਵਲੋਂ ਨਿੱਘੀ ਵਿਦਾਇਗੀ ਦਿੰਦਿਆਂ ਉਹਨਾਂ ਦੇ ਚੰਗੇ ਭਵਿੱਖ ਅਤੇ ਦੁਬਾਰਾ ਮਿਲਣ ਦੀ ਕਾਮਨਾ ਵੀ ਕੀਤੀ। ਅੰਤ ਵਿਚ ਸਾਰੇ ਮਹਿਮਾਨਾਂ ਨੇ ਲੰਚ ਵਿਚ ਪਰੋਸੇ ਗਏ ਲਜ਼ੀਜ਼ ਪਕਵਾਨਾਂ ਦਾ ਵੀ ਆਨੰਦ ਮਾਣਿਆ।






ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖ਼ਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਇਕ ਬਜ਼ੁਰਗ ਕਹਿ ਰਹੇ ਸਨ ਕਿ ਰੇਲ ਗੱਡੀ ਜੇ ਤਾਂ ਲਾਈਨ 'ਤੇ ਚਲ ਰਹੀ ਹੈ ਤਾਂ ਰੇਲ ਹੈ। ਜੇ ਜ਼ਰਾ ਜਿੰਨੀ ਵੀ ਲਾਈਨ ਤੋਂ ਅੱਗੇ ਪਿਛੇ ਹੋਈ ਤਾਂ ਖੁੱਡੇ ਲੈਨ ਹੈ। ਮਾਸਟਰ ਤਾਰਾ ਸਿੰਘ ਕਿਹਾ ਕਰਦੇ ਸਨ ਕਿ ਕਿਸੇ ਅਸੂਲ 'ਤੇ ਕੁਰਬਾਨੀ ਦਿੱਤੀ ਜਾ ਸਕਦੀ ਹੈ ਪਰ ਉਸੇ ਅਸੂਲ 'ਤੇ ਸਾਰੀ ਜ਼ਿੰਦਗੀ ਚਲਣਾ ਬਹੁਤ ਹੀ ਔਖਾ ਹੈ। ਬੱਸ ਇਕੋ ਹੀ ਅਰਦਾਸ ਕਹੀ ਬਨਦੀ ਹੈ :

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥ ੩ ॥
ਸੂਹੀ ਮ: ੫, ਅੰਗ ੭੬੧

(ਡ) ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਵੇ। ਮਰਦ ਇਸਤਰੀ ਦੋਹਾਂ ਲਈ ਇਹੋ ਹੁਕਮ ਹੈ।
(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੧)

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹ॥ ਕ੍ਰਾਂਤੀਕਾਰੀ ਬੋਲਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਬਖਸ਼ਿਸ਼ ਹੈ ਜਿਸ ਵਿਚ ਗੁਰਮਤਿ ਦਾ ਮਹਾਨ ਫਲਸਫਾ ਨਿਹਿਤ ਹੈ। ਕਲਗੀਧਰ ਪਿਤਾ ਨੇ ਇਸ ਦਾ ਆਗਾਜ਼ ਅੰਮ੍ਰਿਤ ਦੀ ਦਾਤ ਦੇਣ ਸਮੇਂ ਵਾਰ ਵਾਰ ਦੁਹਰਾ ਕੇ ਕੀਤਾ। ਇਸ ਲਫ਼ਜ਼ ਵਿਚ ਵਾਹਿਗੁਰੂ ਹੈ ਅਤੇ ਖਾਲਸਾ ਵੀ ਹੈ। ਪਰ ਗੁਰੂ ਅਲੋਪ ਹੈ।

ਹਜ਼ਰਤ ਈਸਾ ਨੂੰ ਮੰਨਣ ਵਾਲੇ ਈਸਾਈ, ਹਜ਼ਰਤ ਮੂਸਾ ਦੇ ਪੈਰੋਕਾਰ ਮੂਸਾਈ, ਹਜ਼ਰਤ ਮੁਹੰਮਦ ਦੀ ਉਮਤ ਮੁਹੰਮਦਦਨ, ਬੁਧ ਦੇ ਉਪਾਸ਼ਕ ਬੋਧੀ, ਵਿਸ਼ਨੂੰ ਦੇ ਪੁਜਾਰੀ ਵੈਸ਼ਨਵ, ਸ਼ਿਵ ਦੇ ਆਰਾਧੀ ਸ਼ੈਵ। ਪਰ ਕਮਾਲ ਹੈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਾਂ ਗੁਰੂ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਇਸ਼ਟ ਅਤੇ ਮੁਕਤੀ ਦਾਤਾ ਮੰਨਣ ਵਾਲੇ ਨਾਨਕੀਏ ਜਾਂ ਗੋਬਿੰਦੀਏ ਨਹੀਂ ਬਲਕਿ ਗੁਰੁ ਸਾਹਿਬ ਇਨ੍ਹਾਂ ਨੂੰ 'ਵਾਹਿਗੁਰੂ ਜੀ ਕਾ ਖਾਲਸਾ'॥ ਕਹਿ ਕੇ ਸਨਮਾਨਿਆ। ਇਹ ਕਹਿ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੁਗਤੀ ਅਤੇ ਹੋਂਦ ਵੀ ਖ਼ਾਲਸੇ ਵਿਚ ਜਜ਼ਬ ਕਰ ਦਿੱਤੀ। ਹੁਣ ਖ਼ਾਲਸੇ ਨੂੰ ਆਦੇਸ਼ ਹੋ ਗਿਆ ਕਿ ਸਿੱਖ ਨੂੰ ਮਿਲਣ ਸਮੇਂ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹ, ਗਜਾਈ ਜਾਵੇ। ਗਿ. ਗਿਆਨ ਸਿੰਘ ਜੀ ਗਵਾਹੀ ਦਿੰਦੇ ਹਨ :

ਰਾਮ ਸਲਾਮ ਨ ਮੁਖੋ ਅਲਾਵਤ।
ਵਾਹਿਗੁਰੂ ਕੀ ਫਤਹ ਬੁਾਵਤ।
ਔਰ ਕਾਰ ਸਬ ਮਾਨਤ ਫੀਕੇ।
ਜੰਗ ਜਦਲਹੀ ਚਾਹਿਤ ਨੀਕੇ।
ਲਾਲਚ ਡਰ ਦੁਖ ਦੈ ਹਮ ਹਾਰੇ।
ਪਰ ਨਹਿ ਏਹੁ ਸਲਾਮ ਉਚਾਰੇ।
(ਪੰਥ ਪ੍ਰਕਾਸ਼)

ਵਾਹਿਗੁਰੂ ਜੀ ਕਾ ਸੁਤ ਭਯੋ ਖਾਲਸਾ ਸੁ ਨੀਕਾ ਅਤਿ,
ਵਾਹਿਗੁਰੂ ਜੀ ਕੀ ਮਿਲ ਫਤੇਹ ਸੋ ਬੁਲਾਈ ਹੈ।
ਪੀਰ ਪਾਸਿਤਾਹ ਕਰਾਮਾਡੀ ਜੇਪਰ ਪੰਥ
ਹਿੰਦੂ ਐ ਤੁਰਕ ਹੂੰ ਕੀ ਕਾਣ ਕੋ ਮਿਟਾਈ ਹੈ।
ਤੀਸਰਾ ਮਜ਼ਹਬ ਜਗ ਦੇਖ ਕੇ ਅਜਬ ਮਹਾਂ
ਬੈਰੀ ਕੇ ਗਜਬੁ ਪਰਿਓ ਛੀਨੇ ਠਕਰਾਈ ਹੈ।
ਧਰਮ ਸਤਾਪਬੇ ਕੋ ਪਾਪਨਕੇ ਖਾਪਬੇ ਕੋ
ਗੁਰੂ ਜਾਪਬੇ ਕੋ ਨਈ ਰੀਤ ਯੋਂ ਚਲੀ ਹੈ।
(ਸੂਰਜ ਪ੍ਰਕਾਸ਼, ਰੁਤ ੩ ਅੰਕ ੧੯)




ਡਾਕਟਰ ਹਰੀ ਰਾਮ ਗੁਪਤਾ 'ਹਿਸਟਰੀ ਆਫ਼ ਦਾ ਸਿੱਖਸ' ਵਿਚ ਅੰਕਤ ਕਰਦੇ ਹਨ ਕਿ ਜਦ ਸ਼ਾਹ ਆਲਮ ਨੇ ਸਰਦਾਰ ਬਘੇਲ ਸਿੰਘ ਨਾਲ ਮੁਲਾਕਾਤ ਦੀ ਇੱਛਾ ਜਾਹਿਰ ਕੀਤੀ ਤਾਂ ਸਰਦਾਰ ਬਘੇਲ ਸਿੰਘ ਨੇ ਸ਼ਾਹ ਦੇ ਦੂਤ ਨੂੰ ਸਾਫ਼ ਸਾਫ਼ ਦੱਸ ਦਿੱਤਾ ਕਿ ਉਹ ਕਿਸੇ ਮੁਗ਼ਲ ਦੇ ਅੱਗੇ ਸਿਰ ਨਹੀਂ ਝੁਕਾਉਣਗੇ ਅਤੇ ਨਾ ਹੀ ਉਸ ਨੂੰ ਇਕੱਲਿਆਂ ਹੀ ਮਿਲਣਗੇ। ਉਪਰੰਤ ਸਰਦਾਰ ਬਘੇਲ ਸਿੰਘ ਪੂਰੀ ਤਰ੍ਹਾਂ ਅਸਤ੍ਰ ਸ਼ਾਸਤ੍ਰਾਂ ਨਾਲ ਲੈਸ ਹਾਥੀ 'ਤੇ ਸਵਾਰ ਸਨ ਅਤੇ ਵ੍ਹਨ੍ਹਾਂ ਦੇ ਨਾਲ ਘੋੜਸਵਾਰ ਸਿੰਘ ਸਨ। ਇਹ ਜਲੂਸ ਸਬਜ਼ੀ ਮੰਡੀ ਤੋਂ ਸ਼ੁਰੂ ਹੋ ਕਦੇ ਲਾਲ ਕਿਲ੍ਹੇ ਵਿਚ ਦਾਖਲ ਹੋਇਆ। ਇਹ ਉਹੀ ਰਸਤਾ ਸੀ ਜਿਥੋਂ ਸਤਾਹਠ ਸਾਲ ਪਹਿਲਾਂ 1716 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸੱਤ ਸੌ ਬੰਦੀ ਸਿੱਖਾਂ ਨੂੰ ਸ਼ਹੀਦ ਕਰਨ ਲਈ ਦਿੱਲੀ ਲਿਆਂਦਾ ਗਿਆ। "ਇਤਿਹਾਸ ਵੀ ਸਾਡਾ ਜਾਣ ਦੀ ਹੈ ਕਦੀ ਪੋਤੇ ਦੀ ਕਦੇ ਬਾਬੇ ਦੀ" (ਤੇਜਾ ਸਿੰਘ ਸਾਬਰ) ਹੁਣ ਸਰਪਰ ਬਘੇਲ ਸਿੰਘ ਉਨ੍ਹਾਂ ਦੀ ਮੁਲਾਕਾਤ ਸ਼ਾਹ ਆਲਮ ਕਿਲ੍ਹੇ ਦੇ ਦੀਵਾਨ-ਏ-ਆਮ ਵਿਚ ਹੋਈ। ਸ਼ਾਹ ਨੇ ਉਨ੍ਹਾਂ ਨੂੰ ਬੈਠਣ ਲਈ ਸੱਦਾ ਦਿੱਤਾ। ਸਰਦਾਰ ਬਘੇਲ ਸਿੰਘ ਅਤੇ ਬਾਕੀ ਚਾਰ ਘੋੜਿਆਂ ਤੋਂ ਥੱਲੇ ਉਤਰੇ। ਬਾਕੀ ਸਾਰੇ ਘੋੜਿਆਂ 'ਤੇ ਹੀ ਸਵਾਰ ਰਹੇ। ਇਥੇ ਉਨ੍ਹਾਂ ਨੇ ਬਾਦਸ਼ਾਹ ਅੱਗੇ ਝੁਕ ਕੇ ਸਲਾਮ ਨਹੀਂ ਕੀਤੀ ਬਲਕਿ ਗੱਜ ਕੇ ਜੈਕਾਰਾ ਗਜਾਇਆ।

ਧਾਰਮਿਕ ਸਲਾਹਕਾਰ ਕਮੇਟੀ ਕੋਲ ਇਹ ਮੁੱਦਾ ਪੇਸ਼ ਹੋਇਆ ਕਿ ਜੋ ਲੋਕ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ। ਦੀ ਬਜਾਇ ਸਤਿ ਸ੍ਰੀ ਅਕਾਲ ਦਾ ਜੈਕਾਰਾ ਬੁਲਾਂਦੇ ਹਨ, ਉਨ੍ਹਾਂ ਨੂੰ ਰੋਕਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ 'ਤੇ ਧਾਰਮਿਕ ਸਲਾਹਕਾਰ ਕਮੇਟੀ ਨੇ 16 ਅਪ੍ਰੈਲ, 1945 ਨੂੰ ਆਪਣੀ 14ਵੀਂ ਇਕੱਤਰਤਾ ਵਿਚ ਮਤਾ ਨੰਬਰ 27 ਰਾਹੀਂ ਪ੍ਰਵਾਨ ਕੀਤਾ ਕਿ ਖਾਲਸੇ ਨੂੰ ਇਕ ਦੂਜੇ ਨੂੰ ਮਿਲਣ ਵਕਤ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਹੀ ਬੁਲਾਉਣਾ ਚਾਹੀਦੀ ਹੈ।
(ਮਤਾ ਨੰ. ੨੭. ੧੪ਵੀਂ ਇਕੱਤਰਤਾ ਧਾਰਮਿਕ ਸਲਾਹਕਾਰ ਕਮੇਟੀ)

(ਚਲਦਾ)

# ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣੀ

ਡਾ. ਦਲਵਿੰਦਰ ਗਰੇਵਾਲ



ਸਿੱਖ ਆਪਣੀ ਅਰਦਾਸ 'ਚ ਸਿੱਖੀ ਨੂੰ ਕੇਸਾਂ ਸਵਾਸਾਂ ਸੰਗ ਨਿਭਾਉਣ ਦੀ ਗੱਲ ਕਰਦੇ ਹਨ, ਸਿੱਖਾਂ ਦੀ ਮੋਹਰ ਕੇਸਾਂ ਨੂੰ ਮੰਨਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਕਕਾਰਾਂ 'ਚ ਕੇਸਾਂ ਨੂੰ ਪ੍ਰਮੁੱਖ ਮੰਨਿਆ ਹੈ। ਸੰਨ 1699 'ਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਖੰਡੇ ਦਾ ਪਾਹੁਲ ਛਕਾਇਆ ਸੀ ਤਾਂ ਉਸ ਤੋਂ ਇਕ ਸਾਲ ਪਹਿਲਾਂ ਦੀ ਵਿਸਾਖੀ ਨੂੰ ਉਨ੍ਹਾਂ ਨੇ ਖ਼ਤ ਲਿਖ ਕੇ ਸਾਰੇ ਸਿੱਖਾਂ ਨੂੰ ਇਸ ਵਿਸਾਖੀ ਦੇ ਦਿਹਾੜੇ 'ਤੇ ਕੇਸ ਰੱਖ ਕੇ ਆਉਣ ਲਈ ਕਿਹਾ ਸੀ। ਖੰਡੇ ਦੇ ਪਾਹੁਲ ਛਕਣ ਤੋਂ ਪਿੱਛੋਂ ਕੇਸ ਸਿੱਖਾਂ ਦੀ ਪੱਕੀ ਨਿਸ਼ਾਨੀ ਮੰਨੀ ਗਈ। ਜਦ ਮੀਰ ਮੰਨੂ ਨੇ ਸਿੱਖਾਂ ਨੂੰ ਫੜ-ਫੜ ਕੇ ਕਤਲ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਸਿੱਖਾਂ ਨੂੰ ਹੀ ਫੜਿਆ ਗਿਆ, ਜਿਨ੍ਹਾਂ ਦੇ ਕੇਸ ਰੱਖੇ ਹੋਏ ਸਨ। ਸਿੱਖਾਂ ਨੂੰ ਕੇਸ ਕਤਲ ਕਰਵਾਉਣ ਲਈ ਬੜੇ ਲਾਲਚ ਦਿੱਤੇ ਗਏ, ਪਰ ਸਿੱਖ ਕਦੇ ਨਹੀਂ ਮੰਨੇ। ਸਿੱਖਾਂ ਨੂੰ ਭਾਰੀ ਸਜ਼ਾਵਾਂ ਦਿੱਤੀਆਂ ਗਈਆਂ, ਜਿਨ੍ਹਾਂ 'ਚ ਕੇਸ ਨਾ ਕਟਵਾਉਣ ਕਰਕੇ ਖੋਪਰੀਆਂ ਤੱਕ ਲਹਾਉਣੀਆਂ ਪਈਆਂ।

ਭਾਈ ਤਾਰੂ ਸਿੰਘ ਵਰਗਿਆਂ ਦੀਆਂ ਮਿਸਾਲਾਂ ਹਾਲੇ ਵੀ ਸਾਡੇ ਇਤਿਹਾਸ 'ਚ ਛਾਈਆਂ ਹੋਈਆਂ ਹਨ, ਪਰ ਬਹੁਤ ਹੈਰਾਨੀ ਹੁੰਦੀ ਹੈ, ਹੁਣ ਜਦੋਂ ਅਸੀਂ ਦੇਖਦੇ ਹਾਂ ਕਿ ਮਾਲਵੇ ਦੇ ਤਕਰੀਬਨ 70 ਫ਼ੀਸਦੀ ਲੋਕ ਆਪਣੇ ਕੇਸ ਕਤਲ ਕਰਵਾ ਚੁੱਕੇ ਹਨ ਅਤੇ ਹੋਰਾਂ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਕੇਸ ਨਾ ਰੱਖਣ। ਮਾਂ-ਪਿਓ ਜੋ ਕਿ ਸਿੱਖੀ ਨੂੰ ਕਾਇਮ ਰੱਖਣ ਲਈ ਜ਼ਿੰਮੇਵਾਰ ਹੁੰਦੇ ਹਨ, ਉਨ੍ਹਾਂ ਉੱਪਰ ਕੋਈ ਵੀ ਇਹੋ ਜਿਹਾ ਪ੍ਰਭਾਵ ਨਹੀਂ ਪਾਉਂਦੇ, ਜਿਸ 'ਤੇ ਉਹ ਕੇਸ ਰੱਖਣ। ਸਿੱਖ ਨੌਜਵਾਨਾਂ ਦੇ ਜੋ ਮੌਜੂਦਾ ਰੋਲ ਮਾਡਲ ਹਨ, ਉਹ ਜਾਂ ਤਾਂ ਫ਼ਿਲਮਾਂ ਦੇ ਅਦਾਕਾਰ ਹਨ ਤੇ ਜਾਂ ਗਾਉਣ-ਨੱਚਣ ਵਾਲੇ ਹਨ, ਜੋ 90 ਫ਼ੀਸਦੀ ਕੇਸ ਰਹਿਤ ਹੁੰਦੇ ਹਨ। ਗਾਇਕਾਂ ਤੇ ਅਦਾਕਾਰਾਂ ਵਰਗੀਆਂ ਦਾੜ੍ਹੀ-ਮੁੱਛਾਂ ਰੱਖਣ ਦਾ ਰਿਵਾਜ ਚੱਲ ਪਿਆ ਹੈ। ਕਿਤੇ-ਕਿਤੇ ਤਾਂ ਕੇਸਾਂ ਦੀ ਬੇਅਦਬੀ ਕਰ ਉਸ ਦੀ ਵਜ ?ਹਾ ਅਫ਼ਰੀਕੀ ਮੂਲ ਦੇ ਲੋਕਾਂ ਵਰਗੀ ਬਣਾਈ ਜਾ ਰਹੀ ਹੈ। ਮੈਨੂੰ ਯਾਦ ਹੈ ਕਿ ਜਦ ਮੈਂ ਲੌਂਗੋਵਾਲ ਵਿਖੇ ਰਜਿਸਟਰਾਰ ਸੀ, ਤਾਂ ਆਉਂਦੇ ਹੋਏ ਰਾਹ 'ਚ ਜਿੰਨੇ ਵੀ ਨੌਜਵਾਨ ਦੇਖੇ, ਉਨ੍ਹਾਂ 'ਚੋਂ 80 ਤੋਂ 90 ਫ਼ੀਸਦੀ ਮੋਨੇ-ਘੋਨੇ ਸਨ। ਆਪਣੇ ਇਸ ਤਜਰਬੇ ਨੂੰ ਮੈਂ ਇਕ ਪੁਸਤਕ ਦਾ ਰੂਪ ਵੀ ਦਿੱਤਾ, ਜਿਸ ਨੂੰ ਸਿੱਖ ਮਿਸ਼ਨਰੀ ਲੁਧਿਆਣੇ ਵਾਲਿਆਂ ਨੇ ਛਾਪਿਆ ਵੀ। ਕੀ ਸਾਡੇ ਸਿੱਖ ਨੌਜਵਾਨ ਅਸਲੀ ਸਿੱਖੀ ਨੂੰ ਅਪਣਾਉਣਗੇ, ਇਹ ਬੜੀ ਚਿੰਤਾ ਦੀ ਗੱਲ ਹੈ, ਕਿਉਂਕਿ ਵਿਦੇਸ਼ਾਂ ਦੀ ਖਿੱਚ ਨੇ ਵੀ ਸਿੱਖੀ ਦੇ ਸਰੂਪ ਨੂੰ ਢਾਹ ਲਾਈ ਹੈ। ਵਿਦੇਸ਼ਾਂ 'ਚ ਜਾ ਕੇ ਵੀ ਬਹੁਤੇ ਸਿੱਖ ਨੌਜਵਾਨ ਕੇਸ ਕਤਲ ਕਰਵਾ ਦਿੰਦੇ ਹਨ। ਮੈਨੂੰ ਉਦੋਂ ਹੋਰ ਹੈਰਾਨੀ ਹੁੰਦੀ ਹੈ ਜਦੋਂ ਗੁਰਦੁਆਰਾ ਸਾਹਿਬ 'ਚ ਵੀ ਇਨ੍ਹਾਂ ਨੌਜਵਾਨਾਂ ਦੀ ਗਿਣਤੀ ਬੜੀ ਵੱਡੀ ਹੁੰਦੀ ਹੈ। ਕੀਰਤਨ ਜਾਂ ਸਿੱਖੀ ਪ੍ਰਚਾਰ ਨੂੰ ਸੁਣਨ ਦੀ ਥਾਂ ਇਹ ਉਸੇ ਵੇਲੇ ਆਉਂਦੇ ਹਨ, ਜਿਸ ਵੇਲੇ ਲੰਗਰ ਵਰਤਣ ਲਗਦਾ ਹੈ। ਇਸ ਤਰ੍ਹਾਂ ਸਿੱਖੀ ਪ੍ਰਤੀ ਉਨ੍ਹਾਂ ਦਾ ਮੋਹ ਸਾਫ ਨਜ਼ਰ ਨਹੀਂ ਆਉਂਦਾ। ਕੀ ਸਾਡੇ ਸਿੱਖਾਂ ਦੇ ਲੀਡਰ ਜਾਂ ਪ੍ਰਚਾਰਕ ਇਸ ਵੱਲ ਧਿਆਨ ਦੇਣਗੇ? ਅਜੇ ਤੱਕ ਤਾਂ ਕੋਈ ਵੀ ਨਿਸ਼ਾਨੀ ਇਹੋ ਜਿਹੀ ਨਹੀਂ ਆਈ, ਜਿਸ ਤੋਂ ਇਹ ਸਾਫ ਨਜ਼ਰ ਆਵੇ ਕਿ ਸਿੱਖੀ ਵੱਲ ਜ਼ਿਆਦਾ ਪ੍ਰਚਾਰ ਜਾਂ ਉਨ੍ਹਾਂ ਨੂੰ ਨਵੇਂ ਸਿੱਖੀ ਰੂਪ ਦੇ 'ਚ ਲਿਆਉਣ ਦੀ ਕੋਈ ਮੁਹਿੰਮ ਚੱਲੀ ਹੋਵੇ, ਜਿਸ ਤਰ੍ਹਾਂ ਸਿੱਖੀ ਇਲਾਕਿਆਂ 'ਚ ਇਸਾਈ ਮੁਹਿੰਮਾਂ ਜਾਂ ਆਰ.ਐੱਸ.ਐੱਸ. ਦੀਆਂ ਮੁਹਿੰਮਾਂ ਚਲਦੀਆਂ ਹਨ, ਉਨ੍ਹਾਂ ਤੋਂ ਤਾਂ ਇਹੀ ਖ਼ਤਰਾ ਭਾਸਦਾ ਹੈ ਕਿ ਜ਼ਿਆਦਾਤਰ ਸਿੱਖ ਦੂਜੇ ਧਰਮਾਂ 'ਚ ਬਦਲੀ ਹੋ ਰਹੇ ਹਨ। ਉਨ੍ਹਾਂ ਨੂੰ ਰੋਕਣ ਲਈ ਕੋਈ ਵੀ ਉਪਰਾਲਾ ਨਜ਼ਰ ਨਹੀਂ ਆਉਂਦਾ। ਜੇ ਇਸੇ ਤਰ੍ਹਾਂ ਹੀ ਚਲਦਾ ਰਿਹਾ ਤਾਂ ਸਿੱਖੀ ਦਾ ਪ੍ਰਫੁੱਲਿਤ ਹੋਣਾ ਤਾਂ ਸੰਭਵ ਹੀ ਨਹੀਂ, ਕਿਉਂਕਿ ਨਵੇਂ ਆਏ ਅੰਕੜਿਆਂ ਤੋਂ ਸਾਫ ਹੈ ਕਿ ਪੰਜਾਬ 'ਚ ਹੀ ਸਿੱਖਾਂ ਦੀ ਗਿਣਤੀ ਘਟੀ ਹੈ, ਜਦ ਕਿ ਇਸਾਈਆਂ ਦੀ ਗਿਣਤੀ 2 ਫ਼ੀਸਦੀ ਤੋਂ 10 ਫ਼ੀਸਦੀ ਹੋ ਗਈ ਹੈ। ਸਿੱਖ ਲੀਡਰ ਜਾਂ ਤਾਂ ਗੱਦੀਆਂ ਦੇ ਪਿੱਛੇ ਤੇ ਜਾਂ ਪੈਸੇ ਦੇ ਪਿੱਛੇ ਹੀ ਉਲਝੇ ਹੋਏ ਹਨ ਅਤੇ ਆਪਸ 'ਚ ਇਨ੍ਹਾਂ ਦੇ ਇੰਨੇ ਮੱਤਭੇਦ ਹਨ ਕਿ ਕਿਸੇ ਤਰ੍ਹਾਂ ਵੀ ਇਕੱਠੇ ਹੁੰਦੇ ਨਹੀਂ ਦਿਸ ਰਹੇ। ਸਿੱਖੀ ਪ੍ਰਤੀ ਇਨ੍ਹਾਂ ਤੋਂ ਕੁਝ ਵੀ ਕਰਨ ਦੀ ਆਸ ਨਹੀਂ ਹੈ। ਪਰ ਸਾਨੂੰ ਫਿਰ ਵੀ ਨਿਰਾਸ਼ ਨਹੀਂ ਹੋਣਾ ਚਾਹੀਦਾ, ਕਿਉਂਕਿ ਕੋਈ ਗਿਆਨੀ ਦਿੱਤ ਸਿੰਘ, ਗੁਰਮੁਖ ਸਿੰਘ ਜਾਂ ਜਵਾਹਰ ਸਿੰਘ ਵਰਗੇ ਜ਼ਰੂਰ ਉੱਠ ਖੜ੍ਹੇ ਹੋਣਗੇ, ਜੋ ਸਿੱਖੀ ਨੂੰ ਦੁਬਾਰਾ ਉਸ ਲੀਹਾਂ 'ਤੇ ਲਿਆਉਣਗੇ ਜਿਸ ਤਰ੍ਹਾਂ 19ਵੀਂ ਸਦੀ 'ਚ ਉਨ੍ਹਾਂ ਨੇ ਇਸਾਈ ਬਣਦੇ ਹੋਏ ਸਿੱਖਾਂ ਨੂੰ ਰੋਕ ਕੇ ਇਕ ਸਿੱਖੀ ਪ੍ਰਤੀ ਨਵਾਂ ਹੁਲਾਰਾ ਲਿਆਂਦਾ ਸੀ ਅਤੇ ਉਸ ਤੋਂ ਬਾਅਦ ਸਿੱਖਾਂ 'ਚ ਦੂਜੇ ਧਰਮਾਂ 'ਚ ਜਾਣ ਦੀ ਮੁਹਿੰਮ ਉੱਕਾ ਹੀ ਖਤਮ ਹੋ ਗਈ ਸੀ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਅਮਰੀਕਾ ਪੁੱਜੇ ਪ੍ਰਧਾਨ ਮੰਤਰੀ ਦਾ ਭਰਵਾਂ ਸਵਾਗਤ

## • ਅਹਿਮ ਮੁੱਦਿਆਂ ’ਤੇ ਕੀਤੀ ਚਰਚਾ • ਐਲਨ ਮਸਕ ਤੇ ਐਨ.ਐਸ.ਏ. ਨਾਲ ਵੀ ਮੀਟਿੰਗਾਂ






ਵਾਸ਼ਿੰਗਟਨ/ ਸਾਨ ਫਰਾਂਸਿਸਕੋ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵ੍ਹਾਈਟ ਹਾਊਸ ’ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕੀਤੀ। ਜਿਸ ਦੌਰਾਨ ਉਨ੍ਹਾਂ ਅਹਿਮ ਮੁੱਦਿਆਂ ’ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵ੍ਹਾਈਟ ਹਾਊਸ ਪੁੱਜਣ ’ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਮੋਦੀ ਦੀ ਟਰੰਪ ਨਾਲ ਅਮਰੀਕੀ ਰਾਸ਼ਟਰਪਤੀ ਵਜੋਂ ਉਨ੍ਹਾਂ ਦੇ ਦੂਜੇ ਕਾਰਜਕਾਲ ’ਚ ਪਹਿਲੀ ਮੁਲਾਕਾਤ ਸੀ। ਮੋਦੀ ਨੇ ਟਰੰਪ ਨਾਲ ਦੁਵੱਲੀ ਗੱਲਬਾਤ ਦੌਰਾਨ ਟੈਰਿਫ ਤੇ ਗੈਰ-ਕਾਨੂੰਨੀ ਪ੍ਰਵਾਸੀਆਂ (ਜਿਨ੍ਹਾਂ ਨੂੰ ਅਮਰੀਕਾ ਵਲੋਂ ਜਬਰੀ ਵਾਪਸ ਭੇਜਿਆ ਜਾ ਰਿਹਾ ਹੈ) ਸਮੇਤ ਕਈ ਅਹਿਮ ਮੁੱਦਿਆਂ ’ਤੇ ਚਰਚਾ ਕੀਤੀ। ਮੰਨਿਆ ਜਾ ਰਿਹਾ ਹੈ ਕਿ ਗੱਲਬਾਤ ਦੌਰਾਨ ਵਪਾਰ, ਰੱਖਿਆ, ਊਰਜਾ ਸਹਿਯੋਗ ਵਰਗੇ ਕਈ ਮੁੱਦਿਆਂ ’ਤੇ ਚਰਚਾ ਹੋਈ। ਮੋਦੀ ਨੇ ਟਰੰਪ ਨੂੰ ਰਾਸ਼ਟਰਪਤੀ ਚੁਣੇ ਜਾਣ ’ਤੇ ਵਧਾਈ ਵੀ ਦਿੱਤੀ। ਪ੍ਰਧਾਨ ਮੰਤਰੀ ਦੇ ਨਾਲ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਐਨ. ਐਸ. ਏ. ਅਜੀਤ ਡੋਵਾਲ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਈਕਲ ਵਾਲਟਜ਼, ਸਪੇਸ ਐਕਸ ਦੇ ਸੀ. ਈ. ਓ. ਐਲਨ ਮਸਕ ਅਤੇ ਭਾਰਤੀ-ਅਮਰੀਕੀ ਅਰਬਪਤੀ ਉੱਦਮੀ ਵਿਵੇਕ ਰਾਮਾਸਵਾਮੀ ਨਾਲ ਵੀ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ





ਫਰਾਂਸ ਤੋਂ ਆਪਣੇ ਦੋ ਦਿਨਾ ਅਮਰੀਕਾ ਦੌਰੇ ’ਤੇ ਵਾਸ਼ਿੰਗਟਨ ਪੁੱਜੇ। ਇਸ ਮੌਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਸਵਾਗਤ ਕਰਨ ਵਾਲਿਆਂ ’ਚ ਨਵ-ਨਿਯੁਕਤ ਰਾਸ਼ਟਰੀ ਖ਼ੁਫ਼ੀਆ ਏਜੰਸੀ ਦੀ ਨਿਰਦੇਸ਼ਕ ਤੁਲਸੀ ਗਬਾਰਡ ਵੀ ਸ਼ਾਮਿਲ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਵੀ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਸ਼ਿੰਗਟਨ ਡੀ.ਸੀ. ਦੇ ਜੁਆਇੰਟ ਬੇਸ ਐਂਡਰਿਊਜ਼ ’ਤੇ ਉਤਰੇ। ਅਮਰੀਕੀ ਰਾਸ਼ਟਰਪਤੀ ਦੇ ਦੂਜੇ ਕਾਰਜਕਾਲ ਦੀ ਸਹੁੰ ਚੁੱਕਣ ਤੋਂ ਬਾਅਦ ਡੋਨਾਲਡ ਟਰੰਪ ਤੇ ਨਰਿੰਦਰ ਮੋਦੀ ਵਿਚਕਾਰ ਹੋਈ ਇਸ ਦੁਵੱਲੀ ਗੱਲਬਾਤ ਲਈ ਦੋਵਾਂ ਮੁਲਕਾਂ ’ਚ ਕਾਫ਼ੀ ਉਤਸੁਕਤਾ ਸੀ। ਰਾਸ਼ਟਰਪਤੀ ਟਰੰਪ ਦੇ ਦੂਜੇ ਕਾਰਜਕਾਲ ਦਾ ਅਹੁਦਾ ਸੰਭਾਲਣ ਬਾਅਦ ਮੋਦੀ ਦੀ ਇਹ ਪਹਿਲੀ ਅਮਰੀਕੀ ਅਹਿਮ ਯਾਤਰਾ ਹੈ ਜਿਵੇਂ ਕਿ ਮੋਦੀ ਨੇ ਆਪਣੀ ਅਮਰੀਕਾ ਯਾਤਰਾ ਤੋਂ ਪਹਿਲਾਂ ਟਿੱਪਣੀ ਕੀਤੀ ਸੀ ਕਿ ਉਹ ਆਪਣੇ ਦੋਸਤ ਡੋਨਾਲਡ ਟਰੰਪ ਨੂੰ ਮਿਲਣ ਲਈ ਕਾਫ਼ੀ ਉਤਸੁਕ ਹਨ ਤੇ ਵਿਸ਼ਵ ਵਿਆਪੀ ਭਾਈਵਾਲੀ ਬਣਾਉਣ ਲਈ ਇਕੱਠੇ ਕੰਮ ਕਰਨ ਨੂੰ ਤਰਜੀਹ ਦੇਣਗੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਇਹ ਯਾਤਰਾ ਆਪਣੇ ਪਹਿਲੇ ਕਾਰਜ ਕਾਲ ਦੇ ਸਾਡੇ ਸਹਿਯੋਗ ਦੀਆਂ ਸਫ਼ਲਤਾਵਾਂ ਨੂੰ ਅੱਗੇ ਵਧਾਉਣ ਤੇ ਸਾਡੀ ਭਾਈਵਾਲੀ ਨੂੰ ਹੋਰ ਉੱਚਾ ਚੁੱਕਣ ਲਈ ਇਕ ਏਜੰਡਾ ਵਿਕਸਿਤ ਕਰਨ ਦਾ ਮੌਕਾ ਹੈ। ਪ੍ਰਧਾਨ ਮੰਤਰੀ ਮੋਦੀ ਆਪਣੀ ਇਸ ਯਾਤਰਾ ਦੌਰਾਨ ਭਾਰਤੀ ਭਾਈਚਾਰੇ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕਰਨਗੇ। ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਸ਼ਿੰਗਟਨ ’ਚ ਉਤਰੇ ਤਾਂ ਕਹਿਰ ਦੀ ਠੰਢ ਤੇ ਬਰਫ਼ ਨਾਲ ਸਾਰਾ ਵਾਸ਼ਿੰਗਟਨ ਡੀ.ਸੀ. ਢਕਿਆ ਹੋਇਆ ਸੀ ਤੇ ਪ੍ਰਵਾਸੀ ਭਾਰਤੀ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਨ ਲਈ ਏਨੀ ਠੰਢ ਵਿਚ ਵੀ ਵੱਡੀ ਗਿਣਤੀ ’ਚ ਬਾਹਰ ਜੋਸ਼ੋ-ਖਰੋਸ਼ ਨਾਲ ਉਡੀਕ ਕਰ ਰਹੇ ਸਨ। ਅੱਤ ਦੀ ਠੰਢੀ ਸ਼ਾਮ ਦੇ ਬਾਵਜੂਦ ਪ੍ਰਵਾਸੀ ਭਾਰਤੀਆਂ ਨੂੰ ਮੋਦੀ ਦਾ ਨਿੱਘਾ ਸਵਾਗਤ ਕਰਨ ਵਿਚ ਕੋਈ ਰੋਕ ਨਾ ਸਕਿਆ। ਜਦੋਂ ਪ੍ਰਧਾਨ ਮੰਤਰੀ ਮਸ਼ਹੂਰ ਬਲੇਅਰ ਹਾਊਸ ਪਹੁੰਚੇ ਤਾਂ ਵੱਡੀ ਗਿਣਤੀ ਆਪਣੇ ਸਮਰਥਕਾਂ ਨੂੰ ਵੇਖ ਬੇਹੱਦ ਉਤਸ਼ਾਹਿਤ ਹੋਏ ਤੇ ਜਦੋਂ ਪ੍ਰਧਾਨ ਮੰਤਰੀ ਨੇ ਪ੍ਰਵਾਸੀ ਭਾਰਤੀਆਂ ਨਾਲ ਹੱਥ ਮਿਲਾਇਆ ਤਾਂ ਪੈਨਸਲਵੇਨੀਆ ਐਵੀਨਿਊ ’ਤੇ ‘ਭਾਰਤ ਮਾਤਾ ਕੀ ਜੈ’ ਤੇ ‘ਮੋਦੀ ਮੋਦੀ’ ਦੇ ਨਾਅਰੇ ਅਸਮਾਨ ਤੱਕ ਗੂੰਜ ਉੱਠੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਡੋਨਾਲਡ ਟਰੰਪ ਦਰਮਿਆਨ ਮੁਲਾਕਾਤ ਦਰਮਿਆਨ ਇਕ ਪੱਖ ਇਹ ਵੀ ਵਿਚਾਰਨ ਯੋਗ ਹੈ ਕਿ ਜਦੋਂ ਅਮਰੀਕੀ ਰਾਸ਼ਟਰਪਤੀ ਨੇ ਆਪਣੇ ਨੇੜਲੇ ਸਹਿਯੋਗੀਆਂ ਨੂੰ ਵੀ ਸਜ਼ਾ ਯੋਗ ਟੈਰਿਫਾਂ ਦੀ ਧਮਕੀ ਦਿੱਤੀ ਹੈ ਪਰ ਭਾਰਤ ਉਸ ਨਿਸ਼ਾਨੇ ਤੋਂ ਬਾਹਰ ਹੈ। ਦੋਵੇਂ ਦੇਸ਼ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ, ਆਰਥਿਕ ਅਤੇ ਭੂ-ਰਾਜਨੀਤਕ ਤੌਰ ’ਤੇ ਵਧੇਰੇ ਨੇੜਿਉਂ ਜੁੜੇ ਹੋਏ ਹਨ ਕਿਉਂਕਿ ਉਹ ਵਧਦੇ ਚੀਨੀ ਜ਼ੋਰ ਵਿਚ ਇਕ ਸਾਂਝਾ ਖ਼ਤਰਾ ਵੇਖਦੇ ਹਨ। ਅਮਰੀਕਾ ਦੇ ਸਮੁੱਚੇ ਮੀਡੀਆ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਨੂੰ ਬੇਹੱਦ ਅਹਿਮੀਅਤ ਦਿੰਦਿਆਂ ਹਰ ਪੱਖ ਨੂੰ ਬਹੁਤ ਸੁਚੱਜੇ ਢੰਗ ਨਾਲ ਵਿਚਾਰਿਆ ਤੇ ਪੇਸ਼ ਕੀਤਾ ਹੈ।

# ਭਾਰਤ ਨੂੰ ਐਫ-35 ਜਹਾਜ਼ਾਂ ਦੀ ਸਪਲਾਈ ਕਰੇਗਾ ਅਮਰੀਕਾ, ਵੱਡਾ ਵਪਾਰਕ ਸੌਦਾ ਕਰਨਗੇ ਦੋਵੇਂ ਦੇਸ਼ : ਟਰੰਪ

## ਬਿਹਤਰ ਵਿਸ਼ਵ ਦਾ ਨਿਰਮਾਣ ਕਰ ਸਕਦੀ ਹੈ ਭਾਰਤ ਤੇ ਅਮਰੀਕਾ ਦੀ ਭਾਈਵਾਲੀ:ਮੋਦੀ






ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਨਮਾਨ ਚਿੰਨ੍ਹ ਭੇਟ ਕਰਦੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ (ਸੱਜੇ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ’ਚ ਲਿਖੇ ਸੁਨੇਹੇ, ਜਿਸ ’ਚ ਡੋਨਲਾਡ ਟਰੰਪ ਨੇ ਲਿਖਿਆ ਹੈ ਕਿ ‘ਸ੍ਰੀਮਾਨ ਪ੍ਰਧਾਨ ਮੰਤਰੀ ਤੁਸੀਂ ਮਹਾਨ ਹੋ’, ਨੂੰ ਵੇਖਦੇ ਹੋਏ ਡੋਨਾਲਡ ਟਰੰਪ ਤੇ ਨਰਿੰਦਰ ਮੋਦੀ



ਵ੍ਹਾਈਟ ਹਾਊਸ ਵਿਖੇ ਭਾਰਤੀ ਮੂਲ ਦੇ ਕਾਰੋਬਾਰੀ ਵਿਵੇਕ ਰਾਮਾਸਵਾਮੀ ਨੂੰ ਮਿਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ।

ਵਾਸ਼ਿੰਗਟਨ/ਸਾਨ ਫਰਾਂਸਿਸਕੋ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਵਪਾਰਕ ਘਾਟੇ ਨੂੰ ਪੂਰਾ ਕਰਨ ਲਈ ਭਾਰਤ ਐਫ-35 ਲੜਾਕੂ ਜੈੱਟ ਸਮੇਤ ਅਮਰੀਕਾ ਤੋਂ ਤੇਲ, ਗੈਸ ਤੇ ਮਿਲਟਰੀ ਉਪਕਰਨ ਖਰੀਦੇਗਾ। ਹਾਲਾਂਕਿ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਵਾਸ਼ਿੰਗਟਨ ਨਵੀਂ ਦਿੱਲੀ ’ਤੇ ਪਰਸਪਰ ਟੈਕਸ ਲਗਾਉਣ ਤੋਂ ਪਿੱਛੇ ਨਹੀਂ ਹਟੇਗਾ। ਵ੍ਹਾਈਟ ਹਾਊਸ ਦੇ ਓਵਲ ਦਫ਼ਤਰ ’ਚ ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜੱਫੀ ਪਾ ਕੇ ਨਿੱਘਾ ਸਵਾਗਤ ਕੀਤਾ ਤੇ ਮੋਦੀ ਨੂੰ ਲੰਬੇ ਸਮੇਂ ਦਾ ਮਹਾਨ ਦੋਸਤ ਤੇ ਇਕ ਬਿਹਤਰੀਨ ਵਿਅਕਤੀ ਦੱਸਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਭਾਰਤ ਵਲੋਂ ਅਮਰੀਕੀ ਉਤਪਾਦਾਂ ’ਤੇ ਲਗਾਏ ਜਾਂਦੇ ਦਰਾਮਦ ਕਰ ਨੂੰ ਬਹੁਤ ਹੀ ਜ਼ਿਆਦਾ ਤੇ ਪੱਖਪਾਤੀ ਦੱਸਦਿਆਂ ਟਰੰਪ ਨੇ ਕਿਹਾ ਕਿ ਦੋਵੇਂ ਦੇਸ਼ ਜਲਦ ਹੀ ਇਕ ਵੱਡੇ ਵਪਾਰਕ ਸੌਦੇ ਦਾ ਐਲਾਨ ਕਰਨਗੇ। ਟਰੰਪ ਨੇ ਕਿਹਾ ਕਿ ਭਾਰਤ ਜੋ ਵੀ ਟੈਕਸ ਲਗਾਏਗਾ, ਅਮਰੀਕਾ ਵੀ ਉਸੇ ਤਰ੍ਹਾਂ ਪਰਸਪਰ ਟੈਕਸ ਲਗਾਏਗਾ। ਟਰੰਪ ਨੇ ਦੁਹਰਾਇਆ ਕਿ ਅਮਰੀਕਾ ਟੈਕਸ ਦੇ ਮਾਮਲੇ ’ਚ ਬਦਲੇ ’ਚ ਭਾਰਤ ਵਾਲਾ ਰਵੱਈਆ ਹੀ ਅਪਨਾਏਗਾ। ਅਮਰੀਕੀ ਰਾਸ਼ਟਰਪਤੀ ਵਲੋਂ ਅਮਰੀਕਾ ਦੇ ਵਪਾਰਕ ਭਾਈਵਾਲਾਂ ’ਤੇ ਪਰਸਪਰ ਟੈਕਸ ਲਗਾਉਣ ਦੇ ਕੁਝ ਘੰਟਿਆਂ ਬਾਅਦ ਹੀ ਮੋਦੀ ਤੇ ਟਰੰਪ ਦੀ ਬੈਠਕ ਹੋਈ। ਪੱਤਰਕਾਰਾਂ ਨੂੰ ਆਪਣੇ ਸੰਬੋਧਨ ਵਿਚ ਟਰੰਪ ਨੇ ਕਿਹਾ ਕਿ ਉਹ ਤੇ ਪ੍ਰਧਾਨ ਮੰਤਰੀ ਮੋਦੀ ਨੇ ਇਕ ਸਮਝੌਤਾ ਕੀਤਾ ਹੈ, ਜਿਸ ਤਹਿਤ ਗੈਸ ਤੇ ਤੇਲ ਦੀ ਸਪਲਾਈ ’ਚ ਭਾਰਤ ਅਮਰੀਕਾ ਨੂੰ ਨੰਬਰ ਇਕ ਦੇਸ਼ ਬਣਾਏਗਾ। ਟਰੰਪ ਨੇ ਇਸ ਨੂੰ ਭਾਰਤ ਨਾਲ ਅਮਰੀਕਾ ਦੇ ਵਪਾਰਕ ਘਾਟੇ, ਜੋ ਕਿ 45 ਬਿਲੀਅਨ ਅਮਰੀਕੀ ਡਾਲਰ ’ਤੇ ਖੜ੍ਹਾ ਹੈ, ਨੂੰ ਪੂਰਾ ਕਰਨ ਵਾਲਾ ਕਦਮ ਕਰਾਰ ਦਿੱਤਾ। ਅਮਰੀਕਾ ਦੇ ਰਾਸ਼ਟਰਪਤੀ ਨੇ ਕਿਹਾ ਕਿ ਦੋਵੇਂ ਦੇਸ਼ ਸਮੁੱਚੀ ਰੱਖਿਆ ਭਾਈਵਾਲੀ ਨੂੰ ਵਧਾਉਣ ’ਤੇ ਵੀ ਸਹਿਮਤ ਹੋਏ ਹਨ। ਉਨ੍ਹਾਂ ਕਿਹਾ ਕਿ ਸਾਲ ਦੀ ਸ਼ੁਰੂਆਤ ’ਚ ਹੀ ਅਸੀਂ ਭਾਰਤ ਨਾਲ ਮਿਲਟਰੀ ਖਰੀਦ ਨੂੰ ਕਈ ਅਰਬ ਡਾਲਰ ਤੱਕ ਵਧਾਉਣ ਜਾ ਰਹੇ ਹਾਂ। ਉਨ੍ਹਾਂ ਨਾਲ ਹੀ ਕਿਹਾ ਕਿ ਅਸੀਂ ਭਾਰਤ ਨੂੰ ‘ਐਫ-35 ਸਟੀਲਥ ਫਾਈਟਰ’ ਜੈੱਟ ਮੁਹੱਈਆ ਕਰਵਾਉਣ ਲਈ ਵੀ ਰਾਹ ਪੱਧਰਾ ਕਰ ਰਹੇ ਹਾਂ। ਟਰੰਪ ਨੇ ਇਹ ਵੀ ਐਲਾਨ ਕੀਤਾ ਕਿ ਭਾਰਤ ਤੇ ਅਮਰੀਕਾ ਵਿਸ਼ਵ ਭਰ ’ਚ ਫੈਲੇ ਕੱਟੜਪੰਥੀ ਇਸਲਾਮਿਕ ਅੱਤਵਾਦ ਦੇ ਖ਼ਤਰੇ ਦਾ ਸਾਹਮਣਾ ਕਰਨ ਲਈ ਪਹਿਲੀ ਵਾਰ ਇਕੱਠੇ ਕੰਮ ਕਰਨ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਮਰੀਕੀ ਪ੍ਰਮਾਣੂ ਉਦਯੋਗ ’ਚ ਕ੍ਰਾਂਤੀਕਾਰੀ ਕਦਮ ਤਹਿਤ ਭਾਰਤੀ ਬਾਜ਼ਾਰ ’ਚ ਅਮਰੀਕੀ ਪ੍ਰਮਾਣੂ ਤਕਨਾਲੋਜੀ ਦੇ ਸਵਾਗਤ ਲਈ ਭਾਰਤ ਆਪਣੇ ਕਾਨੂੰਨਾਂ ’ਚ ਸੁਧਾਰ ਕਰਨ ਜਾ ਰਿਹਾ ਹੈ।

# ਆਲ ਇੰਡੀਆ ਪੰਥਕ ਕਨਵੈਨਸ਼ਨ ’ਚ ਗਿਆਨੀ ਹਰਪ੍ਰੀਤ ਸਿੰਘ ਨੂੰ ਫ਼ਾਰਗ ਕਰਨ ਦਾ ਫ਼ੈਸਲਾ ਰੱਦ

- ਇਕ ਪਰਿਵਾਰ ਨੂੰ ਬਚਾਉਣ ਵਾਸਤੇ ਸਿੱਖ ਸੰਸਥਾਵਾਂ ਦਾ ਘਾਣ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ : ਸ੍ਰ. ਹਰਮੀਤ ਸਿੰਘ ਕਾਲਕਾ
- 10 ਜਣੇ ਹੀ ਅਕਾਲੀ ਦਲ ਨੂੰ ਡੋਬਣ ’ਤੇ ਲੱਗੇ ਹਨ : ਗਿਆਨੀ ਹਰਪ੍ਰੀਤ ਸਿੰਘ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਈ ਆਲ ਇੰਡੀਆ ਪੰਥਕ ਕਨਵੈਨਸ਼ਨ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਸਮਾਪਤ ਕਰਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਿਆ ਗਿਆ ਫੈਸਲਾ ਮੁੱਢੋਂ ਹੀ ਰੱਦ ਕਰ ਦਿੱਤਾ। ਇਥੇ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿੱਚ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਹੋਈ ਕਨਵੈਨਸ਼ਨ ਵਿੱਚ ਅੱਧੀ ਦਰਜਨ ਦੇ ਕਰੀਬ ਮਤੇ ਸਰਬਸੰਮਤੀ ਨਾਲ ਪ੍ਰਵਾਨ ਕੀਤੇ ਗਏ। ਪਹਿਲੇ ਮਤੇ ਰਾਹੀਂ ਅਕਾਲ ਤਖ਼ਤ ਵੱਲੋਂ 2 ਦਸੰਬਰ ਨੂੰ ਸੁਣਾਏ ਗਏ ਹੁਕਮਨਾਮੇ ਨੂੰ ਇੰਨ-ਬਿੰਨ ਲਾਗੂ ਕਰਵਾਉਣ ਦੀ ਹਮਾਇਤ ਕੀਤੀ ਗਈ।



ਦੂਜੇ ਮਤੇ ਰਾਹੀਂ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਫੈਸਲੇ ਨੂੰ ਮੁੱਢੋਂ ਰੱਦ ਕੀਤਾ ਗਿਆ ਤੇ ਉਨ੍ਹਾਂ ਨੂੰ ਵਿਸ਼ਵ ਭਰ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਮੁਹਿੰਮ ਜਾਰੀ ਰੱਖਣ ਦੀ ਅਪੀਲ ਕੀਤੀ ਗਈ। ਤੀਜੇ ਮਤੇ ਰਾਹੀਂ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਦਾ ਸਰਨਾ ਭਰਾਵਾਂ ਵੱਲੋਂ ਮਾਣ ਸਨਮਾਨ ਕਰਨ ਦੀ ਨਿਖੇਧੀ ਕੀਤੀ ਗਈ ਤੇ ਸਹੁੰ ਚੁੱਕੀ ਗਈ ਕਿ ਇਸ ਕਤਲੇਆਮ ਦੇ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਤੱਕ ਦਿੱਲੀ ਗੁਰਦੁਆਰਾ ਕਮੇਟੀ ਦੀ ਮੌਜੂਦਾ ਟੀਮ ਸੰਘਰਸ਼ ਜਾਰੀ ਰੱਖੇਗੀ। ਚੌਥੇ ਮਤੇ ਰਾਹੀਂ ਵਿਸ਼ਵ ਪੱਧਰ ’ਤੇ ਸਿੱਖਾਂ ਦੀ ਤਾਲਮੇਲ ਕਮੇਟੀ ਬਣਾਉਣ ਦੀ ਤਜਵੀਜ਼ ਰੱਖੀ ਗਈ। ਇਹ ਵੀ ਕਿਹਾ ਗਿਆ ਕਿ ਜਥੇਦਾਰਾਂ ਦੀ ਨਿਯੁਕਤੀ ਲਈ ਨਿਯਮ ਬਣਾਏ ਜਾਣ। ਇਕ ਹੋਰ ਮਤੇ ਰਾਹੀਂ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਖ਼ਿਲਾਫ਼ ਕੇਸਾਂ ਵਿਚ ਚਾਰਜਸ਼ੀਟ ਦਾਇਰ ਕਰਨ ਦਾ ਸਵਾਗਤ ਕੀਤਾ ਗਿਆ ਤੇ ਸੰਗਤ ਨੂੰ ਅਪੀਲ ਕੀਤੀ ਗਈ ਕਿ ਅਜਿਹੇ ਲੋਕਾਂ ਨੂੰ ਮੂੰਹ ਨਾ ਲਗਾਇਆ ਜਾਵੇ।

ਇਸ ਦੌਰਾਨ ਸੰਗਤ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੌਜੂਦਾ ਦੌਰ ਵਿਚ ਸਿਰਫ਼ 10 ਜਣੇ ਹੀ ਅਕਾਲੀ ਦਲ ਨੂੰ ਡੋਬਣ ’ਤੇ ਲੱਗੇ ਹਨ ਜਿਸ ਵਿਚੋਂ 2 ਦਿੱਲੀ ਦੇ ਹਨ ਤੇ 8 ਪੰਜਾਬ ਦੇ ਹਨ। ਉਨ੍ਹਾਂ ਕਿਹਾ ਕਿ ਦਿੱਲੀ ਵਾਲਿਆਂ ਨੇ ਕਾਰ ’ਤੇ ਹਥੌੜਾ ਮਾਰ ਕੇ ਹੁਣ ਉਸ ’ਤੇ ਸਵਾਰੀ ਕਰ ਲਈ ਹੈ। ਉਨ੍ਹਾਂ ਕਿਹਾ ਕਿ ਬਾਕੀ ਸਾਰੀ ਕੌਮ ਪੰਥ ਦੀ ਬੇਹਤਰੀ ਲਈ ਕੰਮ ਕਰ ਰਹੀ ਹੈ ਪਰ ਇਹ 10 ਜਣੇ ਪੰਥ ਦੇ ਖਿਲਾਫ਼ ਕੰਮ ਕਰ ਰਹੇ ਹਨ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਇਕ ਪਰਿਵਾਰ ਨੂੰ ਬਚਾਉਣ ਵਾਸਤੇ ਸਿੱਖ ਸੰਸਥਾਵਾਂ ਦਾ ਘਾਣ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਸਿੱਖ ਸੰਸਥਾਵਾਂ ਦਾ ਘਾਣ ਕੀਤਾ ਜਾ ਰਿਹਾ ਹੈ ਤੇ ਜੇਕਰ ਕੋਈ ਵੀ ਇਕ ਪਰਿਵਾਰ ਦੇ ਹੁਕਮ ਤੋਂ ਬਾਹਰ ਜਾਂਦਾ ਹੈ ਤਾਂ ਉਸਨੂੰ ਸਿਆਸੀ ਤੌਰ ’ਤੇ ਖਤਮ ਕਰਨ ਵਾਸਤੇ ਕੋਈ ਕਸਰ ਨਹੀਂ ਛੱਡੀ ਜਾਂਦੀ। ਉਨ੍ਹਾਂ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਇਸ ਵਾਰ ਪਰਿਵਾਰ ਦੇ ਰਾਜ ਕਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ, ਡੇਰਾ ਸਿਰਸਾ ਵਾਲੇ ਨੂੰ ਮੁਆਫ਼ੀਆਂ ਦਿੱਤੀਆਂ ਗਈਆਂ ਤੇ ਹੋਰ ਬਜ਼ਰ ਗੁਨਾਹ ਹੋਏ ਪਰ ਇਸ ਪਰਿਵਾਰ ਨੂੰ ਕੋਈ ਫਰਕ ਨਹੀਂ ਪਿਆ। ਉਨ੍ਹਾਂ ਕਿਹਾ ਕਿ ਹੁਣ ਸੰਗਤ ਨੇ ਇਸ ਪਰਿਵਾਰ ਨੂੰ ਜ਼ੀਰੋ ਕਰ ਦਿੱਤਾ ਹੈ।

ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਵੱਲੋਂ ਜੈਕਾਰਿਆਂ ਨਾਲ ਪਾਸ ਕੀਤੇ ਮਤੇ ਰਾਹੀਂ ਸੰਗਤ ਨੇ ਅਦਾਲਤ ਨੂੰ ਅਪੀਲ ਕੀਤੀ ਕਿ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ। ਇਸ ਮੌਕੇ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਇਕ ਪਰਿਵਾਰ ਨੂੰ ਬਚਾਉਣ ਲਈ ਸਿੱਖ ਸੰਸਥਾਵਾਂ ਦਾ ਘਾਣ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਮੌਕੇ ਭਾਈ ਜਸਬੀਰ ਸਿੰਘ ਰੋਡੇ, ਬਾਬਾ ਸੁੰਦਰ ਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਕਰਮਜੀਤ ਸਿੰਘ ਜਗਾਧਰੀ ਵਾਲੇ, ਮੋਹਕਮ ਸਿੰਘ ਦਮਦਮੀ ਟਕਸਾਲ, ਸਾਬਕਾ ਐੱਮਪੀ ਤਰਲੋਚਨ ਸਿੰਘ, ਗੁਰਦੀਪ ਸਿੰਘ ਉੱਤਰਾਖੰਡ, ਅਜੈਪਾਲ ਸਿੰਘ ਪ੍ਰਧਾਨ ਸਿੱਖ ਸਮਾਜ ਰਾਜਸਥਾਨ ਆਦਿ ਹਾਜ਼ਰ ਸਨ।

# ਅਮਰੀਕਨ ਸਿੱਖ ਸਿਰਮੌਰ ਜਥੇਬੰਦੀਆਂ ਵਲੋਂ ਸਿੱਖ ਡਿਪੋਰਟੀਆਂ ਦੀਆਂ ਪੱਗਾਂ ਉਤਾਰਨ ਖਿਲਾਫ਼ ਮੰਗ ਪੱਤਰ

**ਅਮਰੀਕਾ ਵਲੋਂ ਗੈਰਕਨੂੰਨੀ ਤੌਰ ਉਪਰ ਰਹਿ ਰਹੇ ਲੋਕਾਂ ਨੂੰ ਟਰੰਪ ਸਰਕਾਰ ਵਲੋਂ ਵੱਡੀ ਤਾਦਾਦ ਵਿੱਚ ਡਿਪੋਰਟ ਕੀਤਾ ਜਾ ਰਿਹਾ ਹੈ ਜਿਸ ਵਿੱਚ ਭਾਰਤ ਦੇ ਲੋਕ ਵੀ ਸ਼ਾਮਲ ਹਨ ਅਤੇ ਉਹਨਾਂ ਵਿੱਚ ਪੰਜਾਬ ਦੇ ਲੋਕ ਅਤੇ ਸਿੱਖ ਵੀ ਸ਼ਾਮਲ ਹਨ। ਅਮਰੀਕਨ ਸਰਕਾਰ ਵਲੋਂ ਫੌਜੀ ਜਹਾਜ਼ਾਂ ’ਚ ਉਹਨਾਂ ਨੂੰ ਲੱਦ ਕੇ ਲਿਜਾਣ ਤੋਂ ਪਹਿਲਾ ਸਿੱਖਾਂ ਦੇ ਕੜੇ ਅਤੇ ਉਹਨਾਂ ਦੀਆਂ ਪੱਗਾਂ ਉਤਾਰ ਲਈਆਂ ਜਾਂਦੀਆ ਹਨ ਜੋ ਕਿ ਸਿੱਖਾਂ ਲਈ ਇੱਕ ਵੱਡੇ ਅਪਮਾਨ ਵਾਲੀ ਗੱਲ ਹੈ। ਸਿੱਖਾਂ ਲਈ ਸਿਰ ਅਤੇ ਪੱਗ ਵਿੱਚ ਕੋਈ ਬਹੁਤਾ ਅੰਤਰ ਨਹੀਂ ਹੈ ਅਤੇ ਇਹ ਅਮਰੀਕਨ ਸੰਵਿਧਾਨ ਵਿੱਚ ਧਰਮ ਦੀ ਅਜ਼ਾਦੀ ਦੇ ਵੀ ਵਿਰੁੱਧ ਹੈ ਅਤੇ ਇਹ ਵੀ ਚਿੰਤਾਜਨਕ ਹੈ ਕਿ ਸਿੱਖਾਂ ਦੀਆਂ ਪੱਗਾਂ ਉਤਾਰਕੇ ਗਾਰਬੇਜ਼ ’ਚ ਸੁੱਟ ਦਿੱਤੀਆਂ ਗਈਆਂ। ਇਥੇ ਇਹ ਜ਼ਿਕਰਯੋਗ ਹੈ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਲੋਂ ਆਪਣੀ ਅਮਰੀਕਾ ਫੇਰੀ ਦੌਰਾਨ ਕੋਈ ਗੱਲਬਾਤ ਵੀ ਨਹੀ ਕੀਤੀ ਗਈ। ਇਸ ਸਬੰਧੀ ਅਮਰੀਕਾ ਦੀਆਂ ਸਿਰਮੌਰ ਜਥੇਬੰਦੀਆਂ ਵਲੋਂ ਜਿਨ੍ਹਾਂ ਵਿੱਚ ਅਮਰੀਕਨ ਸਿੱਖ ਕਾਕਸ ਕਮੇਟੀ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਾਮਲ ਹੈ ਜਿਨ੍ਹਾਂ ਇਹ ਹੇਠ ਲਿਖਤ ਚਿੱਠੀ ਹੋਮਲੈਂਡ ਸੁਰੱਖਿਆ ਅਤੇ ਕਾਂਗਰਸਮੈਨਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।**

ਮਾਣਯੋਗ ਕ੍ਰਿਸਟੀ ਨੋਇਮ
ਹੋਮਲੈਂਡ ਸੁਰੱਖਿਆ ਸਕੱਤਰ
2707 ਮਾਰਟਿਨ ਲੂਥਰ ਕਿੰਗ ਜੂਨੀਅਰ Ave SE
ਵਾਸ਼ਿੰਗਟਨ, ਡੀਸੀ 20528

ਪਿਆਰੇ ਮੈਡਮ ਸਕੱਤਰ,
ਹੋਮਲੈਂਡ ਸਕਿਓਰਿਟੀ ਦੇ ਸਕੱਤਰ ਵਜੋਂ ਤੁਹਾਡੀ ਪੁਸ਼ਟੀ ਲਈ ਵਧਾਈਆਂ। ਅਸੀਂ ਜਾਣਦੇ ਹਾਂ ਕਿ ਤੁਹਾਡੀਆਂ ਜ਼ਿੰਮੇਵਾਰੀਆਂ ਬਹੁਤ ਹਨ ਅਤੇ ਤੁਹਾਡਾ ਧਿਆਨ ਸਾਡੇ ਦੇਸ਼ ਨੂੰ ਸੰਭਾਲਣ ਵੱਲ ਹੈ।
ਸੁਰੱਖਿਅਤ ਸਭ ਤੋਂ ਮਹੱਤਵਪੂਰਨ ਹੈ।
ਸਿੱਖ ਅਮਰੀਕੀਆਂ ਦਾ ਸਾਡਾ ਭਾਈਚਾਰਾ ਵਿਭਾਗ ਦੀਆਂ ਸਾਰੀਆਂ ਕਾਰਵਾਈਆਂ ਦੀ ਸ਼ਲਾਘਾ ਕਰਦਾ ਹੈ।
ਹੋਮਲੈਂਡ ਸੁਰੱਖਿਆ ਸਾਨੂੰ ਸੁਰੱਖਿਅਤ ਰੱਖਣ ਲਈ ਕਰਦੀ ਹੈ। ਸਾਡੇ ਲਈ ਲਗਾਤਾਰ ਧਮਕੀਆਂ ਰਹਿੰਦੀਆਂ ਹਨ। ਕਮਿਊਨਿਟੀ-ਅਮਰੀਕੀ ਧਰਤੀ ’ਤੇ ਅਮਰੀਕੀ ਟੈਕਸਦਾਤਾ-ਅਤੇ ਤੁਹਾਡਾ ਵਿਭਾਗ ਹਮੇਸ਼ਾ ਜਵਾਬਦੇਹ ਹੈ। ਅੱਜ-ਕੱਲ੍ਹ ਸਿੱਖ ਅਮਰੀਕਨ ਭਾਰਤ ਤੋਂ ਮੀਡੀਆ ਵਿੱਚ ਆਈਆਂ ਰਿਪੋਰਟਾਂ ਤੋਂ ਚਿੰਤਤ ਹਨ।



ਡਾ. ਪ੍ਰਿਤਪਾਲ ਸਿੰਘ



ਜਥੇਦਾਰ ਗੁਰਦੇਵ ਸਿੰਘ ਵਰਜੀਨੀਆ



ਸ੍ਰ. ਹਿੰਮਤ ਸਿੰਘ ਨਿਊਯਾਰਕ

ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਨਿਕਾਲੇ ਦੌਰਾਨ ਘੱਟੋ-ਘੱਟ 24 ਸਿੱਖ ਡਿਪੋਰਟੀਆਂ ਨੂੰ ਉਨ੍ਹਾਂ ਦੀਆਂ ਪੱਗਾਂ ਉਤਾਰਨ ਲਈ ਮਜਬੂਰ ਕੀਤਾ ਗਿਆ ਹੈ।
ਸਾਡੇ ਸਮਾਜ ਵਿੱਚ ਪੱਗ ਬੰਨ੍ਹਣਾ ਧਾਰਮਿਕ ਅਤੇ ਸੱਭਿਆਚਾਰਕ ਹੈ। ਇਹ ਦਸਤਾਰਾਂ ਹਨ ਸਾਡੇ ਵਿਸ਼ਵਾਸ ਦਾ ਪ੍ਰਤੱਖ ਪ੍ਰਗਟਾਵਾ।
ਹਾਲਾਂਕਿ ਇਹ ਇੱਕ ਪ੍ਰਕਿਰਿਆਤਮਕ ਵੇਰਵੇ ਵਾਂਗ ਜਾਪਦਾ ਹੈ, ਸਿੱਖ ਨਜ਼ਰਬੰਦਾਂ ਨੂੰ ਹਟਾਉਣ ਲਈ ਮਜ਼ਬੂਰ ਕਰਨਾ। ਪੱਗ ਸਾਡੇ ਭਾਈਚਾਰੇ ਵਿੱਚ ਤੁਹਾਡੇ ਕੰਮ ਲਈ ਸਮਰਥਨ ਨੂੰ ਘਟਾ ਰਹੀ ਹੈ ਅਤੇ ਇਸ ਬਾਰੇ ਗੱਲ ਕਰੋ।
ਅਮਰੀਕੀ ਸੰਵਿਧਾਨ ਵਿੱਚ ਸਵਾਲਾਂ ਦੀ ਆਜ਼ਾਦੀ ਦੀ ਗਾਰੰਟੀ ਦਿੱਤੀ ਗਈ ਹੈ।
ਇਸ ਲਈ ਅਸੀਂ ਸਤਿਕਾਰ ਨਾਲ ਤੁਹਾਡੇ ਵਿਭਾਗ ਨੂੰ ਮੌਜੂਦਾ ਸਮੀਖਿਆ ਅਤੇ ਸੋਧ ਕਰਨ ਦੀ ਬੇਨਤੀ ਕਰਦੇ ਹਾਂ।
ਸਿੱਖ ਵਿਅਕਤੀਆਂ ਦੇ ਧਾਰਮਿਕ ਅਧਿਕਾਰਾਂ ਦਾ ਪੂਰੀ ਤਰ੍ਹਾਂ ਸਨਮਾਨ ਕਰਨ ਲਈ ਦੇਸ਼ ਨਿਕਾਲੇ ਦੀਆਂ ਪ੍ਰਕਿਰਿਆਵਾਂ। ਅਸੀਂ ਅੱਗੇ ਤੁਹਾਨੂੰ ਢੁਕਵਾਂ ਸਿਰ ਪ੍ਰਦਾਨ ਕਰਨ ਲਈ ਸਾਡੇ ਭਾਈਚਾਰੇ ਨਾਲ ਭਾਈਵਾਲੀ ਕਰਨ ਲਈ ਗੱਲ ਕਰੋ। ਦੇਸ਼ ਨਿਕਾਲੇ ਲਈ ਕਵਰਿੰਗ, ਸਾਰੀ ਪ੍ਰਕਿਰਿਆ ਦੌਰਾਨ ਉਨ੍ਹਾਂ ਦੀ ਇੱਜ਼ਤ ਦੀ ਰਾਖੀ ਹੋਣੀ ਚਾਹੀਦੀ ਹੈ। ਸਾਡਾ ਭਾਈਚਾਰਾ ਇਨ੍ਹਾਂ ਮਹੱਤਵਪੂਰਨ ਤਬਦੀਲੀਆਂ ਦਾ ਸਮਰਥਨ ਕਰਨ ਲਈ ਤਿਆਰ ਹੈ।
ਮਨੁੱਖੀ ਮਾਣ ਅਤੇ ਸਿਧਾਂਤਾਂ ਪ੍ਰਤੀ ਰਾਸ਼ਟਰ ਦੀ ਅਟੁੱਟ ਵਚਨਬੱਧਤਾ
ਅਮਰੀਕਾ ਮਹਾਨ ਹੈ।
ਇਸ ਮਾਮਲੇ ਵੱਲ ਤੁਰੰਤ ਧਿਆਨ ਦੇਣ ਲਈ ਤੁਹਾਡਾ ਧੰਨਵਾਦ।

**ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ**
**ਅਮਰੀਕਨ ਸਿੱਖ ਕਾਕਸ ਕਮੇਟੀ,**
**ਭਾਈ ਹਿੰਮਤ ਸਿੰਘ ਕੋਆਰਡੀਨੇਟਰ ਸਿੱਖ**
**ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ**
**ਜਥੇਦਾਰ ਗੁਰਦੇਵ ਸਿੰਘ ਕਾਰਜਕਾਰੀ ਪ੍ਰਧਾਨ**
**ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ,**
**ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਕੋ-ਚੇਅਰਜ਼,**
**ਮਾਨਯੋਗ ਡੇਵਿਡ ਵਲਾਦਾਓ**
**ਮਾਨਯੋਗ ਮੈਰੀ ਸਕੈਨਲਨ**

# ਸ਼ਤਾਬਗੜ੍ਹ ਦੀ ਧੀ ਨੇ ਕਰਾਈ ਬੱਲੇ-ਬੱਲੇ, ਕੈਨੇਡਾ ਨੇਵੀ ਪੁਲਿਸ 'ਚ ਹੋਈ ਸਲੈਕਟ

ਸੁਲਤਾਨਪੁਰ ਲੋਧੀ : ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਦੇ ਪਿੰਡ ਸ਼ਤਾਬਗੜ੍ਹ ਦੀ ਵਾਸੀ ਐੱਨ. ਆਰ. ਆਈ. ਬੇਟੀ ਰੂਪਨਪ੍ਰੀਤ ਕੌਰ ਨੇ 'ਕੈਨੇਡਾ ਨੇਵੀ ਪੁਲਸ' 'ਚ ਸਲੈਕਟ ਹੋ ਕੇ ਆਪਣੇ ਪਿੰਡ ਦਾ ਜਿੱਥੇ ਨਾਂ ਰੋਸ਼ਨ ਕੀਤਾ ਹੈ, ਉੱਥੇ ਹੀ ਆਪਣੇ ਮਾਪਿਆਂ ਦਾ ਵੀ ਮਾਣ ਵਧਾਇਆ ਹੈ।



ਜਾਣਕਾਰੀ ਦਿੰਦਿਆਂ ਗੁਰਪਾਲ ਸਿੰਘ ਸ਼ਤਾਬਗੜ੍ਹ ਨੇ ਦੱਸਿਆ ਕਿ ਸ਼ਤਾਬਗੜ੍ਹ ਨਿਵਾਸੀ ਦਾਦਾ ਗੱਜਣ ਸਿੰਘ ਅਤੇ ਦਾਦੀ ਬਲਵਿੰਦਰ ਕੌਰ ਦੀ ਹੋਣਹਾਰ ਪੋਤਰੀ ਰੂਪਨਪ੍ਰੀਤ ਕੌਰ, ਜੋ ਕਿ ਆਪਣੀ ਮਿਹਨਤ ਸਦਕਾ ਕੈਨੇਡਾ ਵਿਚ ਨੇਵੀ ਪੁਲਸ 'ਚ ਭਰਤੀ ਹੋਣ 'ਚ ਸਫਲ ਹੋਈ ਹੈ। ਕੈਨੇਡਾ ਤੋਂ ਲੜਕੀ ਦੇ ਭਰਾ ਜਸ਼ਨ ਸਿੰਘ ਅਤੇ ਇੰਡੀਆ ਤੋਂ ਪਿਤਾ ਮਹਿੰਦਰਪਾਲ ਸਿੰਘ ਸਾਬੀ ਮਹਿਰੋਕ ਅਤੇ ਮਾਤਾ ਚਰਨਜੀਤ ਕੌਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਮਾਡਲ ਸਕੂਲ, ਸ਼ਤਾਬਗੜ੍ਹ ਤੋਂ ਮੁੱਢਲੀ ਪੜ੍ਹਾਈ ਕਰਨ ਉਪਰੰਤ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਤੋਂ +2 ਪਾਸ ਕਰਕੇ 2018 'ਚ ਕੈਨੇਡਾ ਗਈ ਰੂਪਨਪ੍ਰੀਤ ਕੌਰ ਨੇ ਪਹਿਲਾਂ 'ਲੰਗਾਰਾ ਕਾਲਜ, ਸਰੀ 'ਚ ਪੂਰੀ ਲਗਨ ਅਤੇ ਮਿਹਨਤ ਨਾਲ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਪੀ. ਆਰ. ਹੋਣ ਉਪਰੰਤ ਆਪਣੀ ਜੌਬ ਦੇ ਨਾਲ-ਨਾਲ ਕੈਨੇਡਾ ਨੇਵੀ ਲਈ 'ਫੋਰਸ ਟੈਸਟ ਮਿਲਟਰੀ ਅਤੇ ਇਥੌਸ ਫਿਟਨੈੱਸ ਟੈਸਟ' ਦੀ ਪੜ੍ਹਾਈ ਜਾਰੀ ਰੱਖੀ ਜਿਸ ਦੇ ਫਲਸਰੂਪ ਉਹ ਆਪਣੀ 'ਕੈਨੇਡਾ ਨੇਵੀ' ਦੀ ਮੰਜ਼ਿਲ ਨੂੰ ਸਰ ਕਰ ਸਕੀ ਹੈ।

ਉਨ੍ਹਾਂ ਪੰਜਾਬ ਦੇ ਨੌਜਵਾਨ ਬੱਚਿਆਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਉਹ ਆਪਣੀ ਮਿਹਨਤ ਅਤੇ ਉਥੇ ਦੇ ਕਾਨੂੰਨ ਅਨੁਸਾਰ ਕਿਸੇ ਵੀ ਦੇਸ਼ ਦੇ ਜਿੱਥੇ ਨਾਗਰਿਕ ਬਣ ਸਕਦੇ ਹਨ, ਉਥੇ ਆਪਣੀਆਂ ਮੰਜ਼ਿਲਾਂ ਵੀ ਸਰ ਕਰ ਸਕਦੇ ਹਨ।

ਇਸ ਮੌਕੇ ਗੁਰੂ ਨਾਨਕ ਮਾਡਲ ਸਕੂਲ ਸ਼ਤਾਬਗੜ੍ਹ ਦੀ ਪ੍ਰਿੰਸੀਪਲ ਮੈਡਮ ਜਸਵੀਰ ਕੌਰ ਢੋਟ, ਪ੍ਰਧਾਨ ਅਮਰੀਕ ਸਿੰਘ ਢੋਟ, ਨੰਬਰਦਾਰ ਸੁਖਦੇਵ ਸਿੰਘ, ਗੁਰਪਾਲ ਸਿੰਘ ਸ਼ਤਾਬਗੜ੍ਹ, ਦਰਸ਼ਨ ਸਿੰਘ ਯੂ. ਕੇ. ਸੰਤੋਖ ਸਿੰਘ ਮਹਿਰੋਕ, ਦਲਵਿੰਦਰ ਸਿੰਘ ਕੈਨੇਡਾ, ਬਿੱਕਰ ਸਿੰਘ ਸ਼ਤਾਬਗੜ੍ਹ, ਪਰਮਿੰਦਰ ਸਿੰਘ ਸੋਢੀ ਕੈਨੇਡਾ, ਅਮਨਦੀਪ ਸਿੰਘ ਯੂ. ਕੇ. ਆਦਿ ਨੇ ਇਸ ਕਾਮਯਾਬੀ ਦੀ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਵਿਦੇਸ਼ ਜਾਣਾ ਹੈ ਤਾਂ ਕਾਨੂੰਨੀ ਢੰਗ ਨਾਲ ਹੀ ਜਾਣ ਤੇ ਲਗਨ ਨਾਲ ਮਿਹਨਤ ਕਰਕੇ ਸਫਲਤਾ ਪ੍ਰਾਪਤ ਕਰਨ।

# ਕੈਨੇਡੀਅਨ ਏਅਰ ਫੋਰਸ 'ਚ ਸੈਕਿੰਡ ਲੈਫਟੀਨੈਂਟ ਭਰਤੀ ਹੋਇਆ ਥਲੀ ਖੁਰਦ ਦਾ ਇੰਦਰਪ੍ਰੀਤ

ਚੰਡੀਗੜ੍ਹ : ਪੰਜਾਬ ਸਮੇਤ ਭਾਰਤ ਦੇ ਹੋਰ ਸੂਬਿਆਂ ਦੇ ਨੌਜਵਾਨ ਜਿੱਥੇ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ ਡੰਕੀ ਰਸਤੇ ਗੈਰਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿੱਚ ਦਾਖਲ ਹੋ ਕੇ ਆਪਣੀ ਕਿਸਮਤ ਬਦਲਣੀ ਚਾਹੁੰਦੇ ਹਨ, ਉੱਥੇ ਹੀ ਇੱਥੋਂ ਨੇੜਲੇ ਪਿੰਡ ਥਲੀ ਖੁਰਦ ਦਾ ਨੌਜਵਾਨ ਇੰਦਰਪ੍ਰੀਤ ਸਿੰਘ ਆਪਣੀ ਮਿਹਨਤ ਦੇ ਬਲਬੂਤੇ ਰੌਇਲ ਕੈਨੇਡੀਅਨ ਏਅਰ ਫੋਰਸ ਵਿੱਚ ਸੈਕਿੰਡ ਲੈਫਟੀਨੈਂਟ ਦੇ ਅਹੁਦੇ 'ਤੇ ਭਰਤੀ ਹੋਇਆ ਹੈ। ਇਸ ਸਬੰਧੀ ਖੁਸ਼ੀ ਜ਼ਾਹਿਰ ਕਰਦਿਆਂ ਨੌਜਵਾਨ ਦੇ ਪਿਤਾ ਹਰਪਾਲ ਸਿੰਘ ਤੇ ਮਾਤਾ ਜਸਵੀਰ ਕੌਰ ਤੇ ਹੋਰ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇੰਦਰਪ੍ਰੀਤ ਸਿੰਘ ਨੇ ਮੁੱਢਲੀ ਵਿਦਿਆ ਥਲੀ ਕਲਾਂ ਅਤੇ ਘਨੌਲੀ ਦੇ ਸਰਕਾਰੀ ਸਕੂਲਾਂ ਤੋਂ ਪ੍ਰਾਪਤ ਕੀਤੀ ਅਤੇ ਰਾਇਤ ਕਾਲਜ ਤੋਂ ਮਕੈਨੀਕਲ ਇੰਜਨੀਅਰ ਦਾ ਡਿਪਲੋਮਾ ਤੇ ਦੁਆਬਾ ਕਾਲਜ ਸਹੌੜਾਂ ਤੋਂ ਬੀ-ਟੈੱਕ ਦੀ ਡਿਗਰੀ ਹਾਸਲ ਕੀਤੀ। ਇਸ ਉਪਰੰਤ 2017 ਵਿੱਚ ਸਟੱਡੀ ਵੀਜ਼ੇ 'ਤੇ ਕੈਨੇਡਾ ਚਲਾ ਗਿਆ। ਉਨ੍ਹਾਂ ਦੱਸਿਆ ਕਿ ਉੱਥੇ ਟੋਰਾਂਟੋ ਸ਼ਹਿਰ ਦੀ ਟਰਾਂਸਪੋਰਟ ਕੰਪਨੀ ਵਿੱਚ ਮੈਨੇਜਰ ਰੈਂਕ 'ਤੇ ਨੌਕਰੀ ਕਰਨ ਦੇ ਨਾਲ ਨਾਲ ਉਸ ਨੇ ਏਅਰ ਕਰਾਫਟ ਦਾ ਕੋਰਸ ਕੀਤਾ, ਜਿਸ ਦੌਰਾਨ ਉਸ ਨੇ ਫਾਈਨਲ ਪ੍ਰੀਖਿਆ ਵਿੱਚ 96 ਫੀਸਦੀ ਅੰਕ ਪ੍ਰਾਪਤ ਕੀਤੇ, ਜਿਸ ਸਦਕਾ ਉਹ ਬਤੌਰ ਸੈਕਿੰਡ ਲੈਫਟੀਨੈਂਟ ਭਰਤੀ ਹੋ ਗਿਆ ਹੈ।



ਉਨ੍ਹਾਂ ਦੱਸਿਆ ਕਿ ਬੀਤੇ ਦਿਨ ਉਸ ਨੇ ਨਿਯੁਕਤੀ ਪੱਤਰ ਪ੍ਰਾਪਤ ਕਰਕੇ ਦੋ ਮਹੀਨੇ ਦੀ ਟਰੇਨਿੰਗ ਸ਼ੁਰੂ ਕਰ ਲਈ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵਿਦੇਸ਼ ਜਾਣ ਲਈ ਡੰਕੀ ਰੂਟ ਅਖਤਿਆਰ ਨਾ ਕਰਨ , ਬਲਕਿ ਕਾਨੂੰਨੀ ਪ੍ਰਕ੍ਰਿਆ ਅਪਣਾਉਂਦੇ ਹੋਏ ਜਹਾਜ਼ੀ ਮਾਰਗ ਰਾਹੀਂ ਹੀ ਵਿਦੇਸ਼ ਜਾਣ।

# ਸ਼ੀਆ ਦੇ ਸਭ ਤੋਂ ਅਮੀਰ 20 ਪਰਿਵਾਰਾਂ 'ਚੋਂ ਅੰਬਾਨੀ ਸਿਖ਼ਰ 'ਤੇ




ਨਵੀਂ ਦਿੱਲੀ : ਬਲੂਮਬਰਗ ਵਲੋਂ ਏਸ਼ੀਆ ਦੇ ਸਭ ਤੋਂ ਅਮੀਰ ਪਰਿਵਾਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ, ਜਿਸ 'ਚ ਅੰਬਾਨੀ ਪਰਿਵਾਰ ਪਹਿਲੇ ਸਥਾਨ 'ਤੇ ਹੈ। ਅੰਬਾਨੀ ਦੇ ਨਾਲ ਕੁੱਲ 6 ਭਾਰਤੀ ਪਰਿਵਾਰ ਇਸ ਸੂਚੀ 'ਚ ਸ਼ਾਮਿਲ ਹਨ। ਇਸ ਸੂਚੀ 'ਚ ਸਭ ਤੋਂ ਹੈਰਾਨ ਕਰਨ ਵਾਲਾ ਤੱਥ ਇਹ ਹੈ ਕਿ ਇਸ ਸੂਚੀ 'ਚ ਅਡਾਨੀ ਪਰਿਵਾਰ ਦਾ ਨਾਂਅ ਸ਼ਾਮਿਲ ਨਹੀਂ ਹੈ। ਇਸ ਦੀ ਵਜ੍ਹਾ ਇਹ ਹੈ ਕਿ ਗੌਤਮ ਅਡਾਨੀ ਪਹਿਲੀ ਪੀੜ੍ਹੀ ਦੇ ਕਾਰੋਬਾਰੀ ਹਨ। ਇਸ ਲਈ ਉਨ੍ਹਾਂ ਨੂੰ ਸੂਚੀ 'ਚ ਸ਼ਾਮਿਲ ਨਹੀਂ ਕੀਤਾ ਗਿਆ ਹੈ। ਇਹ ਸੂਚੀ ਖ਼ਾਨਦਾਨਾਂ 'ਤੇ ਆਧਾਰਿਤ ਹੈ। ਇਸ 'ਚ ਸਿਰਫ ਉਨ੍ਹਾਂ ਪਰਿਵਾਰਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਜਿਨ੍ਹਾਂ ਦਾ ਕਾਰੋਬਾਰ ਪੀੜ੍ਹੀਆਂ ਤੋਂ ਚਲਿਆ ਆ ਰਿਹਾ ਹੈ। ਅੰਬਾਨੀ ਪਰਿਵਾਰ 90.5 ਅਰਬ ਡਾਲਰ ਦੀ ਸੰਪਤੀ ਨਾਲ ਪਹਿਲੇ ਸਥਾਨ 'ਤੇ ਹੈ, ਦੂਜੇ ਨੰਬਰ 'ਤੇ ਥਾਈਲੈਂਡ ਦਾ ਚੇਵਰਨਾਟ ਪਰਿਵਾਰ ਹੈ, ਜਿਸ ਦੀ ਕੁੱਲ ਜਾਇਦਾਦ 42.6 ਅਰਬ ਡਾਲਰ ਹੈ। ਤੀਜੇ ਨੰਬਰ 'ਤੇ ਇੰਡੋਨੇਸ਼ੀਆ ਦਾ ਹਾਰਤਨੋ ਪਰਿਵਾਰ ਹੈ, ਜਿਸ ਦੀ ਕੁੱਲ ਸੰਪਤੀ 42.2 ਅਰਬ ਡਾਲਰ ਹੈ। ਚੌਥੇ ਨੰਬਰ 'ਤੇ ਭਾਰਤ ਦਾ ਮਿਸਤਰੀ ਪਰਿਵਾਰ ਹੈ, ਜਿਨ੍ਹਾਂ ਦੀ ਕੁੱਲ ਸੰਪਤੀ 37.5 ਅਰਬ ਡਾਲਰ ਹੈ। 5ਵੇਂ ਨੰਬਰ 'ਤੇ ਹਾਂਗਕਾਂਗ ਦਾ ਕਵੋਕ ਪਰਿਵਾਰ ਹੈ, ਜਿਨ੍ਹਾਂ ਦੀ ਕੁੱਲ ਸੰਪਤੀ 35.6 ਅਰਬ ਡਾਲਰ ਹੈ। 6ਵੇਂ ਨੰਬਰ 'ਤੇ ਤਾਇਵਾਨ ਦਾ ਤਸਾਈ ਪਰਿਵਾਰ ਹੈ, ਜਿਸ ਦੀ ਕੁੱਲ ਸੰਪਤੀ 30.9 ਅਰਬ ਡਾਲਰ ਹੈ। 7ਵੇਂ ਨੰਬਰ 'ਤੇ ਭਾਰਤ ਦਾ ਜਿੰਦਰ ਪਰਿਵਾਰ ਹੈ, ਜਿਸ ਦੀ ਕੁੱਲ ਸੰਪਤੀ 28.1 ਅਰਬ ਡਾਲਰ ਹੈ। 8ਵੇਂ ਨੰਬਰ 'ਤੇ ਥਾਈਲੈਂਡ ਦਾ ਯੋਵੀਧਿਆ ਪਰਿਵਾਰ ਹੈ, ਜਿਸ ਦੀ ਕੁੱਲ ਸੰਪਤੀ 25.7 ਅਰਬ ਡਾਲਰ ਹੈ। 9ਵੇਂ ਨੰਬਰ 'ਤੇ ਭਾਰਤ ਦਾ ਬਿਰਲਾ ਪਰਿਵਾਰ ਹੈ, ਜਿਸ ਦੀ ਕੁੱਲ ਸੰਪਤੀ 23.0 ਅਰਬ ਡਾਲਰ ਹੈ। ਇਸ ਤੋਂ ਇਲਾਵਾ ਭਾਰਤ ਦਾ ਬਜਾਜ ਪਰਿਵਾਰ 20.1 ਅਰਬ ਡਾਲਰ ਨਾਲ 13ਵੇਂ ਸਥਾਨ 'ਤੇ, ਜਦੋਂਕਿ ਹਿੰਦੂਜਾ ਪਰਿਵਾਰ 15.2 ਅਰਬ ਡਾਲਰ ਨਾਲ ਸੂਚੀ 'ਚ 18ਵੇਂ ਸਥਾਨ 'ਤੇ ਹੈ।

# ਅਮਰੀਕਾ ਵਲੋਂ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਨੂੰ ਪ੍ਰਵਾਨਗੀ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ 26/11 ਮੁੰਬਈ ਅੱਤਵਾਦੀ ਹਮਲੇ ਦੇ ਮਾਮਲੇ 'ਚ ਲੋੜੀਂਦੇ ਤਹੱਵੁਰ ਰਾਣਾ ਨੂੰ ਭਾਰਤੀ ਏਜੰਸੀਆਂ ਦੇ ਹਵਾਲੇ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰੈੱਸ ਕਾਨਫਰੰਸ ਦੌਰਾਨ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅੱਜ ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਮੇਰੇ ਪ੍ਰਸ਼ਾਸਨ ਨੇ ਇਕ ਮੁੱਖ ਸਾਜਿਸ਼ਕਾਰ ਤੇ ਦੁਨੀਆ ਦੇ ਸਭ ਤੋਂ ਬੁਰੇ ਵਿਅਕਤੀ, ਜੋ ਕਿ ਭਿਆਨਕ ਮੁੰਬਈ ਅੱਤਵਾਦੀ ਹਮਲੇ 'ਚ ਭਾਰਤ ਨੂੰ ਲੋੜੀਂਦਾ ਹੈ, ਦੀ ਹਵਾਲਗੀ ਦੀ ਪ੍ਰਵਾਨਗੀ ਦਿੱਤੀ ਹੈ। ਇਸ ਲਈ ਉਸ ਨੂੰ ਭਾਰਤ 'ਚ ਨਿਆਂ ਦਾ ਸਾਹਮਣਾ ਕਰਨ ਲਈ ਭਾਰਤੀ ਏਜੰਸੀਆਂ ਨਾਲ ਭਾਰਤ ਵਾਪਸ ਭੇਜਿਆ ਰਿਹਾ ਹੈ। ਮਾਮਲੇ 'ਚ ਤਹੱਵੁਰ ਰਾਣਾ ਦੀ ਸਮੀਖਿਆ ਪਟੀਸ਼ਨ ਰੱਦ ਹੋਣ ਤੋਂ ਬਾਅਦ ਅਮਰੀਕਾ ਦੀ ਸੁਪਰੀਮ ਕੋਰਟ ਨੇ ਜਨਵਰੀ 'ਚ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦਿੱਤੀ ਸੀ। ਉਧਰ ਤਹੱਵੁਰ ਰਾਣਾ ਦੀ ਹਵਾਲਗੀ ਦੀ ਪ੍ਰਵਾਨਗੀ ਮਿਲਣ ਦੇ ਐਲਾਨ ਦੌਰਾਨ ਹੀ ਪ੍ਰਧਾਨ ਮੰਤਰੀ ਮੋਦੀ ਤੇ ਡੋਨਾਲਡ ਟਰੰਪ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਉਹ ਮੁੰਬਈ ਅੱਤਵਾਦੀ ਹਮਲੇ ਦੇ ਮੁਲਜ਼ਮਾਂ ਨੂੰ ਨਿਆਂ ਅਧੀਨ ਲਿਆਉਣ ਲਈ ਤੇਜ਼ੀ ਨਾਲ ਕੰਮ ਕਰੇ।



ਟਰੰਪ ਨੇ ਇਹ ਵੀ ਕਿਹਾ ਕਿ ਸਾਨੂੰ ਨਵੀਂ ਦਿੱਲੀ ਤੋਂ ਹੋਰ ਵੀ ਬੇਨਤੀਆਂ ਕੀਤੀਆਂ ਜਾ ਰਹੀਆਂ ਰਹੀਆਂ ਹਨ, ਜਿਸ ਤਹਿਤ ਆਉਣ ਵਾਲੇ ਸਮੇਂ 'ਚ ਹੋਰ ਵੀ ਹਵਾਲਗੀਆਂ ਨੂੰ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ।

# ਟੋਰਾਂਟੋ ਏਅਰਪੋਰਟ ਤੇ ਲੈਂਡਿੰਗ ਦੌਰਾਨ ਜਹਾਜ਼ ਪਲਟਿਆ, 18 ਯਾਤਰੀ ਜ਼ਖ਼ਮੀ

ਟੋਰਾਂਟੋ : ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸੋਮਵਾਰ ਨੂੰ ਡੈਲਟਾ ਏਅਰਲਾਈਨਜ਼ ਦਾ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਕਾਰਨ 18 ਯਾਤਰੀ ਜ਼ਖਮੀ ਹੋ ਗਏ। ਸੀਬੀਸੀ ਟੀਵੀ ਨੇ ਦੱਸਿਆ ਕਿ ਜਹਾਜ਼ ਮਿਨੀਆਪੋਲਿਸ ਤੋਂ ਟੋਰਾਂਟੋ ਆ ਰਿਹਾ ਸੀ ਅਤੇ ਲੈਂਡਿੰਗ ਦੌਰਾਨ ਰਨਵੇ 'ਤੇ ਪਲਟ ਗਿਆ। ਰਾਇਟਰਜ਼ ਦੀ ਰਿਪੋਰਟ ਮੁਤਾਬਕ ਘਟਨਾ ਵਾਲੀ ਥਾਂ 'ਤੇ ਮੌਜੂਦ ਪੈਰਾ-ਮੈਡੀਕਲ ਸਟਾਫ ਨੇ ਪੁਸ਼ਟੀ ਕੀਤੀ ਕਿ ਹਾਦਸੇ 'ਚ ਦੋ ਯਾਤਰੀ ਗੰਭੀਰ ਰੂਪ ਨਾਲ ਜ਼ਖਮੀ ਹੋਏ ਹਨ, ਜਦਕਿ ਬਾਕੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ 'ਤੇ ਇਕ ਪੋਸਟ ਵਿਚ ਲਿਖਿਆ ਸਾਰੇ ਯਾਤਰੀਆਂ ਅਤੇ ਚਾਲਕ ਦਲ ਦਾ ਧਿਆਨ ਰੱਖਿਆ ਜਾ ਰਿਹਾ ਹੈ। ਪੀਲ ਰੀਜਨਲ ਪੁਲਸ ਦੀ ਕਾਂਸਟੇਬਲ ਸਾਰਾਹ ਪੈਟਨ ਨੇ ਹਾਦਸੇ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਕਿਹਾ, "ਇੱਕ ਜਹਾਜ਼ ਹਾਦਸਾ ਹੋਇਆ ਹੈ। ਮੇਰੀ ਜਾਣਕਾਰੀ ਮੁਤਾਬਕ ਜ਼ਿਆਦਾਤਰ ਯਾਤਰੀ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਜਹਾਜ਼ ਤੋਂ ਬਾਹਰ ਕੱਢ ਲਿਆ ਗਿਆ ਹੈ।



ਕਰੈਸ਼ ਹੋਏ ਜਹਾਜ਼ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚ ਜਹਾਜ਼ ਪਲਟਿਆ ਹੋਇਆ ਦਿਖਾਈ ਦੇ ਰਿਹਾ ਹੈ ਅਤੇ ਐਮਰਜੈਂਸੀ ਸੇਵਾਵਾਂ ਦੀਆਂ ਟੀਮਾਂ ਬਚਾਅ ਕਰ ਰਹੀਆਂ ਹਨ। ਰਨਵੇ ਦੇ ਚਾਰੇ ਪਾਸੇ ਬਰਫ਼ ਨਜ਼ਰ ਆ ਰਹੀ ਹੈ। ਇਸ ਘਟਨਾ ਕਾਰਨ ਟੋਰਾਂਟੋ ਪੀਅਰਸਨ ਏਅਰਪੋਰਟ ਤੋਂ ਆਉਣ ਅਤੇ ਜਾਣ ਵਾਲੀਆਂ 40 ਤੋਂ ਵੱਧ ਉਡਾਣਾਂ ਨੂੰ ਦੇਰੀ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਮੁਤਾਬਕ ਫਲੈਪ ਐਕਟੂਏਟਰ 'ਚ ਖਰਾਬੀ ਕਾਰਨ ਜਹਾਜ਼ ਅਚਾਨਕ ਪਲਟ ਗਿਆ।

ਪੀਅਰਸਨ ਇੰਟਰਨੈਸ਼ਨਲ ਏਅਰਪੋਰਟ 'ਤੇ ਜਹਾਜ਼ ਦੇ ਹਾਦਸਾਗ੍ਰਸਤ ਹੋਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ 'ਚ ਕਾਲਾ ਧੂੰਆਂ ਉੱਠਦਾ ਦਿਖਾਈ ਦੇ ਰਿਹਾ ਹੈ। ਇਹ ਜਹਾਜ਼ ਮਿਤਸੁਬੀਸ਼ੀ ਸੀਆਰਜੇ900 ਸੀ, ਜਿਸਦਾ ਰਜਿਸਟ੍ਰੇਸ਼ਨ ਨੰਬਰ NICBXJ ਹੈ। ਇਹ 15 ਸਾਲ ਪੁਰਾਣਾ ਜਹਾਜ਼ ਸੀ ਅਤੇ 2013 ਤੋਂ ਡੈਲਟਾ ਏਅਰਲਾਈਨਜ਼ ਦੇ ਫਲੀਟ ਵਿੱਚ ਸੀ। ਡੈਲਟਾ ਏਅਰਲਾਈਨਜ਼ ਦੇ ਇੱਕ ਬਿਆਨ 'ਚ ਕਿਹਾ ਗਿਆ ਹੈ ਕਿ ਜਹਾਜ਼ ਦੀ ਕਰੈਸ਼ ਲੈਂਡਿੰਗ ਕਿਸ ਹਾਲਾਤ 'ਚ ਹੋਈ, ਇਸ ਦੀ ਜਾਂਚ ਕੀਤੀ ਜਾ ਰਹੀ ਹੈ।

# ਰੂਸ ਤੇ ਅਮਰੀਕਾ ਦੇ ਸਿਖ਼ਰਲੇ ਅਧਿਕਾਰੀਆਂ ਨੇ ਯੂਕਰੇਨ ਜੰਗ ਸਬੰਧੀ ਕੀਤੀ ਮੁਲਾਕਾਤ

ਰਿਆਧ : ਰੂਸ ਅਤੇ ਅਮਰੀਕਾ ਦੇ ਸਿਖਰਲੇ ਅਧਿਕਾਰੀਆਂ ਨੇ ਅੱਜ ਸਾਊਦੀ ਅਰਬ ਵਿੱਚ ਮੁਲਾਕਾਤ ਕੀਤੀ ਅਤੇ ਯੂਕਰੇਨ ਵਿੱਚ ਜੰਗਬੰਦੀ ਤੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਗੱਲਬਾਤ ਸ਼ੁਰੂ ਕੀਤੀ। ਰਿਆਧ ਦੇ ਦੀਰਿਆਹ ਪੈਲੇਸ ਵਿੱਚ ਹੋਈ ਇਹ ਮੀਟਿੰਗ ਟਰੰਪ ਪ੍ਰਸ਼ਾਸਨ ਵੱਲੋਂ ਰੂਸ ਨੂੰ ਵੱਖ ਕਰਨ ਦੀ ਅਮਰੀਕੀ ਨੀਤੀ ਬਦਲਣ ਦੀ ਦਿਸ਼ਾ ਵਿੱਚ ਇਕ ਹੋਰ ਮਹੱਤਵਪੂਰਨ ਕਦਮ ਹੈ ਅਤੇ ਇਸ ਦਾ ਉਦੇਸ਼ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਵਿਚਾਲੇ ਮੀਟਿੰਗ ਦਾ ਰਾਹ ਪੱਧਰਾ ਕਰਨਾ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਟਰੰਪ ਨੇ ਯੂਕਰੇਨ ਤੇ ਰੂਸ ਪ੍ਰਤੀ ਅਮਰੀਕੀ ਨੀਤੀ ਨੂੰ ਇਹ ਕਹਿ ਕੇ ਬਦਲ ਦਿੱਤਾ ਸੀ ਕਿ ਉਹ ਤੇ ਪੂਤਿਨ ਜੰਗ ਨੂੰ ਖ਼ਤਮ ਕਰਨ ਲਈ ਗੱਲਬਾਤ ਸ਼ੁਰੂ ਕਰਨ 'ਤੇ ਸਹਿਮਤ ਹੋ ਗਏ ਹਨ। ਯੂਕਰੇਨ ਅਧਿਕਾਰੀਆਂ ਨੇ ਮੀਟਿੰਗ ਵਿੱਚ ਹਿੱਸਾ ਨਹੀਂ ਲਿਆ ਤੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਸੋਮਵਾਰ ਨੂੰ ਕਿਹਾ ਸੀ ਕਿ ਜੇਕਰ ਕੀਵ ਮੀਟਿੰਗ ਵਿੱਚ ਹਿੱਸਾ ਨਹੀਂ ਲੈਂਦਾ ਤਾਂ ਉਨ੍ਹਾਂ ਦਾ ਦੇਸ਼ ਫੈਸਲੇ ਨੂੰ ਸਵੀਕਾਰ ਨਹੀਂ ਕਰੇਗਾ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਅਤੇ ਪੂਤਿਨ ਦੇ ਵਿਦੇਸ਼ ਮਾਮਲਿਆਂ ਦੇ ਸਲਾਹਕਾਰ ਯੂਰੀ ਉਸ਼ਾਕੋਵ ਸੋਮਵਾਰ ਰਾਤ ਨੂੰ ਸਾਊਦੀ ਪੁੱਜੇ। ਉਸ਼ਾਕੋਵ ਨੇ ਕਿਹਾ ਕਿ ਗੱਲਬਾਤ ਪੂਰੀ ਤਰ੍ਹਾਂ ਤੋਂ ਦੁਵੱਲੀ ਹੋਵੇਗੀ ਅਤੇ ਇਸ ਵਿੱਚ ਯੂਕਰੇਨ ਦੇ ਅਧਿਕਾਰੀ ਸ਼ਾਮਲ ਨਹੀਂ ਹੋਣਗੇ। ਇਸ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੇਂਸਕੀ ਨੇ ਆਪਣਾ ਇਸ ਹਫਤੇ ਦਾ ਸਾਊਦੀ ਅਰਬ ਦਾ ਦੌਰਾ ਮੁਲਤਵੀ ਕਰ ਦਿੱਤਾ ਹੈ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

3. ਮਤਾ ਨੰਬਰ 602/11 ਅਕਾਲੀ ਜਥਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਧਰਮ ਪ੍ਰਚਾਰ ਲਈ 200/- ਰੁਪਏ ਦਿੱਤੇ ਜਾਣ ਸਬੰਧੀ, ਪਰ ਅਕਾਲੀ ਜਥੇ ਲਈ ਜ਼ਰੂਰੀ ਹੋਵੇਗਾ ਕਿ ਉਹ ਇਸ ਰਕਮ ਦਾ ਦਰਬਾਰ ਸਾਹਿਬ ਕਮੇਟੀ ਨੂੰ ਹਿਸਾਬ ਕਿਤਾਬ ਭੇਜੇ।

4. ਮਤਾ ਨੰਬਰ 604/13 ਗੁਰੂ ਨਾਨਕ ਧਰਮ ਪ੍ਰਚਾਰਕ ਕਮੇਟੀ ਬਰੇਲੀ ਨੂੰ ਸ. ਬ. ਸ. ਭਗਤ ਸਿੰਘ ਜੀ ਦੀ ਮਾਰਫ਼ਤ ਇਕ ਸੌ (100) ਕੜੇ ਅਤੇ ਇਕ ਸੌ (100) ਬਾਲ ਉਪਦੇਸ਼ ਦੇਣ ਸਬੰਧੀ

5. ਮਤਾ ਨੰਬਰ 603/12 ਗੁਰਦੁਆਰਾ (ਪਿੰਡ) ਗੰਢੀ ਵਿੰਡ ਦੇ ਮੁਕਦਮੇ ਲਈ ਸ੍ਰ. ਦਲੀਪ ਸਿੰਘ ਜੀ ਨੂੰ ਧਰਮ ਅਰਥ ਅਤੇ ਖਾਤੇ ਵਿਚੋਂ ਰੁ.ਛ 55/- ਪਚਵੰਜਾ ਰੁਪਏ ਸਹਾਇਤਾ ਦਿੱਤੇ ਜਾਣ ਸਬੰਧੀ।

6. ਮਤਾ ਨੰਬਰ 606/15, ਮਾਈ ਇੰਦਰ ਕੌਰ ਬੇਵਾ ਭਾ. ਸੁੰਦਰ ਸਿੰਘ ਰਾਗੀ ਨੂੰ ਰੁ. 7/- ਰੁਪਏ ਮਾਹਵਾਰ ਇਕ ਸਾਲ ਲਈ ਗੁਜ਼ਾਰੇ ਵਜੋਂ ਦਿੱਤੇ ਜਾਣ ਸਬੰਧੀ।

7. ਮਤਾ ਨੰਬਰ 632/41, ਮਿਸਤਰੀ ਮੇਲਾ ਸਿੰਘ ਦੀ ਤਿੰਨਾਂ ਮਹੀਨਿਆਂ ਲਈ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਇਮਾਰਤ ਕਮੇਟੀ ਨੂੰ ਸੇਵਾ ਦਿੱਤੇ ਜਾਣ ਸਬੰਧੀ।

287. ਗੁਰਦੁਆਰਾ ਕਮੇਟੀ ਸ੍ਰੀ ਪੰਜਾ ਸਾਹਿਬ ਜ਼ਿਲ੍ਹਾ ਕੈਮਲਪੁਰ ਦੀ ਇਕੱਤਰਤਾ ਮਿਤੀ 7 ਮਾਰਚ 1936 ਦੇ ਹੇਠ ਲਿਖੇ ਮਤੇ ਪੇਸ਼ ਹੋਏ ਅਤੇ ਪ੍ਰਵਾਨ ਕੀਤੇ ਗਏ :

1. ਮਤਾ ਨੰਬਰ 27 ਹਰੀਪੁਰ ਸੈਂਟਰਲ ਜੇਹਲ ਲਾਗੇ ਦਾ ਗੁਰਦੁਆਰਾ ਪੰਜਾ ਸਾਹਿਬ ਕਮੇਟੀ ਦੇ ਅਧੀਨ ਕੀਤੇ ਜਾਣ ਬਾਬਤ।

2. ਮਤਾ ਨੰਬਰ 38 ਪਿੰਡ ਘੇਬ ਦੇ ਸਕੂਲ ਨੂੰ (500) ਰੁਪਏ ਦੀ ਸਹਾਇਤਾ ਗਾਰਡਰ ਖਰੀਦਣ ਲਈ ਦਿੱਤੇ ਜਾਣ ਸਬੰਧੀ (ਗੁਰਦੁਆਰਾ ਗਜ਼ਟ, ਪੰਨਾ 54 ਮਈ 1936)

288. ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਕਰਤਾਰਪੁਰ ਸਾਹਿਬ ਦੇ ਹੇਠ ਲਿਖੇ ਮਤੇ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ -

1. ਮਤਾ ਨੰਬਰ 1 ਮਿਤੀ 27.12.1932 ਧਰਮਸਾਲਾ ਦੌਦਾ ਦੇ ਮੁੱਕਦਮੇ ਦੇ ਖਰਚੇ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ।

2. ਮਤਾ ਨੰਬਰ 125 ਮਿਤੀ 24.3.1936 ਅੰਬਵਾਲੀ ਸ਼ਾਮਲਾਤ ਵਿਚੋਂ ਬਹਾਦਰ ਸਿੰਘ ਦਾ ਹਿਸਾ ਮਤੇ ਵਿਚ ਦਿੱਤੀਆਂ ਸ਼ਰਤਾਂ ਅਨੁਸਾਰ ਖਰੀਦ ਦੀ ਆਗਿਆ ਦਿੱਤੀ ਜਾਂਦੀ ਹੈ।




290. ਗੁਰਦੁਆਰਾ ਕਮੇਟੀ ਮੰਜੀ ਸਾਹਿਬ ਕਨੇਚ ਜ਼ਿਲ੍ਹਾ ਲੁਧਿਆਣਾ ਦੀ ਇਕੱਤਰਤਾ ਦਾ ਮਤਾ ਨੰਬਰ 11 ਮਿਤੀ 12.2.1936 ਪੇਸ਼ ਹੋ ਕੇ ਪ੍ਰਵਾਨ ਹੋਇਆ :

ੳ. ਗੁਰਦੁਆਰੇ ਲਈ ਆਈ ਮਾਇਆ ਵਸਤੂਲ ਕਰਨ ਅਤੇ ਰਸੀਦਾਂ ਉਤੇ ਦਸਤਖਤ ਕਰਨ ਦੇ ਅਧਿਕਾਰ ਸ੍ਰ. ਅਮਰ ਸਿੰਘ ਜੀ ਪ੍ਰਧਾਨ ਨੂੰ ਦਿੱਤੇ ਜਾਣ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ ਅਤੇ

ਅ. 10/- ਦਸ ਰੁਪਏ ਤੱਕ ਰਕਮ ਗੁਰਦੁਆਰੇ ਦੇ ਖਜ਼ਾਨੇ ਵਿਚ ਅਤੇ ਕੋਆਪਰੇਟਿਵ ਬੈਂਕ ਕਨੇਚ ਵਿਚ ਰੱਖਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

291. ਗੁਰਦੁਆਰਾ ਕਮੇਟੀ ਬੁਰਜ ਸਾਹਿਬ ਦਾ ਮਤਾ ਨੰਬਰ 48 ਮਿਤੀ 7-7-35 ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਉਕਤ ਕਮੇਟੀ ਨੂੰ ਗੁਰਦੁਆਰਾ ਬੁਰਜ ਵਾਕਿਆ ਕਲੇਰ ਖੁਰਦ ਦੀ ਅਪੀਲ ਆਪਣੇ ਖਰਚ 'ਤੇ ਕਰਲ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ।

292. ਪ੍ਰਵਾਨ ਹੋਇਆ ਕਿ ਹੇਠ ਲਿਖੇ ਗੁਰਦੁਆਰਿਆਂ ਦੀਆਂ ਕਮੇਟੀਆਂ ਲਈ ਗੁਰਦੁਆਰਾ ਐਕਟ ਦੀ ਦਫ਼ਾ 87 ਅਨੁਸਾਰ ਨਾਲ ਲਿਖੇ ਸੱਜਣ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ :-

ਨੰ. ਨਾਮ ਗੁਰੁਦਆਰਾ, ਪਿੰਡ, ਤਹਿਸੀਲ, ਜ਼ਿਲ੍ਹਾ, ਨਾਮਜ਼ਦ ਮੈਂਬਰ

ਨਾਮ ਗੁਰੁਦਆਰਾ ਦਰਬਾਰ ਸਾਹਿਬ, ਪਿੰਡ ਕਰਤਾਰਪੁਰ, ਤਹਿਸੀਲ, ਸ਼ੱਕਰਗੜ੍ਹ ਜ਼ਿਲ੍ਹਾ ਗੁਰਦਾਸਪੁਰ, ਨਾਮਜ਼ਦ ਮੈਂਬਰ : ਸ੍ਰ. ਬੁੱਢਾ ਸਿੰਘ ਸਪੁੱਤਰ ਸ੍ਰ. ਕੇਸਰ ਸਿੰਘ ਪਿੰਡ ਭੈੜੇਵਾਲ, ਡਾਕਘਰ ਵੀਰਮ ਦਤਾਂ, ਜ਼ਿਲ੍ਹਾ ਗੁਰਦਾਸਪੁਰ (ਸ੍ਰ. ਨਿਹਾਲ ਸਿੰਘ ਸਵਰਗਵਾਸੀ ਦੀ ਥਾਂ)

ਨਾਮ ਗੁਰੁਦਆਰਾ ਧਰਮਸਾਲਾ, ਪਿੰਡ ਕੁਲਹਾਲ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਨਾਮਜ਼ਦ ਮੈਂਬਰ : ਸ੍ਰ. ਸੰਤੋਖ ਸਿੰਘ ਸਪੁੱਤਰ ਸ੍ਰ. ਬੀਰ ਸਿੰਘ ਪਿੰਡ ਕੁਲਹਾਲ, ਡਾਕ ਘਰ ਸਮਰਾਲਾ, ਜ਼ਿਲ੍ਹਾ ਲੁਧਿਆਣਾ। (ਗੁਰਦੁਆਰਾ ਗਜ਼ਟ, ਅੰਮ੍ਰਿਤਸਰ (55) ਮਈ 1936)

ਨਾਮ ਗੁਰੁਦਆਰਾ ਧਰਮਸ਼ਾਲਾ, ਪਿੰਡ ਮਲਮਜ਼ਾਰਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਨਾਮਜ਼ਦ ਮੈਂਬਰ : ਸ੍ਰ. ਹਰਨਾਮ ਸਿੰਘ ਸਪੁੱਤਰ ਸ੍ਰ. ਅਮਰ ਸਿੰਘ ਪਿੰਡ ਮਲ ਮਜ਼ਾਰਾ, ਡਾਕ ਘਰ ਸਰਵਰਪੁਰ ਜ਼ਿਲ੍ਹਾ ਲੁਧਿਆਣਾ

**(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਕਸਰਤ ਕਰਨ ਤੋਂ ਪਹਿਲਾਂ, ਇਹ ਫ਼ੈਸਲਾ ਕਰੋ ਕਿ :**

1. ਤੁਸੀਂ ਕਿਹੜੀ ਕਸਰਤ ਕਰਨ ਦੇ ਚਾਹਵਾਨ ਹੋ, ਉਸਦੀ ਚੋਣ ਕਰੋ, ਜਿਵੇਂ ਪੈਦਲ ਤੁਰਨਾ, ਦੌੜ ਲਗਾਉਣਾ ਜਾਂ ਭਾਰ ਚੁੱਕਣਾ ਆਦਿ।
2. ਬਿਨਾਂ-ਨਾਗ਼ਾ ਕਸਰਤ ਬਹੁਤ ਜ਼ਿਆਦਾ ਮਹੱਤਵਪੂਰਨ ਹੈ, ਇਸ ਲਈ ਆਪਣੇ ਆਪ ਨਾਲ ਵਾਇਦਾ ਕਰੋ ਕਿ ਜਦੋਂ ਕਸਰਤ ਸ਼ੁਰੂ ਕਰ ਲਈ ਹੈ ਤਾਂ ਇਸਨੂੰ ਲਗਾਤਾਰ ਕਰੋਗੇ।
3. ਜੇਕਰ ਤੁਹਨੂੰ ਕੋਈ ਦਿਲ ਦੀ ਬਿਮਾਰੀ ਹੈ, ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਕਰੋ ਕਿ ਤੁਸੀਂ ਕਿਸ ਤਰ੍ਹਾਂ ਦੀਆਂ ਕਸਰਤਾਂ ਕਰ ਸਕਦੇ ਹੋ।
4. ਕਸਰਤ ਹੌਲੀ ਹੌਲੀ ਸ਼ੁਰੂ ਕਰੋ ਤਾਂ ਜੋ ਤੁਹਾਡੀਆਂ ਮਾਸਪੇਸ਼ੀਆਂ ਨੂੰ ਗਰਮ ਹੋਣ ਦਾ ਮੌਕਾ ਮਿਲੇ। ਇਸੇ ਤਰ੍ਹਾਂ ਕਸਰਤ ਹੌਲੀ ਹੌਲੀ ਖ਼ਤਮ ਕਰੋ।

**ਜੇ ਤੁਹਾਨੂੰ ਗੋਡੇ ਦਾ ਗਠੀਆ ਹੈ ਤਾਂ ਇਸ ਤਰ੍ਹਾਂ ਦੀਆਂ ਕਸਰਤਾਂ ਕਰ ਸਕਦੇ ਹੋ ?**

1. ਸਾਈਕਲ ਚਲਾਉਣਾ।
2. ਤੈਰਾਕੀ ਕਰਨਾ।
3. ਹੌਲੀ ਪੈਦਲ ਚੱਲਣਾ।

**ਡਾਕਟਰ ਨੂੰ ਕਦੋਂ ਦਿਖਾਈਏ ?**

1. ਕਸਰਤ ਕਰਨ ਸਮੇਂ ਜੇ ਤੁਸੀਂ ਛਾਤੀ ਵਿੱਚ ਦਰਦ ਜਾਂ ਦਬਾਓ ਮਹਿਸੂਸ ਕਰੋ।
2. ਕਸਰਤ ਕਰਨ ਸਮੇਂ ਜੇ ਤੁਹਾਨੂੰ ਚੱਕਰ ਆਉਣ।
3. 3. ਕਸਰਤ ਕਰਨ ਸਮੇਂ ਜੋ ਤੁਹਾਨੂੰ ਸਾਹ ਲੈਣ ਵਿਚ ਤਕਲੀਫ਼ ਹੋਵੇ।

**ਮੋਟਾਪਾ ਤੇ ਸਿਹਤਮੰਦ ਭਾਰ**




ਲੋਕ ਅਲੱਗ ਅਲੱਗ ਸ਼ਕਲ ਅਤੇ ਆਕਾਰਾਂ ਦੇ ਹੁੰਦੇ ਹਨ। ਸਾਡਾ ਉਦੇਸ਼ ਸਿਹਤਮੰਦ ਭਾਰ ਨੂੰ ਕਾਇਮ ਰੱਖਣਾ ਹੈ, ਨਾ ਕਿ ਸਿਰਫ਼ ਭਾਰ ਨੂੰ ਘਟਾਉਣਾ ।

**ਸਰੀਰ ਦਾ ਭਾਰ ਨਿਰਭਰ ਕਰਦਾ ਹੈ :**

1. ਵਿਰਾਸਤੀ (ਪਰਿਵਾਰਿਕ ਪਿਛੋਕੜ)।
2. ਖਾਣਾ ਜੋ ਤੁਸੀਂ ਖਾਂਦੇ ਹੋ।
3. ਸਰੀਰਕ ਕੰਮ-ਕਾਜ।

**ਸਿਹਤ 'ਤੇ ਧਿਆਨ ਦਿਓ, ਨਾ ਕਿ ਭਾਰ 'ਤੇ :**

1. ਸਿਹਤਮੰਦ ਖਾਣਾ : ਜ਼ਿਆਦਾ ਨਮਕ ਤੇ ਜ਼ਿਆਦਾ ਮਿੱਠੇ ਤੋਂ ਬਚਾਅ ਕਰੋ। ਖਾਣਾ ਘੱਟ ਮਿਕਦਾਰ ਵਿਚ ਪਾਓ, ਜਿਸ ਵਿਚ ਫੈਟ ਘੱਟ ਹੋਵੇ।
2. ਰੋਜ਼ਾਨਾ ਕਸਰਤ ਕਰਨਾ : ਕਸਰਤ ਸਾਨੂੰ ਮਜ਼ਬੂਤ ਸਰੀਰ ਦੇ ਨਾਲ ਜ਼ਿਆਦਾ ਊਰਜਾ ਪ੍ਰਦਾਨ ਕਰਦੀ ਹੈ, ਅਤੇ ਭਾਰ ਨੂੰ ਕੰਟਰੋਲ ਕਰਨ ਵਿੱਚ ਸਹਾਈ ਹੁੰਦੀ ਹੈ ।

**ਮੋਟਾਪਾ ਬਿਮਾਰੀਆਂ ਦਾ ਖ਼ਤਰਾ ਵਧਾਉਂਦਾ ਹੈ, ਜਿਵੇਂ:**

1. ਦਿਲ ਦੀ ਬਿਮਾਰੀ।
2. ਸ਼ੂਗਰ ਰੋਗ।
3. ਲਕਵਾ ਜਾਂ ਅਧਰੰਗ।
4. ਜਿਗਰ ਦੀਆਂ ਬਿਮਾਰੀਆਂ,

**ਕਸਰਤ ਕਰਨ ਦੇ ਨੁਕਤੇ :**

1. ਜੋ ਕਸਰਤ ਤੁਸੀਂ ਕਰਨਾ ਚਾਹੁੰਦੇ ਹੋ, ਉਸਦਾ ਚੁਣਾਓ ਕਰੋ।
2. ਕਸਰਤ ਹਰ ਰੋਜ਼ ਜਾਂ ਹਰ ਦੂਸਰੇ ਦਿਨ ਜ਼ਰੂਰ ਕਰੋ।
3. ਕਿੰਨੀ ਕਸਰਤ ਕੀਤੀ ਗਈ ਹੈ, ਇਸਦੇ ਨਾਲੋਂ ਰੋਜ਼ਾਨਾ ਕਸਰਤ ਕਰਨਾ ਵੱਧ ਜ਼ਰੂਰੀ ਹੈ।
4. ਆਪਣੀ ਕਸਰਤ ਨੂੰ ਰੋਜ਼ਾਨਾ ਮਾਣਨ ਦੀ ਕੋਸ਼ਿਸ਼ ਕਰੋ।
5. ਹਫ਼ਤੇ ਵਿਚ ਚਾਰ-ਪੰਜ ਵਾਰੀ ਤਕਰੀਬਨ 30 ਮਿੰਟ ਲਈ ਕਸਰਤ ਜ਼ਰੂਰ ਕਰੋ।

ਬਿਨਾਂ ਕਸਰਤ ਤੋਂ ਘੱਟ ਖਾਣਾ (ਡਾਈਟਿੰਗ) ਖ਼ਤਰਨਾਕ ਹੈ, ਕਿਉਂਕਿ :

1. ਸਰੀਰ ਦੀ ਚਰਬੀ ਘਟਦੀ ਹੈ, ਪਰ ਇਸਦੇ ਨਾਲ ਹੀ ਪੱਠੇ ਵੀ ਕਮਜ਼ੋਰ ਹੁੰਦੇ ਹਨ।
2. ਤੁਸੀਂ ਪਤਲੇ ਹੁੰਦੇ ਹੋ, ਪਰ ਇਸਦੇ ਨਾਲ ਹੀ ਕਮਜ਼ੋਰ ਵੀ ਹੁੰਦੇ ਹੋ।

ਕਦੇ ਵੀ ਖਾਣੇ ਦੇ ਸਮੇਂ ਨੂੰ ਨਾ ਖੁੰਜਾਓ (ਕਦੇ ਭੁੱਖੇ ਨਾ ਰਹੋ) :

1. ਤੁਸੀਂ ਬਾਅਦ ਵਿੱਚ ਲੋੜ ਤੋਂ ਵੱਧ ਖਾ ਲੈਂਦੇ ਹੋ।
2. ਕਦੇ ਖਾਣ ਅਤੇ ਕਦੇ ਨਾ ਖਾਣ ਨਾਲ ਅਸਲੀਅਤ ਵਿੱਚ ਭਾਰ ਵੱਧ ਜਾਂਦਾ ਹੈ।
3. ਇੱਕੋ ਸਮੇਂ ਜ਼ਿਆਦਾ ਖਾਣਾ ਨਾ ਖਾਓ। ਛੋਟੇ ਹਿੱਸਿਆਂ ਵਿੱਚ ਖਾਓ, ਪਰ ਚੰਗੀ ਤਰ੍ਹਾਂ ਚਬਾ ਕੇ ਖਾਓ।
4. ਕਦੇ ਵੀ ਸਵੇਰ ਦਾ ਖਾਣਾ (ਨਾਸ਼ਤਾ) ਨਾ ਛੱਡੋ।

**ਵੱਖ-ਵੱਖ ਕਿਸਮਾਂ ਦੇ ਖਾਣੇ ਖਾਓ :**

1. ਜ਼ਿਆਦਾ ਫਲ ਅਤੇ ਸਬਜ਼ੀਆਂ ਖਾਓ, ਘੱਟ ਚਰਬੀ ਵਾਲੇ ਖਾਣੇ ਖਾਓ।
2. ਦਿਨ ਵਿੱਚ 8-10 ਗਲਾਸ ਪਾਣੀ ਦੇ ਪੀਓ।

**ਹਮੇਸ਼ਾਂ ਆਸ਼ਾਵਾਦੀ ਰਹੋ :**

1. ਜੇਕਰ ਤੁਸੀਂ ਸਿਹਤਮੰਦ ਜੀਵਨਸ਼ੈਲੀ ਨੂੰ ਅਪਨਾਉਣ ਦੀ ਕੋਸ਼ਿਸ਼ ਕਰਦੇ ਹੋ ਤਾਂ ਆਪਣੇ ਆਪ .ਤੇ ਮਾਣ ਮਹਿਸੂਸ ਕਰੋ।
2. ਆਪਣੇ ਉਦੇਸ਼ਾਂ ਬਾਬਤ ਆਪਣੇ ਦੋਸਤਾਂ ਅਤੇ ਪਰਿਵਾਰ ਦੇ ਨਾਲ ਗੱਲਬਾਤ ਕਰੋ ਅਤੇ ਉਹਨਾਂ ਨੂੰ ਮੱਦਦ ਕਰਨ ਲਈ ਕਹੋ।
3. ਜੇਕਰ ਤੁਹਾਡਾ ਭਾਰ ਨਹਲ ਘੱਟ ਰਿਹਾ ਤਾਂ ਹੌਂਸਲਾ ਨਾ ਛੱਡੋ, ਸਹਿਣਸ਼ੀਲਤਾ ਨਾਲ ਲਗਾਤਾਰ ਮਿਹਨਤ ਕਰਦੇ ਰਹੋ।
4. ਭਾਰ ਘਟਾਉਣ ਲਈ ਸਹਿਣਸ਼ੀਲਤਾ, ਸਮਾਂ ਅਤੇ ਰੋਜ਼ਾਨਾ ਦੀ ਮਿਹਨਤ ਦੀ ਲੋੜ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੇ ਇਕ ਵਾਰ ਫ਼ਿਰ ਖੜਕਾਇਆ ਹਾਈਕੋਰਟ ਦਾ ਦਰਵਾਜ਼ਾ

## ਸੰਸਦ ਸੈਸ਼ਨ 'ਚ ਸ਼ਾਮਿਲ ਹੋਣ ਲਈ ਅਦਾਲਤ ਤੋਂ ਨਿਰਦੇਸ਼ ਜਾਰੀ ਕਰਨ ਦੀ ਮੰਗ

ਚੰਡੀਗੜ੍ਹ : ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਸੰਸਦ ਦੇ ਬਜਟ ਇਜਲਾਸ ਵਿਚ ਸ਼ਮੂਲੀਅਤ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕਰਦਿਆਂ ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਹੋਰਨਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ ਹੈ। ਅੰਮ੍ਰਿਤਪਾਲ ਸਿੰਘ ਨੇ ਪਟੀਸ਼ਨ ਵਿਚ ਕਿਹਾ ਕਿ ਲੋਕ ਸਭਾ ਦੇ ਸਕੱਤਰ ਜਨਰਲ ਵੱਲੋਂ ਜਾਰੀ ਸੰਮਨਾਂ ਦੀ ਤਾਮੀਲ ਲਈ ਉਸ ਦੀ ਸੰਸਦ ਵਿਚ ਹਾਜ਼ਰੀ ਜ਼ਰੂਰੀ ਹੈ। ਸਿੰਘ ਨੇ ਕਿਹਾ ਕਿ ਉਸ ਦੀ ਗੈਰਹਾਜ਼ਰੀ ਉਹਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ।

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ 'ਵਾਰਿਸ ਪੰਜਾਬ ਦੇ' ਦਾ ਮੁਖੀ ਅੰਮ੍ਰਿਤਪਾਲ ਸਿੰਘ ਇਸ ਵੇਲੇ ਕੌਮੀ ਸੁਰੱਖਿਆ ਐਕਟ ਦੀਆਂ ਵਿਵਸਥਾਵਾਂ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਪਟੀਸ਼ਨਰ ਨੇ ਦਾਅਵਾ ਕੀਤਾ ਕਿ ਉਸ ਨੂੰ ਗਿਣਮਿੱਥ ਕੇ ਸੰਸਦ ਦੇ ਇਜਲਾਸ ਵਿਚ ਸ਼ਾਮਲ ਹੋਣ ਤੋਂ ਰੋਕਿਆ ਜਾ ਰਿਹਾ ਹੈ ਤਾਂ ਕਿ ਖਡੂਰ ਸਾਹਿਬ ਸੰਸਦੀ ਸੀਟ ਨੂੰ ਖਾਲੀ ਐਲਾਨਿਆ ਜਾ ਸਕੇ। ਅੰਮ੍ਰਿਤਪਾਲ ਸਿੰਘ ਨੇ ਦਾਅਵਾ ਕੀਤਾ ਕਿ ਜੇ ਉਹ 60 ਦਿਨਾਂ ਤੋਂ ਵੱਧ ਸੰਸਦ 'ਚੋਂ ਗੈਰਮੌਜੂਦ ਰਹਿੰਦਾ ਹੈ ਤਾਂ ਨਤੀਜੇ ਵਜੋਂ ਸੀਟ ਨੂੰ ਖਾਲੀ ਐਲਾਨਿਆ ਜਾ ਸਕਦਾ ਹੈ ਅਤੇ ਜੇ ਅਜਿਹਾ ਹੁੰਦਾ ਹੈ ਤਾਂ ਉਸ ਦਾ ਅਸਰ ਨਾ ਸਿਰਫ਼ ਉਸ ਉੱਤੇ ਬਲਕਿ ਉਸ ਦੇ ਹਲਕੇ ਦੇ 19 ਲੱਖ ਲੋਕਾਂ 'ਤੇ ਪਏਗਾ। ਅੰਮ੍ਰਿਤਸਪਾਲ ਸਿੰਘ ਨੇ ਅਧਿਕਾਰੀਆਂ ਤੋਂ ਐੱਮਪੀਲੈਡ ਸਕੀਮ ਨੂੰ ਲਾਗੂ ਕਰਨ ਸਬੰਧੀ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਮਿਲਣ ਦੀ ਆਗਿਆ ਦੇਣ ਲਈ ਨਿਰਦੇਸ਼ ਵੀ ਮੰਗੇ। ਐੱਮਪੀਲੈਡ ਸਕੀਮ ਸੰਸਦ ਮੈਂਬਰਾਂ ਨੂੰ



ਸਥਾਨਕ ਤੌਰ 'ਤੇ ਪਛਾਣੀਆਂ ਗਈਆਂ ਜ਼ਰੂਰਤਾਂ ਦੇ ਅਧਾਰ 'ਤੇ ਵਿਕਾਸ ਪ੍ਰੋਜੈਕਟਾਂ ਦੀ ਸਿਫਾਰਸ਼ ਕਰਨ ਦੀ ਆਗਿਆ ਦਿੰਦੀ ਹੈ। ਪਟੀਸ਼ਨ ਮੁਤਾਬਕ, ਅੰਮ੍ਰਿਤਪਾਲ ਨੇ ਪਿਛਲੇ ਸਾਲ 30 ਨਵੰਬਰ ਨੂੰ ਲੋਕ ਸਭਾ ਸਪੀਕਰ ਨੂੰ ਰਸਮੀ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਸੰਸਦੀ ਇਜਲਾਸ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ। ਪਟੀਸ਼ਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਉਸ ਨੂੰ ਪਹਿਲਾਂ ਹੀ 46 ਦਿਨਾਂ ਤੋਂ ਸੰਸਦੀ ਇਜਲਾਸਾਂ ਤੋਂ ਗੈਰਹਾਜ਼ਰੀ ਬਾਰੇ ਸੂਚਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ/ਜ਼ਿਲ੍ਹਾ ਮੈਜਿਸਟਰੇਟ ਨੂੰ ਸੰਸਦੀ ਇਜਲਾਸਾਂ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਮੰਗਣ ਲਈ ਬੇਨਤੀਆਂ ਕੀਤੀਆਂ ਸਨ, ਪਰ ਕੋਈ ਜਵਾਬ ਨਹੀਂ ਮਿਲਿਆ। ਅੰਮ੍ਰਿਤਪਾਲ ਨੇ ਦਲੀਲ ਦਿੱਤੀ ਕਿ ਉਸ ਦੀ ਗੈਰਹਾਜ਼ਰੀ ਸਵੈਇੱਛਤ ਨਹੀਂ ਸੀ ਸਗੋਂ ਰਾਜ ਦੀ ਕਾਰਵਾਈ ਦਾ ਨਤੀਜਾ ਸੀ, ਜਿਸ ਨਾਲ ਇਹ ਜ਼ਬਰਦਸਤੀ ਬਾਹਰ ਕੱਢਣ ਦਾ ਮਾਮਲਾ ਬਣ ਗਿਆ।

# ਅਮਰੀਕਾ ਜਾਣ ਦੀ ਹੋੜ 'ਚ ਨਿਰਦਈ ਹੋਇਆ ਇਨਸਾਨ

## • *ਮਾਸੂਮ ਬੱਚਿਆਂ ਨੂੰ ਵੀ ਲਵਾ ਰਿਹਾ ਖੌਫਨਾਕ ਮੰਜਰ ਵਾਲੀਆਂ ਡੌਂਕੀਆਂ*
## • *ਖੁਦਗਰਜ਼ ਮਾਪਿਆਂ ਦੀ ਜ਼ਿੱਦ ਦਾ ਸ਼ਿਕਾਰ ਹੋ ਰਹੇ ਨਵਜੰਮੇ ਬੱਚੇ*

ਅੰਮ੍ਰਿਤਸਰ : ਅਮਰੀਕਾ ਜਾਣ ਦੀ ਹੋੜ ਨੇ ਇਨਸਾਨ ਨੂੰ ਇਸ ਕਦਰ ਨਿਰਦਈ ਬਣਾ ਦਿੱਤਾ ਹੈ ਕਿ ਉਹ ਆਪਣੇ ਸੁਪਨਿਆਂ ਨੂੰ ਸਜਾਉਣ ਲਈ ਆਪਣੇ ਮਾਸੂਮ ਬੱਚਿਆਂ ਨੂੰ ਉਨ੍ਹਾਂ ਮੌਤ ਦੇ ਰਸਤਿਆਂ ਰਾਹੀਂ (ਡੌਂਕੀ) ਲੈ ਕੇ ਜਾਣ ਤੋਂ ਵੀ ਭੋਰਾ ਕੰਨੀ ਨਹੀਂ ਕਤਰਾ ਰਹੇ ਹਨ, ਜਿਹੜੇ ਰਾਹ ਪਹਿਲਾਂ ਹੀ ਕਈ ਇਨਸਾਨਾਂ ਦੀਆਂ ਜ਼ਿੰਦਗੀਆਂ ਨੂੰ ਨਿਗਲ ਚੁੱਕੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤੀ ਤੋਂ ਬਾਅਦ ਅਮਰੀਕਾ ਵਲੋਂ ਹੁਣ ਤੱਕ 3 ਵੱਖ-ਵੱਖ ਜਹਾਜਾਂ ਰਾਹੀਂ 332 ਭਾਰਤੀਆਂ ਨੂੰ ਜਬਰੀ ਭੇਜਿਆ ਜਾ ਚੁੱਕਾ ਹੈ, ਇਨ੍ਹਾਂ 'ਚ ਮੁੱਖ ਤੌਰ 'ਤੇ ਗੁਜਰਾਤ, ਹਰਿਆਣਾ ਤੇ ਪੰਜਾਬ ਨਾਲ ਸੰਬੰਧਿਤ ਜ਼ਿਆਦਾਤਰ ਲੋਕ ਸ਼ਾਮਿਲ ਹਨ, ਜਿਹੜੇ ਪਿਛਲੇ ਕੁਝ ਕੁ ਮਹੀਨੇ ਪਹਿਲਾਂ ਹੀ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਏ ਤੇ ਉੱਥੇ ਜਾਂਦਿਆਂ ਹੀ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਤੇ ਕੁਝ ਦਿਨ ਦੀ ਲੋੜੀਂਦੀ ਪ੍ਰਕਿਰਿਆ ਮੁਕੰਮਲ ਕਰਕੇ ਅਮਰੀਕੀ ਸੈਨਾ ਦੇ ਹਵਾਈ ਜਹਾਜ਼ ਰਾਹੀਂ ਅੰਮ੍ਰਿਸਰ ਹਵਾਈ ਅੱਡੇ ਵਿਖੇ ਡਿਪੋਰਟ ਕਰ ਦਿੱਤਾ। ਅਮਰੀਕਾ ਵਲੋਂ ਡਿਪੋਰਟ ਕੀਤੇ ਗਏ ਭਾਰਤੀਆਂ 'ਚ ਸ਼ਾਮਿਲ ਉਨ੍ਹਾਂ ਬੱਚਿਆਂ ਦੀ ਉਮਰ ਦਿਲ ਨੂੰ ਝੰਜੋੜ ਕੇ ਰੱਖ ਦੇਣ ਵਾਲੀ ਹੈ, ਜਿਹੜੇ ਮਾਸੂਮ ਅਜੇ ਇਸ ਦੁਨੀਆਦਾਰੀ ਤੋਂ ਕੋਰੇ ਹਨ ਤੇ ਇਥੋਂ ਤੱਕ ਕਿ ਉਹ ਅਜੇ ਠੀਕ ਢੰਗ ਨਾਲ ਬੋਲਣਾ ਵੀ ਨਹੀਂ ਸਿੱਖੇ। ਅਮਰੀਕਾ ਤੋਂ ਜ਼ਬਰੀ ਕੱਢੇ ਗਏ ਭਾਰਤੀਆਂ 'ਚ ਸਭ ਤੋਂ ਛੋਟੀ ਉਮਰ ਦੇ ਬੱਚਿਆਂ 'ਚ ਦਰਸ਼ਤੀ ਪਰਜਾਪਤੀ, ਆਰਵ ਪਰਜਾਪਤੀ, ਦਕਸ਼ਰਾਜ ਸਿੰਘ ਰਾਣਾ, ਹੇਆਂਸ਼ ਗੋਇਲ, ਹੇਮਲ ਗੋਸਵਾਮੀ, ਦਿਸ਼ਾ ਪਟੇਲ ਆਦਿ ਗੁਜਰਾਤ ਨਾਲ ਸੰਬੰਧਿਤ ਸ਼ਾਮਿਲ ਹਨ, ਜਿਨ੍ਹਾਂ ਦੀ ਉਮਰ ਮਹਿਜ 1 ਤੋਂ 5 ਸਾਲ ਹੈ। ਇਸ ਤੋਂ ਇਲਾਵਾ ਇਨ੍ਹਾਂ ਡਿਪੋਰਟੀਆਂ 'ਚ 5 ਸਾਲ ਤੋਂ ਵਡੇਰੀ ਉਮਰ ਦੇ ਹੋਰ ਬੱਚੇ-ਬੱਚੀਆਂ ਵੀ ਸ਼ਾਮਿਲ ਹਨ, ਜਿਨ੍ਹਾਂ ਨੂੰ ਜ਼ਿੰਦਗੀ ਦੇ ਇਸ ਖਤਰਨਾਕ ਫ਼ੈਸਲੇ ਦੀ ਕੋਈ ਸੋਝੀ ਨਹੀਂ ਹੈ ਪਰ ਉਹ ਆਪਣੇ ਖੁਦਗਰਜ਼ ਮਾਪਿਆਂ ਦੀ ਜਿੱਦ ਦਾ ਸ਼ਿਕਾਰ ਹੋ ਰਹੇ ਹਨ। ਮਾਪਿਆਂ ਤੇ ਖਾਸ ਕਰਕੇ ਉਨ੍ਹਾਂ ਦੇ ਬੱਚਿਆਂ ਲਈ ਸਭ ਤੋਂ ਵੱਡੀ ਸ਼ਰਮਿੰਦਗੀ ਕੀ ਹੋ ਸਕਦੀ ਹੈ ਕਿ ਉਨ੍ਹਾਂ ਦੇ ਮਾਪਿਆਂ ਦੀ ਇਕ ਜਿੱਦ ਕਰਕੇ ਉਨ੍ਹਾਂ ਨੂੰ ਅਜਿਹੇ ਹਾਲਾਤ ਦੇਖਣੇ ਪੈ ਰਹੇ ਹਨ, ਜਿਥੇ ਬੱਚਿਆਂ ਦੇ ਸਾਹਮਣੇ ਉਨ੍ਹਾਂ ਦੇ ਮਾਪੇ ਜੰਜੀਰਾਂ ਨਾਲ ਬੰਨ੍ਹੇ ਹੋਏ ਹਨ ਤੇ ਇਹ ਔਕੜਾਂ ਤੇ ਦੁਸ਼ਵਾਰੀਆਂ ਭਰਿਆ ਸਫਰ ਵੀ ਕਈ-ਕਈ ਘੰਟਿਆਂ ਦਾ ਤੈਅ ਕਰਨਾ ਪੈ ਰਿਹਾ ਹੈ। ਜਦਕਿ ਇਸ ਤੋਂ ਪਹਿਲਾਂ ਡੌਂਕੀ ਰਾਹੀਂ ਅਮਰੀਕਾ ਜਾਣ ਵਾਲਾ ਸਫਰ ਵੀ ਕਿਸੇ ਡਰਾਵਣੇ ਸੁਪਨੇ ਤੋਂ ਘੱਟ ਨਹੀਂ, ਜਿਥੇ ਡੌਂਕਰਾਂ ਵਲੋਂ ਬੇਰਹਿਮੀ ਨਾਲ ਮਾਨਸਿਕ ਤੇ ਸਰੀਰਕ ਤਸ਼ੱਦਦ ਕੀਤਾ ਜਾਂਦਾ ਹੈ, ਜਿਸ ਦੀ ਬਹੁਤ ਸਾਰੀਆਂ ਤਸਵੀਰਾਂ, ਵੀਡੀਓਜ਼ ਇਸ ਤੋਂ ਪਹਿਲਾਂ ਵੀ ਨਸ਼ਰ ਹੁੰਦੀਆਂ ਰਹਿੰਦੀਆਂ ਹਨ ਤੇ ਹੁਣ ਵੀ ਵਾਪਸ ਆਏ ਲੋਕਾਂ ਦੀਆਂ ਜ਼ੁਬਾਨੀ ਹਨ, ਜਿਸਨੂੰ ਸੁਣ ਕੇ ਪੱਥਰ ਦਿਲ ਇਨਸਾਨ ਦਾ ਦਿਲ ਵੀ ਪਸੀਜ਼ ਜਾਂਦਾ ਹੈ। ਇਸ ਸਭ ਦੀ ਜਾਣਕਾਰੀ ਹੁੰਦੇ ਹੋਏ ਵੀ ਲੋਕ ਬਾਦਸਤੂਰ ਲੱਖਾਂ ਰੁਪਏ ਖਰਚ ਕੇ ਆਪਣੇ ਨਾਲ ਆਪਣੇ ਮਾਸੂਮ ਬੱਚਿਆਂ ਨੂੰ ਇਸ ਤਸ਼ੱਦਦ ਦਾ ਸ਼ਿਕਾਰ ਹੋਣ ਲਈ ਮਜਬੂਰ ਕਰ ਰਹੇ ਹਨ, ਜਿਸ ਦਾ ਡਰ ਤੇ ਖੌਫ ਡਿਪੋਰਟ ਹੋ ਕੇ ਆ ਭਾਰਤ ਆ ਰਹੇ ਉਨ੍ਹਾਂ ਲਾਚਾਰ ਬੱਚਿਆਂ ਦੇ ਚਿਹਰਿਆਂ 'ਤੇ ਸਾਫ ਦੇਖਣ ਨੂੰ ਮਿਲ ਰਿਹਾ ਹੈ।



## ਲਾਪਤਾ ਟਰਾਂਸਜੈਂਡਰ ਵਿਅਕਤੀ ਦੀ ਤਸ਼ੱਦਦ ਉਪਰੰਤ ਮੌਤ-5 ਗ੍ਰਿਫ਼ਤਾਰ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਪੁਲਿਸ ਵਲੋਂ ਲਾਪਤਾ ਹੋਏ ਮਿਨੀਸੋਟਾ ਦੇ ਇਕ 24 ਸਾਲਾ ਟਰਾਂਸਜੈਂਡਰ ਵਿਅਕਤੀ ਦਾ ਮਾਮਲਾ ਹੱਲ ਕਰ ਲੈਣ ਦਾ ਦਾਅਵਾ ਕੀਤਾ ਗਿਆ ਹੈ। ਪੁਲਿਸ ਅਨੁਸਾਰ ਲਾਪਤਾ ਹੋਏ ਸੈਮ ਨਾਰਡਕੁਇਸਟ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਇਸ ਸੰਬੰਧੀ ਨਿਊਯਾਰਕ ਵਿਚ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਗਿ ?ਫ਼ਤਾਰ ਵਿਅਕਤੀਆਂ ਵਿਰੁੱਧ ਦੂਜੇ ਦਰਜੇ ਦੀ ਹੱਤਿਆ ਸਮੇਤ ਹੋਰ ਦੋਸ਼ ਲਾਏ ਗਏ ਹਨ। ਪੁਲਿਸ ਦਾ ਮੰਨਣਾ ਹੈ ਕਿ ਮੌਤ ਤੋਂ ਪਹਿਲਾਂ ਸੈਮ ਨਾਰਡਕੁਇਸਟ ਉਪਰ ਤਸ਼ਦਦ ਕੀਤਾ ਗਿਆ। ਪੁਲਿਸ ਅਨੁਸਾਰ ਸੈਮ ਦੇ ਪਰਿਵਾਰ ਵਲੋਂ 9 ਫਰਵਰੀ ਨੂੰ ਬੇਨਤੀ ਕਰਨ ਉਪਰੰਤ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਸੀ। 13 ਫਰਵਰੀ ਨੂੰ ਰੋਚੈਸਟਰ ਦੇ ਦੱਖਣ ਪੂਰਬ ਵਿਚ ਤਕਰੀਬਨ 50 ਮੀਲ ਦੂਰ ਯਾਟਸ ਕਾਊਂਟੀ ਵਿਚ ਮਨੁੱਖੀ ਅੰਗ ਬਰਾਮਦ ਹੋਏ ਹਨ, ਜੋ ਸਮਝਿਆ ਜਾਂਦਾ ਹੈ ਕਿ ਸੈਮ ਦੇ ਹਨ। ਉਪਰੰਤ ਪੁਲਿਸ ਦੇ ਹੱਥ ਅਜਿਹੇ ਸਬੂਤ ਲੱਗੇ, ਜਿਨ੍ਹਾਂ ਤੋਂ ਪਤਾ ਲੱਗਾ ਕਿ ਦਸੰਬਰ 2024 ਤੇ ਫਰਵਰੀ 2025 ਦਰਮਿਆਨ ਸੈਮ ਉਪਰ ਤਸ਼ੱਦਦ ਕੀਤਾ ਗਿਆ। ਨਿਊਯਾਰਕ ਸਟੇਟ ਪੁਲਿਸ ਦੇ ਕੈਪਟਨ ਕੈਲੀ ਸਵਿਫਟ ਅਨੁਸਾਰ ਸੈਮ ਉਪਰ ਵਾਰ-ਵਾਰ ਤਸ਼ੱਦਦ ਕੀਤਾ ਗਿਆ ਸੀ, ਜਿਸ ਕਾਰਨ ਉਹ ਦਮ ਤੋੜ ਗਿਆ। ਗਿ ?ਫ਼ਤਾਰ ਲੋਕਾਂ ਦੀ ਉਮਰ 19 ਸਾਲ ਤੋਂ 38 ਸਾਲ ਦਰਮਿਆਨ ਹੈ, ਜਿਨ੍ਹਾਂ ਵਿਚ ਪਰੀਸੀਅਸ ਅਰਜ਼ੂਆਗਾ (38), ਜੈਨੀਫਰ ਏ ਕੁਇਜਾਨੋ (30) ਕੀਲੇ ਸੇਜ (33), ਪੈਟਰਿਕ ਏ ਗੁੱਡਵਿਨ (30) ਤੇ ਏਮਿਲੀ ਮੋਟੀਕਾ (19) ਸ਼ਾਮਿਲ ਹਨ।

## ਸਿੱਖ ਨਸਲਕੁਸ਼ੀ : ਸਰਕਾਰੀ ਧਿਰ ਨੇ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਮੰਗੀ

### ਅਦਾਲਤ ਵੱਲੋਂ ਮਾਮਲੇ ਦੀ ਸੁਣਵਾਈ 21 ਤੱਕ ਮੁਲਤਵੀ

ਨਵੀਂ ਦਿੱਲੀ : ਦਿੱਲੀ ਵਿੱਚ ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਤ ਹੱਤਿਆ ਦੇ ਇਕ ਮਾਮਲੇ ਵਿੱਚ ਸਰਕਾਰੀ ਧਿਰ ਨੇ ਅੱਜ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਅਪੀਲ ਕੀਤੀ ਅਤੇ ਇਸ ਨੂੰ 'ਸਭ ਤੋਂ ਦੁਰਲੱਭ' ਅਪਰਾਧ ਕਰਾਰ ਦਿੱਤਾ। ਸਰਕਾਰੀ ਧਿਰ ਵੱਲੋਂ ਦਾਇਰ ਇਕ ਲਿਖਤ ਹਲਫਨਾਮੇ ਵਿੱਚ ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੂੰ ਇਸ ਦਲੀਲ ਬਾਰੇ ਜਾਣਕਾਰੀ ਦਿੱਤੀ ਗਈ। ਹੱਤਿਆ ਲਈ ਘੱਟੋ ਘੱਟ ਸਜ਼ਾ ਉਮਰ ਕੈਦ ਹੈ।



ਸੱਜਣ ਕੁਮਾਰ ਦੇ ਵਕੀਲ ਨੇ ਮਾਮਲੇ 'ਤੇ ਬਹਿਸ ਕਰਨ ਲਈ ਸਮਾਂ ਮੰਗਿਆ, ਜਿਸ ਮਗਰੋਂ ਜੱਜ ਨੇ ਇਹ ਕਹਿੰਦੇ ਹੋਏ ਮਾਮਲੇ ਦੀ ਸੁਣਵਾਈ 21 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਕਿ ਵਕੀਲ, ਐਡਵੋਕੇਟ ਸੋਧ ਬਿੱਲ 2025 ਦੇ ਵਿਰੋਧ ਵਿੱਚ ਅੱਜ ਕੰਮ ਨਹੀਂ ਕਰਨਗੇ। ਸ਼ਿਕਾਇਤਕਰਤਾ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਐੱਚਐੱਸ ਫੂਲਕਾ ਨੇ ਸਰਕਾਰੀ ਧਿਰ ਦੀ ਮੌਤ ਦੀ ਸਜ਼ਾ ਦੀ ਮੰਗ ਦਾ ਸਮਰਥਨ ਕੀਤਾ ਅਤੇ ਬਹਿਸ ਲਈ ਸਮਾਂ ਮੰਗਿਆ। ਸੱਜਣ ਕੁਮਾਰ ਫਿਲਹਾਲ ਤਿਹਾੜ ਜੇਲ੍ਹ ਵਿੱਚ ਬੰਦ ਹੈ।

ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ ਪਹਿਲੀ ਨਵੰਬਰ 1984 ਨੂੰ ਹੱਤਿਆ ਕਰ ਦਿੱਤੀ ਗਈ ਸੀ। ਹੱਤਿਆ ਦੇ ਸਬੰਧ ਵਿੱਚ ਪੰਜਾਬੀ ਬਾਗ ਥਾਣੇ ਨੇ ਕੇਸ ਦਰਜ ਕੀਤਾ ਸੀ ਪਰ ਬਾਅਦ ਵਿੱਚ ਇਕ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਦੀ ਜ਼ਿੰਮੇਵਾਰੀ ਲੈ ਲਈ ਸੀ।

## ਓਮਾਨ 'ਚ ਫਸੀ ਜਲੰਧਰ ਦੀ ਲੜਕੀ ਦੋ ਸਾਲ ਮਗਰੋਂ ਘਰ ਪਰਤੀ

### ਏਜੰਟ 'ਤੇ ਉਸ ਨੂੰ ਵੇਚਣ ਦੇ ਦੋਸ਼; ਸੰਤ ਸੀਚੇਵਾਲ ਨੂੰ ਹੱਡਬੀਤੀ ਦੱਸੀ



ਜਲੰਧਰ : ਜਲੰਧਰ ਜ਼ਿਲ੍ਹੇ ਦੀ ਲੜਕੀ ਓਮਾਨ 'ਚ 2 ਸਾਲ ਨਰਕ ਭਰੀ ਜ਼ਿੰਦਗੀ ਬਤੀਤ ਕਰਨ ਮਗਰੋਂ ਆਖ਼ਰ ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਆਪਣੇ ਘਰ ਪਹੁੰਚ ਗਈ ਹੈ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿੱਚ ਸੀਚੇਵਾਲ ਦਾ ਧੰਨਵਾਦ ਕਰਨ ਪਹੁੰਚੀ ਪੀੜਤਾ ਨੇ ਦੱਸਿਆ ਕਿ ਇਹ ਉਸ ਦਾ ਦੂਜਾ ਜਨਮ ਹੈ। ਪੀੜਤਾ ਨੇ ਦੱਸਿਆ ਕਿ ਉਹ ਦੋ ਸਾਲ ਪਹਿਲਾਂ ਮਸਕਟ (ਓਮਾਨ) ਵਿੱਚ ਚੰਗੇ ਭਵਿੱਖ ਲਈ ਗਈ ਸੀ ਪਰ ਉੱਥੇ ਜਾ ਕੇ ਜਦੋਂ ਉਸ ਦੇ ਵੀਜ਼ੇ ਦੀ ਮਿਆਦ ਖ਼ਤਮ ਹੋ ਗਈ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨੂੰ ਉੱਥੇ ਕੰਮ ਕਰਨ ਲਈ ਨਹੀਂ ਭੇਜਿਆ ਗਿਆ ਬਲਕਿ ਉਸ ਨੂੰ ਵੇਚ ਦਿੱਤਾ ਹੈ। ਉਸ ਨੇ ਦੱਸਿਆ ਕਿ ਜਿਸ ਜਗ ?ਾ ਉਸ ਨੂੰ ਵੇਚਿਆ ਗਿਆ ਉੱਥੇ ਉਸ ਦੇ ਨਾਲ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਸ਼ੱਦਦ ਕੀਤਾ ਗਿਆ। ਪੀੜਤਾ ਨੇ ਦੱਸਿਆ ਕਿ ਉਸ 'ਤੇ ਚੋਰੀ ਦਾ ਦੋਸ਼ ਤੇ ਜੁਰਮਾਨਾ ਲੱਗਣ ਕਾਰਨ ਉਸ ਨੂੰ ਵਾਪਸੀ ਲਈ ਲੰਬਾ ਸਮਾਂ ਇੰਤਜ਼ਾਰ ਕਰਨ ਪਿਆ। ਪੀੜਤਾ ਨੇ ਦੱਸਿਆ ਕਿ ਉਥੇ ਲੜਕੀਆਂ ਨੂੰ ਝੂਠੇ ਕੇਸਾਂ ਵਿੱਚ ਫਸਾ ਕਿ ਜੇਲ੍ਹਾਂ 'ਚ ਭੇਜਿਆ ਜਾ ਰਿਹਾ ਹੈ। ਉਸ ਨੇ ਉਥੇ ਹੀ ਫਸੀ ਪੰਜਾਬ ਦੀ ਇੱਕ ਹੋਰ ਲੜਕੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਉਸ ਲੜਕੀ 'ਤੇ ਏਜੰਟ ਵੱਲੋਂ ਇੰਨਾ ਤਸ਼ੱਦਦ ਕੀਤਾ ਗਿਆ ਕਿ ਲੜਕੀ ਦੇ ਪੈਰ ਬੁਰੀ ਤਰ੍ਹਾਂ ਨਾਲ ਖਰਾਬ ਹੋ ਚੁੱਕੇ ਹਨ ਤੇ ਉਸ ਨੂੰ ਇਲਾਜ ਦੀ ਲੋੜ ਸੀ। ਏਜੰਟ ਨੇ ਇਲਾਜ ਕਰਵਾਉਣ ਦੀ ਥਾਂ ਉਸ ਨੂੰ ਚੋਰੀ ਦੇ ਦੋਸ਼ ਹੇਠ ਜੇਲ੍ਹ ਭੇਜ ਦਿੱਤਾ। ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਕਿਹਾ ਕਿ ਪਰਵਾਸ ਨੂੰ ਲੈ ਕੇ ਜੋ ਹਾਲਾਤ ਬਣੇ ਹੋਏ ਹਨ ਉਹ ਬੇਹੱਦ ਹੀ ਚਿੰਤਾਜਨਕ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਜੇਕਰ ਉਹ ਪਰਵਾਸ ਕਰ ਰਹੇ ਹਨ ਤਾਂ ਉਨ੍ਹਾਂ ਕੋਲ ਸਹੀ ਤਰੀਕਾ ਹੋਣਾ ਚਾਹੀਦਾ ਹੈ।

## ਦਸਮੇਸ਼ ਪਿਤਾ ਵਲੋਂ ਨਵਾਬ ਮਲੇਰਕੋਟਲਾ ਨੂੰ ਸਨਮਾਨ ਨਿਸ਼ਾਨੀ ਵਜੋਂ ਦਿੱਤੀ 'ਤਲਵਾਰ' ਮੁਬਾਰਕ ਮੰਜ਼ਿਲ ਮਹਿਲ ਵਿਚੋਂ ਗ਼ਾਇਬ

### ਬੇਗਮ ਮੁਨੱਵਰ ਉਨ ਨਿਸਾ ਦੀ 'ਪੋਤੀ' ਵਲੋਂ ਇਤਿਹਾਸਕ ਤਲਵਾਰ ਸਮੇਤ ਮਹਿਲ ਦੀਆਂ ਵਡਮੁੱਲੀਆਂ ਵਸਤਾਂ 'ਚੋਰੀ' ਹੋਣ ਬਾਰੇ ਸ਼ਿਕਾਇਤ ਗ੍ਰਹਿ ਸਕੱਤਰ ਨੂੰ ਭੇਜੀ

ਮਲੇਰਕੋਟਲਾ : ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮੌਕੇ ਸੂਬਾ ਸਰਹਿੰਦ ਦੀ ਕਚਹਿਰੀ ਵਿਚ 'ਹਾਅ ਦਾ ਨਾਅਰਾ' ਮਾਰਨ ਵਾਲੇ ਰਿਆਸਤ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਤੋਹਫ਼ੇ ਵਜੋਂ ਭੇਜੀ ਇਤਿਹਾਸਕ 'ਤਲਵਾਰ' ਸਥਾਨਕ ਮੁਬਾਰਕ ਮੰਜ਼ਿਲ ਮਹਿਲ ਵਿਚੋਂ ਗਾਇਬ ਹੋ ਗਈ ਹੈ। ਇਤਿਹਾਸਕ ਸਰੋਤਾਂ ਮੁਤਾਬਿਕ ਇਹ ਤਲਵਾਰ ਮਾਛੀਵਾੜੇ ਤੋਂ ਦੀਨਾ ਕਾਂਗੜ ਜਾਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 17 ਦਸੰਬਰ 1705 ਨੂੰ ਰਾਏਕੋਟ ਨੇੜਲੇ ਪਿੰਡ ਲੰਮੇ ਜੱਟਪੁਰ ਵਿਖੇ ਰਾਏਪੁਰ (ਹੁਣ ਰਾਏਕੋਟ) ਦੇ ਨਵਾਬ ਰਾਏ ਕੱਲ੍ਹਾ ਰਾਹੀਂ ਨਵਾਬ ਸ਼ੇਰ ਮੁਹੰਮਦ ਖਾਨ ਮਲੇਰਕੋਟਲਾ ਨੂੰ ਸਨਮਾਨ ਨਿਸ਼ਾਨੀ ਵਜੋਂ ਭੇਜੀ ਗਈ ਸੀ। ਰਿਆਸਤ ਮਲੇਰਕੋਟਲਾ ਦੀ ਆਖ਼ਰੀ ਬੇਗਮ ਮੁਨੱਵਰ ਉਨ ਨਿਸਾ ਵਲੋਂ ਇਸ ਤਲਵਾਰ ਨੂੰ ਸ਼ੀਸ਼ੇ ਦੇ ਵਿਸ਼ੇਸ਼ ਬਕਸੇ ਵਿਚ ਆਪਣੇ ਮੁਬਾਰਕ ਮੰਜ਼ਿਲ ਮਹਿਲ ਵਿਖੇ ਸੰਭਾਲ ਕੇ ਰੱਖਿਆ ਹੋਇਆ ਸੀ। ਬੇਗਮ ਮੁਨੱਵਰ ਉਨ ਨਿਸਾ ਦਾ 27 ਅਕਤੂਬਰ 2023 ਨੂੰ 102 ਸਾਲ ਦੀ ਉਮਰ ਵਿਚ ਇੰਤਕਾਲ ਹੋ ਗਿਆ ਸੀ। ਮਰਹੂਮ ਬੇਗਮ ਦੀ ਰਿਸ਼ਤੇ ਵਿਚ ਪੋਤੀ ਅਤੇ ਇਕਲੌਤੀ ਵਾਰਸ ਹੋਣ ਦਾ ਦਾਅਵਾ ਕਰ ਰਹੀ ਇਕ ਔਰਤ ਬੀਬੀ ਮਹਿਰੂ ਨਿਸਾ ਨੇ ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਇਕ ਪੱਤਰ ਭੇਜ ਕੇ ਕੁੱਝ ਵਿਅਕਤੀਆਂ ਵਲੋਂ ਮੁਬਾਰਕ ਮੰਜ਼ਿਲ ਮਹਿਲ ਮਲੇਰਕੋਟਲਾ ਵਿਚ ਸੁਰੱਖਿਅਤ ਪਈ ਇਤਿਹਾਸਕ 'ਸ੍ਰੀ ਸਾਹਿਬ' (ਤਲਵਾਰ) ਚੋਰੀ ਕਰ ਲੈਣ ਦੀ ਸ਼ਿਕਾਇਤ ਕੀਤੀ ਹੈ, ਜਿਸ ਨਾਲ ਮਲੇਰਕੋਟਲਾ ਦੀ ਆਵਾਮ ਅਤੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਆਸਥਾਵਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਇਸ ਇਤਿਹਾਸਕ ਤਲਵਾਰ ਦੇ ਨਾਲ ਹੀ ਮਰਹੂਮ ਨਵਾਬ ਇਫਤਿਖਾਰ ਅਲੀ ਖਾਨ ਅਤੇ ਮਰਹੂਮ ਬੇਗਮ ਮੁਨੱਵਰ ਉਨ ਨਿਸਾ ਦੇ ਜੀਵਨ ਨਾਲ ਸਬੰਧਿਤ ਕਈ ਅਹਿਮ ਤੇ ਵਡਮੁੱਲੀਆਂ ਤਸਵੀਰਾਂ, ਬੇਗਮ ਦੇ ਜਰੀ ਵਾਲੇ ਅਣਮੁੱਲੇ ਕੱਪੜੇ ਅਤੇ ਹੋਰ ਬਹੁਤ ਸਾਰਾ ਕੀਮਤੀ ਸਾਮਾਨ ਵੀ ਚੋਰੀ ਕਰ ਲਿਆ ਗਿਆ ਹੈ। ਬੀਬੀ ਮਹਿਰੂ ਨਿਸ਼ਾ ਨੇ ਦਾਅਵਾ ਕੀਤਾ ਕਿ ਇਸ ਸਾਰੀ ਵਾਰਦਾਤ ਦੀ ਵੀਡੀਓ ਵੀ ਉਨ੍ਹਾਂ ਕੋਲ ਮੌਜੂਦ ਹੈ। ਗ੍ਰਹਿ ਸਕੱਤਰ ਪੰਜਾਬ ਨੂੰ ਲਿਖੇ ਪੱਤਰ ਵਿਚ ਬੀਬੀ ਮਹਿਰੂ ਨਿਸਾ ਨੇ ਦੱਸਿਆ ਕਿ 8 ਦਸੰਬਰ 2024 ਨੂੰ ਦੁਪਹਿਰੇ ਕਰੀਬ 2 ਵਜੇ ਦੋ ਵਿਅਕਤੀਆਂ ਨੇ ਕਥਿਤ ਤੌਰ 'ਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਉਸ ਨੇ ਉਸੇ ਦਿਨ ਥਾਣਾ ਸਿਟੀ-1 ਮਲੇਰਕੋਟਲਾ ਵਿਖੇ ਇਸ ਦੀ ਸੂਚਨਾ ਦੇ ਦਿੱਤੀ ਪਰ ਪੁਲਿਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਸਰਕਾਰ ਨੂੰ ਗੁਜ਼ਾਰਿਸ਼ ਕੀਤੀ ਕਿ ਚੋਰੀ ਕਰਨ ਵਾਲਿਆਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।




ਗੁਰੂ ਗੋਬਿੰਦ ਸਿੰਘ ਵਲੋਂ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਸਨਮਾਨ ਵਜੋਂ ਭੇਜੀ 'ਸ੍ਰੀ ਸਾਹਿਬ'।

**ਚੋਰੀ ਦੇ ਦੋਸ਼ ਨੂੰ ਨਕਾਰਿਆ :** ਬੀਬੀ ਮਹਿਰੂ ਨਿਸਾ ਵਲੋਂ ਸ੍ਰੀ ਸਾਹਿਬ ਅਤੇ ਹੋਰ ਕੀਮਤੀ ਸਾਮਾਨ ਚੋਰੀ ਕਰਨ ਲਈ ਜਿਹੜੇ ਤਿੰਨ ਵਿਅਕਤੀਆਂ ਉਪਰ ਉਂਗਲ ਧਰੀ ਗਈ ਹੈ ਉਨ੍ਹਾਂ ਵਿਚੋਂ ਇਕ ਨੇ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਸਪਸ਼ਟ ਕੀਤਾ ਕਿ ਦਸਮੇਸ਼ ਪਿਤਾ ਨਾਲ ਸਬੰਧਿਤ 'ਸ੍ਰੀ ਸਾਹਿਬ' ਪਹਿਲਾਂ ਵਾਂਗ ਹੀ ਸ਼ੀਸ਼ੇ ਦੇ ਬਕਸੇ ਵਿਚ ਸ਼ਰਧਾ ਨਾਲ ਸੰਭਾਲ ਕੇ ਸੁਰੱਖਿਅਤ ਰੱਖੀ ਹੋਈ ਹੈ। ਉਸ ਨੇ ਦਾਅਵਾ ਕੀਤਾ ਕਿ ਜ਼ਿਲ੍ਹੇ ਦੇ ਉੱਚ ਪੁਲਿਸ ਅਧਿਕਾਰੀ ਵੀ ਸ੍ਰੀ ਸਾਹਿਬ ਦੇ ਦਰਸ਼ਨ ਕਰਕੇ ਉਸ ਦੀ ਸੇਵਾ ਸੰਭਾਲ ਉੱਪਰ ਤਸੱਲੀ ਪ੍ਰਗਟ ਕਰ ਚੁੱਕੇ ਹਨ।

## ਲੁਧਿਆਣਾ 'ਮੌਤ ਦਾ ਸੌਦਾ': ਪਤੀ ਨੇ ਮਹਿਲਾ ਮਿੱਤਰ ਨਾਲ ਰਲ ਕੇ ਪਤਨੀ ਦੇ ਕਤਲ ਲਈ ਦਿੱਤੀ ਸੀ ਸੁਪਾਰੀ

### 50000 ਰੁ. ਪੇਸ਼ਗੀ ਸਮੇਤ 2.50 ਲੱਖ ਰੁ. 'ਚ ਹੋਇਆ ਸੀ ਮੌਤ ਦਾ ਸੌਦਾ

ਚੰਡੀਗੜ੍ਹ : ਲੁਧਿਆਣਾ ਪੁਲਿਸ ਨੇ ਸੋਮਵਾਰ ਨੂੰ ਲਿਪਸੀ ਮਿੱਤਲ ਦੀ ਹੱਤਿਆ ਦੇ ਦੋਸ਼ਾਂ ਹੇਠ ਵਪਾਰੀ ਅਤੇ ਆਪ ਆਗੂ ਅਨੋਖ ਮਿੱਤਲ ਨੂੰ ਉਸਦੀ ਮਹਿਲਾ ਦੋਸਤ ਪ੍ਰਤੀਕਸ਼ਾ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਕੇਸ ਵਿਚ ਪੁਲੀਸ ਨੇ ਚਾਰ ਸੁਪਾਰੀ ਲੈ ਕੇ ਕਤਲ ਕਰਨ ਵਾਲਿਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਨੂੰ ਦੋਵਾਂ ਨੇ ਸੁਪਾਰੀ ਦਿੱਤੀ ਸੀ। ਇਨ੍ਹਾਂ ਦੀ ਪਛਾਣ ਅੰਮ੍ਰਿਤਪਾਲ ਸਿੰਘ ਉਰਫ਼ ਬੱਲੀ (26), ਗੁਰਦੀਪ ਸਿੰਘ ਉਰਫ਼ ਮੰਨੀ (25), ਸੋਨੂੰ ਸਿੰਘ (24) ਸਾਰੇ ਵਾਸੀ ਨੰਦਪੁਰ ਅਤੇ ਸਾਗਰਦੀਪ ਸਿੰਘ ਉਰਫ਼ ਤੇਜੀ (30) ਵਾਸੀ ਢੰਡਾਰੀ ਕਲਾਂ ਵਜੋਂ ਹੋਈ ਹੈ। ਮੁੱਖ ਕੰਟਰੈਕਟ ਕਿਲਰ ਗੁਰਪ੍ਰੀਤ ਸਿੰਘ ਉਰਫ਼ ਗੋਪੀ ਫਰਾਰ ਹੈ।

ਜ਼ਿਕਰਯੋਗ ਹੈ ਕਿ ਸ਼ਨਿੱਚਰਵਾਰ ਰਾਤ ਡੇਹਲੋਂ ਬਾਈਪਾਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਹਮਲਾਵਰਾਂ ਨੇ ਇਕ ਔਰਤ ਦਾ ਕਤਲ ਕਰ ਦਿੱਤਾ ਸੀ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਲਿਪਸੀ ਆਪਣੇ ਪਤੀ ਅਨੋਖ ਨਾਲ ਲੁਧਿਆਣਾ-ਮਲੇਰਕੋਟਲਾ ਹਾਈਵੇਅ 'ਤੇ ਸਥਿਤ ਪਿੰਡ ਪੋਹੀੜ ਦੇ ਇੱਕ ਰਿਜ਼ੋਰਟ 'ਚ ਪਾਰਟੀ ਕਰਕੇ ਘਰ ਪਰਤ ਰਹੀ ਸੀ। ਅਨੋਖ ਨੇ ਦਾਅਵਾ ਕੀਤਾ ਸੀ ਕਿ ਜਦੋਂ



ਜੋੜਾ ਡੇਹਲੋਂ ਬਾਈਪਾਸ 'ਤੇ ਇਕ ਸੁੰਨਸਾਨ ਜਗ੍ਹਾ 'ਤੇ ਰੁਕਿਆ ਸੀ ਤਾਂ ਕੁਝ ਅਣਪਛਾਤੇ ਬਦਮਾਸ਼ਾਂ ਨੇ ਉਨ੍ਹਾਂ 'ਤੇ ਹਮਲਾ ਕਰਨ ਤੋਂ ਬਾਅਦ ਉਸ ਦੀ ਮਾਰੂਤੀ ਰਿਟਜ਼ ਕਾਰ, ਮੋਬਾਈਲ ਅਤੇ ਗਹਿਣੇ ਕਥਿਤ ਤੌਰ 'ਤੇ ਖੋਹ ਲਏ ਸਨ। ਹਾਲਾਂਕਿ, ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਪੀੜਤਾ ਦਾ ਪਤੀ ਅਨੋਖ ਮਿੱਤਲ ਇਸ ਘਟਨਾ ਦਾ ਮੁੱਖ ਸਾਜ਼ਿਸ਼ਕਰਤਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਉਸ ਨੇ ਆਪਣੀ ਮਹਿਲਾ ਦੋਸਤ ਨਾਲ ਮਿਲ ਕੇ ਸਾਜ਼ਿਸ਼ ਰਚੀ, ਜਿਸ ਨਾਲ ਉਸ ਦੇ ਕਥਿਤ ਤੌਰ 'ਤੇ ਨਾਜਾਇਜ਼ ਸਬੰਧ ਸੀ। ਦੋਵਾਂ ਨੇ ਮਿਲ ਕੇ 50,000 ਰੁਪਏ ਪੇਸ਼ਗੀ ਦੇ ਕੇ 2.50 ਲੱਖ ਰੁਪਏ ਵਿੱਚ ਪੰਜ ਵਿਅਕਤੀਆਂ ਨੂੰ ਇਸ ਕੰਮ ਲਈ ਸੁਪਾਰੀ ਦਿੱਤੀ ਸੀ ਅਤੇ ਬਾਕੀ ਰਕਮ ਕਤਲ ਤੋਂ ਬਾਅਦ ਅਦਾ ਕੀਤੀ ਜਾਣੀ ਸੀ।

# ਸ੍ਰ. ਹਰਜਿੰਦਰ ਸਿੰਘ ਧਾਮੀ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ

- ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਪੱਤਰ ਲਿਖ ਕੇ ਸੱਤ ਮੈਂਬਰੀ ਕਮੇਟੀ ਦੇ ਮੁਖੀ ਵਜੋਂ ਵੀ ਫਾਰਗ ਕਰਨ ਦੀ ਕੀਤੀ ਅਪੀਲ
- ਜਥੇਦਾਰ ਵਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾਏ ਜਾਣ ਸੰਬੰਧੀ ਪੋਸਟ ਪਾਏ ਜਾਣ ਤੋਂ ਬਾਅਦ ਨੈਤਿਕ ਆਧਾਰ 'ਤੇ ਦਿੱਤਾ ਅਸਤੀਫ਼ਾ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਵਲੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਪੰਜ ਸਿੰਘ ਸਾਹਿਬਾਨ ਵਲੋਂ ਬੀਤੀ 2 ਦਸੰਬਰ, 2024 ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਨਵੀਂ ਮੈਂਬਰਸ਼ਿਪ ਭਰਤੀ ਸੰਬੰਧੀ ਗਠਿਤ ਕੀਤੀ ਗਈ ਸੱਤ ਮੈਂਬਰੀ ਕਮੇਟੀ ਦੇ ਮੁਖੀ ਵਜੋਂ ਵੀ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਨਾਂਅ ਪੱਤਰ ਲਿਖ ਕੇ ਇਸ ਜ਼ਿੰਮੇਵਾਰੀ ਤੋਂ ਫ਼ਾਰਗ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਾਹਲੀ ਨਾਲ ਸੱਦੀ ਪ੍ਰੈੱਸ ਕਾਨਫ਼ਰੰਸ ਦੌਰਾਨ ਆਪਣੇ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਦਿਆਂ ਸ: ਧਾਮੀ ਨੇ ਕਿਹਾ ਕਿ ਉਹ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਰਹੇ ਹਨ ਤੇ ਰਹਿਣਗੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ਾਂ ਸੰਬੰਧੀ ਤਿੰਨ ਮੈਂਬਰੀ ਜਾਂਚ ਕਮੇਟੀ ਦੀ ਪੜਤਾਲੀਆ ਰਿਪੋਰਟ 'ਤੇ ਹਾਜ਼ਰ ਮੈਂਬਰ ਸਾਹਿਬਾਨ ਵਲੋਂ ਕਰੀਬ ਡੇਢ ਘੰਟਾ ਵਿਚਾਰ ਚਰਚਾ ਕੀਤੀ ਗਈ ਸੀ ਤੇ ਇਸ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਫ਼ਾਰਗ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸੋਸ਼ਲ ਮੀਡੀਆ 'ਤੇ ਆਪਣੀ ਇਕ ਪੋਸਟ ਸ਼ੇਅਰ ਕੀਤੀ ਗਈ ਸੀ, ਜਿਸ ਦੇ ਅਖੀਰ ਵਿਚ ਇਹ ਲਿਖਿਆ ਗਿਆ ਸੀ ਕਿ ਸ਼੍ਰੋਮਣੀ ਕਮੇਟੀ ਵਲੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੇਵਾ ਮੁਕਤ ਕਰਨਾ ਨਿੰਦਣਯੋਗ ਤੇ ਮੰਦਭਾਗਾ ਵਰਤਾਰਾ ਹੈ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਦੀ ਪੋਸਟ ਤੋਂ ਬਾਅਦ ਬਤੌਰ ਸ਼੍ਰੋਮਣੀ ਕਮੇਟੀ ਪ੍ਰਧਾਨ ਨੈਤਿਕ ਤੌਰ 'ਤੇ ਜ਼ਿੰਮੇਵਾਰੀ ਲੈਂਦਾ ਹਾਂ ਤੇ ਤੁਰੰਤ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦਿੰਦਾ ਹਾਂ ਤੇ ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਜਥੇਦਾਰ ਸਾਹਿਬਾਨ ਨੇ ਮੈਨੂੰ ਜੋ ਸੱਤ ਮੈਂਬਰੀ ਕਮੇਟੀ ਦਾ ਮੁਖੀ ਥਾਪਿਆ ਸੀ, ਉਸ ਸੰਬੰਧੀ ਵੀ ਸਿੰਘ ਸਾਹਿਬ ਨੂੰ ਚਿੱਠੀ ਲਿਖੀ ਹੈ ਕਿ ਇਸ ਅਹੁਦੇ ਤੋਂ ਵੀ ਮੈਨੂੰ ਫ਼ਾਰਗ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਦੇ ਕਹਿਣ ਦਾ ਸਤਿਕਾਰ ਕਰਦਾ ਹਾਂ ਤੇ ਨੈਤਿਕ ਤੌਰ 'ਤੇ ਮੈਂ ਮਹਿਸੂਸ ਕਰਦਾ ਹਾਂ। ਭਾਵੇਂ ਕਿ ਅੰਤਿ ?ਰਗ ਕਮੇਟੀ ਇਕੱਤਰਤਾ ਦੌਰਾਨ ਕੁੱਲ 14 ਮੈਂਬਰ ਵੀ ਨਾਲ ਸਨ ਤੇ ਹਰ ਮੈਂਬਰ ਨੂੰ ਵਿਚਾਰ ਪੇਸ਼ ਕਰਨ ਦਾ ਖੁੱਲ੍ਹਾ ਸਮਾਂ ਦਿੱਤਾ ਗਿਆ ਸੀ, ਪਰ ਸਮੂਹਿਕ ਤੌਰ 'ਤੇ ਪ੍ਰਧਾਨ ਮੁੱਖ ਹੁੰਦਾ ਹੈ, ਇਸ ਲਈ ਨੈਤਿਕ ਆਧਾਰ 'ਤੇ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਰਿਹਾ ਹਾਂ। ਇਸ ਦੌਰਾਨ ਸ: ਧਾਮੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਦੇ 22 ਹਜ਼ਾਰ ਦੇ ਕਰੀਬ ਮੁਲਾਜ਼ਮ ਹਨ, ਜਿਨ੍ਹਾਂ



ਦੇ ਗੁਰਦੁਆਰਾ ਐਕਟ 1925 ਤਹਿਤ ਬਾਕਾਇਦਾ ਸਰਵਿਸ ਨਿਯਮ ਹਨ। ਉਨ੍ਹਾਂ ਕਿਹਾ ਕਿ ਕਈ ਵਾਰ ਸਵਾਲ ਉੱਠਦੇ ਰਹੇ ਹਨ ਕਿ ਸਿੰਘ ਸਾਹਿਬਾਨ ਦਾ ਰੁਤਬਾ ਵੱਡਾ ਹੁੰਦਾ ਹੈ ਤੇ ਉਹ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਨਾ ਹੋ ਕੇ 'ਹੈੱਡ ਮਨਿਸਟਰ' ਹੁੰਦੇ ਹਨ, ਇਸ ਲਈ ਉਨ੍ਹਾਂ ਦੀ ਤਨਖ਼ਾਹ ਦੀ ਥਾਂ ਸਨਮਾਨ ਭੱਤਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਮੇਂ ਇਕ ਵਾਰ ਸਿੰਘ ਸਾਹਿਬਾਨ 'ਤੇ ਸੇਵਾ ਨਿਯਮ ਲਾਗੂ ਹੋਣ ਜਾਂ ਨਾ ਹੋਣ ਦਾ ਮੁੱਦਾ ਵੀ ਉਠਿਆ ਸੀ, ਪਰ ਤਤਕਾਲੀ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਕਮੇਟੀ ਦੇ ਸੇਵਾ ਨਿਯਮ ਲਾਗੂ ਕੀਤੇ ਜਾਣ ਦੀ ਹੀ ਹਾਮੀ ਭਰੀ ਸੀ। ਉਨ੍ਹਾਂ ਬਿਨਾਂ ਕਿਸੇ ਜਥੇਦਾਰ ਦਾ ਨਾਂਅ ਲਏ ਇਹ ਵੀ ਸਪੱਸ਼ਟ ਕੀਤਾ ਕਿ ਇਸ ਤੋਂ ਪਹਿਲਾਂ ਵੀ ਸਿੰਘ ਸਾਹਿਬਾਨ 'ਤੇ ਲੱਗੇ ਦੋਸ਼ਾਂ ਸੰਬੰਧੀ ਸ਼੍ਰੋਮਣੀ ਕਮੇਟੀ ਵਲੋਂ ਪੜਤਾਲਾਂ ਕਰਵਾਈਆਂ ਗਈਆਂ ਸਨ ਤੇ ਅੰਤ੍ਰਿੰਗ ਕਮੇਟੀ ਨੇ ਦੋਸ਼ੀ ਪਾਏ ਜਾਣ 'ਤੇ ਉਨ੍ਹਾਂ ਸਿੰਘ ਸਾਹਿਬਾਨ ਨੂੰ ਵਿਹਲੇ ਵੀ ਕੀਤਾ ਸੀ, ਜਿਸ ਦਾ ਰਿਕਾਰਡ ਵੀ ਸ਼੍ਰੋਮਣੀ ਕਮੇਟੀ ਪਾਸ ਮੌਜੂਦ ਹੈ। ਸ: ਧਾਮੀ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਹੈ ਅਤੇ ਸ੍ਰੀ ਅਕਾਲ ਤਖ਼ਤ ਸਿੱਖਾਂ ਦਾ ਸਿਰਮੌਰ ਤਖ਼ਤ ਹੈ, ਜਿੱਥੋਂ ਕੋਈ ਵੀ ਸਿੱਖ ਮੁਨਕਰ ਨਹੀਂ ਹੁੰਦਾ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਵੀ ਇਸ ਤਖ਼ਤ ਸਾਹਿਬ ਦੀ ਥਾਪੀ ਜਥੇਬੰਦੀ ਹੈ। ਉਨ੍ਹਾਂ ਕਿਹਾ ਕਿ ਸਮਾਂ ਬਹੁਤ ਗੰਭੀਰ ਚੱਲ ਰਿਹਾ ਹੈ ਤੇ ਸਰਕਾਰਾਂ ਇਨ੍ਹਾਂ ਸਿੱਖ ਜਥੇਬੰਦੀਆਂ ਨੂੰ ਕੰਟਰੋਲ ਤੇ ਪੰਥਕ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਕੋਝੇ ਹਥਕੰਡੇ ਅਪਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੇਰੇ ਵਰਗੇ ਪ੍ਰਧਾਨ ਜਾਂ ਆਗੂ ਤਾਂ ਆਉਂਦੇ ਜਾਂਦੇ ਰਹਿਣਗੇ, ਪਰ ਜੇਕਰ ਸਿੱਖ ਜਥੇਬੰਦੀਆਂ ਕਮਜ਼ੋਰ ਹੋ ਗਈਆਂ ਤਾਂ ਮਨੁੱਖ, ਭਾਵ ਆਗੂ ਵੀ ਬੌਣੇ ਹੋ ਜਾਣਗੇ। ਇਥੇ ਜ਼ਿਕਰਯੋਗ ਹੈ ਕਿ ਪ੍ਰੈੱਸ ਕਾਨਫ਼ਰੰਸ ਦੌਰਾਨ ਸ: ਧਾਮੀ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਨਿਮਰਤਾ ਸਹਿਤ ਮਨ੍ਹਾਂ ਕਰ ਦਿੱਤਾ। ਇਸ ਤੋਂ ਬਾਅਦ ਉਹ ਜਥੇਦਾਰ ਨੂੰ ਆਪਣਾ 7 ਮੈਂਬਰੀ ਕਮੇਟੀ ਤੋਂ ਅਸਤੀਫ਼ੇ ਦਾ ਪੱਤਰ ਦੇਣ ਅਕਾਲ ਤਖ਼ਤ ਦੇ ਸਕੱਤਰੇਤ ਵੀ ਗਏ।

ਇਸੇ ਦੌਰਾਨ ਪੰਥਕ ਹਲਕਿਆਂ ਤੇ ਸ਼੍ਰੋਮਣੀ ਕਮੇਟੀ ਗਲਿਆਰਿਆਂ ਵਿਚ ਇਹ ਵੀ ਚਰਚਾ ਜ਼ੋਰਾਂ 'ਤੇ ਰਹੀ ਕਿ ਭਾਵੇਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵਲੋਂ ਦਿੱਤੇ ਅਸਤੀਫ਼ੇ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅੰਤ੍ਰਿੰਗ ਕਮੇਟੀ ਵਲੋਂ ਲੱਗੇ ਦੋਸ਼ਾਂ ਲਈ ਦੋਸ਼ੀ ਪਾਏ ਜਾਣ 'ਤੇ ਗਿਆਨੀ ਰਘਬੀਰ ਸਿੰਘ ਵਲੋਂ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਨੂੰ ਆਧਾਰ ਬਣਾਇਆ ਹੈ, ਪਰ ਸਮਝਿਆ ਜਾਂਦਾ ਹੈ ਕਿ ਅਸਲ ਵਿਚ ਉਹ ਸਿੰਘ ਸਾਹਿਬਾਨ ਵਲੋਂ ਗਠਿਤ ਕੀਤੀ 7 ਮੈਂਬਰੀ ਕਮੇਟੀ ਦੇ ਮੁਖੀ ਹੋਣ ਕਾਰਨ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਵਲੋਂ ਇਸ ਕਮੇਟੀ ਨੂੰ ਮੈਂਬਰਸ਼ਿਪ ਭਰਤੀ ਸੰਬੰਧੀ ਲੋੜੀਂਦਾ ਸਹਿਯੋਗ ਨਾ ਦਿੱਤੇ ਜਾਣ ਅਤੇ ਆਪਣੇ ਪੱਧਰ 'ਤੇ ਹੀ ਭਰਤੀ ਮੁਹਿੰਮ ਚਲਾਏ ਜਾਣ ਕਾਰਨ ਉਹ ਪ੍ਰੇਸ਼ਾਨੀ ਅਤੇ ਤਣਾਅ ਦੇ ਆਲਮ 'ਚੋਂ ਗੁਜ਼ਰ ਰਹੇ ਸਨ ਤੇ ਸਿੰਘ ਸਾਹਿਬਾਨ ਦੇ ਆਦੇਸ਼ 'ਤੇ ਅਕਾਲੀ ਦਲ ਦੀ ਬੇਰੁਖੀ ਦੇ ਚੱਕੀ ਦੇ ਪੁੜਾਂ ਵਿਚ ਫਸੇ ਮਹਿਸੂਸ ਕਰਨ ਰਹੇ ਸਨ। ਅਚਾਨਕ ਅਸਤੀਫ਼ਾ ਦੇਣ ਦਾ ਇਕ ਵੱਡਾ ਕਾਰਨ ਇਸ ਸੰਬੰਧੀ ਉਨ੍ਹਾਂ ਦੀ ਇਸ ਮਾਮਲੇ ਸੰਬੰਧੀ ਬੇਵਸੀ ਨੂੰ ਹੀ ਸਮਝਿਆ ਜਾ ਰਿਹਾ ਹੈ। ਹੁਣ ਜਦੋਂਕਿ ਇਸੇ ਸਾਲ ਦੇ ਮੱਧ ਜਾਂ ਅਖੀਰ ਵਿਚ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਹੋਣ ਦੀ ਸੰਭਾਵਨਾ ਹੈ, ਉਸ ਵੇਲੇ ਵਿਰੋਧੀ ਪੰਥਕ ਧਿਰਾਂ ਵਿਚ ਵੀ ਸਾਫ਼-ਸੁਥਰੀ ਛਵੀ ਵਾਲੇ ਇਮਾਨਦਾਰ ਤੇ ਨਿੱਘੇ ਸੁਭਾਅ ਵਾਲੇ ਆਗੂ ਵਜੋਂ ਜਾਣੇ ਜਾਂਦੇ ਸ: ਧਾਮੀ ਵਲੋਂ ਅਚਾਨਕ ਦਿੱਤੇ ਗਏ ਅਸਤੀਫ਼ੇ ਕਾਰਨ ਪਹਿਲਾਂ ਤੋਂ ਹੀ ਕਈ ਪਾਸਿਓਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਅਕਾਲੀ ਦਲ (ਬਾਦਲ) ਲਈ ਆਗਾਮੀ ਚੋਣਾਂ ਵਿਚ ਨੁਕਸਾਨ ਦਾ ਸਬੱਬ ਵੀ ਬਣ ਸਕਦਾ ਹੈ।

## ਬਡੂੰਗਰ ਵੱਲੋਂ ਅਕਾਲੀ ਦਲ ਦੀ ਭਰਤੀ ਕਮੇਟੀ ਤੋਂ ਅਸਤੀਫ਼ਾ



ਪਟਿਆਲਾ : ਪੰਥਕ ਏਕਤਾ ਲਈ ਪਿਛਲੇ ਸਾਲ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਵੱਲੋਂ ਗਠਿਤ ਕੀਤੀ ਗਈ ਸ਼੍ਰੋਮਣੀ ਅਕਾਲੀ ਦਲ ਦੀ ਸੱਤ ਮੈਂਬਰੀ ਭਰਤੀ ਕਮੇਟੀ ਵਿਚੋਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵੀ ਮੈਂਬਰ ਵਜੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਕਮੇਟੀ ਦੇ ਮੁਖੀ ਵਜੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਵੀ ਬੀਤੇ ਦਿਨੀਂ ਅਸਤੀਫਾ ਦਿੱਤਾ ਸੀ। ਇਨ੍ਹਾਂ ਅਸਤੀਫਿਆਂ ਕਾਰਨ ਧਾਮੀ ਅਤੇ ਬਡੂੰਗਰ ਅੱਜ ਇਥੇ ਕਮੇਟੀ ਦੀ ਮੀਟਿੰਗ 'ਚ ਨਹੀਂ ਪੁੱਜੇ। ਪ੍ਰੋ. ਬਡੂੰਗਰ ਵੱਲੋਂ ਇਸ ਸਬੰਧੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਭੇਜੇ ਗਏ ਪੱਤਰ ਦੀ ਕਾਪੀ ਉਨ੍ਹਾਂ ਦੇ ਨਜ਼ਦੀਕੀ ਕੰਵਰ ਬੇਦੀ ਵੱਲੋਂ ਮੀਡੀਆ ਨੂੰ ਵੀ ਜਾਰੀ ਕੀਤੀ ਗਈ ਹੈ ਜਿਸ 'ਚ ਪ੍ਰੋ. ਬਡੂੰਗਰ ਨੇ ਇਸ ਕਮੇਟੀ ਦਾ ਮੈਂਬਰ ਬਣਾਉਣ ਲਈ ਪਹਿਲਾਂ ਸਿੰਘ ਸਾਹਿਬਾਨ ਦਾ ਧੰਨਵਾਦ ਕੀਤਾ ਤੇ ਫੇਰ ਦੱਸਿਆ ਕਿ ਇਸ ਕਮੇਟੀ ਦੀਆਂ ਹੁਣ ਤੱਕ ਦੀਆਂ ਦੋਵੇਂ ਮੀਟਿੰਗਾਂ ਬੇਸਿੱਟਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਇਸ ਕਮੇਟੀ ਦੇ ਮੁਖੀ ਵਜੋਂ ਹਰਜਿੰਦਰ ਸਿੰਘ ਧਾਮੀ ਵੱਲੋਂ ਅਸਤੀਫ਼ਾ ਦਿੱਤਾ ਗਿਆ ਹੈ ਜਿਸ ਕਰਕੇ ਅਨਿਸਚਿਤਤਾ ਬਣੀ ਹੋਈ ਹੈ ਕਿ ਪਟਿਆਲਾ ਵਿਚ ਹੋਣ ਵਾਲੀ ਤੀਜੀ ਮੀਟਿੰਗ ਦੀ ਪ੍ਰਧਾਨਗੀ ਕੌਣ ਕਰੇਗਾ। ਸ੍ਰੀ ਅਕਾਲ ਤਖ਼ਤ ਸਰਵਉੱਚ ਅਸਥਾਨ ਹੈ ਜਿਸ ਦਾ ਅਦਬ, ਸਤਿਕਾਰ ਤੇ ਸਨਮਾਨ ਹਮੇਸ਼ਾ ਬਰਕਰਾਰ ਰਹਿਣਾ ਚਾਹੀਦਾ ਹੈ।

## ਧਾਮੀ ਦੇ ਅਸਤੀਫ਼ੇ ਦਾ ਦਿੱਲੀ ਕਮੇਟੀ ਵੱਲੋਂ ਸਵਾਗਤ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਹਰਜਿੰਦਰ ਸਿੰਘ ਧਾਮੀ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਸਵਾਗਤ ਕਰਦੇ ਹੋਏ ਇਸ ਨੂੰ ਦੇਰ ਨਾਲ ਸਹੀ ਪਰ ਅੰਦਰੂਨੀ ਆਵਾਜ਼ ਸੁਣ ਕੇ ਲਿਆ ਗਿਆ ਫੈਸਲਾ ਦੱਸਿਆ ਹੈ। ਦੋਵਾਂ ਆਗੂਆਂ ਨੇ ਕਿਹਾ ਕਿ ਹਾਲਾਂਕਿ ਸ੍ਰੀ ਧਾਮੀ ਨੂੰ 2 ਦਸੰਬਰ ਨੂੰ ਹੀ ਆਪਣਾ ਅਹੁਦਾ ਛੱਡਣਾ ਚਾਹੀਦਾ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਬਣਾਈ ਗਈ 7 ਮੈਂਬਰਾਂ ਦੀ ਟੀਮ ਦੇ ਗਠਨ ਸਣੇ ਹੋਰ ਫੈਸਲੇ ਨੂੰ ਪਾਸੇ ਹਟਾ ਕੇ ਸਿਰਫ ਇਕ ਪਰਿਵਾਰ ਨੂੰ ਬਚਾਉਣ ਲਈ ਕੌਮ ਨੂੰ ਦਾਅ 'ਤੇ ਲਗਾ ਦਿੱਤਾ। ਮਗਰੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਬੇਬੁਨਿਆਦ ਦੋਸ਼ ਐਸੇ ਵਿਅਕਤੀ ਵੱਲੋਂ ਲਗਾਏ ਗਏ ਜੋ ਅਕਾਲ ਤਖ਼ਤ ਤੋਂ ਤਨਖਾਹੀਆ ਸੀ, ਪਰ ਉਸ ਨੂੰ ਆਧਾਰ ਬਣਾ ਕੇ ਉਨ੍ਹਾਂ ਦੀ ਜਾਂਚ ਲਈ 3 ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ। ਉਸ ਸਮੇਂ ਵੀ ਸ੍ਰੀ ਧਾਮੀ ਨੂੰ ਇਸ ਦਾ ਵਿਰੋਧ ਕਰਦੇ ਹੋਏ ਆਪਣਾ ਅਹੁਦਾ ਛੱਡ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਸ੍ਰੀ ਧਾਮੀ ਇਮਾਨਦਾਰ ਅਤੇ ਸੂਝਵਾਨ ਵਿਅਕਤੀ ਹਨ ਅਤੇ ਉਹ ਦਿੱਲੀ ਕਮੇਟੀ ਵਿੱਚ ਵੀ ਮੈਂਬਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਸ੍ਰੀ ਧਾਮੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਟੈਂਡ 'ਤੇ ਕਾਇਮ ਰਹਿਣ, ਕਿਉਂਕਿ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਜਦੋਂ ਵੀ ਕੋਈ ਵਿਅਕਤੀ ਬਾਦਲ ਪਰਿਵਾਰ ਜਾਂ ਅਕਾਲੀ ਦਲ ਤੋਂ ਬਾਹਰ ਜਾਂਦਾ ਹੈ ਤਾਂ ਉਸ 'ਤੇ ਕਿਸੇ ਤਰ੍ਹਾਂ ਦੇ ਦੋਸ਼ ਇਨ੍ਹਾਂ ਦੇ ਚਾਪਲੂਸਾਂ ਵੱਲੋਂ ਲਗਾਏ ਜਾਂਦੇ ਹਨ ਜੋ ਸ਼ਾਇਦ ਬਹੁਤ ਜਲਦ ਸ੍ਰੀ ਧਾਮੀ 'ਤੇ ਵੀ ਲਗਾਏ ਜਾ ਸਕਦੇ ਹਨ, ਪਰ ਉਨ੍ਹਾਂ ਨੂੰ ਪਹਿਲਾਂ ਹੀ ਇਸ ਲਈ ਤਿਆਰ ਰਹਿਣਾ ਹੋਵੇਗਾ।

## ਧਾਮੀ ਤੇ ਬਡੂੰਗਰ ਨੂੰ ਨਹੀਂ ਦੇਣਾ ਚਾਹੀਦਾ ਸੀ ਅਸਤੀਫ਼ਾ: ਗਿਆਨੀ ਹਰਪ੍ਰੀਤ ਸਿੰਘ



ਅੰਮ੍ਰਿਤਸਰ : ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਥੇ ਆਖਿਆ ਕਿ ਅਕਾਲ ਤਖ਼ਤ ਵੱਲੋਂ ਬਣਾਈ ਸੱਤ ਮੈਂਬਰੀ ਕਮੇਟੀ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਅਸਤੀਫ਼ਾ ਨਹੀਂ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਹ ਅਕਾਲ ਤਖ਼ਤ ਵੱਲੋਂ ਸੌਂਪੀ ਹੋਈ ਸੇਵਾ ਹੈ ਅਤੇ ਇਸ ਤੋਂ ਪਿਛਾਂਹ ਨਹੀਂ ਹਟਣਾ ਚਾਹੀਦਾ। ਇਹ ਪ੍ਰਗਟਾਵਾ ਉਨ੍ਹਾਂ ਅੱਜ ਇਥੇ ਚੀਫ਼ ਖਾਲਸਾ ਦੀਵਾਨ ਦੇ ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਐਡਵੋਕੇਟ ਧਾਮੀ ਦੇ ਅਸਤੀਫ਼ੇ ਬਾਰੇ ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਉਨ੍ਹਾਂ ਦੇ ਅਸਤੀਫ਼ੇ ਨੂੰ ਅਪ੍ਰਵਾਨ ਕਰ ਦੇਵੇਗੀ। ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰਨ ਦੇ ਫੈਸਲੇ ਬਾਰੇ ਉਨ੍ਹਾਂ ਕਿਹਾ ਕਿ ਇਹ ਈਰਖਾ ਭਾਵਨਾ ਨਾਲ ਕੀਤਾ ਸਿਆਸੀ ਹਿੱਤਾਂ ਤੋਂ ਪ੍ਰੇਰਿਤ ਫੈਸਲਾ ਹੈ। ਉਨ੍ਹਾਂ ਕਿਹਾ ਕਿ ਦੋ ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੇ ਆਗੂਆਂ ਬਾਰੇ ਪੰਜ ਸਿੰਘ ਸਾਹਿਬਾਨ ਵੱਲੋਂ ਕੀਤਾ ਗਿਆ ਫੈਸਲਾ ਕਿਸੇ ਵੀ ਈਰਖਾ ਭਾਵਨਾ ਨਾਲ ਨਹੀਂ ਕੀਤਾ ਗਿਆ ਸੀ ਅਤੇ ਇਹ ਫੈਸਲਾ ਪੰਜ ਸਿੰਘ ਸਾਹਿਬਾਨ ਦਾ ਸੀ, ਨਾ ਕਿ ਕਿਸੇ ਵਿਅਕਤੀ ਦਾ। ਉਨ੍ਹਾਂ ਦਾਅਵਾ ਕੀਤਾ ਕਿ ਉਸ ਵੇਲੇ ਬਤੌਰ ਜਥੇਦਾਰ ਉਨ੍ਹਾਂ ਦੇ ਮਨ ਵਿੱਚ ਨਿੱਜੀ ਤੌਰ 'ਤੇ ਕਿਸੇ ਖ਼ਿਲਾਫ਼ ਕੋਈ ਈਰਖਾ ਨਹੀਂ ਸੀ ਪਰ ਜਿਨ੍ਹਾਂ ਨੂੰ ਤਨਖਾਹ ਲਾਈ ਗਈ ਸੀ ਉਨ੍ਹਾਂ ਦੇ ਮਨ ਵਿੱਚ ਜ਼ਰੂਰ ਈਰਖਾ ਸੀ, ਜਿਸ ਦਾ ਹੁਣ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰਨ ਦਾ ਮਾਮਲਾ ਸਮੁੱਚੇ ਤੌਰ 'ਤੇ ਹੀ ਯੋਜਨਾਬੱਧ ਸੀ। ਉਨ੍ਹਾਂ ਕਿਹਾ ਕਿ ਚੰਗਾ ਹੁੰਦਾ ਜੇ ਇਸ ਮਾਮਲੇ ਦੀ ਜਾਂਚ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਜਾਂ ਅਕਾਲ ਤਖ਼ਤ ਤੋਂ ਕਰਵਾਈ ਜਾਂਦੀ। ਉਨ੍ਹਾਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਬਣੀ ਇੱਕ ਸਰਾਂ ਤੇ ਲੰਗਰ ਘਰ ਦੇ ਮਾਮਲਿਆਂ ਦੀ ਮਿਸਾਲ ਦਿੰਦਿਆਂ ਕਿਹਾ ਕਿ ਜੇ ਇਨ੍ਹਾਂ ਮਾਮਲਿਆਂ ਦੀ ਜਾਂਚ ਕੀਤੀ ਜਾਵੇ ਤਾਂ ਉਨ੍ਹਾਂ ਖ਼ਿਲਾਫ਼ ਜਾਂਚ ਕਰਨ ਵਾਲੇ ਜ਼ਰੂਰ ਇਸ ਦੇ ਘੇਰੇ ਵਿੱਚ ਆਉਣਗੇ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਖ਼ਿਲਾਫ਼ ਕਈ ਗੰਭੀਰ ਦੋਸ਼ ਲਾਏ। ਜਿਨ੍ਹਾਂ ਵਿੱਚ ਹਰਿਆਣਾ ਵਿੱਚ ਵੱਖਰੀ ਕਮੇਟੀ ਬਣਾਉਣ ਲਈ ਵੀ ਜ਼ਿੰਮੇਵਾਰ ਠਹਿਰਾਇਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਇਸ ਵੇਲੇ ਫਰਜ਼ੀ ਭਰਤੀ ਹੋ ਰਹੀ ਅਤੇ ਅਜਿਹੀ ਭਰਤੀ ਨਾਲ ਪ੍ਰਧਾਨ ਵੀ ਫਰਜ਼ੀ ਹੀ ਚੁਣਿਆ ਜਾਵੇਗਾ। ਆਮ ਆਦਮੀ ਪਾਰਟੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਦੇ ਨਾਲ ਬੈਠੇ ਹੋਣ ਬਾਰੇ ਉਨ੍ਹਾਂ ਕਿਹਾ ਕਿ ਡਾਕਟਰ ਨਿੱਝਰ ਸਭ ਤੋਂ ਪਹਿਲਾਂ ਇੱਕ ਸਿੱਖ ਹਨ। ਉਸ ਤੋਂ ਬਾਅਦ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਅਤੇ ਉਸ ਤੋਂ ਬਾਅਦ ਵਿਧਾਇਕ ਹਨ ਅਤੇ ਉਹ ਇੱਕ ਸਿੱਖ ਦੇ ਨਾਲ ਬੈਠੇ ਹਨ।

## ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਬਿਨਾ 'ਕਪਤਾਨ' ਤੋਂ !





ਚੰਡੀਗੜ੍ਹ : ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨੈਤਿਕਤਾ ਅਧਾਰ 'ਤੇ ਅਤੇ ਚੱਲ ਰਹੇ ਕਾਟੋ ਕਲੇਸ਼ ਨੂੰ ਅੱਗੇ ਰੱਖ ਕੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਸ ਦੀ ਚਰਚਾ ਜੰਗਲ ਦੀ ਅੱਗ ਬਣੀ ਹੋਈ ਹੈ ਕਿਉਂਕਿ ਦੇਸ਼ ਵਿਦੇਸ਼ ਵਿਚ ਬੈਠਾ ਸਿੱਖ ਆਗੂ ਅਤੇ ਵਰਕਰ ਇਸ ਗੱਲ ਨੂੰ ਲੈ ਕੇ ਚਿੰਤਤ ਸਨ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਕਾਰੀ ਨੇ ਜਿਸ ਤਰੀਕੇ ਨਾਲ ਗਿਆਨੀ ਹਰਪ੍ਰੀਤ ਸਿੰਘ ਦੀ ਜਬਰੀ ਛੁੱਟੀ ਕੀਤੀ ਹੈ, ਇਹ ਮਾਮਲਾ ਹੁਣ ਜ਼ਰੂਰ ਕਿਸੇ ਦੀ ਸਿਆਸੀ ਜਾਂ ਧਾਰਮਕ ਬਲੀ ਲਵੇਗਾ। ਇਸ ਨੂੰ ਲੈ ਕੇ ਐਡਵੋਕੇਟ ਧਾਮੀ ਦਾ ਆਇਆ ਅਸਤੀਫਾ, ਅਕਾਲੀ ਦਲ ਦੇ ਅਤੇ ਸ਼੍ਰੋਮਣੀ ਕਮੇਟੀ ਦੇ ਛਿੜੇ ਹੋਏ ਵਿਵਾਦ ਨੂੰ ਹੋਰ ਡੂੰਘਾ ਕਰ ਗਿਆ। ਜਦੋਂ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਸ ਦੇ ਅਹੁਦੇ ਤੋਂ ਹਟਾਉਣ ਲਈ ਜੋ ਬਾਗੀਆਂ ਨੇ ਰੌਲਾ ਪਾਇਆ ਸੀ, ਉਸ ਦਾ ਨਤੀਜਾ ਇਹ ਨਿਕਲਿਆ ਕਿ ਸ੍ਰੀ ਅਕਾਲ ਤਖ਼ਤ ਤੇ ਜਥੇਦਾਰਾਂ ਨੇ ਸੁਖਬੀਰ ਸਿੰਘ ਬਾਦਲ ਤੋਂ ਫ਼ੌਰੀ ਅਸਤੀਫ਼ਾ ਲੈਣ ਦੇ ਆਦੇਸ਼ ਦੇ ਦਿੱਤੇ। ਜਿਸ ਦੇ ਚੱਲਦੇ ਸ੍ਰੋ. ਅਕਾਲੀ ਦਲ ਦੀ ਕਾਰਜਕਰਨੀ ਨੇ ਕਈ ਦਿਨ ਘੇਸਲ ਵੱਟਣ ਤੋਂ ਬਾਅਦ ਆਖਿਰ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਨਜ਼ੂਰ ਕਰ ਲਿਆ। ਅੱਜ ਪੰਥਕ ਅਤੇ ਅਕਾਲੀ ਹਲਕਿਆ ਵਿਚ ਖਾਸ ਕਰਕੇ ਵਿਆਹ ਸ਼ਾਦੀਆਂ ਅਤੇ ਭੋਗ ਸੋਗ 'ਤੇ ਇਸ ਗੱਲ ਦੀ ਚਰਚਾ ਹੋ ਰਹੀ ਸੀ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਬਿਨਾ ਕਪਤਾਨ ਤੋਂ ਸੰਸਥਾ ਬਣ ਗਈ ਹੈ। ਕਿਉਂਕਿ ਪਹਿਲਾਂ ਸੁਖਬੀਰ ਜੀ ਅਸਤੀਫਾ ਦੇ ਚੁੱਕੇ ਹਨ ਅਤੇ ਹੁਣ ਐਡਵੋਕੇਟ ਧਾਮੀ। ਹੁਣ ਸਾਰੀਆਂ ਨਜ਼ਰਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਅਗਲੇ ਹੁਕਮ 'ਤੇ ਟਿਕ ਗਈਆਂ ਹਨ। ਜੋ ਅੱਜ ਵੱਡੇ ਤੜਕੇ ਵਿਦੇਸ਼ੋਂ ਪਰਤੇ ਹਨ।

# ਅਕਾਲੀ ਦਲ ਦੇ ਵਫ਼ਦ ਵਲੋਂ ਸ੍ਰ. ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ

**• ਸ਼੍ਰੋਮਣੀ ਕਮੇਟੀ ਪ੍ਰਧਾਨ ਵਜੋਂ ਸੇਵਾਵਾਂ ਨਿਭਾਉਂਦੇ ਰਹਿਣ ਦੀ ਅਪੀਲ**
**• ਮੈਂ ਆਪਣੇ ਫ਼ੈਸਲੇ 'ਤੇ ਕਾਇਮ ਰਹਾਂਗਾ : ਹਰਜਿੰਦਰ ਸਿੰਘ ਧਾਮੀ**



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ 'ਡੈਮੇਜ ਕੰਟਰੋਲ' 'ਚ ਰੁੱਝ ਗਿਆ ਹੈ। ਇਸੇ ਤਹਿਤ ਅੱਜ ਸੀਨੀਅਰ ਅਕਾਲੀ ਆਗੂ ਡਾ: ਦਲਜੀਤ ਸਿੰਘ ਚੀਮਾ, ਜਨਮੇਜਾ ਸਿੰਘ ਸ਼ੇਖੋਂ, ਹੀਰਾ ਸਿੰਘ ਗਾਬੜੀਆ, ਵਰਿੰਦਰ ਸਿੰਘ ਬਾਜਵਾ, ਗੁਰਬਚਨ ਸਿੰਘ ਬੱਬੇਹਾਲੀ, ਕੁਲਵੰਤ ਸਿੰਘ ਮੰਨਣ, ਜਤਿੰਦਰ ਸਿੰਘ ਲਾਲੀ ਬਾਜਵਾ, ਜਰਨੈਲ ਸਿੰਘ ਵਾਹਦ, ਹਰਸਿਮਰਨ ਸਿੰਘ ਹਰਜੀ ਬਾਜਵਾ ਸਮੇਤ ਹੋਰ ਸੀਨੀਅਰ ਆਗੂ ਧਾਮੀ ਨੂੰ ਮਨਾਉਣ ਲਈ ਉਨ੍ਹਾਂ ਦੇ ਗ੍ਰਹਿ ਹੁਸ਼ਿਆਰਪੁਰ ਵਿਖੇ ਪਹੁੰਚੇ ਤੇ ਕਰੀਬ 1 ਘੰਟੇ ਤੱਕ ਉਨ੍ਹਾਂ ਨਾਲ ਗੱਲਬਾਤ ਕੀਤੀ। ਹਾਲਾਂਕਿ ਉਨ੍ਹਾਂ ਦੀ ਕੋਸ਼ਿਸ਼ ਨਾਕਾਮ ਰਹੀ ਤੇ ਐਡਵੋਕੇਟ ਧਾਮੀ ਨੇ ਅਸਤੀਫ਼ਾ ਵਾਪਸ ਨਾ ਲੈਣ ਦਾ ਆਪਣਾ ਸਟੈਂਡ ਸਪੱਸ਼ਟ ਕਰਦਿਆਂ ਕਿਹਾ ਕਿ ਉਹ ਆਪਣੇ ਫ਼ੈਸਲੇ 'ਤੇ ਕਾਇਮ ਰਹਿਣਗੇ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਅਸਤੀਫ਼ੇ ਦਾ ਕੋਈ ਵੀ ਸਪੱਸ਼ਟ ਕਾਰਨ ਦੱਸਣ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮਨ 'ਤੇ ਬੋਝ ਸੀ, ਜਿਸ ਦੇ ਚੱਲਦਿਆਂ ਉਨ੍ਹਾਂ ਨੇ ਇਹ ਫ਼ੈਸਲਾ ਲਿਆ ਹੈ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ: ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਹਾਈਕਮਾਂਡ ਵਲੋਂ ਹੁਕਮ ਹੋਇਆ ਸੀ ਕਿ ਉਹ ਐਡਵੋਕੇਟ ਧਾਮੀ ਨੂੰ ਬੇਨਤੀ ਕਰਨ ਤੇ ਉਹ ਆਪਣਾ ਅਸਤੀਫ਼ਾ ਵਾਪਸ ਲੈ ਲੈਣ, ਜਿਸ ਦੇ ਚੱਲਦਿਆਂ ਪਾਰਟੀ ਦੇ ਵਫ਼ਦ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਡਾ: ਚੀਮਾ ਨੇ ਕਿਹਾ ਕਿ ਐਡਵੋਕੇਟ ਧਾਮੀ ਦਾ ਧਾਰਮਿਕ ਅਤੇ ਰਾਜਸੀ ਖੇਤਰ 'ਚ ਵੱਡਾ ਕੱਦ ਤੇ ਸਤਿਕਾਰ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਧਾਮੀ ਨੂੰ ਚੌਥੀ ਵਾਰ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਜੋ ਵੀ ਸ਼੍ਰੋਮਣੀ ਕਮੇਟੀ 'ਚ ਘਟਨਾਕ੍ਰਮ ਵਾਪਰਿਆ ਹੈ, ਉਹ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪੰਥ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਸਖ਼ਤ ਫ਼ੈਸਲੇ ਵੀ ਲੈਣੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪਾਰਲੀਮੈਂਟ ਹੈ, ਜੋ ਜਥੇਦਾਰ ਸਾਹਿਬਾਨ ਦੇ ਵੱਕਾਰੀ ਅਹੁਦੇ ਦੀ ਨਿਯੁਕਤੀ ਤੇ ਸੇਵਾਮੁਕਤੀ ਦਾ ਫ਼ੈਸਲਾ ਵੀ ਕਰਦੀ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਐਡਵੋਕੇਟ ਧਾਮੀ ਦੇ ਮਨ 'ਤੇ ਕੋਈ ਬੋਝ ਸੀ, ਪ੍ਰੰਤੂ ਉਨ੍ਹਾਂ ਨੇ ਬਿਨਾਂ ਕਿਸੇ ਦੀ ਸਲਾਹ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਐਡਵੋਕੇਟ ਧਾਮੀ ਰੁਸ ਕੇ ਨਹੀਂ ਘਰ ਬੈਠੇ, ਉਹ ਹੁਣ ਵੀ ਪਾਰਟੀ ਦੀ ਡਿਊਟੀ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਦੀ ਜ਼ਿੰਦਗੀ 'ਚ ਕਈ ਘਟਨਾਵਾਂ ਨਾਲ ਬੋਝ ਪੈਂਦਾ ਹੈ, ਜਿਸ ਨੂੰ ਘੱਟ ਕਰਨ ਲਈ ਉਹ ਅੱਜ ਇੱਥੇ ਆਏ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਸਮੁੱਚੇ ਵਫ਼ਦ ਨੇ ਉਨ੍ਹਾਂ ਨੂੰ ਅਸਤੀਫ਼ਾ ਵਾਪਸ ਲੈਣ ਦੀ ਬੇਨਤੀ ਕਰਦਿਆਂ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਕੌਮ ਦੀ ਅਗਵਾਈ ਕਰਨ। ਉਨ੍ਹਾਂ ਕਿਹਾ ਕਿ ਸਮੁੱਚਾ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਐਡਵੋਕੇਟ ਧਾਮੀ ਨਾਲ ਖੜ੍ਹੀ ਹੈ ਤੇ ਉਨ੍ਹਾਂ ਨੂੰ ਮੁੜ ਕੌਮ ਦੀ ਸੇਵਾ ਲਈ ਤਤਪਰ ਹੋ ਜਾਣਾ ਚਾਹੀਦਾ ਹੈ।

# ਸ੍ਰ. ਧਾਮੀ ਦੇ ਅਸਤੀਫਾ ਦੇਣ ਨਾਲ ਸਿੱਖ ਜਥੇਬੰਦੀਆਂ 'ਚ ਨਿਰਾਸ਼ਾਜਨਕ ਮਾਹੌਲ ਬਣਿਆ : ਗਿਆਨੀ ਹਰਨਾਮ ਸਿੰਘ ਧੁੰਮਾ



ਅੰਮ੍ਰਿਤਸਰ : ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ ਨੇ ਕਿਹਾ ਕਿ ਸਰਦਾਰ ਹਰਜਿੰਦਰ ਸਿੰਘ ਜੀ ਧਾਮੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਣ ਨਾਲ ਸਿੱਖ ਜਥੇਬੰਦੀਆਂ ਵਿਚ ਨਿਰਾਸ਼ਾਜਨਕ ਮਾਹੌਲ ਬਣ ਗਿਆ ਹੈ ਅਤੇ ਓਹਨਾਂ ਦੇ ਅਸਤੀਫੇ ਕਾਰਣ ਮੈਨੂੰ ਬਹੁਤ ਦੁਖ ਮਹਿਸੂਸ ਹੋਇਆ ਹੈ। ਕਿਉਂਕਿ ਸਰਦਾਰ ਹਰਜਿੰਦਰ ਸਿੰਘ ਜੀ ਧਾਮੀ ਦਾ ਜੀਵਨ ਨਿਤਨੇਮੀ ਗੁਰਸਿੱਖਾਂ ਵਾਲਾ ਹੈ। ਸ਼੍ਰੋਮਣੀ ਕਮੇਟੀ ਦੇ ਇਤਿਹਾਸ ਵਿਚ ਇੰਨੀ ਸਾਦਗੀ ਭਰਪੂਰ ਅਤੇ ਇਮਾਨਦਾਰ ਪ੍ਰਧਾਨ ਅੱਜ ਦੇ ਸਮੇਂ ਵਿਚ ਮਿਲਣਾ ਬਹੁਤ ਮੁਸ਼ਕਿਲ ਹੈ। ਸਰਦਾਰ ਧਾਮੀ ਜੀ ਇਕ ਅਜਿਹੇ ਪ੍ਰਧਾਨ ਰਹੇ ਹਨ ਜਿਨ੍ਹਾਂ ਦਾ ਸਿੱਖ ਜਥੇਬੰਦੀਆਂ, ਸੰਪ੍ਰਦਾਵਾਂ ਅਤੇ ਸਮੂਹ ਸੰਤ ਮਹਾਂਪੁਰਸ਼ ਬਹੁਤ ਸਤਿਕਾਰ ਕਰਦੇ ਹਨ। ਸਿੱਖ ਸੰਘਰਸ਼ ਦੇ ਸਮੇਂ ਵੀ ਆਪ ਜੀ ਦੀਆਂ ਸੇਵਾਵਾਂ ਲਾ-ਮਿਸਾਲ ਰਹੀਆਂ ਹਨ। ਮੇਰੀ ਦਮਦਮੀ ਟਕਸਾਲ ਜਥੇਬੰਦੀ ਵਲੋਂ ਇਹੀ ਦਿਲੀ ਇੱਛਾ ਹੈ ਕਿ ਆਪ ਜੀ ਇਸ ਮੁਸ਼ਕਿਲ ਸਮੇਂ ਵਿੱਚ ਸਿੱਖ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਦੀ ਅਗਵਾਈ ਕਰੋ ਤਾਂ ਜੋ ਇਹਨਾਂ ਮੁਸ਼ਕਿਲ ਹਲਾਤਾਂ ਨਾਲ ਨਜਿੱਠਿਆ ਜਾ ਸਕੇ।

# ਜ਼ੁੰਮੇਵਾਰ ਪੰਥਕ ਅਹੁਦੇ ਤੋਂ ਅਸਤੀਫਾ ਕਿਸੇ ਮੁਸ਼ਕਲ ਦਾ ਹੱਲ ਨਹੀਂ: ਬਾਬਾ ਬਲਬੀਰ ਸਿੰਘ 96 ਕਰੋੜੀ

**ਮਾਨਸਿਕ ਦਬਾਅ ਦੀ ਕਹਾਣੀ ਵੀ ਸੰਗਤ ਨਾਲ ਸਾਂਝੀ ਹੋਵੇ**



ਸ੍ਰੀ ਅਨੰਦਪੁਰ ਸਾਹਿਬ : ਮੌਜੂਦਾ ਪੰਥਕ ਹਲਾਤਾਂ ਤੇ ਬਣੇ ਸੰਕਟ ਤੇ ਗਹਿਰੀ ਚਿੰਤਾ ਵਿਅਕਤ ਕਰਦਿਆਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨਗੀ ਦੇ ਅਹੁਦੇ ਤੋਂ ਰਵਾਂ ਰਵੀ ਚੱਲਦੇ ਕੰਮ ਵਿੱਚ ਅਸਤੀਫਾ ਕਿਹੜੀਆਂ ਮੁਸ਼ਕਲਾਂ ਦਿਕਤਾਂ ਦੀ ਮਜ਼ਬੂਰੀ ਕਾਰਨ ਦਿਤਾ ਉਹ ਵੀ ਪੰਥ ਨਾਲ ਸਾਂਝੀ ਕਰਨ ਦੀ ਅੱਜ ਲੋੜ ਹੈ। ਧਾਮੀ ਸਾਹਿਬ ਦਾ ਅਸਤੀਫਾ ਦੋਹਰੇ ਮਾਪ ਦੰਡ ਵਾਲਾ ਹੈ। ਪਰ ਫਿਰ ਵੀ ਮੈਂ ਅਸਤੀਫੇ ਨੂੰ ਅਫਸੋਸਨਾਇਕ ਕਹਿੰਦਾ ਹਾਂ। ਏਥੇ ਸਵਾਲ ਪੈਦਾ ਹੁੰਦਾ ਹੈ ਕਿ ਜਥੇਦਾਰ ਗਿ. ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਬਰਖ਼ਾਸਤ ਕਰਨ ਵੇਲੇ ਤਖ਼ਤ ਸਾਹਿਬ ਦੇ ਜਥੇਦਾਰਾਂ ਦਾ ਸਤਿਕਾਰ ਕਿਉਂ ਨਾ ਕਾਇਮ ਰੱਖਣ ਦਾ ਖਿਆਲ ਆਇਆ। ਉਨ੍ਹਾਂ ਦਾ ਅਸਤੀਫਾ ਕਈ ਕਿਸਮ ਦੇ ਸ਼ੰਕੇ ਖੜੇ ਕਰਦਾ ਹੈ। ਇਸ ਨਾਲ ਪੰਥਕ ਵਿਵਾਦ ਹੋਰ ਡੂੰਘੇ ਹੋਣ ਦਾ ਖ਼ਦਸਾ ਹੈ। ਸੱਚੀ ਸੁੱਚੀਆਂ ਪੰਥਕ ਭਾਵਨਾ ਵਾਲੀਆਂ ਸਖ਼ਸ਼ੀਅਤਾਂ ਉਪਰ ਰਾਜਸੀ ਲੋਕਾਂ ਵੱਲੋਂ ਮਾਨਸਿਕ ਦਬਾਅ ਬਣਾ ਕੇ ਉਨ੍ਹਾਂ ਨੂੰ ਪੰਥਕ ਕਾਜ ਤੋਂ ਹੀ ਲਾਂਭੇ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਨਾਲ ਬਹੁਤਾ ਚਿਰ ਰੇਤ ਦੇ ਮਹਿਲ ਵੀ ਖੜੇ ਨਹੀਂ ਰਹਿ ਸਕਦੇ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਪ੍ਰੈਸ ਬਿਆਨ ਵਿੱਚ ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਅਸਤੀਫਾ ਤਾਂ ਕਾਰਜਕਰਨੀ ਵੱਲੋਂ ਪ੍ਰਵਾਨ ਨਹੀਂ ਕੀਤਾ ਜਾਣਾ, ਇਹ ਪੰਥ ਦਰਦੀਆਂ ਨੂੰ ਪਤਾ ਹੈ। ਹੋਣ ਵਾਲੀ ਮੀਟਿੰਗ ਸਮੇਂ ਮੈਂਬਰ ਸ਼ ?ਰੋਮਣੀ ਕਮੇਟੀ ਤਾਂ ਸ. ਐਡਵੋਕੇਟ ਧਾਮੀ ਨੂੰ ਅਸਤੀਫਾ ਵਾਪਸ ਲੈਣ ਤੇ ਆਪਣੀਆਂ ਸੇਵਾਵਾਂ ਪਹਿਲਾਂ ਦੀ ਤਰ੍ਹਾਂ ਕਾਇਮ ਰੱਖਣ ਲਈ ਜ਼ੋਰ ਪਾਉਣਗੇ। ਉਨ੍ਹਾਂ ਕਿਹਾ ਕਿ ਐਡਵੋਕੇਟ ਧਾਮੀ ਨੂੰ ਅਸਤੀਫਾ ਦੇਣ ਦੀ ਮਜ਼ਬੂਰੀ, ਤੇ ਇਸ ਦੀਆਂ ਪਿਛਲੀਆਂ ਪਰਤਾਂ ਵੀ ਸੰਗਤ ਨਾਲ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਨਿਕਟ ਭਵਿੱਖ ਵਿੱਚ ਜੇਕਰ ਜਥੇਦਾਰ ਅਕਾਲ ਤਖ਼ਤ ਸਾਹਿਬ ਸਿੱਖ ਸਿਧਾਂਤ ਤੇ ਗੌਰਵਮਈ ਮਰਯਾਦਾ ਤੇ ਡੱਟ ਕੇ ਆਪਣੇ ਅਹੁਦੇ ਦੀਆਂ ਸੇਵਾਵਾਂ ਨਿਭਾਉਂਦੇ ਹਨ ਤਾਂ ਪੰਥ ਅੰਦਰ ਬਣੀਆਂ ਮੁਸ਼ਕਲਾਂ ਦਾ ਦੁਖ ਨਿਵਾਰਨ ਹੋ ਸਕਦਾ ਹੈ। ਉਨ੍ਹਾਂ ਖਦਸ਼ਾ ਜ਼ਾਹਿਰ ਕੀਤਾ ਕਿ ਅਹੁਦੇ ਤੋਂ ਅਸਤੀਫਾ ਦੇਣਾ ਪੰਥ ਨਾਲ ਵੱਡਾ ਧੋਖਾ ਹੈ। ਇਹ ਔਕੜਾਂ ਦਾ ਕੋਈ ਸਰਲੀਕਰਨ ਨਹੀਂ ਹੈ, ਭਾਵੇਂ ਉਹ ਪ੍ਰਧਾਨ ਸ਼੍ਰੋਮਣੀ ਕਮੇਟੀ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਹੈ, ਭਾਵੇਂ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ ਹਨ। ਅਹੁਦੇ ਤੇ ਰਹਿ ਕੇ ਪੰਥ ਦੀ ਬਿਗੜੀ ਸੁਆਰੀ ਜਾ ਸਕਦੀ ਹੈ, ਪੰਥਕ ਹਿੱਤਾਂ ਨੂੰ ਨੁਕਸਾਨ ਹੋਣ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਪੰਥ ਮਾਰੂ ਤੇ ਦੁਸ਼ਮਣ ਲੋਕਾਂ ਨੂੰ ਪੰਥ ਦੀ ਕਚਹਿਰੀ 'ਚ ਬੇਨਿਕਾਬ ਕਰਨਾ ਚਾਹੀਦਾ ਹੈ। ਅਸਤੀਫਾ ਨਹੀਂ ਦੇਣਾ ਚਾਹੀਦਾ।

# ਹਰਜਿੰਦਰ ਸਿੰਘ ਧਾਮੀ ਦਾ ਅਸਤੀ.ਫਾ ਮੰਦਭਾਗਾ ਤੇ ਦੁਖਦਾਇਕ: ਜਗਮੀਤ ਸਿੰਘ ਬਰਾੜ



ਸ੍ਰੀ ਮੁਕਤਸਰ ਸਾਹਿਬ : ਪ੍ਰਮੁੱਖ ਰਾਜਨੀਤਿਕ ਆਗੂ ਤੇ ਸਾਬਕਾ ਲੋਕ ਸਭਾ ਮੈਂਬਰ ਜਗਮੀਤ ਸਿੰਘ ਬਰਾੜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ 'ਤੇ ਪ੍ਰਤੀਕਰਮ ਜ਼ਾਹਿਰ ਕਰਦਿਆਂ ਇਸ ਨੂੰ ਬਹੁਤ ਮੰਦਭਾਗਾ ਤੇ ਦੁਖਦਾਈ ਦੱਸਿਆ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਧਾਮੀ ਦਾ ਪਿਛੋਕੜ ਪੰਥਕ ਦਰਦ ਵਾਲਾ ਹੈ। ਉਨ੍ਹਾਂ ਪ੍ਰਧਾਨਗੀ ਪਦ 'ਤੇ ਬਹੁਤ ਵਧੀਆ ਸੇਵਾਵਾਂ ਨਿਭਾਈਆਂ ਹਨ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਕਾਇਮ ਰੱਖਣ ਲਈ ਦ੍ਰਿੜ ਸਨ, ਉਨ੍ਹਾਂ 'ਤੇ ਮਾਨਸਿਕ ਦਬਾਅ ਐਨਾ ਵੱਧ ਗਿਆ ਕਿ ਅਸਤੀ.ਫਾ ਦੇਣ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਰਾਜਨੀਤੀ ਵਿਚ ਉਸਦੇ ਨੇੜਿਓਂ ਸਬੰਧ ਰਹੇ ਹਨ ਪਰ ਹੁਣ ਅਕਾਲੀ ਦਲ ਦਾ ਅਖੀਰਲਾ ਗੁਰਜ ਵੀ ਦਬਾਅ ਕਰਕੇ ਢਹਿ ਢੇਰੀ ਹੋ ਗਿਆ ਹੈ। ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਕਿਹਾ ਕਿ ਉਨ੍ਹਾਂ ਵਿਚੋਂ ਪੰਥ ਦਾ ਭਵਿੱਖ ਨਜ਼ਰ ਆ ਰਿਹਾ ਹੈ। ਉਹ ਬਹੁਤ ਦ੍ਰਿੜਤਾ ਨਾਲ ਹਿੱਕ ਡਾਹ ਕੇ ਸੰਗਤ ਵਿਚ ਜਾ ਰਹੇ ਹਨ। ਇਸ ਦੇ ਦੂਰਗਾਮੀ ਸਿੱਟੇ ਨਿਕਲਣਗੇ ਪਰ ਬਾਦਲ ਗਰੁੱਪ ਵਲੋਂ ਉਨ੍ਹਾਂ ਦੀ ਸੋਸ਼ਲ ਮੀਡੀਆ ਰਾਹੀਂ ਕਿਰਦਾਰਕੁਸ਼ੀ ਕਰਨਾ ਬਹੁਤ ਮੰਦਭਾਗਾ ਵਰਤਾਰਾ ਹੈ। ਗਿਆਨੀ ਹਰਪ੍ਰੀਤ ਸਿੰਘ ਵਲੋਂ ਧਾਮੀ ਦੇ ਅਸਤੀਫ਼ੇ ਮਗਰੋਂ ਦਿੱਤਾ ਬਿਆਨ ਦਰਸਾ ਰਿਹਾ ਹੈ ਕਿ ਉਨ੍ਹਾਂ ਵਲੋਂ ਵੱਡਾ ਹਿਰਦਾ ਵਿਖਾਇਆ ਗਿਆ ਹੈ।

# ਪਟਿਆਲਾ ਹੈਰੀਟੇਜ ਫੈਸਟੀਵਲ: ਪੁਰਾਤਨ ਸਿੱਕਿਆਂ ਤੇ ਹੱਥ ਲਿਖਤਾਂ ਦੀ ਪ੍ਰਦਰਸ਼ਨੀ ਬਣੀ ਖਿੱਚ ਦਾ ਕੇਂਦਰ

**ਸਾਰਾਗੜ੍ਹੀ ਦੀ ਜੰਗ ਦੇ ਦਸਤਾਵੇਜ਼ਾਂ ਨੇ ਗੌਰਵਮਈ ਇਤਿਹਾਸ ਤੋਂ ਕਰਵਾਇਆ ਜਾਣੂ**




ਪਟਿਆਲਾ : ਪਟਿਆਲਾ ਮਿਲਟਰੀ ਲਿਟਰੇਚਰ ਫੈਸਟੀਵਲ ਦੌਰਾਨ ਸਾਰਾਗੜ੍ਹੀ ਦੀ ਜੰਗ ਨਾਲ ਸਬੰਧਤ ਰੱਖੇ ਦਸਤਾਵੇਜ਼ਾਂ ਨੇ ਮਿਲਟਰੀ ਲਿਟਰੇਚਰ ਫੈਸਟੀਵਲ 'ਚ ਪੁੱਜੇ ਹਜ਼ਾਰਾਂ ਦਰਸ਼ਕਾਂ ਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਇਆ। ਏਐੱਸ ਚਾਹਲ ਵੱਲੋਂ ਪਟਿਆਲਾ 'ਚ ਪਹਿਲੀ ਵਾਰ ਸਾਰਾਗੜ੍ਹੀ ਦੀ ਇਤਿਹਾਸਕ ਜੰਗ ਨਾਲ ਸਬੰਧਤ ਦਸਤਾਵੇਜ਼ ਰੱਖੇ ਗਏ ਸਨ, ਜਿਨ੍ਹਾਂ 'ਚ ਫੋਰਥ ਬਟਾਲੀਅਨ ਸਿੱਖ ਰੈਜੀਮੈਂਟ ਦੀਆਂ ਪ੍ਰਾਪਤੀਆਂ ਸਬੰਧੀ ਤੇ ਇਤਿਹਾਸ ਬਾਰੇ ਵਿਸਥਾਰ 'ਚ ਜਾਣਕਾਰੀ ਮੌਜੂਦ ਸੀ। ਇਸ ਤੋਂ ਇਲਾਵਾ ਪ੍ਰਦਰਸ਼ਨੀ 'ਚ ਆਰਮਡ ਰੈਜੀਮੈਂਟ ਕਵਰ, ਪਰਮਵੀਰ ਚੱਕਰ, ਪਟਿਆਲਾ ਹੈਰੀਟੇਜ, ਨਾਭਾ, ਪਟਿਆਲਾ, ਕੈਥਲ, ਜੀਂਦ ਤੇ ਮਲੇਰਕੋਟਲਾ ਰਿਆਸਤਾਂ ਦੇ ਸਿੱਕੇ, ਬ੍ਰਿਟਿਸ਼ ਸਮੇਂ ਦੀਆਂ ਡਾਕ ਟਿਕਟਾਂ, ਨਾਨਕਸ਼ਾਹੀ ਸਿੱਕੇ ਵੀ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਏਐੱਸ ਚਾਹਲ, ਅਕਾਲ ਸਹਾਇ ਅਜਾਇਬ ਘਰ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਵੱਲੋਂ ਇਨ੍ਹਾਂ ਵਸਤਾਂ ਦੇ ਇਤਿਹਾਸ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਡਾਕ ਵਿਭਾਗ ਵੱਲੋਂ ਵੀ ਡਾਕ ਟਿਕਟਾਂ ਦੀ ਪ੍ਰਦਰਸ਼ਨੀ ਲਗਾਈ ਗਈ।

ਪ੍ਰਦਰਸ਼ਨੀ ਦਾ ਦੌਰਾ ਕਰਨ ਉਪਰੰਤ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਥੇ ਪਟਿਆਲਾ ਵਾਸੀਆਂ ਨੂੰ ਨਾ ਕੇਵਲ ਫੌਜ ਸਗੋਂ ਭਾਰਤ ਦੇ ਗੌਰਵਮਈ ਇਤਿਹਾਸ ਨੂੰ ਜਾਨਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੁਰਾਤਨ ਸਿੱਕੇ, ਡਾਕ ਟਿਕਟਾਂ ਤੇ ਸਾਰਾਗੜ੍ਹੀ ਦੀ ਜੰਗ ਨਾਲ ਸਬੰਧਤ ਦਸਤਾਵੇਜ਼ ਸਾਨੂੰ ਸਾਡੀ ਅਮੀਰ ਵਿਰਾਸਤ ਤੋਂ ਜਾਣੂ ਕਰਵਾਉਂਦੇ ਹਨ ਤੇ ਵਿਦਿਆਰਥੀਆਂ ਨੂੰ ਅਜਿਹੀਆਂ ਪ੍ਰਦਰਸ਼ਨੀਆਂ ਵਿਚੋਂ ਕਾਫ਼ੀ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐੱਸਐੱਸਪੀ ਡਾ. ਨਾਨਕ ਸਿੰਘ, ਏਡੀਸੀ. ਨਵਰੀਤ ਕੌਰ ਸੇਖੋਂ ਤੇ ਇਸ਼ਾ ਸਿੰਗਲ, ਸੰਯੁਕਤ ਕਮਿਸ਼ਨਰ ਨਗਰ ਨਿਗਮ ਬਬਨਦੀਪ ਸਿੰਘ ਵਾਲੀਆ ਵੀ ਮੌਜੂਦ ਸਨ।

# ਬੇਅਦਬੀ ਦੇ ਦੋਸ਼ੀਆਂ ਲਈ ਉਮਰ ਕੈਦ ਦੀ ਸਜ਼ਾ ਦਾ ਕਾਨੂੰਨ ਬਣਾਉਣ ਸੰਬੰਧੀ ਮੰਤਰੀ ਅਰੋੜਾ ਨੇ ਸਿੱਖ ਜਥੇਬੰਦੀਆਂ ਨੂੰ ਵਿਖਾਈ ਆਸ ਦੀ ਕਿਰਨ

## ਪੰਜਾਬ ਦਾ ਗ੍ਰਹਿ ਵਿਭਾਗ ਗੁਰਦੁਆਰਾ ਕਮੇਟੀਆਂ ਤੱਕ ਪਹੁੰਚਾਏਗਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ



ਸ੍ਰੀ ਅਨੰਦਪੁਰ ਸਾਹਿਬ : ਬੇਅਦਬੀਆਂ ਦੇ ਦੋਸ਼ੀਆਂ ਲਈ ਉਮਰ ਕੈਦ ਦੀ ਸਜ਼ਾ ਦੀ ਮੰਗ ਨੂੰ ਲੈ ਕੇ ਸਮਾਣਾ ਵਿਖੇ 4 ਮਹੀਨੇ ਤੋਂ ਭਾਈ ਗੁਰਜੀਤ ਸਿੰਘ ਖ਼ਾਲਸਾ ਵਲੋਂ ਆਰੰਭੇ ਗਏ ਟਾਵਰ ਮੋਰਚੇ ਦੇ ਪ੍ਰਬੰਧਕਾਂ ਅਤੇ ਸਹਿਯੋਗੀ ਸਿੱਖ ਜਥੇਬੰਦੀਆਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਵਿਚ ਸਰਪੰਚ ਰਜਿੰਦਰ ਸਿੰਘ, ਤਲਵਿੰਦਰ ਸਿੰਘ, ਸਰੂਪ ਸਿੰਘ ਅਤੇ ਅੱਠੇ ਪਹਿਰ ਟਹਿਲ ਸੇਵਾ ਲਹਿਰ ਦੇ ਮੁੱਖ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਨੇ ਕਾਨੂੰਨ ਬਣਾਉਣ ਸੰਬੰਧੀ ਵੇਰਵੇ ਸਾਂਝੇ ਕੀਤੇ। ਮੀਟਿੰਗ ਵਿਚ ਉੱਤਰ ਪ੍ਰਦੇਸ਼, ਮੱਧ-ਪ੍ਰਦੇਸ਼ ਅਤੇ ਮਹਾਰਾਸ਼ਟਰ ਸਰਕਾਰਾਂ ਵਲੋਂ ਆਪਣੇ ਸੂਬਿਆਂ ਲਈ ਬਣਾਏ ਗਏ ਕਾਨੂੰਨਾਂ ਦੇ ਤੱਥ ਵੀ ਉਨ੍ਹਾਂ ਸਾਹਮਣੇ ਰੱਖੇ ਗਏ। ਜਥੇਬੰਦੀ ਵਲੋਂ ਮੰਗ ਪੱਤਰ ਮੋਰਚਾ ਪ੍ਰਬੰਧਕਾਂ ਸਮੇਤ ਬਾਬਾ ਬੂਟਾ ਸਿੰਘ ਗੁੜਥੜੀ, ਮੈਂਬਰ ਸ਼੍ਰੋਮਣੀ ਕਮੇਟੀ, ਬਾਬਾ ਅਮਰਜੀਤ ਸਿੰਘ ਦਮਦਮੀ ਟਕਸਾਲ, ਭਾਰਤੀ ਕਿਸਾਨ ਯੂਨੀਅਨ ਫ਼ਤਿਹ ਦੇ ਪ੍ਰਧਾਨ ਪ੍ਰਭਜੋਤ ਸਿੰਘ, ਭਾਈ ਜਸਵੀਰ ਸਿੰਘ ਖ਼ਾਲਸਾ, ਟਹਿਲ ਸੇਵਾ ਲਹਿਰ ਸ੍ਰੀ ਅਨੰਦਪੁਰ ਸਾਹਿਬ, ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖ਼ਾਲਸਾ, ਲਵਜੋਤ ਸਿੰਘ, ਟਹਿਲ ਸੇਵਾ ਲਹਿਰ ਬਟਾਲਾ ਨੇ 'ਆਪ' ਦੇ ਸੂਬਾ ਪ੍ਰਧਾਨ ਨੂੰ ਸੌਂਪਿਆ। ਉਨ੍ਹਾਂ ਦੱਸਿਆ ਕਿ ਜਥੇਬੰਦੀਆਂ ਦੀ ਮੰਗ ਦੀ ਗੰਭੀਰਤਾ ਨੂੰ ਦੇਖਦੇ ਮੰਤਰੀ ਅਰੋੜਾ ਨੇ ਸੂਬੇ ਦੇ ਮੁੱਖ ਸਕੱਤਰ ਨਾਲ ਮੌਕੇ 'ਤੇ ਕਾਨੂੰਨ ਬਣਾਉਣ ਸੰਬੰਧੀ ਤਕਨੀਕੀ ਨੁਕਤਿਆਂ 'ਤੇ ਵਿਚਾਰ ਕੀਤੀ। ਉਨ੍ਹਾਂ ਸਿੱਖ ਚਿੰਤਕਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਇਸ ਮਸਲੇ 'ਤੇ ਗੰਭੀਰਤਾ ਨਾਲ ਕੰਮ ਕਰੇਗੀ ਅਤੇ ਨੇੜੇ ਭਵਿੱਖ ਵਿਚ ਸਖ਼ਤ ਕਾਨੂੰਨ ਬਣਾ ਕੇ ਬੇਅਦਬੀਆਂ ਨੂੰ ਠੱਲ੍ਹ ਪਾਈ ਜਾਏਗੀ। ਇਸ ਮੌਕੇ ਜਥੇਬੰਦੀ ਵਲੋਂ ਸਮੂਹ ਖ਼ਾਲਸਾ ਪੰਥ ਦੀ ਮੰਗ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 15 ਜੁਲਾਈ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਬੇਅਦਬੀਆਂ ਰੋਕਣ ਲਈ ਜਾਰੀ ਕੀਤੇ ਹੁਕਮਨਾਮੇ ਨੂੰ ਪੰਜਾਬ ਦੀਆਂ ਗੁਰਦੁਆਰਾ ਕਮੇਟੀਆਂ ਤੱਕ ਪਹੁੰਚਾਉਣ ਲਈ ਬੇਨਤੀ ਕੀਤੀ ਗਈ, ਜਿਸ ਨੂੰ ਤੁਰੰਤ ਪ੍ਰਵਾਨ ਕਰਦੇ ਹੋਏ ਉਨ੍ਹਾਂ ਸੂਬੇ ਦੇ ਗ੍ਰਹਿ ਸਕੱਤਰ ਨੂੰ ਹੁਕਮਨਾਮੇ ਦੀ ਕਾਪੀ ਭੇਜ ਕੇ ਸਮੂਹ ਡਿਪਟੀ ਕਮਿਸ਼ਨਰਾਂ ਰਾਹੀਂ ਸਮੂਹ ਪ੍ਰਬੰਧਕ ਕਮੇਟੀਆਂ ਤੱਕ ਹੁਕਮਨਾਮਾ ਪਹੁੰਚਾਉਣ ਦੀ ਹਦਾਇਤ ਕੀਤੀ। ਇਸ ਮੌਕੇ ਜਥੇਬੰਦੀ ਨੇ ਭਾਈ ਗੁਰਜੀਤ ਸਿੰਘ ਖ਼ਾਲਸਾ ਦੀ ਇੱਕ ਮਹੀਨੇ ਤੋਂ ਚੱਲ ਰਹੀ ਭੁੱਖ ਹੜਤਾਲ ਕਾਰਨ ਵਿਗੜ ਰਹੀ ਸਿਹਤ ਦਾ ਹਵਾਲਾ ਦਿੰਦੇ ਹੋਏ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਤੁਰੰਤ ਆਰੰਭ ਕਰਨ ਦੀ ਪੁਰਜ਼ੋਰ ਅਪੀਲ ਕੀਤੀ।

# '84 ਸਿੱਖ ਨਕਸਕੁਸ਼ੀ ਪੀੜਤਾਂ ਨੇ ਭਾਜਪਾ ਆਗੂਆਂ ਦਾ ਕੀਤਾ ਸਨਮਾਨ

## ਬਾਕੀ ਮੰਗਾਂ ਪੂਰੀਆਂ ਕਰਵਾਉਣ ਲਈ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਵਾਉਣ ਦੀ ਕੀਤੀ ਅਪੀਲ



ਲੁਧਿਆਣਾ : ਨਵੰਬਰ 1984 'ਚ ਸਿੱਖਾਂ ਦੇ ਹੋਏ ਨਸਲਕੁਸ਼ੀ ਦੇ ਮਾਮਲੇ 'ਚ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਏ ਜਾਣ 'ਤੇ ਸਿੱਖ ਨਸਲਕੁਸ਼ੀ ਪੀੜਤਾਂ ਨੇ ਖ਼ੁਸ਼ੀ ਜਤਾਉਂਦੇ ਹੋਏ ਸੱਜਣ ਕੁਮਾਰ ਲਈ ਫਾਂਸੀ ਦੀ ਸਜ਼ਾ ਦੀ ਮੰਗ ਕੀਤੀ ਹੈ। ਲੁਧਿਆਣਾ 'ਚ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੁਰਜੀਤ ਸਿੰਘ, ਮਹਿਲਾ ਵਿੰਗ ਸੂਬਾ ਪ੍ਰਧਾਨ ਬੀਬੀ ਗੁਰਦੀਪ ਕੌਰ ਅਤੇ ਵਰਕਿੰਗ ਕਮੇਟੀ ਵਲੋਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਵਿਨਾਸ਼ ਰਾਏ ਖੰਨਾ ਤੇ ਕੌਮੀ ਕਾਰਜਕਾਰਨੀ ਮੈਂਬਰ ਹਰਜੀਤ ਸਿੰਘ ਗਰੇਵਾਲ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਦੇ ਆਗੂਆਂ ਦੀ ਮੁਲਾਕਾਤ ਕਰਵਾਉਣ ਦੀ ਅਪੀਲ ਕਰਦਿਆਂ ਪੀੜਤਾਂ ਦੀਆਂ ਬਾਕੀ ਰਹਿੰਦੀਆਂ ਮੰਗਾਂ ਜਿਸ 'ਚ ਪੀੜਤਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ, ਬੇਘਰਿਆਂ ਨੂੰ ਪੱਕਾ ਮਕਾਨ, ਕਾਰੋਬਾਰਾਂ ਲਈ ਬੂਥ ਅਤੇ ਰੱਦ ਕੀਤੇ ਗਏ 135 ਲਾਲ ਕਾਰਡਾਂ ਨੂੰ ਬਹਾਲ ਕਰਨ ਦੇ ਨਾਲ ਹੀ ਪੰਜਾਬ ਦੇ 25 ਹਜ਼ਾਰ ਪਰਿਵਾਰਾਂ ਦਾ ਮੁੜ ਵਸੇਬਾ ਕਰਵਾਉਣ ਦੀ ਮੰਗ ਨੂੰ ਦੁਹਰਾਇਆ। ਪ੍ਰਧਾਨ ਸੁਰਜੀਤ ਸਿੰਘ ਤੇ ਬੀਬੀ ਗੁਰਦੀਪ ਕੌਰ ਨੇ ਸੱਜਣ ਕੁਮਾਰ ਲਈ ਫਾਂਸੀ ਦੀ ਸਜ਼ਾ ਦੀ ਮੰਗ ਕਰਦਿਆਂ ਜਗਦੀਸ਼ ਟਾਈਟਲਰ, ਕਮਲਨਾਥ, ਅਜੈ ਮਾਕਨ ਤੇ ਕਤਲੇਆਮ 'ਚ ਕਥਿਤ ਤੌਰ 'ਤੇ ਸ਼ਾਮਿਲ ਹੋਰ ਹਮਲਾਵਰਾਂ ਦੀ ਗ੍ਰਿਫ਼ਤਾਰੀ ਲਈ ਤਰੁੱਥ ਕਮਿਸ਼ਨ ਬਣਾ ਕੇ ਜਾਂਚ ਕਰਵਾਈ ਜਾਵੇ ਤੇ ਨਸਲਕੁਸ਼ੀ ਦਾ ਭਿਆਨਕ ਦਰਦ ਸਹਿਣ ਵਾਲੇ ਪੀੜਤਾਂ ਦੇ ਜ਼ਖਮਾਂ 'ਤੇ ਮਲ੍ਹਮ ਲਗਾਉਂਦੇ ਹੋਏ 41 ਸਾਲ ਬਾਅਦ ਇਨਸਾਫ਼ ਦਿੱਤਾ ਜਾਵੇ। ਭਾਜਪਾ ਆਗੂ ਅਵਿਨਾਸ਼ ਰਾਏ ਖੰਨਾ ਤੇ ਕਾਰਜਕਾਰਨੀ ਮੈਂਬਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਕਤਲੇਆਮ 'ਚ ਸ਼ਾਮਿਲ ਬਾਕੀ ਦੇ ਕਾਂਗਰਸੀ ਨੇਤਾਵਾਂ ਨੂੰ ਵੀ ਸਜ਼ਾਵਾਂ ਜ਼ਰੂਰ ਮਿਲਣਗੀਆਂ। ਇਸ ਮੌਕੇ ਸਥਾਨਕ ਭਾਜਪਾ ਆਗੂ ਗੁਰਦੀਪ ਸਿੰਘ ਗੋਸ਼ਾ, ਕੌਂਸਲਰ ਰਾਜ ਕੁਮਾਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਦੰਗਾ ਪੀੜਤ ਵੈੱਲਫੇਅਰ ਸੁਸਾਇਟੀ ਵਲੋਂ ਦਲਜੀਤ ਸਿੰਘ ਸੋਨੀ ਜਨਰਲ ਸਕੱਤਰ, ਗੁਰਦੇਵ ਸਿੰਘ ਚੇਅਰਮੈਨ, ਇੰਦਰਪਾਲ ਸਿੰਘ ਵਿੱਕੀ, ਸਤਨਾਮ ਸਿੰਘ, ਹਰਮੀਤ ਸਿੰਘ, ਅਮਰਜੀਤ ਸਿੰਘ ਘਵਨ, ਮਹਿੰਦਰ ਸਿੰਘ ਸਚਦੇਵਾ, ਸੁਖਵਿੰਦਰ ਸਿੰਘ, ਅਮਰਜੀਤ ਸਿੰਘ ਡਿੰਪਲ, ਹਰਪ੍ਰੀਤ ਸਿੰਘ, ਧਰਮਿੰਦਰ ਸਿੰਘ, ਹਰਪਾਲ ਸਿੰਘ, ਚਮਨ ਸਿੰਘ, ਹਰਦੀਪ ਕੌਰ, ਬੀਬੀ ਗੁਰਦੇਵ ਕੌਰ, ਬੀਬੀ ਸਤਿੰਦਰ ਕੌਰ, ਬੀਬੀ ਗੁਰਪ੍ਰੀਤ ਕੌਰ ਪ੍ਰੀਤੀ, ਬੀਬੀ ਸੁਰਿੰਦਰ ਕੌਰ ਅਤੇ ਹੋਰ ਮੈਂਬਰਾਂ ਨੇ ਵੀ ਭਾਜਪਾ ਆਗੂਆਂ ਦਾ ਸਨਮਾਨ ਕੀਤਾ।

# ਸਿੱਖ ਨਸਲਕੁਸ਼ੀ ਦੇ ਦੋਸ਼ੀ ਸੱਜਣ ਕੁਮਾਰ ਨੂੰ ਫਾਂਸੀ ਦੀ ਸਜ਼ਾ ਸੁਣਾਏ ਜਾਣ ਦੀ ਉਮੀਦ : ਫੂਲਕਾ



ਅੰਮ੍ਰਿਤਸਰ : ਸੰਨ 1984 ਦੇ ਦਿੱਲੀ ਸਿੱਖ ਨਸਲਕੁਸ਼ੀ ਦੇ ਇਕ ਹੋਰ ਮਾਮਲੇ ਵਿਚ ਦਿੱਲੀ ਦੀ ਇਕ ਅਦਾਲਤ ਵਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬੀਤੇ ਦਿਨ ਦੋਸ਼ੀ ਕਰਾਰ ਦਿੱਤੇ ਜਾਣ ਬਾਅਦ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ, ਸਾਬਕਾ ਵਿਧਾਇਕ, ਸਿੱਖ ਚਿੰਤਕ ਤੇ ਨਸਲਕੁਸ਼ੀ ਪੀੜਤਾਂ ਦੇ ਕੇਸਾਂ ਦੀ ਲੰਬੇ ਸਮੇਂ ਤੋਂ ਕਾਨੂੰਨੀ ਪੈਰਵਾਈ ਕਰ ਰਹੇ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਸ੍ਰੀ ਹਰਿਮੰਦਰ ਸਾਹਿਬ ਪੁੱਜੇ। ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਵੰਬਰ 1984 ਵਿਚ ਇਕੱਲੇ ਦਿੱਲੀ ਵਿਚ ਹੀ ਕਰੀਬ 2733 ਸਿੱਖਾਂ ਦਾ ਕਤਲੇਆਮ ਕੀਤਾ ਗਿਆ ਜਿਨ੍ਹਾਂ ਵਿਚੋਂ 700 ਦੇ ਕਰੀਬ ਸਿੱਖਾਂ ਦੇ ਕਤਲ ਇਕੱਲੇ ਸੱਜਣ ਕੁਮਾਰ ਦੇ ਹਲਕੇ ਵਿਚ ਹੀ ਹੋਏ ਜਿਨ੍ਹਾਂ ਵਿਚ ਇਸਨੇ ਹੀ ਕਤਲੇਆਮ ਕਰਨ ਵਾਲੇ ਲੋਕਾਂ ਦੀ ਅਗਵਾਈ ਕੀਤੀ ਸੀ। ਉਨ੍ਹਾਂ ਕਿਹਾ ਕਿ ਇਕ ਹੋਰ ਮਾਮਲੇ ਵਿਚ ਸੱਜਣ ਕੁਮਾਰ ਨੂੰ ਪਹਿਲਾਂ ਹੀ ਉਮਰ ਕੈਦ ਹੋਈ ਹੈ ਤੇ ਜਸਵੰਤ ਸਿੰਘ ਤੇ ਤਰਨਦੀਪ ਸਿੰਘ ਨਾਂਅ ਦੇ ਦੋ ਸਿੱਖਾਂ ਨੂੰ ਕਤਲ ਕਰਨ ਵਾਲੇ ਇਸ ਦੂਜੇ ਮਾਮਲੇ, ਜਿਸ ਦੌਰਾਨ ਇਹ ਨਸਲਕੁਸ਼ੀ ਕਰਨ ਵਾਲੀ ਭੀੜ ਦੀ ਅਗਵਾਈ ਕਰ ਰਿਹਾ ਸੀ, ਵਿਚ ਇਸਨੂੰ ਮਾਣਯੋਗ ਅਦਾਲਤ ਵਲੋਂ ਦੋਸ਼ੀ ਕਰਾਰ ਦਿੱਤਾ ਗਿਆ ਹੈ ਤੇ ਆਸ ਹੈ ਕਿ ਹੁਣ ਦੋਸ਼ੀ ਸੱਜਣ ਕੁਮਾਰ ਨੂੰ ਫਾਂਸੀ ਦੀ ਸਜ਼ਾ ਸੁਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਦੀ ਤਤਕਾਲੀ ਕਾਂਗਰਸ ਸਰਕਾਰ ਦੇ ਕਹਿਣ 'ਤੇ ਹੀ ਸਿੱਖ ਨਸਲਕੁਸ਼ੀ ਕੀਤਾ ਗਿਆ ਸੀ ਤੇ ਸੱਜਣ ਕੁਮਾਰ ਵਰਗਿਆਂ ਤੋਂ ਇਲਾਵਾ ਇਸ ਦੇ ਮਾਸਟਰ ਮਾਈਂਡ ਆਗੂਆਂ ਨੂੰ ਵੀ ਬਖ਼ਸ਼ਣਾ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੂੰ ਲੰਬੇ ਅਰਸੇ ਬਾਅਦ ਦੂਜੇ ਮਾਮਲੇ ਵਿਚ ਵੀ ਦੋਸ਼ੀ ਕਰਾਰ ਦਿੱਤੇ ਜਾਣ ਨੂੰ ਪੂਰਾ ਇਨਸਾਫ਼ ਮਿਲਣਾ ਨਹੀਂ ਕਹਿ ਸਕਦੇ, ਦੋਸ਼ੀਆਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ, ਸਮਾਂ ਭਾਵੇਂ ਜਿੰਨਾਂ ਮਰਜ਼ੀ ਲੱਗ ਜਾਵੇ। ਐਡਵੋਕੇਟ ਫੂਲਕਾ ਨੇ ਕਿਹਾ ਕਿ ਪੀੜ੍ਹਤ ਸਿੱਖ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦੇ ਆਗੂਆਂ ਅਤੇ ਵਕੀਲਾਂ ਨੇ ਵੀ ਪੂਰਾ ਸਹਿਯੋਗ ਦਿੱਤਾ ਹੈ। ਇਸ ਦੌਰਾਨ ਐਡਵੋਕੇਟ ਫੂਲਕਾ ਨੂੰ ਸ਼੍ਰੋਮਣੀ ਕਮੇਟੀ ਵਲੋਂ ਸੂਚਨਾ ਕੇਂਦਰ ਵਿਖੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਸਕੱਤਰ ਪ੍ਰਤਾਪ ਸਿੰਘ ਵਲੋਂ ਸ੍ਰੀ ਹਰਿਮੰਦਰ ਸਾਹਿਬ ਦਾ ਸੁੰਦਰ ਮਾਡਲ, ਸਿਰੋਪਾਓ ਤੇ ਦੁਸ਼ਾਲਾ ਭੇਟ ਕਰਕੇ ਸਨਮਾਨਿਤ ਕਰਦਿਆਂ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਤੇ ਰਣਧੀਰ ਸਿੰਘ ਵਰਪਾਲ ਵੀ ਹਾਜ਼ਰ ਸਨ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਕੇਂਦਰੀ ਮੰਤਰੀ ਦੂਬੇ ਨੇ ਮੱਥਾ ਟੇਕਿਆ

## *ਕਿਹਾ, ਮੋਦੀ ਸਰਕਾਰ ਨੇ ਕਿਸਾਨਾਂ ਲਈ ਅਹਿਮ ਪ੍ਰੋਗਰਾਮ ਲਿਆਂਦੇ ਹਨ*



ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ 'ਚ ਹੱਥ ਜੋੜ ਕੇ ਖੜ੍ਹੇ ਕੇਂਦਰੀ ਮੰਤਰੀ ਸਤੀਸ਼ ਚੰਦਰ ਦੂਬੇ, ਨਾਲ ਹਰਵਿੰਦਰ ਸਿੰਘ ਸੰਧੂ, ਗੁਰਪ੍ਰਤਾਪ ਸਿੰਘ ਟਿੱਕਾ, ਅਜੈਬੀਰਪਾਲ ਸਿੰਘ ਰੰਧਾਵਾ, ਜਸਪਾਲ ਸਿੰਘ ਸੰਟੂ

ਅੰਮ੍ਰਿਤਸਰ : ਕੇਂਦਰੀ ਕੋਲਾ ਅਤੇ ਮਾਈਨਿੰਗ ਰਾਜ ਮੰਤਰੀ ਸਤੀਸ਼ ਚੰਦਰ ਦੂਬੇ ਨੇ ਕਿਹਾ ਕਿ ਭਾਰਤ ਖੇਤੀ ਪ੍ਰਧਾਨ ਮੁਲਕ ਹੈ। ਮੋਦੀ ਸਰਕਾਰ ਵਲੋਂ ਵਿੱਤੀ ਸਾਲ ਦੇ ਬਜਟ ਵਿਚ ਕਿਸਾਨਾਂ ਲਈ ਅਹਿਮ ਪ੍ਰੋਗਰਾਮ ਲਿਆਂਦੇ ਗਏ ਹਨ, ਜਿਸ ਨਾਲ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ। ਉਹ ਅੱਜ ਅੰਮ੍ਰਿਤਸਰ ਦੌਰੇ 'ਤੇ ਆਏ ਸਨ। ਇਸ ਦੌਰਾਨ ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਆਪਣੀ ਇਸ ਫੇਰੀ ਦੌਰਾਨ ਭਾਜਪਾ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੂਬੇ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਬਜਟ ਵਿਚ ਪੰਜਾਬ ਲਈ 5421 ਕਰੋੜ ਦੀ ਰਾਸ਼ੀ ਰੱਖੀ ਹੈ ਜਿਸ ਨਾਲ ਪੰਜਾਬ 'ਚ ਕਈ ਸੁਧਾਰ ਹੋਣਗੇ। ਉਨ੍ਹਾਂ ਕਿਹਾ ਕਿ ਦੇਸ਼ 'ਚ ਡਾਕਟਰਾਂ ਦੀ ਕਮੀ ਨੂੰ ਦੂਰ ਕਰਨ ਲਈ ਸਰਕਾਰ ਨੇ 75000 ਡਾਕਟਰਾਂ ਦੀਆਂ ਸੀਟਾਂ ਵਧਾਉਣ ਦੀ ਯੋਜਨਾ ਤਿਆਰ ਕੀਤੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵਲੋਂ ਕਿਸਾਨਾਂ ਦੇ ਆਰਥਿਕ ਸੁਧਾਰ ਅਤੇ ਖੇਤੀ ਵਿਭੰਨਤਾ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਨ੍ਹਾਂ ਦੇ ਕ੍ਰੈਡਿਟ ਕਾਰਡ ਦੀ ਸਮਰਥਾ 5 ਲੱਖ ਰੁਪਏ ਤੱਕ ਕਰ ਦਿੱਤੀ ਗਈ ਹੈ। ਇਸ ਦੌਰਾਨ ਉਨ੍ਹਾਂ ਦਿੱਲੀ 'ਚ ਆਮ ਆਦਮੀ ਪਾਰਟੀ ਦੀ ਹਾਰ ਬਾਰੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਲੋਕਾਂ ਨੂੰ ਗੁੰਮਰਾਹ ਕੀਤਾ। ਪੰਜਾਬ ਵਿਚ ਔਰਤਾਂ ਨਾਲ 1000 ਰੁਪਏ ਮਹੀਨਾ ਦੇਣ ਦਾ ਕੀਤਾ ਵਾਅਦਾ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਤੋਂ ਇਲਾਵਾ, ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਰਾਕੇਸ਼ ਗਿੱਲ, ਸੂਬਾ ਸਕੱਤਰ ਸੂਰਜ ਭਾਰਦਵਾਜ, ਜ਼ਿਲ੍ਹਾ ਜਨਰਲ ਸਕੱਤਰ ਮਨੀਸ਼ ਸ਼ਰਮਾ ਅਤੇ ਸਲਿਲ ਕਪੂਰ, ਆਨੰਦ ਸ਼ਰਮਾ, ਸੁਖਮਿੰਦਰ ਸਿੰਘ ਪਿੰਟੂ, ਹਰਜਿੰਦਰ ਸਿੰਘ ਠੇਕੇਦਾਰ, ਗੁਰਪ੍ਰਤਾਪ ਸਿੰਘ ਟਿੱਕਾ, ਅਵਿਨਾਸ਼ ਜੌਲੀ, ਅਜੈਬੀਰ ਪਾਲ ਸਿੰਘ ਰੰਧਾਵਾ, ਜਸਪਾਲ ਸਿੰਘ ਸ਼ੰਟੂ, ਬਲਕਾਰ ਸਿੰਘ ਸੋਹਲ ਆਦਿ ਮੌਜੂਦ ਸਨ।

# 1984 ਸਿੱਖ ਨਸਲਕੁਸ਼ੀ ਸੁਪਰੀਮ ਕੋਰਟ ਵਲੋਂ ਦਿੱਲੀ ਸਰਕਾਰ ਨੂੰ 6 ਅਦਾਲਤੀ ਆਦੇਸ਼ਾਂ ਨੂੰ ਚੁਣੌਤੀ ਦੇਣ ਦੇ ਨਿਰਦੇਸ਼

ਨਵੀਂ ਦਿੱਲੀ : 1984 ਸਿੱਖ ਨਸਲਕੁਸ਼ੀ ਮਾਮਲਿਆਂ ਦੀ ਜਾਂਚ ਬਾਰੇ ਗੁਰਲਾਡ ਸਿੰਘ ਕਾਹਲੋਂ (ਸਾਬਕਾ ਮੈਂਬਰ ਦਿੱਲੀ ਕਮੇਟੀ) ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਨੂੰ ਨਿਰਦੇਸ਼ ਦਿੱਤੇ ਹਨ ਕਿ ਸਿੱਖ ਨਸਲਕੁਸ਼ੀ ਮਾਮਲੇ 'ਚ ਬਰੀ ਕੀਤੇ ਗਏ 6 ਅਦਾਲਤੀ ਆਦੇਸ਼ਾਂ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਜਾਵੇ। ਅਦਾਲਤ ਨੇ ਕਿਹਾ ਕਿ ਇਨ੍ਹਾਂ 6 ਮਾਮਲਿਆਂ 'ਚ ਸਪੈਸ਼ਲ ਲੀਵ ਪਟੀਸ਼ਨ (ਐਸ.ਐਲ.ਪੀ.) ਦਾਇਰ ਕੀਤੀ ਜਾਵੇ। ਅਦਾਲਤ ਵਲੋਂ 17 ਮਾਰਚ ਨੂੰ ਇਸ ਮਾਮਲੇ ਦੀ ਅਗਲੀ ਸੁਣਵਾਈ ਕੀਤੀ ਜਾਵੇਗੀ। ਪਟੀਸ਼ਨਕਰਤਾ ਨੇ ਇਸ ਮਾਮਲੇ 'ਚ ਨਵੇਂ ਸਿਰੇ ਤੋਂ ਸੁਣਵਾਈ ਦੀ ਮੰਗ ਕੀਤੀ ਹੈ। ਬੈਂਚ ਨੇ ਨਿਰਦੇਸ਼ ਦਿੱਤੇ ਕਿ ਦਿੱਲੀ ਸਰਕਾਰ 6 ਮਾਮਲਿਆਂ 'ਚ ਹਾਈ ਕੋਰਟ ਦੁਆਰਾ ਬਰੀ ਕੀਤੇ ਗਏ ਫ਼ੈਸਲਿਆਂ ਖ਼ਿਲਾਫ਼ ਸੁਪਰੀਮ ਕੋਰਟ 'ਚ ਅਪੀਲ ਕਰੇ। ਦਿੱਲੀ ਸਰਕਾਰ ਨੂੰ 6 ਹਫ਼ਤਿਆਂ ਅੰਦਰ ਬਰੀ ਕੀਤੇ ਜਾਣ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦਾਇਰ ਕਰਨ ਦਾ ਨਿਰਦੇਸ਼ ਦਿੱਤਾ। ਇਸ ਦੇ ਨਾਲ ਹੀ ਅਦਾਲਤ ਨੇ ਸਿੱਖ ਨਸਲਕੁਸ਼ੀ ਦੌਰਾਨ ਹੋਈਆਂ ਹੱਤਿਆਵਾਂ ਦੇ 51 ਮਾਮਲਿਆਂ ਦੀ ਮੁੜ ਸੁਣਵਾਈ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਨਸਲਕੁਸ਼ੀ ਦੌਰਾਨ 56 ਹੱਤਿਆਵਾਂ ਦੇ ਮਾਮਲਿਆਂ 'ਚੋਂ ਸਿਰਫ਼ 5 ਮਾਮਲਿਆਂ 'ਚ ਦੋਸ਼ ਪੱਤਰ ਦਾਇਰ ਕੀਤਾ ਗਿਆ ਸੀ ਤੇ ਬਾਕੀਆਂ ਨੂੰ ਬਰੀ ਕਰ ਦਿੱਤਾ ਗਿਆ ਸੀ। ਦੱਸਣਯੋਗ ਹੈ ਕਿ ਪਿਛਲੀ ਸੁਣਵਾਈ ਦੌਰਾਨ ਅਦਾਲਤ ਨੇ ਸਰਕਾਰ ਕੋਲੋਂ ਪੁੱਛਿਆ ਸੀ ਕਿ ਕੀ ਬਰੀ ਕੀਤੇ ਜਾਣ ਵਿਰੁੱਧ ਕੋਈ ਅਪੀਲ ਦਾਇਰ ਕੀਤੀ ਗਈ ਸੀ?

# ਰੱਦ ਹੋ ਚੁੱਕੇ ਕਾਲੇ ਕਾਨੂੰਨਾਂ ਦਾ ਹੀ ਸਰੂਪ ਹੈ ਖੇਤੀ ਨੀਤੀ ਦਾ ਖਰੜਾ: ਬੁਰਜਗਿੱਲ

### ਚੰਡੀਗੜ੍ਹ ਮੋਰਚੇ ਦੀ ਤਿਆਰੀ ਵਜੋਂ ਡਕੌਂਦਾ ਗਰੁੱਪ ਵੱਲੋਂ ਕਾਨਫਰੰਸ



ਪਟਿਆਲਾ : ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਪੰਜਾਬ ਸਰਕਾਰ ਨਾਲ ਸਬੰਧਤ ਕਿਸਾਨੀ ਮੰਗਾਂ ਦੀ ਪੂਰਤੀ ਯਕੀਨੀ ਬਣਾਉਣ ਲਈ 5 ਮਾਰਚ ਤੋਂ ਚੰਡੀਗੜ੍ਹ ਵਿੱਚ ਲਾਏ ਜਾਣ ਵਾਲੇ ਪੱਕੇ ਮੋਰਚੇ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਜਿਸ ਤਹਿਤ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਅੱਜ ਇਸ ਮੋਰਚੇ ਦੀ ਤਿਆਰੀ ਵਜੋਂ ਕੀਤੀ ਗਈ ਕਾਨਫਰੰਸ ’ਚ ਯੂਨੀਅਨ ਦੇ ਸੂਬਾਈ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਅਤੇ ਸੂਬਾਈ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਜਿਨ੍ਹਾਂ ਨੇ ਕਿਸਾਨ ਭਾਈਚਾਰੇ ਨੂੰ 5 ਮਾਰਚ ਨੂੰ ਚੰਡੀਗੜ੍ਹ ਚਲੋ ਦਾ ਹੋਕਾ ਦਿਤਾ। ਇਥੇ ਜੇਲ੍ਹ ਰੋਡ ’ਤੇ ਸਥਿਤ ਪੁੱਡਾ ਗਰਾਊਂਡ ਵਿੱਚ ਹੋਈ ਇਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੋਵਾਂ ਆਗੂਆਂ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਵੱਲੋਂ ਹੁਣ ਦੁਬਾਰਾ ਫਿਰ ਕੌਮੀ ਖੇਤੀ ਨੀਤੀ ਦਾ ਖਰੜਾ ਰਾਜ ਸਰਕਾਰਾਂ ਦੇ ਸਿਰ ਮੜਿਆ ਜਾ ਰਿਹਾ ਹੈ ਜੋ ਕਿ ਰੱਦ ਹੋ ਚੁੱਕੇ ਤਿੰਨ ਕਾਲੇ ਕਾਨੂੰਨਾਂ ਦਾ ਹੀ ਰੂਪ ਹੈ। ਉਨ੍ਹਾਂ ਨੇ ਇਸ ਨੂੰ ਪ੍ਰਾਈਵੇਟ ਮੰਡੀਆਂ ਨੂੰ ਹੁਲਾਰਾ ਦੇਣ ਅਤੇ ਸਰਕਾਰੀ ਮੰਡੀਆਂ ਦਾ ਭੋਗ ਪਾਉਣ ਵਾਲੀ ਕੋਝੀ ਕਾਰਵਾਈ ਦੱਸਿਆ ਤੇ ਇਸ ਦੇ ਵਿਰੋਧ ’ਚ ਪੰਜ ਮਾਰਚ ਨੂੰ ਵੱਡੇ ਪੱਧਰ ’ਤੇ ਚੰਡੀਗੜ੍ਹ ਪਹੁੰਚਣ ਦੀ ਅਪੀਲ ਕੀਤੀ। ਆਗੂਆਂ ਦਾ ਕਹਿਣਾ ਸੀ ਕਿ ਜਿੰਨਾ ਚਿਰ ਪੰਜਾਬ ਸਰਕਾਰ ਇਸ ਖਰੜੇ ਨੂੰ ਵਿਧਾਨ ਸਭਾ ਵਿੱਚ ਰੱਦ ਨਹੀਂ ਕਰਦੀ, ਉਨਾ ਚਿਰ ਮੋਰਚਾ ਲੱਗਿਆ ਰਹੇਗਾ।

ਕਿਸਾਨਾਂ ਨੂੰ ਸੁਚੇਤ ਕਰਦਿਆਂ ਬੂਟਾ ਸਿੰਘ ਬੁਰਜਗਿੱਲ ਨੇ ਕਿਹਾ ਕਿ ਇੱਥੋਂ ਦੀਆਂ ਵੋਟ ਬਟੋਰੂ ਸਿਆਸੀ ਪਾਰਟੀਆਂ ਪੂੰਜੀਪਤੀਆਂ ਦੇ ਖ਼ਿਲਾਫ਼ ਕਦੇ ਵੀ ਨਹੀਂ ਬੋਲਣਗੀਆਂ। ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਬਚਨ ਸਿੰਘ ਕਨਸੂਹਾ ਤੇ ਜ਼ਿਲ੍ਹਾ ਸਕੱਤਰ ਜਗਮੇਲ ਸਿੰਘ ਸੁੱਧੇਵਾਲ ਨੇ ਭਰੋਸਾ ਦਿਵਾਇਆ ਕਿ ਜ਼ਿਲ੍ਹੇ ਭਰ ਵਿਚੋਂ ਕਿਸਾਨ ਯੂਨੀਅਨ ਡਕੌਂਦਾ ਦੀ ਭਰਵੀਂ ਹਾਜ਼ਰੀ ਯਕੀਨੀ ਬਣਾਈ ਜਾਵੇਗੀ। ਇਸ ਮੌਕੇ ਸੂਬਾ ਕਮੇਟੀ ਮੈਂਬਰ ਰਾਮ ਸਿੰਘ ਮਟੋੜਾ, ਜ਼ਿਲ੍ਹਾ ਆਗੂ ਦਲਜਿੰਦਰ ਸਿੰਘ ਆਲੋਵਾਲ, ਬਲਜੀਤ ਪੰਜੋਲਾ, ਬਲਾਕ ਪ੍ਰਧਾਨ ਟਹਿਲ ਸਿੰਘ ਕੱਕੇਪੁਰ, ਮੁਖਤਿਆਰ ਕੱਕੇਪੁਰ, ਸਰਬਜੀਤ ਭੜੀ ਨੇ ਸਟੇਜ ਸੰਚਾਲਨ ਕੀਤਾ।

# ਏਕਤਾ ਸਰਗਰਮੀਆਂ ਤਹਿਤ ਦੋਵਾਂ ਫੋਰਮਾਂ ਵਲੋਂ ਐਸਕੇਐਮ ਨੂੰ 27 ਦੀ ਮੀਟਿੰਗ ਲਈ ਸੱਦਾ

### ਦੋਵੇਂ ਜਥੇਬੰਦੀਆਂ ਵੱਲੋਂ 21 ਨੂੰ ਸ਼ਹੀਦ ਸ਼ੁਭਕਰਨ ਸਿੰਘ ਦੀ ਬਰਸੀ ਮੌਕੇ ਵੱਧ ਤੋਂ ਵੱਧ ਲੋਕਾਂ ਨੂੰ ਪਹੁੰਚਣ ਦਾ ਸੱਦਾ



ਪਟਿਆਲਾ : ਕਿਸਾਨ ਏਕਤਾ ਲਈ ਜਾਰੀ ਸਰਗਰਮੀਆਂ ਦੀ ਕੜੀ ਵਜੋਂ ਐਤਕੀਂ ਸ਼ੰਭੂ ਅਤੇ ਢਾਬੀ ਗੁਜਰਾਂ (ਖਨੌਰੀ) ਬਾਰਡਰਾਂ ਉਤੇ ਸੰਘਰਸ਼ ਦੀ ਅਗਵਾਈ ਕਰ ਰਹੀਆਂ ਦੋਵੇਂ ਫੋਰਮਾਂ ਸੰਯੁਕਤ ਕਿਸਾਨ ਮੋਰਚਾ (ਗੈਰਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਖੁਦ ਇਸ ਵਾਰ ਅੱਗੇ ਵਧਦਿਆਂ ਐਸਕੇਐਮ ਨੂੰ ਏਕਤਾ ਲਈ ਪੱਤਰ ਲਿਖਿਆ ਹੈ।

ਇਸ ਪੱਤਰ ਵਿਚ ਦੋਵੇਂ ਜਥੇਬੰਦੀਆਂ ਨੇ ਅਗਾਮੀ 27 ਫਰਵਰੀ ਨੂੰ ਕਿਸਾਨ ਭਵਨ ਚੰਡੀਗੜ੍ਹ ਵਿਖੇ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ। ਇਹ ਜਾਣਕਾਰੀ ਅੱਜ ਸ਼ੰਭੂ ਬਾਰਡਰ ‘ਤੇ ਕਿਸਾਨ ਮਜ਼ਦੂਰ ਮੋਰਚੇ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਸੱਦਾ ਪੱਤਰ ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗੈਰਸਿਆਸੀ) ਦੋਹਾਂ ਫੋਰਮਾਂ ਦੀ ਤਰਫੋਂ ਹੈ। ਹੁਣ ਏਕਤਾ ਨੂੰ ਸਿਰੇ ਚਾੜ੍ਹਨ ਲਈ ਉਹ ਐੱਸਕੇਐੱਮ ਨੂੰ ਸੱਦਾ ਪੱਤਰ ਭੇਜ ਰਹੇ ਹਨ ਤੇ ਇਸ ਆਸ ਨਾਲ ਮੀਟਿੰਗ ਵਿੱਚ ਸ਼ਾਮਲ ਹੋਣਗੇ ਕਿ ਇਹ ਏਕਤਾ ਨੇਪਰੇ ਚੜ੍ਹੇਗੀ। ਇਸ ਦੇ ਨਾਲ ਹੀ ਉਨ੍ਹਾਂ ਨੇ 21 ਫਰਵਰੀ ਨੂੰ ਸ਼ਹੀਦ ਸ਼ੁਭਕਰਨ ਸਿੰਘ ਦੀ ਬਰਸੀ ‘ਤੇ ਵੱਧ ਤੋਂ ਵੱਧ ਲੋਕਾਂ ਨੂੰ ਪਹੁੰਚਣ ਦਾ ਸੱਦਾ ਵੀ ਦਿੱਤਾ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਜੇ ਲੋਕ 22 ਫਰਵਰੀ ਨੂੰ ਸਰਕਾਰ ਨਾਲ ਹੋਣ ਵਾਲੀ ਮੀਟਿੰਗ ਦੇ ਚੰਗੇ ਨਤੀਜੇ ਚਾਹੁੰਦੇ ਹਨ, ਤਾਂ ਬਾਰਡਰਾਂ ‘ਤੇ ਅੰਦੋਲਨਕਾਰੀ ਕਿਸਾਨਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਵੇ।

# 22 ਫਰਵਰੀ ਨੂੰ ਕੇਂਦਰ ਅਤੇ ਕਿਸਾਨਾਂ ਵਿਚਾਲੇ ਮੀਟਿੰਗ, ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਵੀ ਹੋਣਗੇ ਸ਼ਾਮਲ



ਨਵੀਂ ਦਿੱਲੀ : ਕੇਂਦਰ ਅਤੇ ਕਿਸਾਨਾਂ ਵਿਚਾਲੇ 22 ਫਰਵਰੀ ਨੂੰ ਮੀਟਿੰਗ ਹੁਣ ਚੰਡੀਗੜ੍ਹ ਦੇ ਸੈਕਟਰ 26 ਦੇ ਮਹਾਤਮਾ ਗਾਂਧੀ ਇੰਸਟੀਚਿਊਟ ਵਿੱਚ ਹੋਵੇਗੀ। ਇਸ ਤੋਂ ਪਹਿਲਾਂ ਕਿਸਾਨਾਂ ਵੱਲੋਂ ਇਹ ਮੀਟਿੰਗ ਦਿੱਲੀ ਵਿੱਚ ਕਰਵਾਉਣ ਦੀ ਮੰਗ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ 22 ਫਰਵਰੀ ਨੂੰ ਹੋਣ ਵਾਲੀ ਇਸ ਮੀਟਿੰਗ ਵਿੱਚ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਵੀ ਸ਼ਾਮਲ ਹੋਣਗੇ।

ਤੁਹਾਨੂੰ ਦੱਸ ਦਈਏ ਕਿ ਕੇਂਦਰ ਵਲੋਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੂੰ ਦੂਜੀ ਮੀਟਿੰਗ ਬਾਰੇ ਸੱਦਾ ਪੱਤਰ ਆਇਆ ਹੈ। ਕਿਸਾਨਾਂ ਦੀ ਕੇਂਦਰ ਨਾਲ ਦੂਜੀ ਮੀਟਿੰਗ 22 ਫ਼ਰਵਰੀ ਨੂੰ ਹੋਵੇਗੀ। ਇਹ ਮੀਟਿੰਗ ਚੰਡੀਗੜ੍ਹ ਦੇ ਸੈਕਟਰ 26 ਵਿਚ ਸ਼ਾਮ 6 ਵਜੇ ਹੋਵੇਗੀ। ਦੱਸ ਦੇਈਏ ਕਿ ਕੇਂਦਰ ਦਾ ਪੱਤਰ ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਸੰਯੁਕਤ ਸਕੱਤਰ ਪੂਰਨ ਚੰਦਰ ਕਿਸ਼ਨ ਵਲੋਂ ਆਇਆ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਵੀ ਮੀਟਿੰਗ ਦੀ ਪੁਸ਼ਟੀ ਕੀਤੀ ਹੈ।

ਤੁਹਾਨੂੰ ਦੱਸ ਦਈਏ ਕਿ ਇਸ ਤੋਂ ਪਹਿਲਾਂ 14 ਫ਼ਰਵਰੀ ਨੂੰ ਕੇਂਦਰ ਨਾਲ ਸੁਖਾਵੇਂ ਮਾਹੌਲ ‘ਚ ਕਿਸਾਨਾਂ ਦੀ ਮੀਟਿੰਗ ਹੋਈ ਸੀ। ਜਗਜੀਤ ਸਿੰਘ ਡੱਲੇਵਾਲ ਵੱਲੋਂ ਵੀ ਇਸ ਮੀਟਿੰਗ ਦੇ ਵਿੱਚ ਹਿੱਸਾ ਲਿਆ ਗਿਆ ਸੀ। ਇਸ ਦੇ ਨਾਲ ਹੀ ਕੇਂਦਰ ਸਰਕਾਰ ਦੇ ਵਫ਼ਦ ਵਿੱਚ ਕੈਬਨਿਟ ਮੰਤਰੀ ਪ੍ਰਹਿਲਾਦ ਜੋਸ਼ੀ, ਖੇਤੀਬਾੜੀ ਸਕੱਤਰ, ਮਨਿੰਦਰ ਕੌਰ ਦਿਵੇਦੀ ਵਧੀਕ ਸਕੱਤਰ ਖੇਤੀਬਾੜੀ, ਜੁਆਇੰਟ ਸਕੱਤਰ ਮਾਰਕੀਟਿੰਗ, ਜੁਆਇੰਟ ਸਕੱਤਰ ਫੂਡ, ਡਾਇਰੈਕਟਰ ($9) ਸ਼ਾਮਲ ਰਹੇ, ਜਦਕਿ ਦੂਜੇ ਪਾਸੇ ਜਗਜੀਤ ਸਿੰਘ ਡੱਲੇਵਾਲ ਸਮੇਤ 28 ਕਿਸਾਨ ਆਗੂ ਮੀਟਿੰਗ ਦਾ ਹਿੱਸਾ ਸਨ। ਇਹ ਮੀਟਿੰਗ ਪੌਣੇ ਤਿੰਨ ਘੰਟੇ ਤੱਕ ਚੱਲੀ ਸੀ। ਹੁਣ ਇੱਕ ਵਾਰ ਫਿਰ ਮੀਟਿੰਗ ਦੇ ਲਈ ਕੇਂਦਰ ਵਲੋਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੂੰ ਦੂਜੀ ਮੀਟਿੰਗ ਬਾਰੇ ਸੱਦਾ ਪੱਤਰ ਆਇਆ। ਪਰ ਕੀ ਇਸ ਮੀਟਿਗ ਵਿੱਚ ਕੋਈ ਹੱਲ ਨਿਕਲੇਗਾ ਇਹ ਵੱਡਾ ਸਵਾਲ ਹੈ।

# ਜ਼ਮੀਨ ਐਕੁਆਇਰ ਕਰਨ ਆਏ ਅਧਿਕਾਰੀਆਂ ਦਾ ਘਿਰਾਓ

### ਢੁਕਵਾਂ ਮੁੱਲ ਨਾ ਮਿਲਣ ਤੋਂ ਕਿਸਾਨ ਨਾਰਾਜ਼



ਕਾਹਨੂੰਵਾਨ : ਸਥਾਨਕ ਬਲਾਕ ਅਧੀਨ ਪੈਂਦੇ ਪਿੰਡ ਸਹਾਏਪੁਰ ਵਿੱਚ ਐਕਸਪ੍ਰੈਸਵੇਅ ਲਈ ਜ਼ਮੀਨ ਐਕੁਆਇਰ ਕਰਨ ਲਈ ਆਏ ਪ੍ਰਾਜੈਕਟ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਸਾਨਾਂ ਨੇ ਮੌਕੇ ਉੱਤੇ ਰੋਕ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਮੁੜਨ ਲਈ ਮਜਬੂਰ ਹੋਣਾ ਪਿਆ। ਭਾਰਤ ਮਾਲਾ ਪ੍ਰਾਜੈਕਟ ਲਈ ਜ਼ਮੀਨ ਐਕੁਆਇਰ ਕਰਨ ਲਈ ਆਏ ਪ੍ਰਸ਼ਾਸਨਿਕ ਅਧਿਕਾਰੀਆਂ ਸਬੰਧੀ ਸੂਚਨਾ ਮਿਲਣ ਤੋਂ ਬਾਅਦ ਵੱਡੀ ਗਿਣਤੀ ਵਿੱਚ ਕਿਸਾਨ ਆਗੂਆਂ ਸਮੇਤ ਇਸ ਇਲਾਕੇ ਦੇ ਕਿਸਾਨ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀਆਂ ਸਮੇਤ ਪੁਲੀਸ ਅਤੇ ਇਸ ਪ੍ਰਾਜੈਕਟ ਦੇ ਅਧਿਕਾਰੀਆਂ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਲੱਗੇ। ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਿਸਾਨਾਂ ਨੇ ਕਿਹਾ ਕਿ ਜਿੰਨੀ ਦੇਰ ਤੱਕ ਉਨ੍ਹਾਂ ਨੂੰ ਇਸ ਜ਼ਮੀਨ ਦਾ ਸਹੀ ਮੁੱਲ ਅਤੇ ਮੁਆਵਜ਼ਾ ਨਹੀਂ ਮਿਲ ਜਾਂਦਾ, ਉਦੋਂ ਤੱਕ ਉਹ ਉਹ ਜ਼ਮੀਨ ਉੱਪਰ ਕਬਜ਼ਾ ਨਹੀਂ ਕਰਨ ਦੇਣਗੇ। ਤਹਿਸੀਲਦਾਰ ਗੁਰਦਾਸਪੁਰ ਰਤਨਜੀਤ ਸਿੰਘ ਅਤੇ ਡੀਐੱਸਪੀ ਕੁਲਵੰਤ ਸਿੰਘ ਨੇ ਕਿਸਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਇਸ ਗੱਲ ’ਤੇ ਅੜੇ ਰਹੇ ਕਿ ਜਿੰਨੀ ਦੇਰ ਤੱਕ ਉਨ੍ਹਾਂ ਨੂੰ ਜ਼ਮੀਨ ਦਾ ਸਹੀ ਮੁੱਲ ਨਹੀਂ ਮਿਲ ਜਾਂਦਾ ਤਦ ਤੱਕ ਉਹ ਜ਼ਮੀਨ ਦਾ ਇੱਕ ਇੰਚ ਵੀ ਛੱਡਣਗੇ। ਆਖ਼ਰ ਕਿਸਾਨਾਂ ਅੱਗੇ ਝੁਕਦਿਆਂ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਵਾਪਸ ਪਰਤਣਾ ਪਿਆ। ਇਸ ਮੌਕੇ ਤਹਿਸੀਲਦਾਰ ਵੱਲੋਂ ਇਸ ਮਾਮਲੇ ਦੇ ਹੱਲ ਲਈ ਕਿਸਾਨਾਂ ਦੀ ਮੀਟਿੰਗ ਡੀਸੀ ਗੁਰਦਾਸਪੁਰ ਨਾਲ ਮੁਕੱਰਰ ਕੀਤੀ ਗਈ।

ਇਸ ਮੌਕੇ ਕਿਸਾਨ ਆਗੂ ਗੁਰਮੁਖ ਸਿੰਘ ਖ਼ਾਨ ਮਲੱਕ, ਅਨੂਪ ਸਿੰਘ ਬਲੱਗਣ, ਲਖਵਿੰਦਰ ਸਿੰਘ ਕਾਲਾ ਬਾਲਾ, ਗੁਰਮੇਜ ਸਿੰਘ ਨੈਣੇਕੋਟ, ਰਣਜੀਤ ਸਿੰਘ ਧੰਦਲ, ਕਾਬਲ ਸਿੰਘ ਧੰਦਲ, ਹਰਬੰਤ ਸਿੰਘ ਕੋਟ ਟੋਡਰ ਮੱਲ, ਗੁਰਮੇਜ ਸਿੰਘ ਨਿਵਾਣੇ, ਜਸਵੰਤ ਸਿੰਘ ਨੈਣੇਕੋਟ, ਹੀਰਾ ਸਿੰਘ ਜੋਗੀ ਚੀਮਾ, ਅਮਰਜੀਤ ਸਿੰਘ ਜੋਗੀ ਚੀਮਾ, ਸੁਖਦੇਵ ਸਿੰਘ ਜੋਗੀ ਚੀਮਾ ਪ੍ਰਤਾਪ ਸਿੰਘ ਢੇਸੀਆਂ ਬਲਵਿੰਦਰ ਸਿੰਘ ਵੜੈਚ ਅਮਰੀਕ ਸਿੰਘ ਵੜੈਚ ਨਿਸ਼ਾਨ ਸਿੰਘ ਸੇਖਵਾਂ ਪਰਮਜੀਤ ਸਿੰਘ ਨਵਾਣੇ ਕੁਲਦੀਪ ਸਿੰਘ ਬੁੱਟਰ ਕਲਾਂ ਨਿਰਮਲ ਸਿੰਘ ਰਾਮਪੁਰ ਬਾਪੂ ਬਲਕਾਰ ਸਿੰਘ, ਡਾਕਟਰ ਹਰਜਿੰਦਰ ਸਿੰਘ ਸਹਾਏਪੁਰ, ਸੌਦਾਗਰ ਸਿੰਘ ਸਹਾਏਪੁਰ, ਬਲਵਿੰਦਰ ਸਿੰਘ ਸਰਪੰਚ, ਮਨਜਿੰਦਰ ਸਿੰਘ ਮੱਲੀਆਂ ਆਗੂ ਹਾਜ਼ਰ ਸਨ।

# ਜ਼ਖਮੀ ਕਿਸਾਨ ਆਗੂ ਨੂੰ ਏਅਰ ਐਂਬੂਲੈਂਸ ਜ਼ਰੀਏ ਬੰਗਲੌਰ ਭੇਜਿਆ

ਪਟਿਆਲਾ : ਚੰਡੀਗੜ੍ਹ ਵਿਚ ਪਿਛਲੇ ਦਿਨੀਂ ਕੇਂਦਰ ਸਰਕਾਰ ਨਾਲ ਹੋਈ ਮੀਟਿੰਗ ਵਿੱਚ ਸ਼ਾਮਲ ਹੋਣ ਗਏ ਜਗਜੀਤ ਸਿੰਘ ਡੱਲੇਵਾਲ ਦੇ ਕਾਫਲੇ ਵਿੱਚ ਸ਼ਾਮਲ ਦੋ ਕਾਰਾਂ ਦੇ ਆਪਸ ਵਿੱਚ ਟਕਰਾਉਣ ਤੋਂ ਬਾਅਦ ਜ਼ਖਮੀ ਹੋਏ ਦੋ ਕਿਸਾਨ ਨੇਤਾਵਾਂ ਵਿੱਚੋਂ ਇੱਕ ਤਾਮਿਲਨਾਡੂ ਰਹਿਣ ਵਾਲੇ ਕੁਰਬੂਰੂਸ਼ਾਂਤ ਕੁਮਾਰ ਨੂੰ ਅੱਜ ਏਅਰ ਐਂਬੂਲੈਂਸ ਰਾਹੀਂ ਬੰਗਲੌਰ ਦੇ ਹਸਪਤਾਲ ਵਿੱਚ ਤਬਦੀਲ ਕੀਤਾ ਗਿਆ ਹੈ। ਉਹ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਜ਼ੇਰੇ ਇਲਾਜ ਸਨ, ਜਿਨ੍ਹਾਂ ਨੂੰ ਇੱਥੋਂ ਕਾਕਾ ਸਿੰਘ ਕੋਟੜਾ ਤੇ ਹੋਰ ਕਿਸਾਨ ਆਗੂ ਐਂਬੂਲੈਂਸ ਰਾਹੀਂ ਚੰਡੀਗੜ੍ਹ ਏਅਰਪੋਰਟ ’ਤੇ ਲੈ ਕੇ ਗਏ ਜਿੱਥੋਂ ਉਨ੍ਹਾਂ ਨੂੰ ਏਅਰ ਐਂਬੂਲੈਂਸ ਰਾਹੀਂ ਬੰਗਲੌਰ ਤਬਦੀਲ ਕੀਤਾ ਗਿਆ ਹੈ।



# ਅਮਰੀਕਾ ਨੇ ਭਾਰਤੀ ਨੌਜਵਾਨਾਂ ਨੂੰ ਹੱਥਕੜੀਆਂ ਲਾ ਕੇ ਭੇਜਿਆ

## ਨੰਗੇ ਸਿਰ ਪਰਤੇ ਕਈ ਨੌਜਵਾਨ; ਪੀੜਤ ਪਰਿਵਾਰਾਂ ਨੇ ਜਤਾਇਆ ਇਤਰਾਜ਼

ਅੰਮ੍ਰਿਤਸਰ : ਅਮਰੀਕਾ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿੰਦੇ ਪਰਵਾਸੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦੀ ਮੁਹਿੰਮ ਤਹਿਤ ਬੀਤੀ ਰਾਤ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਪੁੱਜੇ ਲਗਪਗ 116 ਪਰਵਾਸੀ ਭਾਰਤੀਆਂ ਨੂੰ ਮੁੜ ਹੱਥਕੜੀਆਂ ਲਾ ਕੇ ਅਤੇ ਸਿੱਖ ਵਿਅਕਤੀਆਂ ਨੂੰ ਦਸਤਾਰਾਂ ਉਤਰਵਾ ਕੇ ਅਮਰੀਕੀ ਜਹਾਜ਼ ਵਿੱਚ ਲਿਆਂਦਾ ਗਿਆ। ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਪੁੱਜਣ ਉਪਰੰਤ ਜਦੋਂ ਇਨ੍ਹਾਂ ਵਿਅਕਤੀਆਂ ਦੀ ਇਮੀਗ੍ਰੇਸ਼ਨ ਅਤੇ ਹੋਰ ਦਸਤਾਵੇਜ਼ ਸਬੰਧੀ ਜਾਂਚ ਚੱਲ ਰਹੀ ਸੀ ਤਾਂ ਇਨ੍ਹਾਂ ਵਿੱਚੋਂ ਕਈ ਵਿਅਕਤੀਆਂ ਨੂੰ ਹਵਾਈ ਅੱਡੇ ਦੇ ਅੰਦਰ ਨੰਗੇ ਸਿਰ ਦੇਖਿਆ ਗਿਆ। ਇਨ੍ਹਾਂ ਨੂੰ ਹਵਾਈ ਅੱਡੇ ਦੇ ਅੰਦਰ ਫਰਸ਼ 'ਤੇ ਇੱਕ ਥਾਂ ਬਿਠਾਇਆ ਹੋਇਆ ਸੀ ਅਤੇ ਪੁੱਛਗਿੱਛ ਕੀਤੀ ਜਾ ਰਹੀ ਸੀ।





ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਨੌਜਵਾਨਾਂ ਨੇ ਜਦੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਹਰਭਜਨ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਸ ਵੇਲੇ ਇਨ੍ਹਾਂ ਗੱਲਾਂ ਦਾ ਖੁਲਾਸਾ ਹੋਇਆ। ਅਮਰੀਕਾ ਤੋਂ ਪਰਤੇ ਇਨ੍ਹਾਂ ਭਾਰਤੀਆਂ ਨੇ ਜਾਣਕਾਰੀ ਦਿੱਤੀ ਕਿ ਅਮਰੀਕੀ ਜਹਾਜ਼ ਵਿੱਚ ਉਨ੍ਹਾਂ ਨੂੰ ਹੱਥਕੜੀਆਂ ਲਾ ਕੇ ਲਿਆਂਦਾ ਗਿਆ ਹੈ। ਇੱਥੇ ਪੁੱਜਣ ਤੋਂ ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਹੱਥ ਪੈਰ ਖੋਲ੍ਹ ਦਿੱਤੇ ਗਏ ਸਨ ਪਰ ਸਿਰ ਢਕਣ ਲਈ ਕੋਈ ਪਟਕਾ ਜਾਂ ਪਰਨਾ ਨਹੀਂ ਦਿੱਤਾ ਗਿਆ। ਉਨ੍ਹਾਂ ਨੂੰ ਪਰਨਾ ਜਾਂ ਪਟਕਾ ਇੱਥੇ ਹਵਾਈ ਅੱਡੇ 'ਤੇ ਪੁੱਜਣ ਮਗਰੋਂ ਹੀ ਉਪਲਬਧ ਕਰਵਾਇਆ ਗਿਆ ਹੈ। ਵਾਪਸ ਪਰਤੇ ਇਨ੍ਹਾਂ ਵਿਅਕਤੀਆਂ ਵਿੱਚੋਂ ਕਈਆਂ ਨੇ ਖੁਲਾਸਾ ਕੀਤਾ ਹੈ ਕਿ ਉਹ ਡੰਕੀ ਰੂਟ ਰਾਹੀਂ ਜਦੋਂ ਅਮਰੀਕਾ ਵਿੱਚ ਦਾਖਲ ਹੋਏ ਤਾਂ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਅਤੇ ਕਈ ਦਿਨ ਕੈਂਪ ਵਿੱਚ ਰੱਖਿਆ ਗਿਆ, ਜਿੱਥੇ ਉਨ੍ਹਾਂ ਦੇ ਹੱਥ ਬੰਨ੍ਹ ਕੇ ਰੱਖੇ ਗਏ ਅਤੇ ਉਨ੍ਹਾਂ ਵਿੱਚੋਂ ਕਈਆਂ ਨੇ ਪਿਛਲੇ ਕਈ ਦਿਨਾਂ ਤੋਂ ਕੱਪੜੇ ਵੀ ਨਹੀਂ ਬਦਲੇ ਸਨ। ਇਨ੍ਹਾਂ ਵਿਅਕਤੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਕੈਂਪਾਂ ਵਿੱਚ ਸਰੀਰਕ ਤਸ਼ੱਦਦ ਵੀ ਕੀਤਾ ਗਿਆ ਹੈ। ਇਨ੍ਹਾਂ ਭਾਰਤੀ ਵਿਅਕਤੀਆ ਨੂੰ ਲੈ ਕੇ ਆਇਆ ਹਵਾਈ ਜਹਾਜ਼ ਰਾਤ ਲਗਪਗ 11:35 ਵਜੇ ਹਵਾਈ ਅੱਡੇ 'ਤੇ ਉਤਰਿਆ ਸੀ ਅਤੇ ਲਗਪਗ ਪੰਜ ਘੰਟੇ ਦੀ ਪੁੱਛਗਿੱਛ ਅਤੇ ਜਾਂਚ ਤੋਂ ਬਾਅਦ ਇਨ੍ਹਾਂ ਨੂੰ ਪੁਲੀਸ ਦੇ ਨਾਲ ਇਨ੍ਹਾਂ ਦੇ ਘਰਾਂ ਨੂੰ ਭੇਜਿਆ ਗਿਆ।

ਜਦੋਂ ਇਨ੍ਹਾਂ ਨੂੰ ਰਵਾਨਾ ਕੀਤਾ ਗਿਆ ਤਾਂ ਉਸ ਵੇਲੇ ਕਈ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਇੱਥੇ ਹਵਾਈ ਅੱਡੇ 'ਤੇ ਪੁੱਜੇ ਹੋਏ ਸਨ ਪਰ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਉਨ੍ਹਾਂ ਦੀ ਇੱਕ ਝਲਕ ਵੀ ਦੇਖਣ ਨੂੰ ਨਹੀਂ ਮਿਲੀ। ਇਸ ਦੌਰਾਨ ਕੁਝ ਵਿਅਕਤੀਆਂ ਨਾਲ ਵਾਪਸ ਪਰਤੇ ਲੋਕਾਂ ਦੀ ਫੋਨ 'ਤੇ ਗੱਲਬਾਤ ਜ਼ਰੂਰ ਹੋਈ। ਇੱਕ ਵਿਅਕਤੀ ਨੇ ਦੱਸਿਆ ਕਿ ਉਸ ਨੇ ਆਪਣੇ ਬੇਟੇ ਨੂੰ ਹਵਾਈ ਅੱਡੇ ਦੇ ਅੰਦਰਲੇ ਪਾਸੇ ਜ਼ਰੂਰ ਦੇਖਿਆ ਸੀ ਪਰ ਉਹ ਉਸ ਨਾਲ ਨਾ ਗੱਲ ਕਰ ਸਕਿਆ ਅਤੇ ਨਾ ਹੀ ਮਿਲ ਸਕਿਆ। ਮਾਪਿਆਂ ਅਤੇ ਰਿਸ਼ਤੇਦਾਰਾਂ ਨੇ ਇਤਰਾਜ਼ ਕੀਤਾ ਕਿ ਜੇਕਰ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਪਰਿਵਾਰਕ ਮੈਂਬਰਾਂ ਨਾਲ ਮਿਲਣ ਨਹੀਂ ਦਿੱਤਾ ਜਾਣਾ ਸੀ ਤਾਂ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਆਉਣ ਸਬੰਧੀ ਜਾਣਕਾਰੀ ਕਿਉਂ ਦਿੱਤੀ ਗਈ ਸੀ।

ਹਵਾਈ ਅੱਡੇ 'ਤੇ ਪੁੱਜੇ ਮਾਪਿਆਂ ਤੇ ਰਿਸ਼ਤੇਦਾਰਾਂ ਵਿੱਚੋਂ ਵਧੇਰੇ ਲੋਕਾਂ ਨੇ ਜਾਣਕਾਰੀ ਦਿੱਤੀ ਹੈ ਕਿ ਵਿਦੇਸ਼ ਗਏ ਇਨ੍ਹਾਂ ਵਿਅਕਤੀਆਂ ਨੂੰ ਅਮਰੀਕਾ ਭੇਜਣ ਵਾਸਤੇ 45 ਤੋਂ 50 ਲੱਖ ਰੁਪਏ ਹਰੇਕ ਤੱਕ ਏਜੰਟਾਂ ਨੂੰ ਦਿੱਤੇ ਗਏ ਅਤੇ ਲਗਪਗ ਸਾਰੇ ਹੀ ਡੰਕੀ ਰੂਟ ਰਾਹੀਂ ਅਮਰੀਕਾ ਗਏ ਹਨ। ਇਨ੍ਹਾਂ ਵਿੱਚੋਂ ਕਈ ਵਿਅਕਤੀ ਤਿੰਨ ਤੋਂ ਚਾਰ ਮਹੀਨੇ ਪਹਿਲਾਂ ਘਰੋਂ ਨਿਕਲੇ ਸਨ ਅਤੇ ਕਈ ਦੇਸ਼ਾਂ ਵਿੱਚੋਂ ਲੰਘਦੇ ਹੋਏ, ਔਕੜਾਂ ਝੱਲਦੇ ਹੋਏ, ਜੰਗਲਾਂ ਅਤੇ ਨਦੀਆਂ ਵਿੱਚੋਂ ਲੰਘਦੇ ਹੋਏ ਡੰਕੀ ਰੂਟ ਰਾਹੀਂ ਅਮਰੀਕਾ ਦੀ ਸਰਹੱਦ 'ਤੇ ਪੁੱਜੇ। ਸਰਹੱਦ ਪਾਰ ਕਰਨ ਮਗਰੋਂ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਕੈਂਪਾਂ ਵਿੱਚ ਰੱਖਿਆ ਗਿਆ।

ਪੀੜਤ ਮਾਪਿਆਂ ਦੀ ਸਰਕਾਰਾਂ ਕੋਲੋਂ ਮੰਗ ਹੈ ਕਿ ਅਜਿਹੇ ਏਜੰਟਾਂ ਖਿਲਾਫ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਲਏ ਗਏ ਲੱਖਾਂ ਰੁਪਿਆ ਦੀ ਵਾਪਸੀ ਕਰਵਾਈ ਜਾਵੇ, ਵਾਪਸ ਪਰਤੇ ਨੌਜਵਾਨਾਂ ਦੇ ਮੁੜ ਵਸੇਬੇ ਵਾਸਤੇ ਵੀ ਸਰਕਾਰ ਪ੍ਰਬੰਧ ਕਰੇ।

ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਵਾਪਸ ਪਰਤੇ 104 ਭਾਰਤੀ ਵਿਅਕਤੀਆਂ ਵਿੱਚ ਬੱਚਿਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਹੱਥਕੜੀਆਂ ਅਤੇ ਪੈਰਾਂ ਵਿੱਚ ਬੇੜੀਆਂ ਲਾ ਕੇ ਲਿਆਂਦਾ ਗਿਆ ਸੀ ਜਿਸ ਦਾ ਸਖਤ ਵਿਰੋਧ ਹੋਇਆ ਸੀ। ਸੰਸਦ ਵਿੱਚ ਵੀ ਇਹ ਮਸਲਾ ਉੱਠਿਆ ਸੀ ਅਤੇ ਵਿਦੇਸ਼ ਮੰਤਰੀ ਨੇ ਭਰੋਸਾ ਦਿੱਤਾ ਸੀ ਕਿ ਭਾਰਤ ਵੱਲੋਂ ਆਪਣਾ ਇਹ ਵਿਰੋਧ ਅਮਰੀਕਾ ਕੋਲ ਜਤਾਇਆ ਗਿਆ ਹੈ। ਇਸ ਦੇ ਬਾਵਜੂਦ ਇਸ ਵਾਰ ਵੀ ਅਮਰੀਕਾ ਤੋਂ ਵਾਪਸ ਭੇਜੇ ਗਏ ਭਾਰਤੀਆਂ ਨੂੰ ਪਹਿਲਾਂ ਵਾਲੇ ਢੰਗ ਤਰੀਕੇ ਨਾਲ ਹੀ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਅਤੇ ਸਿਰਾਂ ਤੋਂ ਦਸਤਾਰਾਂ ਹਟਾ ਕੇ ਭੇਜਿਆ ਗਿਆ ਹੈ।

# ਅਮਰੀਕਾ ਤੋਂ ਵਾਪਸੀ ਅੱਖਾਂ ਖੋਲ੍ਹਣ ਵਾਲੀ, ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਨਾ ਜਾਓ: ਭਗਵੰਤ ਮਾਨ

### *ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਕੀਤੀ ਅਪੀਲ; ਪੰਜਾਬ ਨੂੰ ਮੋਹਰੀ ਬਣਾਉਣ ਵਾਸਤੇ ਮਿਹਨਤ ਕਰਨ ਲਈ ਪ੍ਰੇਰਿਆ*

ਖੰਨਾ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਦੇ ਨੌਜਵਾਨਾਂ ਨੂੰ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਗਏ ਪਰਵਾਸੀਆਂ ਦੀ ਵਾਪਸੀ ਤੋਂ ਸਬਕ ਸਿੱਖਣ ਅਤੇ ਗਲਤ ਤਰੀਕਿਆਂ ਨਾਲ ਵਿਦੇਸ਼ ਜਾਣ ਦੀ ਸੋਚ ਤਿਆਗ ਕੇ ਆਪਣੇ ਸੂਬੇ ਨੂੰ ਦੇਸ਼ ਵਿੱਚ ਮੋਹਰੀ ਬਣਾਉਣ ਲਈ ਸਖ਼ਤ ਮਿਹਨਤ ਕਰਨ ਦੀ ਅਪੀਲ ਕੀਤੀ।



ਉਹ ਇਥੋਂ ਦੇ ਨੇੜਲੇ ਪਿੰਡ ਘੁੰਗਰਾਲੀ ਰਾਜਪੂਤਾਂ ਵਿੱਚ ਟੂਰਨਾਮੈਂਟ ਦੌਰਾਨ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਨੇ ਇਸ ਪਵਿੱਤਰ ਧਰਤੀ 'ਤੇ ਜਨਮ ਲੈਣਾ ਸਾਡੇ ਲਈ ਮਾਣ ਵਾਲੀ ਗੱਲ ਹੈ ਕਿਉਂਕਿ ਇਥੋਂ ਦੀ ਧਰਤੀ ਦੁਨੀਆ ਦੀ ਸਭ ਤੋਂ ਉਪਜਾਊ ਧਰਤੀ ਹੈ। ਉਨ੍ਹਾਂ ਅਫ਼ਸੋਸ ਪ੍ਰਗਟਾਇਆ ਕਿ ਸੂਬੇ ਵਿੱਚ ਪਿਛਲੀਆਂ ਸਰਕਾਰਾਂ ਦੀ ਨਾਕਾਮੀ ਕਾਰਨ ਨੌਜਵਾਨ ਬਿਹਤਰ ਭਵਿੱਖ ਦੀ ਭਾਲ ਵਿੱਚ ਹੋਰ ਮੁਲਕਾਂ ਵੱਲ ਪਰਵਾਸ ਕਰਨ ਲਈ ਮਜਬੂਰ ਸਨ। ਮਾਨ ਨੇ ਕਿਹਾ, "ਅਮਰੀਕਾ ਤੋਂ ਸਮੂਹਿਕ ਵਾਪਸੀ ਸਾਡੇ ਸਾਰਿਆਂ ਲਈ ਅੱਖਾਂ ਖੋਲ੍ਹਣ ਵਾਲੀ ਹੈ ਅਤੇ ਹੁਣ ਸਾਨੂੰ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਨਹੀਂ ਜਾਣਾ ਚਾਹੀਦਾ, ਸਗੋਂ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ। ਸੂਬਾ ਸਰਕਾਰ ਨੇ ਪਹਿਲਾਂ ਹੀ ਪੰਜਾਬ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ 50 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ ਅਤੇ ਇਹ ਰੁਝਾਨ ਆਉਣ ਵਾਲੇ ਦਿਨਾਂ ਵਿੱਚ ਵੀ ਜਾਰੀ ਰਹੇਗਾ ਕਿਉਂਕਿ ਸੂਬੇ ਦੇ ਨੌਜਵਾਨਾਂ ਲਈ ਵੱਡੀ ਗਿਣਤੀ ਵਿੱਚ ਭਰਤੀ ਦੀ ਤਿਆਰੀ ਹੈ। ਇਸ ਕਾਰਨ ਪੰਜਾਬ ਵਿੱਚ ਪਰਵਾਸ ਨੂੰ ਮੋੜਾ ਪਿਆ ਹੈ ਕਿਉਂਕਿ ਨੌਜਵਾਨ ਸੂਬੇ ਵਿੱਚ ਸਰਕਾਰੀ ਨੌਕਰੀਆਂ ਲੈਣ ਲਈ ਵਿਦੇਸ਼ਾਂ ਤੋਂ ਪਰਤ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸੂਬਾ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸਭ ਤੋਂ ਮਹੱਤਵਪੂਰਨ ਜ਼ਰੀਆ ਹੋ ਸਕਦਾ ਹੈ। ਸੂਬਾ ਸਰਕਾਰ ਵੱਲੋਂ ਹਰ ਸਾਲ 'ਖੇਡਾਂ ਵਤਨ ਪੰਜਾਬ ਦੀਆਂ' ਕਰਵਾਈਆਂ ਜਾਂਦੀਆਂ ਹਨ, ਜੋ ਖਿਡਾਰੀਆਂ ਨੂੰ ਆਪਣੇ ਹੁਨਰ ਦਿਖਾਉਣ ਲਈ ਮੰਚ ਪ੍ਰਦਾਨ ਕਰਦੀਆਂ ਹੈ। ਇਸ ਮੌਕੇ ਮੁੱਖ ਮੰਤਰੀ ਨੇ ਪਿੰਡ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਆਮ ਆਦਮੀ ਕਲੀਨਿਕ, ਸੋਲਰ ਲਾਈਟਾਂ ਲਗਾਉਣ, ਕਮਿਊਨਿਟੀ ਹਾਲ ਦੀ ਉਸਾਰੀ, ਵਾਟਰ ਟਰੀਟਮੈਂਟ ਪਲਾਂਟ ਅਤੇ ਹੋਰ ਕਈ ਵਿਕਾਸ ਕਾਰਜਾਂ ਲਈ ਇਕ ਕਰੋੜ ਰੁਪਏ ਤੋਂ ਵੱਧ ਦੀਆਂ ਗ੍ਰਾਂਟਾਂ ਦਾ ਐਲਾਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਅਮਰੀਕਾ ਨੇ ਤੀਜੀ ਵਾਰ ਮੁੜ ਹੱਥਕੜੀਆਂ ਲਾ ਕੇ ਵਤਨ ਭੇਜੇ ਭਾਰਤੀ ਨਾਗਰਿਕ

ਅੰਮ੍ਰਿਤਸਰ : ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਨੂੰ ਡਿਪੋਰਟ ਕਰਨ ਦੀ ਨੀਤੀ ਤਹਿਤ ਹੁਣ ਤੱਕ 333 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ। ਲੰਘੀ ਰਾਤ ਅਮਰੀਕਾ ਤੋਂ ਵਾਪਸ ਭੇਜੇ 112 ਭਾਰਤੀਆਂ ਨੂੰ ਪਹਿਲਾਂ ਵਾਂਗ ਹੀ ਹੱਥਕੜੀਆਂ ਲਾ ਕੇ ਅਤੇ ਸਿੱਖ ਨੌਜਵਾਨਾਂ ਦੀਆਂ ਦਸਤਾਰਾਂ ਉਤਰਵਾ ਕੇ ਵਤਨ ਭੇਜਿਆ ਗਿਆ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਹੀ ਨੰਗੇ ਸਿਰ ਆਏ ਸਿੱਖ ਵਿਅਕਤੀਆਂ ਵਾਸਤੇ ਦਸਤਾਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਲਗਪਗ 50 ਛੋਟੀਆਂ ਦਸਤਾਰਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੌਂਪ ਦਿੱਤੀਆਂ ਸਨ, ਜਿਨ੍ਹਾਂ 'ਚੋਂ 25 ਦਸਤਾਰਾਂ ਕੱਲ੍ਹ ਡਿਪੋਰਟ ਕੀਤੇ ਸਿੱਖ ਵਿਅਕਤੀਆਂ ਨੂੰ ਦਿੱਤੀਆਂ ਗਈਆਂ। ਸਿੱਖ ਸੰਸਥਾ ਨੇ ਹਵਾਈ ਅੱਡੇ 'ਤੇ ਲੰਗਰ ਅਤੇ ਵਾਹਨਾਂ ਦਾ ਵੀ ਪ੍ਰਬੰਧ ਕੀਤਾ ਸੀ। ਇਸ ਮੌਕੇ ਇੱਕ ਉੱਚ ਪੁਲੀਸ ਅਧਿਕਾਰੀ ਨੇ ਪੁਸ਼ਟੀ ਕੀਤੀ ਹੈ ਕਿ ਕੱਲ੍ਹ ਡਿਪੋਰਟ ਕੀਤੇ ਗਏ ਭਾਰਤੀਆਂ ਨੂੰ ਪਹਿਲਾਂ ਵਾਂਗ ਹੀ ਹੱਥ ਪੈਰ ਬੰਨ੍ਹ ਕੇ ਭੇਜਿਆ ਗਿਆ ਹੈ। ਰਾਤ ਅਮਰੀਕੀ ਹਵਾਈ ਫੌਜ ਦਾ ਵਿਸ਼ੇਸ਼ ਜਹਾਜ਼ ਭਾਵੇਂ ਲਗਪਗ 10 ਵਜੇ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਰ ਗਿਆ ਸੀ ਪਰ ਪਹਿਲਾਂ ਵਾਂਗ ਹੀ ਡਿਪੋਰਟ ਕੀਤੇ ਨਾਗਰਿਕਾਂ ਨੂੰ ਤੜਕੇ ਲਗਪਗ ਸਾਢੇ ਚਾਰ ਵਜੇ ਵੱਖ ਵੱਖ ਵਾਹਨਾਂ ਵਿੱਚ ਬਿਠਾ ਕੇ ਘਰ ਭੇਜਿਆ ਗਿਆ। ਤੀਜੀ ਵਾਰ ਡਿਪੋਰਟ ਕੀਤੇ ਗਏ ਇਨ੍ਹਾਂ ਵਿਅਕਤੀਆਂ ਨੂੰ ਮਿਲਣ ਜਾਂ ਹਾਲ-ਚਾਲ ਪੁੱਛਣ ਵਾਸਤੇ ਸਰਕਾਰ ਦਾ ਕੋਈ ਵੀ ਮੰਤਰੀ ਨਹੀਂ ਪਹੁੰਚਿਆ।



ਜੰਡਿਆਲਾ ਦਾ ਜਸਨੂਰ ਸਿੰਘ ਹੱਡਬੀਤੀ ਦੱਸਦਾ ਹੋਇਆ

ਇਸ ਦੌਰਾਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਮਰੀਕਾ ਤੋਂ ਡਿਪੋਰਟ ਕੀਤੇ ਜਾ ਰਹੇ ਪੰਜਾਬੀਆਂ ਦੇ ਬਾਰੇ ਕਿਹਾ ਕਿ ਅਮਰੀਕਾ ਲਗਾਤਾਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ ਪਰ ਇਸ ਮਾਮਲੇ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਗੱਲ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਬੀਤੇ ਦਿਨ ਵਾਪਸ ਭੇਜੇ ਵਿਅਕਤੀਆਂ ਨੇ ਇਹ ਦੱਸਿਆ ਸੀ ਕਿ ਜਹਾਜ਼ ਵਿੱਚ ਚੜ੍ਹਨ ਮੌਕੇ ਅਮਰੀਕਾ ਦੀ ਪੁਲੀਸ ਨੇ ਉਨ੍ਹਾਂ ਦੀਆਂ ਦਸਤਾਰਾਂ ਉਤਰਵਾ ਲਈਆਂ ਸਨ, ਹੱਥਕੜੀਆਂ ਤੇ ਬੇੜੀਆਂ ਵਿੱਚ ਜਕੜ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਅਮਰੀਕਾ ਵੱਲੋਂ ਇਨ੍ਹਾਂ ਵਿਅਕਤੀਆਂ 'ਤੇ ਗੈਰ ਮਨੁੱਖੀ ਤਸ਼ੱਦਦ ਕੀਤਾ ਜਾ ਰਿਹਾ ਹੈ ਅਤੇ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਸ ਦੌਰਾਨ ਉਨ੍ਹਾਂ ਦੋਸ਼ ਲਾਇਆ ਕਿ ਭਾਰਤ ਦੀ ਵਿਦੇਸ਼ ਨੀਤੀ ਫੇਲ੍ਹ ਸਾਬਤ ਹੋਈ ਹੈ।

# ਸਿੱਖ ਨੌਜਵਾਨਾਂ ਨੂੰ ਦਸਤਾਰ ਨਾ ਸਜਾਉਣ ਦੇਣਾ ਮੰਦਭਾਗਾ: ਕੁਲਤਾਰ ਸੰਧਵਾਂ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਮਰੀਕਾ ਤੋਂ ਡਿਪੋਰਟ ਕੀਤੇ ਭਾਰਤੀਆਂ ਨਾਲ ਗੈਰ-ਮਨੁੱਖੀ ਵਿਹਾਰ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਦਸਤਾਰਾਂ ਸਜਾਉਣ ਦੀ ਇਜਾਜ਼ਤ ਨਾ ਦੇਣ ਦੀ ਕਾਰਵਾਈ ਬਹੁਤ ਹੀ ਮੰਦਭਾਗੀ ਹੈ ਅਤੇ ਭਾਰਤੀਆਂ ਦੇ ਹੱਥਕੜੀਆਂ ਤੇ ਲੱਤਾਂ 'ਚ ਬੇੜੀਆਂ ਪਾਉਣਾ ਵੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਨਿਗੂਣੀਆਂ ਨੌਕਰੀਆਂ ਕਰਨ ਲਈ 50 ਲੱਖ ਰੁਪਏ ਤੱਕ ਦੀ ਆਪਣੀ ਮਿਹਨਤ ਦੀ ਕਮਾਈ ਖਰਚ ਕਰਨ ਤੇ ਆਪਣੀਆਂ ਕੀਮਤੀ ਜਾਨਾਂ ਨੂੰ ਖ਼ਤਰੇ ਵਿੱਚ ਪਾ ਕੇ ਪੰਜਾਬ ਨੂੰ ਛੱਡਣਾ ਕੋਈ ਸਿਆਣਪ ਵਾਲੀ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਕਿੱਤਾਮੁਖੀ ਕੋਰਸਾਂ ਦੀ ਸਿਖਲਾਈ ਲੈ ਕੇ ਦੇਸ਼ ਵਿੱਚ ਬਿਹਤਰ ਜੀਵਨ ਬਤੀਤ ਕਰ ਸਕਦੇ ਹਨ।

# ਡਿਪੋਰਟ ਹੋਏ ਰਾਜਪੁਰਾ ਦੇ ਚਚੇਰੇ ਭਰਾ ਸੰਦੀਪ ਸਿੰਘ ਅਤੇ ਪਰਦੀਪ ਸਿੰਘ ਨੂੰ ਕੀਤਾ ਗ੍ਰਿਫ਼ਤਾਰ



ਪਟਿਆਲਾ/ਰਾਜਪੁਰਾ : ਅਮਰੀਕਾ ਤੋਂ ਡਿਪੋਰਟ ਹੋਏ ਰਾਜਪੁਰਾ ਦੇ ਵਸਨੀਕ ਦੋ ਚਚੇਰੇ ਭਰਾਵਾਂ ਸੰਦੀਪ ਸਿੰਘ ਅਤੇ ਪਰਦੀਪ ਸਿੰਘ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪਟਿਆਲਾ ਦੇ ਐੱਸਐੱਸਪੀ ਡਾ. ਨਾਨਕ ਸਿੰਘ ਨੇ ਦੱਸਿਆ ਕਿ ਦੋਵੇਂ ਸਾਲ 2023 ’ਚ ਹੋਏ ਕਤਲ ਦੇ ਇੱਕ ਮਾਮਲੇ ਵਿਚ ਭਗੌੜੇ ਸਨ। ਦੋਹਾਂ ਨੂੰ ਅਦਾਲਤ ’ਚ ਪੇਸ਼ ਕੀਤਾ ਗਿਆ ਜਿਥੋਂ ਤਿੰਨ ਦਿਨ ਦਾ ਪੁਲੀਸ ਰਿਮਾਂਡ ਮਿਲਿਆ ਹੈ। ਥਾਣਾ ਸਿਟੀ ਰਾਜਪੁਰਾ ਦੇ ਐੱਸਐੱਚਓ ਇੰਸਪੈਕਟਰ ਬਲਵਿੰਦਰ ਸਿੰਘ ਦੀ ਅਗਵਾਈ ਹੇਠਲੀ ਪੁਲੀਸ ਟੀਮ ਵੱਲੋਂ ਲੰਘੀ ਰਾਤ ਅੰਮ੍ਰਿਤਸਰ ਤੋਂ ਹੀ ਹਿਰਾਸਤ ’ਚ ਲੈ ਲਿਆ ਗਿਆ ਸੀ। ਦੋਵੇਂ 26 ਜੂਨ, 2023 ਨੂੰ ਥਾਣਾ ਸਿਟੀ ਰਾਜਪੁਰਾ ’ਚ ਦਰਜ ਐੱਫਆਈਆਰ ਦੇ ਮਾਮਲੇ ਵਿਚ ਪੁਲੀਸ ਨੂੰ ਲੋੜੀਂਦੇ ਸਨ। ਵੇਰਵਿਆਂ ਮੁਤਾਬਕ ਦੋਵੇਂ ਘਰੋਂ ਦਸ ਮਹੀਨੇ ਪਹਿਲਾਂ ਗਏ ਸਨ ਅਤੇ ਵੱਖ ਵੱਖ ਮੁਲਕਾਂ ਵਿਚੋਂ ਦੀ ਹੁੰਦੇ ਹੋਏ ਉਹ 21 ਜਨਵਰੀ, 2025 ਨੂੰ ਅਮਰੀਕਾ ਵਿਚ ਦਾਖ਼ਲ ਹੋਏ ਸਨ। ਅਮਰੀਕੀ ਫੌਜ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਕੈਂਪ ’ਚ ਰੱਖਿਆ ਸੀ ਅਤੇ ਹੁਣ ਉਨ੍ਹਾਂ ਨੂੰ ਡਿਪੋਰਟ ਕੀਤਾ ਗਿਆ ਸੀ। ਐੱਸਐੱਸਪੀ ਡਾ. ਨਾਨਕ ਸਿੰਘ ਨੇ ਕਿਹਾ ਕਿ ਪੁਲੀਸ ਵੱਲੋਂ ਉਨ੍ਹਾਂ ਖ਼ ?ਲਾਫ਼ ਲੁੱਕਆਊਟ ਸਰਕੁਲਰ (ਐੱਲਓਸੀ) ਵੀ ਜਾਰੀ ਕੀਤਾ ਗਿਆ ਸੀ। ਹੁਣ ਪੁਲੀਸ ਇਹ ਜਾਂਚ ਕਰ ਰਹੀ ਹੈ ਕਿ ਐੱਲਓਸੀ ਜਾਰੀ ਹੋਣ ਦੇ ਬਾਵਜੂਦ ਉਹ ਦੋਵੇਂ ਵਿਦੇਸ਼ ਕਿਵੇਂ ਪਹੁੰਚ ਗਏ। ਭਾਵੇਂ ਅਸਲੀ ਤੱਥ ਤਾਂ ਪੁੱਛ-ਗਿੱਛ ਦੌਰਾਨ ਹੀ ਸਾਹਮਣੇ ਆਉਣਗੇ ਪਰ ਮੁੱਢਲੀ ਤਫਤੀਸ਼ ’ਚ ਇਹ ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਨੇਪਾਲ ਜਾ ਕੇ ਜਹਾਜ਼ ਫੜਿਆ ਹੋਵੇਗਾ। ਦੋਹਾਂ ਕੋਲੋਂ ਰਾਜਪੁਰਾ ਦੇ ਐੱਸਐੱਚਓ ਇੰਸਪੈਕਟਰ ਬਲਵਿੰਦਰ ਸਿੰਘ, ਸੀਆਈਏ ਪਟਿਆਲਾ ਦੇ ਇੰਚਾਰਜ ਸ਼ਮਿੰਦਰ ਸਿੰਘ ਅਤੇ ਪਟਿਆਲਾ ਦੇ ਐੱਸਪੀ ਇਨਵੈਸ਼ਟੀਗੇਸ਼ਨ ਯੋਗੇਸ਼ ਸ਼ਰਮਾ ਪੁੱਛ-ਗਿੱਛ ਕਰ ਰਹੇ ਹਨ।

ਇਹ ਮਾਮਲਾ ਸਵਰਨ ਸਿੰਘ ਪੁੱਤਰ ਅਮਰਜੀਤ ਸਿੰਘ ਦੀ ਹੱਤਿਆ ਨਾਲ ਜੁੜਿਆ ਹੋਇਆ ਹੈ। ਪੁਲੀਸ ਵੱਲੋਂ ਹਰਮਨਜੋਤ ਸਿੰਘ ਦੀ ਸ਼ਿਕਾਇਤ ਦੇ ਆਧਾਰ ’ਤੇ ਕੇਸ ਦਰਜ ਕੀਤਾ ਗਿਆ ਸੀ। ਇਸ ਕੇਸ ’ਚ ਚਾਰ ਜਣਿਆਂ ਦੇ ਨਾਮ ਸ਼ਾਮਲ ਸਨ ਜਿਨ੍ਹਾਂ ’ਚੋਂ ਸੰਦੀਪ ਸਨੀ ਤੋਂ ਇਲਾਵਾ ਹਸਮੁਖ ਸਿੰਘ, ਸੁਖਦੇਵ ਸਿੰਘ ਅਤੇ ਕੰਵਲਜੀਤ ਸਿੰਘ ਦੇ ਨਾਮ ਸ਼ਾਮਲ ਸਨ। ਪੁਲੀਸ ਵੱਲੋਂ ਬਾਅਦ ’ਚ ਪਰਦੀਪ ਸਿੰਘ ਨੂੰ ਮਾਮਲੇ ’ਚ ਨਾਮਜ਼ਦ ਕੀਤਾ ਗਿਆ ਸੀ। ਇਹ ਦੋਵੇਂ ਪੁਲੀਸ ਦੀ ਪਕੜ ਤੋਂ ਬਾਹਰ ਸਨ ਅਤੇ ਉਨ੍ਹਾਂ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਅਸਲ ’ਚ ਇਸੇ ਕੇਸ ਤੋਂ ਬਚਣ ਲਈ ਹੀ ਦੋਵੇਂ ਤਕਰੀਬਨ ਸਵਾ ਕਰੋੜ ਰੁਪਏ ਖ਼ਰਚ ਕਰਕੇ ਏਜੰਟ ਰਾਹੀਂ ਡੰਕੀ ਰੂਟ ਲਾਉਂਦਿਆਂ ਅਮਰੀਕਾ ਚਲੇ ਗਏ ਸਨ। ਉਂਜ ਪਰਿਵਾਰਕ ਮੈਂਬਰਾਂ ਨੇ ਕਿਹਾ ਹੈ ਕਿ ਦੋਹਾਂ ਨੂੰ ਗਲਤ ਫਸਾਇਆ ਗਿਆ ਹੈ। ਹੱਤਿਆ ਵਾਲੇ ਦਿਨ ਦੀ ਘਟਨਾ ਨੂੰ ਚੇਤੇ ਕਰਦਿਆਂ ਇਕ ਹੋਰ ਭਰਾ ਨੇ ਦੱਸਿਆ ਕਿ ਸੰਦੀਪ ਸਿੰਘ ਉਸ ਦਿਨ ਬਾਜ਼ਾਰ ’ਚ ਸਾਜ਼ੋ-ਸਾਮਾਨ ਲੈਣ ਗਿਆ ਸੀ। ਇਸ ਦੌਰਾਨ ਸਬਜ਼ੀ ਮੰਡੀ ’ਚ ਹੋਰ ਵਿਅਕਤੀਆਂ ਦੀ ਲੜਾਈ ਦੌਰਾਨ ਇੱਕ ਵਿਅਕਤੀ ਦਾ ਕਤਲ ਹੋ ਗਿਆ ਸੀ। ਸੰਦੀਪ ਸਿੰਘ ਦੀ ਕਾਰ ਘਟਨਾ ਸਥਾਨ ਦੇ ਨਜ਼ਦੀਕ ਖੜ੍ਹੀ ਸੀ ਜਿਸ ਕਰ ਕੇ ਉਸ ਨੂੰ ਇਸ ਕੇਸ ’ਚ ਸ਼ਾਮਲ ਕਰ ਲਿਆ ਗਿਆ ਅਤੇ ਬਾਅਦ ’ਚ ਪਰਦੀਪ ਦਾ ਵੀ ਨਾਮ ਪਾ ਦਿੱਤਾ ਸੀ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਕੇਸ ਤੋਂ ਬਚਾਉਣ ਲਈ ਹੀ ਉਨ੍ਹਾਂ ਇੱਕ ਕਰੋੜ ਵੀਹ ਲੱਖ ਰੁਪਏ ਖ਼ਰਚ ਕਰਕੇ ਦੋਹਾਂ ਨੂੰ ਡੰਕੀ ਰਾਹੀਂ ਅਮਰੀਕਾ ਭੇਜ ਦਿੱਤਾ ਸੀ। ਆਪਣੇ ਬੱਚਿਆਂ ਨੂੰ ਬੇਕਸੂਰ ਦੱਸਦਿਆਂ ਪਰਿਵਾਰਕ ਮੈਂਬਰਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਰਿਹਾਅ ਕੀਤਾ ਜਾਵੇ।

# 9 ਮਹੀਨੇ ਦੀ ਖੱਜਲ-ਖ਼ੁਆਰੀ ਬਾਅਦ ਪਰਤਿਆ ਘਰ



ਕਾਲਾ ਸੰਘਿਆਂ : ਭਵਿੱਖ ਦੇ ਸੁਪਨੇ ਸਿਰਜ ਕੇ 9 ਮਹੀਨੇ ਪਹਿਲਾਂ ਅਮਰੀਕਾ ਲਈ ਤੁਰਿਆ ਸਥਾਨਕ ਕਸਬੇ ਦਾ 20 ਸਾਲਾ ਨੌਜਵਾਨ ਪਵਨਪ੍ਰੀਤ ਸਿੰਘ ਪੁੱਤਰ ਨਰਿੰਦਰ ਸਿੰਘ ਨੂੰ, ਜਦੋਂ ਪੁਲਿਸ ਦੀ ਗੱਡੀ ਅੱਜ ਸਵੇਰੇ ਘਰ ਲੈ ਕੇ ਆਈ ਤਾਂ ਪਰਿਵਾਰ ਘੋਰ ਨਿਰਾਸ਼ਾ ਵਿਚ ਸੀ। ਵਿੱਤੀ ਤੌਰ ’ਤੇ ਭਾਰੀ ਨੁਕਸਾਨ ਕਰਵਾ ਚੁੱਕੇ ਪਵਨਪ੍ਰੀਤ ਦਾ ਪਰਿਵਾਰ ਆਪਣੇ ਬੱਚੇ ਦੇ ਸਹੀ ਸਲਾਮਤ ਘਰ ਪਹੁੰਚਣ ’ਤੇ ਮਨ ਨੂੰ ਧਰਵਾਸ ਵੀ ਦੇ ਰਿਹਾ ਸੀ। ਉਨ੍ਹਾਂ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੇ ਵਲੋਂ ਜਿਦ ਕਰਨ ਦੇ ਨਾਲ ਉਨ੍ਹਾਂ ਉਸਨੂੰ ਵਿਦੇਸ਼ ਭੇਜਣ ਦਾ ਫ਼ੈਸਲਾ ਲਿਆ ਸੀ ਤੇ ਏਜੰਟ ਨੂੰ 45 ਲੱਖ ਰੁਪਏ ਜ਼ਮੀਨ ਵੇਚ ਕੇ ਅਤੇ ਆੜ੍ਹਤੀਏ ਤੋਂ ਕਰਜ਼ਾ ਚੁੱਕ ਕੇ ਦਿੱਤੇ ਸਨ। ਉਨ੍ਹਾਂ ਕਿਹਾ 7 ਜੂਨ 2024 ਨੂੰ ਪਵਨਪ੍ਰੀਤ ਦੇ ਘਰੋਂ ਜਾਣ ਸਮੇਂ ਟਰੈਵਲ ਏਜੰਟ ਨੇ 15 ਦਿਨ ਵਿਚ ਫਲਾਈਟ ਰਾਹੀਂ ਅਮਰੀਕਾ ਪਹੁੰਚਾਉਣ ਦਾ ਸਮਾ ਲਿਆ ਸੀ, ਪਰ 8 ਮਹੀਨਿਆਂ ਬਾਅਦ ਵੱਖ-ਵੱਖ ਦੇਸ਼ਾਂ ਤੋਂ ਹੁੰਦਾ ਹੋਇਆ ਪਨਾਮਾ ਦੇ ਜੰਗਲ ਰਾਹੀਂ ਬਾਰਡਰ ਪਾਰ ਕਰਵਾਉਣ ਉਪਰੰਤ ਵੀ ਪੈਦਲ 18 ਘੰਟੇ ਪਹਾੜਾਂ ਵਿਚ ਦੀ ਤੋਰ ਕੇ ਲਿਜਾਇਆ ਗਿਆ।

# ਅਮਰੀਕਾ ਨੇ ਹੱਥਕੜੀਆਂ ਲਾ ਕੇ ਡਿਪੋਰਟ ਕੀਤੇ ਨੌਜਵਾਨ

## ਸਿੱਖਾਂ ਦੀਆਂ ਦਸਤਾਰਾਂ ਉਤਰਵਾਈਆਂ; ਪੰਜਾਬ ਸਰਕਾਰ ਨੇ ਚੁੱਕੇ ਸਵਾਲ



ਅੰਮ੍ਰਿਤਸਰ : ਅਮਰੀਕਾ ਵਿੱਚ ਗੈਰ-ਕਾਨੂੰਨੀ ਢੰਗ ਨਾਲ ਰਹਿੰਦੇ ਪਰਵਾਸੀਆਂ ਨੂੰ ਦੇਸ਼ ’ਚੋਂ ਬਾਹਰ ਕੱਢਣ ਦੀ ਮੁਹਿੰਮ ਤਹਿਤ ਲੰਘੀ ਰਾਤ ਅੰਮ੍ਰਿਤਸਰ ਦੇ ਹਵਾਈ ਅੱਡੇ ’ਤੇ ਪੁੱਜੇ ਲਗਪਗ 116 ਪਰਵਾਸੀ ਭਾਰਤੀਆਂ ਨੂੰ ਮੁੜ ਹੱਥਕੜੀਆਂ ਲਾ ਕੇ ਅਤੇ ਸਿੱਖ ਵਿਅਕਤੀਆਂ ਨੂੰ ਦਸਤਾਰਾਂ ਉਤਰਵਾ ਕੇ ਅਮਰੀਕੀ ਜਹਾਜ਼ ਵਿੱਚ ਲਿਆਂਦਾ ਗਿਆ। ਅੰਮ੍ਰਿਤਸਰ ਦੇ ਹਵਾਈ ਅੱਡੇ ’ਤੇ ਪੁੱਜਣ ਉਪਰੰਤ ਜਦੋਂ ਇਨ੍ਹਾਂ ਵਿਅਕਤੀਆਂ ਦੀ ਇਮੀਗ੍ਰੇਸ਼ਨ ਅਤੇ ਹੋਰ ਦਸਤਾਵੇਜ਼ ਸਬੰਧੀ ਜਾਂਚ ਚੱਲ ਰਹੀ ਸੀ ਤਾਂ ਇਨ੍ਹਾਂ ’ਚੋਂ ਕਈ ਵਿਅਕਤੀਆਂ ਨੂੰ ਹਵਾਈ ਅੱਡੇ ਦੇ ਅੰਦਰ ਨੰਗੇ ਸਿਰ ਦੇਖਿਆ ਗਿਆ। ਇਨ੍ਹਾਂ ਨੂੰ ਹਵਾਈ ਅੱਡੇ ਦੇ ਅੰਦਰ ਫਰਸ਼ ’ਤੇ ਇੱਕ ਥਾਂ ਬਿਠਾਇਆ ਹੋਇਆ ਸੀ ਅਤੇ ਪੁੱਛ-ਪੜਤਾਲ ਜਾਰੀ ਸੀ। ਇਨ੍ਹਾਂ ਗੱਲਾਂ ਦਾ ਖੁਲਾਸਾ ਇਨ੍ਹਾਂ ਨੌਜਵਾਨਾਂ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਹਰਭਜਨ ਸਿੰਘ ਈਟੀਓ ਨਾਲ ਗੱਲਬਾਤ ਦੌਰਾਨ ਹੋਇਆ। ਅਮਰੀਕਾ ਤੋਂ ਪਰਤੇ ਇਨ੍ਹਾਂ ਭਾਰਤੀਆਂ ਨੇ ਜਾਣਕਾਰੀ ਦਿੱਤੀ ਕਿ ਅਮਰੀਕੀ ਜਹਾਜ਼ ਵਿੱਚ ਉਨ੍ਹਾਂ ਨੂੰ ਹੱਥਕੜੀਆਂ ਲਾ ਕੇ ਲਿਆਂਦਾ ਗਿਆ ਹੈ। ਇੱਥੇ ਪੁੱਜਣ ਤੋਂ ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਹੱਥ ਪੈਰ ਖੋਲ੍ਹ ਦਿੱਤੇ ਸਨ ਪਰ ਸਿਰ ’ਤੇ ਬੰਨ੍ਹਣ ਲਈ ਕੋਈ ਪਟਕਾ ਜਾਂ ਪਰਨਾ ਨਹੀਂ ਦਿੱਤਾ ਗਿਆ। ਪਰਨਾ ਜਾਂ ਪਟਕਾ ਉਨ੍ਹਾਂ ਨੂੰ ਇੱਥੇ ਹਵਾਈ ਅੱਡੇ ਤੇ ਪੁੱਜਣ ਮਗਰੋਂ ਹੀ ਉਪਲਬਧ ਕਰਵਾਇਆ ਗਿਆ ਹੈ।

ਨੌਜਵਾਨਾਂ ਨੇ ਖੁਲਾਸਾ ਕੀਤਾ ਕਿ ਉਹ ਡੰਕੀ ਰੂਟ ਰਾਹੀਂ ਜਦੋਂ ਅਮਰੀਕਾ ਵਿੱਚ ਦਾਖਲ ਹੋਏ ਤਾਂ ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ ਅਤੇ ਕਈ ਦਿਨ ਕੈਂਪ ਵਿੱਚ ਰੱਖਿਆ ਗਿਆ। ਉਥੇ ਉਨ੍ਹਾਂ ਦੇ ਹੱਥ ਬੰਨ੍ਹ ਕੇ ਰੱਖੇ ਗਏ। ਕੈਂਪਾਂ ਵਿੱਚ ਉਨ੍ਹਾਂ ’ਤੇ ਤਸ਼ੱਦਦ ਕੀਤਾ ਗਿਆ।

ਜਾਣਕਾਰੀ ਅਨੁਸਾਰ ਭਾਰਤੀਆਂ ਲੈ ਕੇ ਆਇਆ ਹਵਾਈ ਜਹਾਜ਼ ਰਾਤ ਲਗਪਗ 11.35 ਵਜੇ ਹਵਾਈ ਅੱਡੇ ’ਤੇ ਉਤਰਿਆ ਸੀ ਅਤੇ ਲਗਪਗ ਪੰਜ ਘੰਟੇ ਦੀ ਪੁੱਛ-ਗਿੱਛ ਅਤੇ ਜਾਂਚ ਤੋਂ ਬਾਅਦ ਇਨ੍ਹਾਂ ਨੂੰ ਪੁਲੀਸ ਦੇ ਨਾਲ ਘਰਾਂ ਵੱਲੋਂ ਰਵਾਨਾ ਕੀਤਾ ਗਿਆ। ਜਦੋਂ ਇਨ੍ਹਾਂ ਨੂੰ ਰਵਾਨਾ ਕੀਤਾ ਗਿਆ ਤਾਂ ਉਸ ਵੇਲੇ ਕਈ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਇੱਥੇ ਹਵਾਈ ਅੱਡੇ ’ਤੇ ਪੁੱਜੇ ਹੋਏ ਸਨ। ਰਿਸ਼ਤੇਦਾਰਾਂ ਨੂੰ ਹਵਾਈ ਅੱਡੇ ’ਤੇ ਉਨ੍ਹਾਂ ਦੀ ਇੱਕ ਝਲਕ ਵੀ ਦੇਖਣ ਨੂੰ ਨਹੀਂ ਮਿਲੀ। ਇੱਕ ਵਿਅਕਤੀ ਨੇ ਦੱਸਿਆ ਕਿ ਉਸ ਨੇ ਆਪਣੇ ਪੁੱਤਰ ਨੂੰ ਹਵਾਈ ਅੱਡੇ ਦੇ ਅੰਦਰਲੇ ਪਾਸੇ ਜ਼ਰੂਰ ਦੇਖਿਆ ਸੀ ਪਰ ਉਹ ਉਸ ਨਾਲ ਨਾ ਗੱਲ ਕਰ ਸਕਿਆ ਅਤੇ ਨਾ ਹੀ ਮਿਲ ਸਕਿਆ। ਇਸ ਦੌਰਾਨ ਪੀੜਤਾਂ ਦੇ ਮਾਪਿਆਂ ਨੇ ਮੰਗ ਕੀਤੀ ਧੋਖਾਧੜੀ ਕਰਨ ਵਾਲੇ ਏਜੰਟਾਂ ਖ਼ ?ਲਾਫ਼ ਕਾਰਵਾਈ ਕੀਤੀ ਜਾਵੇ।

# ਅਹਿਮਦਾਬਾਦ ਹਵਾਈ ਅੱਡੇ ’ਤੇ ਪੁੱਜੇ 33 ਗੁਜਰਾਤੀ

## ਅੰਮ੍ਰਿਤਸਰ ਹਵਾਈ ਅੱਡੇ ਤੋਂ ਪਰਵਾਸੀ ਭਾਰਤੀਆਂ ਨੂੰ ਲੈ ਕੇ ਦੋ ਉਡਾਣਾਂ ਅਹਿਮਦਾਬਾਦ ਉਤਰੀਆਂ



ਅਹਿਮਦਾਬਾਦ : ਅਮਰੀਕਾ ਤੋਂ ਗੈਰ-ਕਾਨੂੰਨੀ ਠਹਿਰਨ ਦੇ ਦੋਸ਼ ਹੇਠ ਦੇਸ਼ ਨਿਕਾਲਾ ਦਿੱਤੇ ਗਏ 33 ਗੁਜਰਾਤ ਦੇ ਮੂਲ ਨਿਵਾਸੀਆਂ ਨੂੰ ਲੈ ਕੇ ਸੋਮਵਾਰ ਨੂੰ ਅੰਮ੍ਰਿਤਸਰ ਤੋਂ ਰਵਾਨਾ ਹੋਈਆਂ ਦੋ ਉਡਾਣਾਂ ਅਹਿਮਦਾਬਾਦ ਹਵਾਈ ਅੱਡੇ ’ਤੇ ਉਤਰੀਆਂ। ਇਹ 112 ਭਾਰਤੀਆਂ ਦੇ ਉਸ ਸਮੂਹ ਦਾ ਹਿੱਸਾ ਹਨ, ਜੋ ਐਤਵਾਰ ਦੇਰ ਰਾਤ ਅੰਮ੍ਰਿਤਸਰ ਹਵਾਈ ਅੱਡੇ ’ਤੇ ਉਤਰੇ ਇੱਕ ਅਮਰੀਕੀ ਫੌਜੀ ਜਹਾਜ਼ ਵਿੱਚ ਸਵਾਰ ਸਨ। 33 ਡਿਪੋਰਟ ਹੋਏ ਨਾਗਰਿਕਾਂ ਦੇ ਆਉਣ ਨਾਲ 6 ਫਰਵਰੀ ਤੋਂ ਹੁਣ ਤੱਕ ਅਮਰੀਕਾ ਤੋਂ ਵਾਪਸ ਭੇਜੇ ਗਏ ਗੁਜਰਾਤ ਨਿਵਾਸੀਆਂ ਦੀ ਗਿਣਤੀ 74 ਹੋ ਗਈ ਹੈ।

ਹਵਾਈ ਅੱਡਾ ਪੁਲੀਸ ਥਾਣੇ ਦੇ ਇੰਸਪੈਕਟਰ ਐੱਸਜੀ ਖੰਭਲਾ ਨੇ ਕਿਹਾ, “ਅਹਿਮਦਾਬਾਦ ਹਵਾਈ ਅੱਡੇ ’ਤੇ ਪਹੁੰਚਣ ਤੋਂ ਤੁਰੰਤ ਬਾਅਦ 33 ਪਰਵਾਸੀਆਂ, ਜਿਨ੍ਹਾਂ ਵਿੱਚ ਬੱਚੇ ਵੀ ਸ਼ਾਮਲ ਹਨ, ਨੂੰ ਪੁਲੀਸ ਵਾਹਨਾਂ ਰਾਹੀਂ ਗੁਜਰਾਤ ਵਿੱਚ ਪੈਂਦੇ ਉਨ੍ਹਾਂ ਦੇ ਜੱਦੀ ਸਥਾਨਾਂ ’ਤੇ ਪਹੁੰਚਾਇਆ ਗਿਆ।” ਉਨ੍ਹਾਂ ਦੱਸਿਆ ਕਿ ਦੋ ਮਹਿਸਾਣਾ ਤੋਂ ਅਤੇ ਇੱਕ ਗਾਂਧੀਨਗਰ ਜ਼ਿਲ੍ਹੇ ਤੋਂ ਤਿੰਨ ਪਰਵਾਸੀ ਦੁਪਹਿਰ 12 ਵਜੇ ਦੇ ਕਰੀਬ ਪਹੁੰਚੇ, ਜਦੋਂ ਕਿ 30 ਹੋਰ ਦੁਪਹਿਰ 2 ਵਜੇ ਦੇ ਕਰੀਬ ਇੱਕ ਹੋਰ ਉਡਾਣ ਰਾਹੀਂ ਉਤਰੇ।

ਡਿਪੋਰਟ ਕੀਤੇ ਗਏ ਲੋਕਾਂ ਨੂੰ ਉਨ੍ਹਾਂ ਦੇ ਜੱਦੀ ਸਥਾਨਾਂ ’ਤੇ ਪਹੁੰਚਾਉਣ ਲਈ ਹਵਾਈ ਅੱਡੇ ’ਤੇ ਪੁਲੀਸ ਵਾਹਨ ਤਾਇਨਾਤ ਕੀਤੇ ਗਏ ਸਨ। 16 ਫਰਵਰੀ ਨੂੰ, ਗੁਜਰਾਤ ਦੇ ਅੱਠ ਵਿਅਕਤੀਆਂ ਨੂੰ ਲੈ ਕੇ ਇੱਕ ਜਹਾਜ਼, ਜੋ ਗੈਰ-ਕਾਨੂੰਨੀ ਇਮੀਗ੍ਰੇਸ਼ਨ ਲਈ ਅਮਰੀਕਾ ਤੋਂ ਵਾਪਸ ਘਰ ਭੇਜੇ ਗਏ 116 ਭਾਰਤੀਆਂ ਵਿੱਚੋਂ ਸਨ, ਅੰਮ੍ਰਿਤਸਰ ਤੋਂ ਅਹਿਮਦਾਬਾਦ ਹਵਾਈ ਅੱਡੇ ’ਤੇ ਉਤਰਿਆ। ਉਨ੍ਹਾਂ ਨੂੰ ਪੁਲੀਸ ਵਾਹਨਾਂ ਵਿੱਚ ਤੇਜ਼ੀ ਨਾਲ ਉਨ੍ਹਾਂ ਦੇ ਜੱਦੀ ਸਥਾਨਾਂ ’ਤੇ ਪਹੁੰਚਾਇਆ ਗਿਆ।

# ਅਮਰੀਕਾ ਦਾ ਸੁਪਨਾ ਸੱਚ ਕਰਨ ਲਈ 127 ਪੰਜਾਬੀਆਂ ਨੇ ਖ਼ਰਚੇ ਸਨ ਕੁੱਲ 43 ਕਰੋੜ

## ਕਈਆਂ ਨੂੰ ਏਜੰਟਾਂ ਦੇ ਨਾਂ ਵੀ ਨਹੀਂ ਸਨ ਪਤਾ, ਕਈ ਏਜੰਟਾਂ ਨਾਲ ਸੋਸ਼ਲ ਮੀਡੀਆ ਰਾਹੀਂ ਹੋਇਆ ਸੀ ਸੰਪਰਕ

ਚੰਡੀਗੜ੍ਹ : ਪੰਜਾਬ ਦੇ 127 ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਹੈਰਾਨ ਕਰਨ ਵਾਲਾ ਪ੍ਰਗਟਾਵਾ ਹੋਇਆ ਹੈ ਜਿਨ੍ਹਾਂ ਨੇ ਅਮਰੀਕੀ ਸੁਪਨੇ ਨੂੰ ਪੂਰਾ ਕਰਨ ਲਈ ਟਰੈਵਲ ਏਜੰਟਾਂ ਨੂੰ 43 ਕਰੋੜ ਰੁਪਏ ਦਿਤੇ ਸਨ। ਬਦਕਿਸਮਤੀ ਨਾਲ, ਉਨ੍ਹਾਂ ਨੂੰ ਅਮਰੀਕੀ ਅਧਿਕਾਰੀਆਂ ਨੇ ਡਿਪੋਰਟ ਕਰ ਦਿਤਾ ਅਤੇ 5, 15 ਅਤੇ 16 ਫ਼ਰਵਰੀ ਨੂੰ ਤਿੰਨ ਬੈਚਾਂ ’ਚ ਭਾਰਤ ਵਾਪਸ ਆ ਗਏ। ਇਕ ਅੰਗਰੇਜ਼ੀ ਅਖ਼ਬਾਰ ’ਚ ਛਪੀ ਖ਼ਬਰ ਅਨੁਸਾਰ 332 ਭਾਰਤੀਆਂ ਦੇ ਵੱਡੇ ਸਮੂਹ ਦਾ ਹਿੱਸਾ ਰਹੇ ਇਨ੍ਹਾਂ ਲੋਕਾਂ ਨੇ ਪਾਕਿਸਤਾਨ, ਦੁਬਈ ਅਤੇ ਅਮਰੀਕਾ ਸਮੇਤ ਵੱਖ-ਵੱਖ ਦੇਸ਼ਾਂ ਦੇ ਏਜੰਟਾਂ ਨੂੰ 40-45 ਲੱਖ ਰੁਪਏ ਦਾ ਭੁਗਤਾਨ ਕੀਤਾ ਸੀ।

ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਡਿਪੋਰਟ ਕੀਤੇ ਗਏ ਜ਼ਿਆਦਾਤਰ ਲੋਕਾਂ ਨੇ ਬਿਨਾਂ ਕਿਸੇ ਰਸੀਦ ਦੇ ਏਜੰਟਾਂ ਨੂੰ ਨਕਦ ਭੁਗਤਾਨ ਕੀਤਾ ਅਤੇ ਕੁੱਝ ਨੇ ਇੰਸਟਾਗ੍ਰਾਮ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਏਜੰਟਾਂ ਨਾਲ ਸੰਪਰਕ ਵੀ ਕੀਤਾ। ਅਖ਼ਬਾਰ ਅਨੁਸਾਰ ਪੰਜਾਬ ਦੇ ਅਧਿਕਾਰੀਆਂ ਵਲੋਂ ਇਕੱਤਰ ਕੀਤੇ ਅੰਕੜਿਆਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਕੁੱਝ ਡਿਪੋਰਟ ਕੀਤੇ ਗਏ ਲੋਕਾਂ ਨੂੰ ਅਪਣੇ ਏਜੰਟਾਂ ਦੇ ਨਾਮ ਜਾਂ ਉਨ੍ਹਾਂ ਦੇ ਪਤੇ ਨਹੀਂ ਪਤਾ ਸਨ। ਤੀਜੇ ਬੈਚ ਦੇ 31 ਡਿਪੋਰਟ ਕੀਤੇ ਗਏ ਲੋਕਾਂ ਵਿਚੋਂ 18 ਨੇ ਅਪਣੇ ਏਜੰਟਾਂ ਵਿਰੁਧ ਕੇਸ ਦਰਜ ਕਰਨ ਦੀ ਇੱਛਾ ਜ਼ਾਹਰ ਕੀਤੀ।

ਇਨ੍ਹਾਂ ’ਚੋਂ ਬਹੁਤ ਸਾਰੇ ਡਿਪੋਰਟ ਕੀਤੇ ਗਏ ਲੋਕਾਂ ਨੂੰ ਝੂਠੇ ਵਾਅਦਿਆਂ ਵਲੋਂ ਲਾਲਚ ਦਿੱਤਾ ਗਿਆ ਸੀ ਅਤੇ ਮਹੱਤਵਪੂਰਨ ਰਕਮ ਗੁਆ ਦਿੱਤੀ ਗਈ ਸੀ। ਭਾਰਤ ਸਰਕਾਰ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਮਨੁੱਖੀ ਤਸਕਰੀ ’ਤੇ ਨਕੇਲ ਕੱਸਣ ਲਈ ਕੰਮ ਕਰ ਰਹੀ ਹੈ, ਪਰ ਕਮਜ਼ੋਰ ਵਿਅਕਤੀਆਂ ਨੂੰ ਸੋਸ਼ਣ ਤੋਂ ਬਚਾਉਣ ਲਈ ਹੋਰ ਕੰਮ ਕਰਨ ਦੀ ਜ਼ਰੂਰਤ ਹੈ।

# ਅਮਰੀਕਾ ਤੋਂ ਡਿਪੋਰਟ ਚਾਰ ਨੌਜਵਾਨ ਫ਼ਿਰੋਜ਼ਪੁਰ ਪੁੱਜੇ



ਅਮਰੀਕਾ ਤੋਂ ਡਿਪੋਰਟ ਹੋਣ ਮਗਰੋਂ ਹੱਡਬੀਤੀ ਸੁਣਾਉਂਦਾ ਹੋਇਆ ਸੌਰਵ।

ਫ਼ਿਰੋਜ਼ਪੁਰ : ਅਮਰੀਕਾ ਤੋਂ ਡਿਪੋਰਟ ਹੋਏ 116 ਭਾਰਤੀਆਂ 'ਚ ਚਾਰ ਨੌਜਵਾਨ ਫ਼ਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧ ਰੱਖਦੇ ਹਨ। ਪਰਿਵਾਰ ਵਾਲਿਆਂ ਨੂੰ ਜਿੱਥੇ ਆਪਣੀ ਸਾਰੀ ਉਮਰ ਦੀ ਜਮ੍ਹਾਂ ਪੂੰਜੀ ਗੁਆਚ ਜਾਣ ਦਾ ਦੁੱਖ ਹੈ, ਉਥੇ ਹੀ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਵਾਪਸ ਆਉਣ ਦੀ ਖ਼ੁਸ਼ੀ ਵੀ ਹੈ। ਇੱਥੋਂ ਦੇ ਸਰਹੱਦੀ ਪਿੰਡ ਚਾਂਦੀ ਵਾਲਾ ਦਾ ਰਹਿਣ ਵਾਲਾ ਸੌਰਵ ਏਜੰਟ ਰਾਹੀਂ 45 ਲੱਖ ਰੁਪਏ ਖਰਚ ਕੇ ਡੰਕੀ ਲਾ ਕੇ 27 ਦਸੰਬਰ ਨੂੰ ਅਮਰੀਕਾ ਪਹੁੰਚਿਆ ਸੀ। ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਦਾ ਬਾਰਡਰ ਲੰਘਦਿਆਂ ਹੀ ਸੌਰਵ ਨੂੰ ਅਮਰੀਕੀ ਪੁਲੀਸ ਨੇ ਕਾਬੂ ਕਰ ਲਿਆ। ਉਸ ਨੂੰ ਕਈ ਦਿਨ ਹਿਰਾਸਤੀ ਕੈਂਪ 'ਚ ਰੱਖਿਆ ਗਿਆ ਤੇ ਹੁਣ ਡਿਪੋਰਟ ਕਰ ਦਿੱਤਾ। ਸੌਰਵ ਦੇ ਘਰ ਪਹੁੰਚਦਿਆਂ ਹੀ ਮਾਪੇ ਉਸ ਦੇ ਗਲ ਲੱਗ ਕੇ ਰੋ ਪਏ। ਲੱਖਾਂ ਰੁਪਏ ਦਾ ਕਰਜ਼ਈ ਹੋ ਚੁੱਕਾ ਇਹ ਪਰਿਵਾਰ ਹੁਣ ਪੰਜਾਬ ਸਰਕਾਰ ਪਾਸੋਂ ਆਰਥਿਕ ਮਦਦ, ਸਰਕਾਰੀ ਨੌਕਰੀ ਅਤੇ ਏਜੰਟ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕਰ ਰਿਹਾ ਹੈ।

ਕਸਬਾ ਮਮਦੋਟ 'ਚ ਪੈਂਦੀ ਬਸਤੀ ਅਮਰੀਕ ਸਿੰਘ ਵਾਲੀ ਦੇ ਰਹਿਣ ਵਾਲੇ ਕਸ਼ਮੀਰ ਸਿੰਘ ਨੇ ਵੀ ਆਪਣੇ ਪੁੱਤਰ ਨਵਦੀਪ ਨੂੰ 40 ਲੱਖ ਰੁਪਏ ਖਰਚ ਕੇ ਜੂਨ 2024 'ਚ ਅਮਰੀਕਾ ਭੇਜਿਆ ਸੀ। ਨਵਦੀਪ ਚਾਰ ਮਹੀਨੇ ਪਨਾਮਾ ਦੇ ਜੰਗਲਾਂ 'ਚ ਭਟਕਦਾ ਰਿਹਾ। ਅਖ਼ੀਰ ਅਮਰੀਕਾ ਪਹੁੰਚਣ 'ਤੇ ਅਮਰੀਕੀ ਪੁਲੀਸ ਨੇ ਉਸ ਨੂੰ ਕਾਬੂ ਕਰ ਲਿਆ ਤੇ 45 ਦਿਨ ਤੱਕ ਹਿਰਾਸਤੀ ਕੈਂਪ 'ਚ ਰੱਖਿਆ। 22 ਨਵੰਬਰ 2024 ਨੂੰ ਨਵਦੀਪ ਨੂੰ ਪਹਿਲੀ ਵਾਰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ। ਪਰਿਵਾਰ ਨੇ ਜਦੋਂ ਏਜੰਟ 'ਤੇ ਪੈਸੇ ਮੋੜਨ ਦਾ ਦਬਾਅ ਬਣਾਇਆ ਤਾਂ ਉਹ ਨਵਦੀਪ ਨੂੰ ਦੁਬਾਰਾ ਅਮਰੀਕਾ ਭੇਜਣ ਲਈ ਰਾਜ਼ੀ ਹੋ ਗਿਆ। ਏਜੰਟ ਨੇ ਕਿਸੇ ਹੋਰ ਰੂਟ ਰਾਹੀਂ ਉਸ ਨੂੰ ਮੈਕਸਿਕੋ ਪਹੁੰਚਾ ਦਿੱਤਾ। 27 ਜਨਵਰੀ 2025 ਨੂੰ ਨਵਦੀਪ ਅਮਰੀਕਾ ਦਾ ਬਾਰਡਰ ਪਾਰ ਕਰਨ ਲੱਗਾ ਤਾਂ ਮੁੜ ਅਮਰੀਕੀ ਪੁਲੀਸ ਨੇ ਕਾਬੂ ਕਰ ਲਿਆ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਕੇ ਆਪਣੇ ਪੁੱਤ ਨੂੰ ਅਮਰੀਕਾ ਭੇਜਿਆ ਸੀ। ਪਰਿਵਾਰ ਨੇ ਸੋਚਿਆ ਸੀ ਕਿ ਜਦੋਂ ਨਵਦੀਪ ਉਥੇ ਸੈਟਲ ਹੋ ਜਾਵੇਗਾ ਤਾਂ ਜ਼ਮੀਨ ਜਾਇਦਾਦ ਫ਼ਿਰ ਖਰੀਦ ਲਵਾਂਗੇ। ਇਹ ਸੋਚ ਲੈ ਕੇ ਪਰਿਵਾਰ ਨੇ ਕੁਝ ਕਰਜ਼ਾ ਵੀ ਸਿਰ 'ਤੇ ਚੜ੍ਹਾ ਲਿਆ। ਹੁਣ ਪਰਿਵਾਰ ਸਰਕਾਰ ਨੂੰ ਮਦਦ ਦੀ ਅਪੀਲ ਕਰ ਰਿਹਾ ਹੈ।

ਇਸੇ ਤਰ੍ਹਾਂ ਸਰਹੱਦੀ ਪਿੰਡ ਕਾਮਲ ਵਾਲਾ ਦੇ ਵਸਨੀਕ ਸੇਵਕ ਸਿੰਘ ਅਤੇ ਸ਼ਹਿਰ ਦੇ ਦਸਹਿਰਾ ਗਰਾਊਂਡ ਦੇ ਨਜ਼ਦੀਕ ਰਹਿੰਦੇ ਸੰਜੀਵ ਦੇ ਘਰ ਵੀ ਸੋਗ ਦਾ ਮਾਹੌਲ ਹੈ। ਸੇਵਕ ਅਤੇ ਸੰਜੀਵ ਵੀ ਹੋਰਨਾਂ ਵਾਂਗ ਲੱਖਾਂ ਰੁਪਏ ਖਰਚ ਕਰ ਕੇ ਬਹੁਤ ਵੱਡੇ ਸੁਫ਼ਨੇ ਲੈ ਕੇ ਅਮਰੀਕਾ ਰਵਾਨਾ ਹੋਏ ਸਨ।

# ਫਰਜ਼ੀ ਟਰੈਵਲ ਏਜੰਟਾਂ ਖ਼ਿਲਾਫ਼ ਕਾਰਵਾਈ ਕਰੇ ਪੰਜਾਬ ਸਰਕਾਰ

## ਹਾਈ ਕੋਰਟ ਨੇ ਦਿੱਤੇ ਨਿਰਦੇਸ਼; ਵਕੀਲ ਕੰਵਰ ਪਹੁਲ ਸਿੰਘ ਦੀ ਪਟੀਸ਼ਨ ਦਾ ਨਿਬੇੜਾ ਕਰਦੇ ਹੋਏ ਕੀਤੀ ਹਦਾਇਤ



ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਮਾਸੂਮ ਲੋਕਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਵਿਦੇਸ਼ ਭੇਜ ਕੇ ਧੋਖਾਧੜੀ ਕਰਨ ਵਾਲੇ ਅਣਅਧਿਕਾਰਤ ਟਰੈਵਲ ਏਜੰਟਾਂ ਖ਼ ?ਲਾਫ਼ ਕਾਰਵਾਈ ਦੀ ਮੰਗ ਕਰਦੀ ਇਕ ਬੇਨਤੀ 'ਤੇ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਹਰਮੀਤ ਸਿੰਘ ਗਰੇਵਾਲ ਦੇ ਬੈਂਚ ਨੇ ਵਕੀਲ ਕੰਵਰ ਪਹੁਲ ਸਿੰਘ ਦੀ ਪਟੀਸ਼ਨ ਦਾ ਨਿਬੇੜਾ ਕਰਦੇ ਹੋਏ ਇਹ ਹਦਾਇਤ ਕੀਤੀ। ਪਟੀਸ਼ਨਰ ਨੇ 'ਇਮੀਗ੍ਰੇਸ਼ਨ ਜਾਂਚ ਚੌਕੀਆਂ' ਦੀ ਸਥਾਪਨਾ ਅਤੇ 'ਪ੍ਰਮਾਣਿਤ ਭਰਤੀ ਏਜੰਟਾਂ' ਦੀ ਇਕ ਨਵੀਂ ਸੂਚੀ ਜਾਰੀ ਕਰਨ ਦੀ ਮੰਗ ਵੀ ਕੀਤੀ ਸੀ।

ਹਾਲ ਹੀ ਵਿੱਚ ਅਮਰੀਕਾ ਵੱਲੋਂ ਗੈਰ-ਕਾਨੂੰਨੀ ਤੌਰ 'ਤੇ ਭਾਰਤੀ ਪਰਵਾਸੀਆਂ ਨੂੰ ਡਿਪੋਰਟ ਕੀਤੇ ਜਾਣ ਤੋਂ ਬਾਅਦ ਇਹ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਇਮੀਗ੍ਰੇਸ਼ਨ ਐਕਟ 1983 ਤਹਿਤ ਪੰਜਾਬ ਵਿੱਚ ਚੈੱਕ ਪੋਸਟਾਂ ਦੀ ਸਥਾਪਨਾ ਕਰਨ ਲਈ ਫੌਰੀ ਕਦਮ ਉਠਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ ਤਾਂ ਜੋ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾ ਸਕੇ ਅਤੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਿਆ ਜਾ ਸਕੇ। ਪਟੀਸ਼ਨਰ ਨੇ ਕਿਹਾ, "ਹਾਲ ਹੀ ਵਿੱਚ ਅਮਰੀਕਾ ਵੱਲੋਂ ਗੈਰ-ਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਵੱਡੀ ਪੱਧਰ 'ਤੇ ਡਿਪੋਰਟ ਕੀਤੇ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ।" ਉਨ੍ਹਾਂ ਅਪੀਲ ਕੀਤੀ ਕਿ ਪ੍ਰਮਾਣਿਤ ਭਰਤੀ ਏਜੰਟਾਂ ਅਤੇ ਵਿਦੇਸ਼ਾਂ ਵਿੱਚ ਸਥਾਪਤ ਅਧਿਕਾਰਤ ਰੁਜ਼ਗਾਰਦਾਤਾਵਾਂ ਦੀ ਸੂਚੀ ਨੂੰ ਅਪਗਰੇਡ ਕੀਤਾ ਜਾਵੇ ਤਾਂ ਜੋ ਲੋਕ ਇਮੀਗ੍ਰੇਸ਼ਨ ਪ੍ਰਕਿਰਿਆ ਤੱਕ ਆਸਾਨੀ ਨਾਲ ਪਹੁੰਚ ਸਕਣ ਅਤੇ ਫ਼ਰਜ਼ੀ ਟਰੈਵਲ ਏਜੰਟਾਂ ਦਾ ਸ਼ਿਕਾਰ ਹੋਣ ਤੋਂ ਬਚ ਸਕਣ। ਪਟੀਸ਼ਨਰ ਨੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ ਤਹਿਤ ਸੂਬੇ ਵਿੱਚ ਕੰਮ ਕਰ ਰਹੇ ਸਾਰੇ ਫ਼ਰਜ਼ੀ ਟਰੈਵਲ ਏਜੰਟਾਂ ਖ਼ ?ਲਾਫ਼ ਫੌਰੀ ਕਾਰਵਾਈ ਦੀ ਮੰਗ ਕੀਤੀ ਤਾਂ ਜੋ 'ਡੰਕੀ ਰੂਟਸ' ਰਾਹੀਂ ਮਨੁੱਖੀ ਤਸਕਰੀ ਨੂੰ ਰੋਕਿਆ ਜਾ ਸਕੇ। ਇਹ ਪਰਵਾਸੀਆਂ ਵੱਲੋਂ ਇਸਤੇਮਾਲ ਕੀਤਾ ਜਾਣ ਵਾਲਾ ਇਕ ਗੈਰ-ਕਾਨੂੰਨੀ ਤੇ ਖ਼ਤਰਨਾਕ ਰਸਤਾ ਹੈ। ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਧੀਰਜ ਜੈਨ ਨੇ ਕਿਹਾ ਕਿ ਅਦਾਲਤ ਨੇ ਪਟੀਸ਼ਨਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਸੂਬੇ ਤੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਨੂੰ ਇਕ ਮਹੀਨੇ ਦੇ ਅੰਦਰ ਆਪਣੀ ਅਰਜ਼ੀ ਦੇਣ। ਉਨ੍ਹਾਂ ਦੱਸਿਆ ਕਿ ਸੂਬੇ ਤੇ ਕੇਂਦਰ ਸਰਕਾਰ ਨੂੰ ਬੇਨਤੀ 'ਤੇ ਵਿਚਾਰ ਕਰ ਕੇ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਗਏ ਹਨ। ਜੈਨ ਨੇ ਦੱਸਿਆ ਕਿ ਚੰਡੀਗੜ੍ਹ ਸਥਿਤ 'ਪ੍ਰੋਟੈਕਟਰ ਆਫ਼ ਇਮੀਗ੍ਰੈਂਟਸ' ਨੇ ਪਿਛਲੇ ਇਕ ਸਾਲ ਵਿੱਚ ਪੰਜਾਬ ਸਰਕਾਰ ਨੂੰ ਅਜਿਹੇ ਬੇਈਮਾਨ ਏਜੰਟਾਂ ਖ਼ਿਲਾਫ਼ ਕਾਰਵਾਈ ਲਈ ਕੁੱਲ 127 ਸ਼ਿਕਾਇਤਾਂ ਭੇਜੀਆਂ ਹਨ। ਇਨ੍ਹਾਂ ਵਿੱਚੋਂ 57 ਸ਼ਿਕਾਇਤਾਂ ਪੀੜਤ ਲੋਕਾਂ ਕੋਲੋਂ ਪ੍ਰਾਪਤ ਹੋਈਆਂ ਸਨ।

# ਟਰੈਵਲ ਏਜੰਸੀਆਂ ਬਾਰੇ ਬਿੱਲ ਲਿਆਏਗੀ ਹਰਿਆਣਾ ਸਰਕਾਰ

ਚੰਡੀਗੜ੍ਹ : ਅਮਰੀਕਾ ਵੱਲੋਂ ਭਾਰਤੀ ਨੌਜਵਾਨਾਂ ਨੂੰ ਡਿਪੋਰਟ ਕੀਤੇ ਜਾਣ ਤੋਂ ਬਾਅਦ ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ 7 ਮਾਰਚ ਤੋਂ ਸ਼ੁਰੂ ਹੋਣ ਵਾਲੇ ਬਜਟ ਸੈਸ਼ਨ ਵਿੱਚ ਟਰੈਵਲ ਏਜੰਸੀਆਂ ਨਾਲ ਜੁੜੇ ਬਿੱਲ ਵਿੱਚ ਸੋਧ ਕਰਕੇ ਇਸ ਨੂੰ ਪੇਸ਼ ਕਰਨ ਦੀ ਤਿਆਰੀ ਹੈ ਤਾਂ ਜੋ ਗਲਤ ਢੰਗ ਨਾਲ ਨੌਜਵਾਨਾਂ ਨੂੰ ਬਾਹਰ ਭੇਜਣ ਵਾਲੇ ਅਤੇ ਕਬੂਤਰਬਾਜ਼ੀ ਕਰਨ ਵਾਲੇ ਟਰੈਵਲ ਏਜੰਟਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਸਕੇ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਟਰੈਵਲ ਏਜੰਸੀਆਂ ਨਾਲ ਸਬੰਧਤ ਇਕ ਬਿੱਲ ਪਾਸ ਕੀਤਾ ਗਿਆ ਸੀ ਪਰ ਰਾਸ਼ਟਰਪਤੀ ਭਵਨ ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਬਿੱਲ ਵਿਚਲੀਆਂ ਕੁਝ ਖਾਮੀਆਂ ਕਾਰਨ ਇਸ ਨੂੰ ਰੋਕ ਲਿਆ ਸੀ। ਇਸੇ ਕਰਕੇ ਹਰਿਆਣਾ ਸਰਕਾਰ ਵੱਲੋਂ ਮੁੜ ਤੋਂ ਉਸ ਬਿੱਲ ਵਿੱਚ ਸੋਧ ਕਰਕੇ ਪੇਸ਼ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਹਰਿਆਣਾ ਦੇ ਗ੍ਰਹਿ ਮੰਤਰਾਲੇ ਵੱਲੋਂ ਟਰੈਵਲ ਏਜੰਸੀਆਂ ਨਾਲ ਜੁੜੇ ਹੋਏ ਬਿੱਲ ਵਿੱਚ ਕੁਝ ਸੋਧਾਂ ਕਰਨ ਬਾਰੇ ਵਿਚਾਰ-ਚਰਚਾ ਕੀਤੀ ਜਾ ਰਹੀ ਹੈ। ਹਰਿਆਣਾ ਦੇ ਐਡਵੋਕੇਟ ਜਨਰਲ ਵੀ ਇਸ ਬਿੱਲ ਬਾਰੇ ਲਗਾਤਾਰ ਮੀਟਿੰਗਾਂ ਕਰ ਰਹੇ ਹਨ।

# ਅਮਰੀਕਾ ਤੋਂ ਭਾਰਤੀਆਂ ਨੂੰ ਅਪਰਾਧੀਆਂ ਵਾਂਗ ਭੇਜਣ 'ਤੇ ਮੁਜ਼ਾਹਰਾ

## ਬੀਕੇਯੂ ਏਕਤਾ ਉਗਰਾਹਾਂ ਨੇ ਕੇਂਦਰ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ



ਅੰਮ੍ਰਿਤਸਰ : ਅਮਰੀਕਾ ਤੋਂ ਭਾਰਤੀਆਂ ਨੂੰ ਅਪਰਾਧੀਆਂ ਵਾਂਗ ਭੇਜੇ ਜਾਣ ਦਾ ਸਖ਼ਤ ਵਿਰੋਧ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਅੰਮ੍ਰਿਤਸਰ ਹਵਾਈ ਅੱਡੇ ਦੇ ਬਾਹਰ ਕੇਂਦਰ ਸਰਕਾਰ ਦੇ ਖ਼ ?ਲਾਫ਼ ਪ੍ਰਦਰਸ਼ਨ ਕੀਤਾ ਗਿਆ। ਜਥੇਬੰਦੀ ਦੇ ਆਗੂ ਡਾ. ਪਰਮਿੰਦਰ ਸਿੰਘ ਪੰਡੋਰੀ ਨੇ ਕਿਹਾ ਕਿ ਅਮਰੀਕਾ ਦੀ ਟਰੰਪ ਸਰਕਾਰ ਆਪਣੇ ਦੇਸ਼ ਵਿੱਚੋਂ ਡਿਪੋਰਟ ਕੀਤੇ ਨਾਗਰਿਕਾਂ ਨਾਲ ਅਣਮਨੁੱਖੀ ਰਵੱਈਆ ਅਪਣਾ ਰਹੀ ਹੈ। ਉਨ੍ਹਾਂ ਨੂੰ ਫੌਜੀ ਜਹਾਜ਼ ਵਿੱਚ ਲੱਦ ਕੇ ਹੱਥ ਪੈਰ ਬੰਨ੍ਹ ਕੇ ਭਾਰਤ ਭੇਜ ਰਹੀ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਵੀ ਅਮਰੀਕਾ ਦਾ ਫੌਜੀ ਜਹਾਜ਼ ਅੰਮ੍ਰਿਤਸਰ ਉਤਰਿਆ ਸੀ ਅਤੇ ਹੁਣ ਫਿਰ ਦੋ ਜਹਾਜ਼ ਅੰਮ੍ਰਿਤਸਰ ਹਵਾਈ ਅੱਡੇ 'ਤੇ ਆ ਰਹੇ ਹਨ। ਭਾਰਤ ਦੀ ਭਾਜਪਾ ਸਰਕਾਰ ਤੇ ਪ੍ਰਧਾਨ ਮੰਤਰੀ ਮੂਕ ਦਰਸ਼ਕ ਬਣੇ ਹੋਏ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਕੋਲੰਬੀਆ ਦੇ ਰਾਸ਼ਟਰਪਤੀ ਨੇ ਅਮਰੀਕਾ ਦੇ ਅਜਿਹੇ ਜਹਾਜ਼ ਨੂੰ ਆਪਣੇ ਦੇਸ਼ ਵਿੱਚ ਉਤਰਨ ਨਹੀਂ ਦਿੱਤਾ ਸਗੋਂ ਆਪਣੇ ਦੇਸ਼ ਦਾ ਜਹਾਜ਼ ਭੇਜ ਕੇ ਪਰਵਾਸੀਆਂ ਨੂੰ ਵਾਪਸ ਮੰਗਵਾਇਆ। ਉਨ੍ਹਾਂ ਕਿਹਾ ਕਿ ਕੋਲੰਬੀਆ ਭਾਵੇਂ ਛੋਟਾ ਮੁਲਕ ਹੈ ਪਰ ਉਸ ਨੇ ਅਮਰੀਕਾ ਦੀ ਤਾਨਾਸ਼ਾਹੀ ਨੂੰ ਦਰਕਿਨਾਰ ਕਰਦੇ ਹੋਏ ਆਪਣੇ ਨਾਗਰਿਕਾਂ ਦੀ ਇੱਜ਼ਤ ਨਾਲ ਵਾਪਸੀ ਕਰਵਾਈ। ਉਨ੍ਹਾਂ ਕਿਹਾ ਕਿ ਇਹ ਪਰਵਾਸੀ ਭਾਰਤੀ ਅਪਰਾਧੀ ਨਹੀਂ ਸਗੋਂ ਪੀੜਤ ਹਨ, ਜੋ ਆਪਣੇ ਦੇਸ਼ ਵਿੱਚ ਕੰਮ ਨਾ ਮਿਲਣ ਦੀ ਸੂਰਤ ਵਿੱਚ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਲੱਖਾਂ ਰੁਪਏ ਖਰਚ ਕੇ ਵਿਦੇਸ਼ ਗਏ ਹਨ। ਉਨ੍ਹਾਂ ਧੋਖੇਬਾਜ਼ ਏਜੰਟਾਂ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਨਾਅਰੇਬਾਜ਼ੀ ਕੀਤੀ। ਉਨ੍ਹਾਂ ਡਿਪੋਰਟ ਕੀਤੇ ਨਾਗਰਿਕਾਂ ਦੀ ਮੁੜ ਵਸੇਬੇ ਦੀ ਮੰਗ ਕੀਤੀ। ਇਸ ਦੌਰਾਨ ਕਿਸਾਨਾਂ ਨੇ ਰੋਸ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਫੂਕੇ ਅਤੇ ਦੋਵਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਬਾਬਾ ਰਾਜਨ ਸਿੰਘ, ਪਰਗਟ ਸਿੰਘ ਧਰਮਕੋਟ, ਮੰਗਲ ਸਿੰਘ ਗੋਸਲ, ਨਰਿੰਦਰ ਸਿੰਘ ਭਿੱਟੇਵੱਡ, ਰਣਜੀਤ ਸਿੰਘ ਕੰਗ ਤੇ ਧਰਮਵੀਰ ਸਿੰਘ ਸ਼ਾਮਲ ਸਨ।

# ਡਿਪੋਰਟ ਵਿਅਕਤੀ ਦੀ ਸ਼ਿਕਾਇਤ 'ਤੇ ਪਹਿਲਾ ਏਜੰਟ ਗ੍ਰਿਫ਼ਤਾਰ



ਪਟਿਆਲਾ : ਅਮਰੀਕਾ ਵੱਲੋਂ ਡਿਪੋਰਟ ਕੀਤੇ ਵਿਅਕਤੀ ਦੀ ਸ਼ਿਕਾਇਤ 'ਤੇ ਪੁਲੀਸ ਨੇ ਏਜੰਟ ਨੂੰ ਪਟਿਆਲਾ ਤੋਂ ਗ੍ਰਿਫ਼ਤਾਰ ਕੀਤਾ ਹੈ। ਅਮਰੀਕਾ ਤੋਂ ਡਿਪੋਰਟ ਕੀਤੇ ਕਿਸੇ ਵਿਅਕਤੀ ਦੀ ਸ਼ਿਕਾਇਤ 'ਤੇ ਇਹ ਪਹਿਲੀ ਗ੍ਰਿਫ਼ਤਾਰੀ ਹੈ। ਅਮਰੀਕਾ ਵੱਲੋਂ 3 ਫਰਵਰੀ ਨੂੰ ਭੇਜੇ ਗਏ 104 ਭਾਰਤੀਆਂ ਵਿਚ ਪੰਜਾਬ ਦੇ 30 ਵਿਅਕਤੀ ਸ਼ਾਮਲ ਸਨ, ਜਿਨ੍ਹਾਂ ਵਿਚੋਂ ਚਾਰ ਪਟਿਆਲਾ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ ਹੀ ਗੁਰਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਪਟਿਆਲਾ ਦੇ ਐੱਨਆਰਆਈ ਥਾਣੇ ਦੇ ਐੱਸਐੱਚਓ ਇੰਸਪੈਕਟਰ ਅਭੈ ਸਿੰਘ ਚੌਹਾਨ ਦੀ ਅਗਵਾਈ ਹੇਠਲੀ ਟੀਮ ਨੇ ਏਜੰਟ ਅਨਿਲ ਬੱਤਰਾ ਨੂੰ ਗ੍ਰਿਫ਼ਤਾਰ ਕੀਤਾ ਹੈ। ਡਿਪੋਰਟ ਵਿਅਕਤੀਆਂ ਦੀਆਂ ਸ਼ਿਕਾਇਤਾਂ 'ਤੇ ਪੰਜਾਬ ਭਰ 'ਚ ਭਾਵੇਂ ਅੱਧੀ ਦਰਜਨ ਦੇ ਕਰੀਬ ਕੇਸ ਦਰਜ ਹੋਏ ਹਨ ਪਰ ਏਜੰਟ ਦੀ ਇਹ ਪਲੇਠੀ ਗ੍ਰਿਫ਼ਤਾਰੀ ਹੈ। ਥਾਣਾ ਮੁਖੀ ਨੇ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕਰਕੇ ਤਿੰਨ ਦਿਨ ਦਾ ਰਿਮਾਂਡ ਮਿਲਿਆ ਹੈ ਅਤੇ ਉਸ ਤੋਂ ਪੁੱਛ-ਪੜਤਾਲ ਕਰਕੇ ਹੋਰ ਮਾਮਲਿਆਂ ਦੀ ਤਹਿ ਤੱਕ ਪਹੁੰਚਿਆ ਜਾਵੇਗਾ।

ਐੱਨਆਰਆਈ ਵਿੰਗ ਪਟਿਆਲਾ ਦੇ ਐੱਸਪੀ ਗੁਰਬੰਸ ਸਿੰਘ ਬੈਂਸ ਨੇ ਦੱਸਿਆ ਕਿ ਗ੍ਰਿਫ਼ਤਾਰ ਏਜੰਟ ਅਨਿਲ ਬੱਤਰਾ ਕੁਰੂਕਸ਼ੇਤਰ (ਹਰਿਆਣਾ) ਦਾ ਵਸਨੀਕ ਹੈ। ਉਸ ਨੂੰ ਪਟਿਆਲਾ ਸਥਿਤ ਸਹੁਰੇ ਘਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਖ਼ਿਲਾਫ਼ 406, 420, 370, 120ਬੀ ਭਾਰਤੀ ਦੰਡ ਸੰਹਿਤਾ ਅਤੇ 24 ਇਮੀਗਰੇਸ਼ਨ ਐਕਟ 1983 ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਸ ਦੇ ਬੈਂਕ ਖਾਤੇ ਨੂੰ ਫਰੀਜ਼ ਕਰ ਦਿੱਤਾ ਗਿਆ ਹੈ, ਜਿਸ 'ਚ 6,35,136,10 ਰੁਪਏ ਜਮ੍ਹਾਂ ਹਨ। ਇਹ ਕੇਸ ਗੁਰਵਿੰਦਰ ਸਿੰਘ ਵਾਸੀ ਕ੍ਰਿਸ਼ਨਗੜ੍ਹ ਥਾਣਾ ਭਾਦਸੋਂ ਜ਼ਿਲ੍ਹਾ ਪਟਿਆਲਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਪੁਲੀਸ ਨੇ ਮੁਤਾਬਕ 12ਵੀਂ ਪਾਸ ਗੁਰਵਿੰਦਰ ਸਿੰਘ (44) ਦਾ ਮੱਝਾਂ ਅਤੇ ਗਊਆਂ ਦਾ ਕੰਮ ਸੀ ਅਤੇ ਉਹ ਪਤਨੀ ਤੇ ਦੋ ਬੱਚਿਆਂ ਨਾਲ ਰਲ ਕੇ ਚੋਖਾ ਦੁੱਧ ਵੇਚਦਾ ਸੀ। ਵਿਦੇਸ਼ ਜਾਣ ਦੇ ਚੱਕਰ 'ਚ ਉਸ ਨੇ ਆਪਣੀ ਤਿੰਨ ਵਿੱਘੇ ਜ਼ਮੀਨ 18 ਲੱਖ 'ਚ ਵੇਚੀ, ਘਰ 'ਤੇ ਕਰਜ਼ਾ ਲਿਆ ਅਤੇ ਰਿਸ਼ਤੇਦਾਰਾਂ ਤੋਂ ਉਧਾਰ ਫੜ ਕੇ ਏਜੰਟ ਨੂੰ ਕਥਿਤ ਰੂਪ 'ਚ 45 ਲੱਖ ਰੁਪਏ ਦਿੱਤੇ ਸਨ। ਐੱਸਪੀ ਨੇ ਦੱਸਿਆ ਕਿ ਅਮਰੀਕਾ ਪਹੁੰਚਾਉਣ ਲਈ ਉਸ ਨੇ ਏਜੰਟ ਨੂੰ ਜੂਨ 2024 ਵਿਚ 45 ਲੱਖ ਰੁਪਏ ਦਿੱਤੇ ਸਨ। ਏਜੰਟ ਅਨਿਲ ਬੱਤਰਾ ਨੇ ਉਸ ਨੂੰ ਸੂਰੀਨਾਮ ਦਾ ਵੀਜ਼ਾ ਅਤੇ ਟਿਕਟ ਦਾ ਪ੍ਰਬੰਧ ਕਰਕੇ ਦਿੱਤਾ ਤੇ ਮੁੰਬਈ ਤੋਂ ਜਹਾਜ਼ ਰਾਹੀਂ ਉਹ ਪਿਛਲੇ ਸਾਲ ਦਸੰਬਰ 'ਚ ਸੂਰੀਨਾਮ ਪਹੁੰਚਿਆ। ਫਿਰ ਬ੍ਰਾਜ਼ੀਲ ਜਾਂ ਕੋਲੰਬੀਆ ਵਿੱਚ ਪੈਦਲ ਹੀ ਰਸਤਾ ਤੈਅ ਕਰਦਿਆਂ ਉਹ ਮੱਧ ਅਮਰੀਕਾ ਵਿੱਚ ਦਾਖ਼ਲ ਹੋਇਆ ਅਤੇ ਉਥੋਂ ਪਨਾਮਾ, ਕੋਸਟਾਰੀਕਾ, ਨਿਕਾਰਾਗੁਆ, ਹੋਂਡੂਰਸ, ਗੁਆਟੇਮਾਲਾ ਅਤੇ ਮੈਕਸਿਕੋ ਵਰਗੇ ਦੇਸ਼ਾਂ ਵਿੱਚੋਂ ਹੁੰਦਾ ਹੋਇਆ ਮਨੁੱਖੀ ਤਸਕਰੀ ਦੇ ਸੌਦਾਗਰਾਂ ਦੀ ਮਦਦ ਨਾਲ ਗ਼ੈਰ-ਕਾਨੂੰਨੀ ਤੌਰ 'ਤੇ 23 ਜਨਵਰੀ, 2025 ਨੂੰ ਅਮਰੀਕਾ ਜਾ ਵੜਿਆ ਸੀ। ਉਥੇ ਅਮਰੀਕੀ ਫੌਜ ਨੇ ਗੁਰਵਿੰਦਰ ਨੂੰ ਹਿਰਾਸਤ 'ਚ ਲੈ ਲਿਆ ਅਤੇ ਕੁਝ ਦਿਨ ਕੈਂਪ 'ਚ ਰੱਖਿਆ। ਇਸ ਮਗਰੋਂ ਗੁਰਵਿੰਦਰ ਸਿੰਘ ਨੂੰ 103 ਹੋਰ ਭਾਰਤੀਆਂ ਨਾਲ ਡਿਪੋਰਟ ਕਰਕੇ 3 ਫਰਵਰੀ ਨੂੰ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਾਰ ਦਿੱਤਾ ਸੀ।

# ਰੇਖਾ ਗੁਪਤਾ ਨੇ ਦਿੱਲੀ ਦੀ ਮੁੱਖ ਮੰਤਰੀ ਵਜੋਂ ਹਲਫ਼ ਲਿਆ, ਛੇ ਹੋਰ ਮੰਤਰੀਆਂ ਨੇ ਵੀ ਚੁੱਕੀ ਸਹੁੰ

## ਪਰਵੇਸ਼ ਵਰਮਾ, ਮਨਜਿੰਦਰ ਸਿੰਘ ਸਿਰਸਾ, ਕਪਿਲ ਮਿਸ਼ਰਾ, ਆਸ਼ੀਸ਼ ਸੂਦ, ਪੰਕਜ ਸਿੰਘ ਤੇ ਰਵਿੰਦਰ ਇੰਦਰਾਜ ਬਣੇ ਕੈਬਨਿਟ ਮੰਤਰੀ; ਉਪ ਰਾਜਪਾਲ ਵੀਕੇ ਸਕਸੈਨਾ ਨੇ ਚੁਕਾਈ ਸਹੁੰ; ਪ੍ਰਧਾਨ ਮੰਤਰੀ ਮੋਦੀ, ਕਈ ਸੂਬਿਆਂ ਦੇ ਮੁੱਖ ਮੰਤਰੀ ਤੇ ਭਾਜਪਾ ਦੇ ਹੋਰ ਸੀਨੀਅਰ ਆਗੂ ਹੋਏ ਸ਼ਾਮਲ






ਨਵੀਂ ਦਿੱਲੀ : ਭਾਜਪਾ ਦੀ ਪਹਿਲੀ ਵਾਰ ਵਿਧਾਇਕ ਬਣੀ ਬੀਬੀ ਰੇਖਾ ਗੁਪਤਾ ਨੇ ਦਿੱਲੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਇਸ ਦੇ ਨਾਲ ਹੀ ਭਾਜਪਾ ਦੀ 26 ਸਾਲਾਂ ਤੋਂ ਵੱਧ ਸਮੇਂ ਬਾਅਦ ਕੌਮੀ ਰਾਜਧਾਨੀ ਵਿੱਚ ਸੱਤਾ ’ਚ ਵਾਪਸੀ ਹੋਈ ਹੈ। ਰੇਖਾ ਗੁਪਤਾ ਦੇ ਨਾਲ ਪਰਵੇਸ਼ ਵਰਮਾ, ਆਸ਼ੀਸ਼ ਸੂਦ, ਮਨਜਿੰਦਰ ਸਿੰਘ ਸਿਰਸਾ, ਕਪਿਲ ਮਿਸ਼ਰਾ, ਰਵਿੰਦਰ ਇੰਦਰਰਾਜ ਸਿੰਘ ਅਤੇ ਪੰਕਜ ਸਿੰਘ ਨੂੰ ਵੀ ਉਪ ਰਾਜਪਾਲ ਵੀਕੇ ਸਕਸੈਨਾ ਨੇ ਅਹੁਦੇ ਦੀ ਸਹੁੰ ਚੁਕਾਈ। ਇਤਿਹਾਸਕ ਰਾਮਲੀਲਾ ਮੈਦਾਨ ਵਿੱਚ ਹੋਏ ਹਲਫ਼ਦਾਰੀ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਭਾਜਪਾ ਦੇ ਵੱਡੇ ਆਗੂਆਂ ਅਤੇ ਐਨਡੀਏ ਦੇ ਮੁੱਖ ਮੰਤਰੀਆਂ ਨੇ ਸ਼ਿਰਕਤ ਕੀਤੀ। ਗੁਪਤਾ ਦਿੱਲੀ ਦੀ ਚੌਥੀ ਮਹਿਲਾ ਮੁੱਖ ਮੰਤਰੀ ਹੈ। ਸ਼ਾਲੀਮਾਰ ਬਾਗ ਤੋਂ 50 ਸਾਲਾ ਵਿਧਾਇਕ ਮੁੱਖ ਮੰਤਰੀਆਂ ਦੀ ਐਨਡੀਏ ਟੀਮ ਵਿੱਚ ਇਕਲੌਤੀ ਮਹਿਲਾ ਵੀ ਹੈ। ਉਂਝ ਉਹ ਦਿੱਲੀ ਦੀ ਨੌਵੀਂ ਮੁੱਖ ਮੰਤਰੀ ਹੈ ਅਤੇ ਭਾਜਪਾ ਵੱਲੋਂ ਵੀ ਦਿੱਲੀ ਦੀ ਚੌਥੀ ਮੁੱਖ ਮੰਤਰੀ ਬਣੀ ਹੈ।

ਸਮਾਗਮ ਵਿੱਚ ਪੁੱਜੀਆਂ ਹੋਰ ਅਹਿਮ ਹਸਤੀਆਂ ਵਿਚ ਭਾਜਪਾ ਅਤੇ ਇਸ ਦੇ ਐਨਡੀਏ ਸਹਿਯੋਗੀਆਂ ਦੀ ਹਕੂਮਤ ਵਾਲੇ ਸੂਬਿਆਂ ਦੇ ਮੁੱਖ ਮੰਤਰੀ ਸ਼ਾਮਲ ਹਨ, ਜਿਵੇਂ ਮਹਾਰਾਸ਼ਟਰ ਦੇ ਦੇਵੇਂਦਰ ਫੜਨਵੀਸ, ਆਂਧਰਾ ਪ੍ਰਦੇਸ਼ ਦੇ ਚੰਦਰਬਾਬੂ ਨਾਇਡੂ, ਗੋਆ ਦੇ ਪ੍ਰਮੋਦ ਸਾਵੰਤ, ਹਰਿਆਣਾ ਦੇ ਨਾਇਬ ਸਿੰਘ ਸੈਣੀ ਅਤੇ ਮੇਘਾਲਿਆ ਦੇ ਕੋਨਰਾਡ ਸੰਗਮਾ। ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਤੇ ਬ੍ਰਜੇਸ਼ ਪਾਠਕ ਅਤੇ ਆਂਧਰਾ ਪ੍ਰਦੇਸ਼ ਦੇ ਪਵਨ ਕਲਿਆਣ ਵੀ ਮੌਜੂਦ ਸਨ। ਰੇਖਾ ਗੁਪਤਾ ਨੇ ਹਿੰਦੀ ਵਿਚ ਅਹੁਦੇ ਦੀ ਸਹੁੰ ਚੁੱਕੀ। ਮਨਜਿੰਦਰ ਸਿਰਸਾ ਤੋਂ ਬਿਨਾਂ ਬਾਕੀ ਮੰਤਰੀਆਂ ਨੇ ਵੀ ਹਿੰਦੀ ਵਿਚ ਹਲਫ਼ ਲਿਆ, ਜਦੋਂਕਿ ਸਿਰਸਾ ਨੇ ਪੰਜਾਬੀ ਵਿਚ ਸਹੁੰ ਚੁੱਕੀ। ਇਸ ਦੌਰਾਨ ਮੰਤਰੀਆਂ ਨੇ ਭਾਰਤ ਮਾਤਾ ਕੀ ਜੈ ਅਤੇ ਜੈ ਸ੍ਰੀਰਾਮ ਆਦਿ ਨਾਅਰੇ ਲਾਏ।



## ਰੇਖਾ ਨੇ ਮੋਦੀ ਦਾ ਧੰਨਵਾਦ ਕੀਤਾ, ਦਿੱਲੀ ਦੇ ਲੋਕਾਂ ਲਈ ਡਟ ਕੇ ਕੰਮ ਕਰਨ ਦਾ ਲਿਆ ਅਹਿਦ

ਮੁੱਖ ਮੰਤਰੀ ਵਜੋਂ ਚੁਣੇ ਜਾਣ ਮਗਰੋਂ ਰੇਖਾ ਗੁਪਤਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਦਿੱਲੀ ਦੇ ਹਰੇਕ ਨਾਗਰਿਕ ਦੀ ਭਲਾਈ, ਸ਼ਕਤੀਕਰਨ ਅਤੇ ਵਿਕਾਸ ਲਈ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਕੰਮ ਕਰਨਗੇ। ਰੇਖਾ ਨੇ ‘ਐਕਸ’ ’ਤੇ ਕਿਹਾ, “ਮੈਂ ਦਿੱਲੀ ਨੂੰ ਨਵੇਂ ਮੁਕਾਮ ’ਤੇ ਲਿਜਾਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਮੇਰੇ ’ਤੇ ਭਰੋਸਾ ਜਤਾਉਣ ਅਤੇ ਮੁੱਖ ਮੰਤਰੀ ਅਹੁਦੇ ਦੀ ਜ਼ਿੰਮੇਵਾਰੀ ਸੌਂਪਣ ਲਈ ਮੈਂ ਸਾਰੀ ਸਿਖਰਲੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ। ਇਸ ਭਰੋਸੇ ਅਤੇ ਹਮਾਇਤ ਨੇ ਮੇਰੇ ’ਚ ਨਵੀਂ ਊਰਜਾ ਭਰੀ ਹੈ ਅਤੇ ਮੈਨੂੰ ਚੰਗਾ ਕੰਮ ਕਰਨ ਦੀ ਪ੍ਰੇਰਣਾ ਦਿੱਤੀ ਹੈ।” ਰੇਖਾ ਗੁਪਤਾ ਦਿੱਲੀ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਦੀ ਸਾਬਕਾ ਪ੍ਰਧਾਨ ਅਤੇ ਕਾਊਂਸਲਰ ਰਹੀ ਹੈ। ਦਿੱਲੀ ਯੂਨੀਵਰਸਿਟੀ ਤੋਂ ਲਾਅ ਗਰੈਜੂਏਟ ਰੇਖਾ 1992 ’ਚ ਏਬੀਵੀਪੀ ਦੀ ਮੈਂਬਰ ਬਣ ਕੇ ਸਿਆਸਤ ’ਚ ਦਾਖ਼ਲ ਹੋਈ। ਉਸ ਦੇ ਆਰਐੱਸਐੱਸ ਨਾਲ ਨੇੜਲੇ ਸਬੰਧ ਹਨ ਅਤੇ ਉਹ ਮਹਿਲਾਵਾਂ ਨਾਲ ਸਬੰਧਤ ਮਾਮਲਿਆਂ ’ਚ ਪੂਰੀ ਸਰਗਰਮ ਰਹਿੰਦੀ ਹੈ। ਰੇਖਾ ਗੁਪਤਾ ਭਾਜਪਾ ਦੇ ਮਹਿਲਾ ਮੋਰਚਾ ਦੀ ਕੌਮੀ ਮੀਤ ਪ੍ਰਧਾਨ ਅਤੇ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਮੈਂਬਰ ਵੀ ਹੈ।



ਭਾਜਪਾ ਦੀ ਵਿਧਾਇਕ ਰੇਖਾ ਗੁਪਤਾ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਪਾਰਟੀ ਵਿਧਾਇਕਾਂ ਦੀ ਮੀਟਿੰਗ ਦੌਰਾਨ ਪਾਰਟੀ ਵੱਲੋਂ ਦਿੱਲੀ ਦੇ ਨਵੇਂ ਮੁੱਖ ਮੰਤਰੀ ਦਾ ਨਾਂ ਲਏ ਜਾਣ ’ਤੇ ਸਮਰਥਕਾਂ ਨੇ ਉਨ੍ਹਾਂ ਦੇ ਘਰ ਜਸ਼ਨ ਮਨਾਇਆ।






ਨਵੀਂ ਦਿੱਲੀ ਵਿੱਚ ਪਾਰਟੀ ਵਿਧਾਇਕਾਂ ਦੀ ਮੀਟਿੰਗ ਦੌਰਾਨ ਭਾਜਪਾ ਦੇ ਵਿਧਾਇਕ ਰੇਖਾ ਗੁਪਤਾ, ਪਰਵੇਸ਼ ਵਰਮਾ, ਕਪਿਲ ਮਿਸ਼ਰਾ, ਪਾਰਟੀ ਦੇ ਸੰਸਦ ਮੈਂਬਰ ਮਨੋਜ ਤਿਵਾੜੀ, ਮਨਜਿੰਦਰ ਸਿੰਘ ਸਿਰਸਾ ਅਤੇ ਹੋਰ।

# 20 ਫਰਵਰੀ ਸਾਕਾ ਨਨਕਾਣਾ ਸਾਹਿਬ

## ਸ਼ਹੀਦੀ ਜੰਡ ਨਨਕਾਣਾ ਸਾਹਿਬ



ਨਨਕਾਣਾ ਕਤਲੇਆਮ (ਜਾਂ ਸਾਕਾ ਨਨਕਾਣਾ) 20 ਫਰਵਰੀ 1921 ਨੂੰ ਨਨਕਾਣਾ ਸਾਹਿਬ ਗੁਰਦੁਆਰੇ ਵਿੱਚ ਵਾਪਰਿਆ ਸੀ, ਇਹ ਗਾਥਾ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸਿੱਖਾਂ ਦੁਆਰਾ ਸ਼ੁਰੂ ਕੀਤੀ ਗਈ ਗੁਰਦੁਆਰਾ ਸੁਧਾਰ ਲਹਿਰ ਦਾ ਧੁਰਾ ਹੈ।

ਸਾਕਾ ਨਨਕਾਣਾ ਸਾਹਿਬ ਸਿੱਖ ਇਤਿਹਾਸ ਦਾ ਇੱਕ ਬਹੁਤ ਮਹੱਤਵਪੂਰਨ ਹਿੱਸਾ ਹੈ ਜੋ ਫਰਵਰੀ 1921 ਵਿੱਚ ਵਾਪਰਿਆ ਸੀ। ਸਿਆਸੀ ਮਹੱਤਤਾ ਵਿੱਚ, ਇਹ ਅਪ੍ਰੈਲ 1919 ਦੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਤੋਂ ਬਾਅਦ ਆਉਂਦਾ ਹੈ। ਸਾਕਾ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸਿੱਖਾਂ ਦੁਆਰਾ ਸ਼ੁਰੂ ਕੀਤੀ ਗਈ ਗੁਰਦੁਆਰਾ ਸੁਧਾਰ ਲਹਿਰ ਦਾ ਧੁਰਾ ਹੈ।

ਇਸ ਸਾਕੇ (ਪ੍ਰਦਰਸ਼ਨ ਜਾਂ ਅੰਦੋਲਨ) ਦਾ ਦਿਲਚਸਪ ਹਿੱਸਾ ਸ਼ਾਂਤਮਈ ਸਿੱਖ ਪ੍ਰਦਰਸ਼ਨਕਾਰੀਆਂ ਦੁਆਰਾ ਅਤਿਅੰਤ ਬਰਬਰਤਾ ਦੇ ਬਾਵਜੂਦ ਦਿਖਾਇਆ ਗਿਆ ਬੇਮਿਸਾਲ ਅਨੁਸ਼ਾਸਨ, ਸੰਜਮ ਅਤੇ ਮਿਸਾਲੀ ਸਬਰ ਹੈ।

# ਨੇਪਾਲੀ ਵਿਦਿਆਰਥੀਆਂ ਨੂੰ ਕੇਆਈਆਈਟੀ ਛੱਡਣ ਲਈ ਮਜਬੂਰ ਕੀਤੇ ਜਾਣ ਤੋਂ ਬਾਅਦ ਏਬੀਵੀਪੀ ਸਮਰਥਕਾਂ ਨੇ ਕੀਤਾ ਪ੍ਰਦਰਸ਼ਨ




ਭੁਵਨੇਸ਼ਵਰ : ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੇ ਸਮਰਥਕਾਂ ਨੇ ਬੁੱਧਵਾਰ ਨੂੰ ਭੁਵਨੇਸ਼ਵਰ ਵਿੱਚ ਨੇਪਾਲ ਦੀ ਇੱਕ ਵਿਦਿਆਰਥਣ ਦੀ ਖੁਦਕੁਸ਼ੀ ਤੋਂ ਬਾਅਦ ਨੇਪਾਲੀ ਵਿਦਿਆਰਥੀਆਂ ਨੂੰ ਕਲਿੰਗਾ ਇੰਸਟੀਚਿਊਟ ਆਫ ਇੰਡਸਟਰੀਅਲ ਟੈਕਨਾਲੋਜੀ (ਕੇਆਈਆਈਟੀ) ਛੱਡਣ ਲਈ ਮਜਬੂਰ ਕੀਤੇ ਜਾਣ ਤੋਂ ਬਾਅਦ ਪ੍ਰਦਰਸ਼ਨ ਕੀਤਾ।

# ਬੀਜੇਡੀ ਦੇ ਵਿਧਾਇਕ ਓਡੀਸ਼ਾ ਵਿਧਾਨ ਸਭਾ ਕੰਪਲੈਕਸ ਦੇ ਅੰਦਰ ਕੀਤਾ ਰੋਸ ਪ੍ਰਦਰਸ਼ਨ




ਭੁਵਨੇਸ਼ਵਰ : ਬੀਜੂ ਜਨਤਾ ਦਲ (ਬੀਜੇਡੀ) ਦੇ ਵਿਧਾਇਕਾਂ ਨੇ ਬੁੱਧਵਾਰ ਨੂੰ ਭੁਵਨੇਸ਼ਵਰ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਵੱਲੋਂ ਮਿਸ਼ਨ ਸ਼ਕਤੀ ਸਮੂਹਾਂ ਦੇ ਪੁਨਰਗਠਨ ਦੇ ਖਿਲਾਫ ਓਡੀਸ਼ਾ ਵਿਧਾਨ ਸਭਾ ਕੰਪਲੈਕਸ ਦੇ ਅੰਦਰ ਪ੍ਰਦਰਸ਼ਨ ਕੀਤਾ।

# ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਦੀ ਖਿਚਾਈ

## ਉੱਚ ਅਦਾਲਤ ਨੇ ਗ਼ੈਰਕਾਨੂੰਨੀ ਖਣਨ ਰੋਕਣ 'ਚ ਸੂਬਾ ਸਰਕਾਰ ਨੂੰ ਅਸਮਰੱਥ ਦੱਸਿਆ



ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਰੇਤਾ ਦੇ ਗ਼ੈਰਕਾਨੂੰਨੀ ਖਣਨ ਨਾਲ ਰੋਜ਼ਾਨਾ 1.5 ਤੋਂ 2 ਲੱਖ ਰੁਪਏ ਕਮਾਉਣ ਵਾਲੇ ਮੋਗਾ ਦੇ ਵਸਨੀਕ ਦੀ ਗ੍ਰਿਫ਼ਤਾਰੀ ਨਾਲ ਸਬੰਧਤ ਰਿਪੋਰਟ ਨੇ ਸੂਬੇ 'ਚ ਬੇਕਾਬੂ ਖਣਨ ਦੇ ਖਤਰਨਾਕ ਪੱਧਰ ਨੂੰ ਸਾਹਮਣੇ ਲਿਆਂਦਾ ਹੈ।

ਕੇਸ ਦਾ ਨੋਟਿਸ ਲੈਂਦਿਆਂ ਜਸਟਿਸ ਸੰਦੀਪ ਮੌਦਗਿਲ ਨੇ ਗੈਰਕਾਨੂੰਨੀ ਖਣਨ 'ਤੇ ਰੋਕ ਲਾਉਣ 'ਚ ਅਸਮਰੱਥ ਰਹਿਣ 'ਤੇ ਸੂਬਾ ਸਰਕਾਰ ਦੀ ਖਿਚਾਈ ਵੀ ਕੀਤੀ ਤੇ ਚਿਤਾਵਨੀ ਦਿੱਤੀ ਕਿ ਜੇ ਇਸ ਗਤੀਵਿਧੀ ਨੂੰ ਨਾ ਰੋਕਿਆ ਗਿਆ ਤਾਂ ਇਹ ਵਾਤਾਵਰਨ ਤੇ ਸੂਬੇ ਦੀ ਸੁਰੱਖਿਆ ਲਈ ਵੱਡਾ ਖਤਰਾ ਬਣ ਸਕਦੀ ਹੈ। ਮੁਲਜ਼ਮ ਦੀ ਅਗਾਊਂ ਜ਼ਮਾਨਤ ਸਬੰਧੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਜਸਟਿਸ ਮੌਦਗਿਲ ਨੇ ਸਪੱਸ਼ਟ ਕੀਤਾ ਕਿ ਗ਼ੈਰਕਾਨੂੰਨੀ ਖਣਨ ਖਤਰਨਾਕ ਰਫ਼ਤਾਰ ਨਾਲ ਵਧ ਗਿਆ ਹੈ ਤੇ ਸਰਕਾਰ ਇਸ ਨੂੰ ਰੋਕਣ ਦੇ ਉਪਾਅ ਕਰਨ 'ਚ ਅਸਮਰੱਥ ਰਹੀ ਹੈ। ਬੈਂਚ ਨੇ ਕਿਹਾ ਕਿ ਗ਼ੈਰਯੋਜਨਾਬੱਧ ਖਣਨ ਦਾ ਕਰੋੜਾਂ ਰੁਪਏ ਦਾ ਕਾਰੋਬਾਰ ਦਰਿਆਵਾਂ ਦੇ ਕੁਦਰਤੀ ਵਹਾਅ ਬਦਲ ਕੇ ਗੰਭੀਰ ਵਾਤਾਵਰਨਿਕ ਨੁਕਸਾਨ ਦਾ ਕਾਰਨ ਬਣ ਸਕਦਾ ਹੈ ਜਿਸ ਨਾਲ ਨੇੜਲੇ ਖੇਤਰਾਂ 'ਚ ਹੜ੍ਹਾਂ ਦਾ ਖਤਰਾ ਵਧ ਸਕਦਾ ਹੈ। ਹਾਈ ਕੋਰਟ ਨੇ ਮੁਲਜ਼ਮ ਦੀ ਜ਼ਮਾਨਤ ਸਬੰਧੀ ਪਟੀਸ਼ਨ ਖਾਰਜ ਕਰ ਦਿੱਤੀ।

ਆਪਣੇ ਹੁਕਮਾਂ 'ਚ ਜਸਟਿਸ ਮੌਦਗਿਲ ਨੇ ਕਿਹਾ ਕਿ ਰੇਤ ਖਣਨ ਬਿਨਾਂ ਸ਼ੱਕ 'ਕਰੋੜਾਂ ਰੁਪਏ ਦਾ ਕਾਰੋਬਾਰ' ਤੇ ਮੌਜੂਦਾ ਸਮੇਂ ਇੱਕ ਵੱਡੀ ਸਮੱਸਿਆ ਬਣ ਗਿਆ ਹੈ। ਇਹ ਵਾਤਾਵਰਣ ਨੂੰ ਵੱਡੇ ਪੱਧਰ 'ਤੇ ਨੁਕਸਾਨ ਪਹੁੰਚਾ ਰਿਹਾ ਹੈ ਅਤੇ ਸਰਕਾਰੀ ਖਜ਼ਾਨੇ ਨੂੰ ਵੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ, 'ਇਹ ਅਦਾਲਤ ਇਸ ਤੱਥ ਨਾਲ ਪੂਰੀ ਤਰ੍ਹਾਂ ਸਹਿਮਤ ਹੈ ਕਿ ਪੰਜਾਬ 'ਚ ਕੁਝ ਹੀ ਸਮੇਂ ਅੰਦਰ ਵੱਡੇ ਪੱਧਰ 'ਤੇ ਖਣਨ ਵਧ ਗਿਆ ਹੈ ਅਤੇ ਹਾਲ ਹੀ ਵਿੱਚ ਅਜਿਹਾ ਇੱਕ ਮਾਮਲਾ ਸਾਹਮਣੇ ਆਇਆ ਹੈ ਜਿਸ 'ਚ ਮੋਗਾ ਦੇ ਵਸਨੀਕ ਨੂੰ ਗ਼ੈਰਕਾਨੂੰਨੀ ਰੇਤ ਖਣਨ ਕਰਨ ਤੇ ਟੌਲ ਪਲਾਜ਼ਾ ਦੇ ਕਰਮਚਾਰੀਆਂ ਨੂੰ ਬੰਦੂਕ ਦਿਖਾ ਕੇ ਧਮਕਾਉਣ ਦੇ ਦੋਸ਼ ਹੇਠ ਜਲੰਧਰ ਦਿਹਾਤੀ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਸੀ। ਇਸ ਨੇ ਖੁੱਲ੍ਹੇ ਬਾਜ਼ਾਰ 'ਚ ਰੇਤਾ ਵੇਚ ਕੇ ਰੋਜ਼ਾਨਾ 1.5 ਤੋਂ 2 ਲੱਖ ਰੁਪਏ ਕਮਾਏ। ਇਹ ਸਭ ਗ਼ੈਰ-ਕਾਨੂੰਨੀ ਖਣਨ ਨਾਲ ਨਜਿੱਠਣ 'ਚ ਸੂਬਾ ਸਰਕਾਰ ਦੀ ਅਸਮਰੱਥਾ ਨੂੰ ਦਰਸਾਉਂਦਾ ਹੈ। ਇਸ ਨੂੰ ਜੇ ਕੰਟਰੋਲ ਨਾ ਕੀਤਾ ਗਿਆ ਤਾਂ ਕੁਝ ਹੀ ਸਮੇਂ ਅੰਦਰ ਵਾਤਾਵਰਣ ਦੇ ਨਾਲ ਨਾਲ ਸੂਬੇ ਦੀ ਸੁਰੱਖਿਆ ਨੂੰ ਵੀ ਨੁਕਸਾਨ ਹੋਵੇਗਾ।'

# ਮੁੱਖ ਮੰਤਰੀ ਨੂੰ ਮਿਲਣ ਆਏ ਰਵਨੀਤ ਬਿੱਟੂ ਨੂੰ ਪੁਲਿਸ ਨੇ ਰੋਕਿਆ

## ਸੁਰੱਖਿਆ ਕਰਮੀਆਂ ਤੇ ਚੰਡੀਗੜ੍ਹ ਪੁਲਿਸ ਵਿਚਕਾਰ ਹੋਈ ਕੇਂਦਰੀ ਰਾਜ ਮੰਤਰੀ ਦੀ ਖਿੱਚ-ਧੂਹ



ਚੰਡੀਗੜ੍ਹ : ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਪੰਜਾਬ ਵਿੱਚ ਆਪਣੇ ਸਾਥੀਆਂ ਖ਼ ?ਲਾਫ਼ ਦਰਜ ਕੇਸਾਂ ਦਾ ਵਿਰੋਧ ਕਰਨ ਲਈ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਲਈ ਇੱਥੇ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਉੱਤੇ ਪੁੱਜੇ। ਇਸ ਦੌਰਾਨ ਸੁਰੱਖਿਆ ਕਰਮੀਆਂ ਨੇ ਬਿੱਟੂ ਨੂੰ ਮੁੱਖ ਮੰਤਰੀ ਨਿਵਾਸ ਵਿੱਚ ਦਾਖ਼ਲ ਨਾ ਹੋਣ ਦਿੱਤਾ। ਇਸ ਦੌਰਾਨ ਬਿੱਟੂ 'ਤੇ ਪੁਲੀਸ ਵਿਚਕਾਰ ਖਿੱਚਧੂਹ ਹੋਈ। ਜਦੋਂ ਬਿੱਟੂ ਵਾਪਸ ਪਰਤਣ ਲੱਗੇ ਤਾਂ ਚੰਡੀਗੜ੍ਹ ਪੁਲੀਸ ਅਤੇ ਬਿੱਟੂ ਦੇ ਸੁਰੱਖਿਆ ਕਰਮੀਆਂ ਵਿਚਕਾਰ ਖਿੱਚਧੂਹ ਹੋਈ। ਚੰਡੀਗੜ੍ਹ ਪੁਲੀਸ ਨੇ ਬਿੱਟੂ ਦੇ ਕਾਫ਼ਲੇ ਵਿੱਚ ਸ਼ਾਮਲ ਗੱਡੀ ਦੇ ਡਰਾਈਵਰ ਨੂੰ ਕਥਿਤ ਤੌਰ 'ਤੇ ਹੇਠਾਂ ਉਤਾਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਵੱਲੋਂ ਵਿਰੋਧ ਕੀਤਾ ਗਿਆ। ਹਾਲਾਂਕਿ ਚੰਡੀਗੜ੍ਹ ਪੁਲੀਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਿੱਟੂ ਕੋਲ ਕੋਈ ਪ੍ਰਵਾਨਗੀ ਨਹੀਂ ਸੀ, ਇਸ ਕਰਕੇ ਉਨ੍ਹਾਂ ਨੂੰ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਜਾਣ ਤੋਂ ਰੋਕਿਆ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਸੈਕਟਰ-42 ਵਿੱਚ ਸਥਿਤ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੀ ਯਾਦਗਾਰ 'ਤੇ ਸ਼ਰਧਾਂਜਲੀ ਦੇਣ ਪਹੁੰਚੇ ਸਨ। ਮਗਰੋਂ ਉਹ ਪੰਜਾਬ ਪੁਲੀਸ ਵੱਲੋਂ ਉਨ੍ਹਾਂ ਦੇ ਸਾਥੀਆਂ ਵਿਰੁੱਧ ਦਰਜ ਕੀਤੇ ਪੁਲੀਸ ਕੇਸਾਂ ਬਾਰੇ ਗੱਲਬਾਤ ਕਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰੀ ਰਿਹਾਇਸ਼ ਦੇ ਪਿਛਲੇ ਪਾਸੇ ਪਹੁੰਚੇ, ਜਿਥੇ ਪੁਲੀਸ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਕੇਂਦਰੀ ਮੰਤਰੀ ਨੇ ਚੰਡੀਗੜ੍ਹ ਪੁਲੀਸ 'ਤੇ ਆਪਣੇ ਸੁਰੱਖਿਆ ਮੁਲਾਜ਼ਮਾਂ ਨਾਲ ਦੁਰਵਿਵਹਾਰ ਕਰਨ ਦਾ ਦੋਸ਼ ਲਾਇਆ।

ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿੱਟੂ ਨੇ ਦੋਸ਼ ਲਗਾਏ ਕਿ 'ਆਪ' ਵੱਲੋਂ ਦਿੱਲੀ ਚੋਣਾਂ ਵਿੱਚ ਹਾਰ ਦਾ ਬਦਲਾ ਲੈਣ ਲਈ ਉਨ੍ਹਾਂ ਦੇ ਨੇੜਲਿਆਂ ਖ਼ਿਲਾਫ਼ ਝੂਠੇ ਪਰਚੇ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਪਿਛਲੇ ਕਈ ਦਿਨਾਂ ਤੋਂ ਮੁੱਖ ਮੰਤਰੀ ਤੋਂ ਮਿਲਣ ਲਈ ਸਮਾਂ ਮੰਗ ਰਹੇ ਹਨ, ਪਰ ਮੁੱਖ ਮੰਤਰੀ ਉਨ੍ਹਾਂ ਨੂੰ ਮਿਲਣ ਲਈ ਸਮਾਂ ਹੀ ਨਹੀਂ ਦੇ ਰਹੇ। ਕੇਂਦਰੀ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਬਦਲਾਖੋਰੀ ਦੀ ਰਾਜਨੀਤੀ ਕਰ ਰਹੇ ਹਨ।

# 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ, ਸਪੀਕਰ ਕੁਲਤਾਰ ਸੰਧਵਾਂ ਤੇ ਮੀਤ ਹੇਅਰ ਨੇ ਮਹਾਂਕੁੰਭ ਵਿਚ ਕੀਤਾ ਇਸ਼ਨਾਨ



ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਵਲੋਂ ਪ੍ਰਯਾਗਰਾਜ ਵਿਚ ਚੱਲ ਰਹੇ ਮਹਾਂਕੁੰਭ ਵਿਚ ਆਪਣੇ ਪਰਿਵਾਰ ਨਾਲ ਇਸ਼ਨਾਨ ਕੀਤਾ ਅਤੇ ਮਾਂ ਗੰਗਾ ਦੀ ਪੂਜਾ ਕੀਤੀ। ਅਮਨ ਅਰੋੜਾ ਦੇ ਨਾਲ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਸੰਗਰੂਰ ਤੋਂ ਪਾਰਟੀ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਵੀ ਗੰਗਾ-ਯਮੁਨਾ ਅਤੇ ਸਰਸਵਤੀ ਨਦੀਆਂ ਦੇ ਸੰਗਮ ਵਿਚ ਡੁਬਕੀ ਲਾਈ। ਇਸ਼ਨਾਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਮਹਾਕੁੰਭ 'ਚ ਇਸ਼ਨਾਨ ਕਰਕੇ ਮੈਨੂੰ ਬਹੁਤ ਖ਼ੁਸ਼ੀ ਮਹਿਸੂਸ ਹੋਈ ਹੈ। ਇਹ ਸਾਡੇ ਲਈ ਬਹੁਤ ਖ਼ੁਸ਼ਕਿਸਮਤੀ ਦੀ ਗੱਲ ਹੈ ਕਿਉਂਕਿ ਅਜਿਹਾ ਮਹਾਂਕੁੰਭ ਸਾਡੀ ਜ਼ਿੰਦਗੀ ਵਿਚ ਦੁਬਾਰਾ ਨਹੀਂ ਆਵੇਗਾ। ਅਰੋੜਾ ਨੇ ਕਿਹਾ ਮੈਂ ਮਾਂ ਗੰਗਾ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਬਹੁਤ ਖ਼ੁਸ਼ ਹਾਂ। ਮੈਂ ਦੇਸ਼ ਅਤੇ ਪੰਜਾਬ ਦੇ ਲੋਕਾਂ ਦੀ ਸ਼ਾਂਤੀ, ਤਰੱਕੀ ਅਤੇ ਖ਼ੁਸ਼ਹਾਲੀ ਲਈ ਮਾਂ ਗੰਗਾ ਅੱਗੇ ਅਰਦਾਸ ਕੀਤੀ।

# ਕਿਸਾਨ ਨੇ ਜੰਗਲੀ ਜੀਵ (ਸੁਰੱਖਿਆ) ਐਕਟ 1972 ਵਿੱਚ ਸੋਧ ਦੀ ਮੰਗ ਨੂੰ ਲੈ ਕੇ ਕੀਤਾ ਪ੍ਰਦਰਸ਼ਨ



ਤਿਰੁਵਨੰਤਪੁਰਮ ਵਿੱਚ ਬੁੱਧਵਾਰ ਨੂੰ ਵਾਈਲਡ ਲਾਈਫ (ਸੁਰੱਖਿਆ) ਐਕਟ 1972 ਵਿੱਚ ਸੋਧ ਦੀ ਮੰਗ ਨੂੰ ਲੈ ਕੇ ਇੱਕ ਕਫ਼ਨ ਸਟੇਜ ਫੜੇ ਹੋਏ ਕਿਸਾਨ ਪ੍ਰਦਰਸ਼ਨ ਕਰਦੇ ਹੋਏ।

# ਆਈਸੀਏਆਈ ਦੇ ਮੁਖੀ ਚਰਨਜੋਤ ਸਿੰਘ ਨੰਦਾ ਨੇ ਪ੍ਰੈਸ ਕਾਨਫਰੰਸ ਨੂੰ ਕੀਤਾ ਸੰਬੋਧਨ




ਨਵੀਂ ਦਿੱਲੀ : ਇਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਆਫ ਇੰਡੀਆ (ਆਈਸੀਏਆਈ) ਦੇ ਪ੍ਰਧਾਨ ਚਰਨਜੋਤ ਸਿੰਘ ਨੰਦਾ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਆਈਸੀਏਆਈ ਦੇ ਉਪ ਪ੍ਰਧਾਨ ਪ੍ਰਸੰਨਾ ਕੁਮਾਰ ਡੀ ਵੀ ਨਜ਼ਰ ਆਏ।

# ਭਾਰਤੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਮੁੱਦੇ ’ਤੇ ਆਈਵਾਈਸੀ ਸਮਰਥਕਾਂ ਨੇ ਕੀਤਾ ਪ੍ਰਦਰਸ਼ਨ




ਅੰਮ੍ਰਿਤਸਰ : ਅਮਰੀਕਾ ਤੋਂ ਗੈਰ-ਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਮੁੱਦੇ ’ਤੇ ਐਤਵਾਰ ਨੂੰ ਅੰਮ੍ਰਿਤਸਰ ਵਿੱਚ ਭਾਰਤੀ ਯੁਥ ਕਾਂਗਰਸ ਦੇ ਸਮਰਥਕਾਂ ਨੇ ਹੱਥਕੜੀਆਂ ਪਾ ਕੇ ਰੋਸ ਪ੍ਰਦਰਸ਼ਨ ਕੀਤਾ।



ਪੁਣੇ ਵਿੱਚ ਬੁੱਧਵਾਰ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਦੀ 395ਵੀਂ ਜਯੰਤੀ ਦੇ ਮੌਕੇ ’ਤੇ ‘ਜੈ ਸ਼ਿਵਾਜੀ-ਜੈ ਭਾਰਤ ਪਦਯਾਤਰਾ’ ਪ੍ਰੋਗਰਾਮ ਦੌਰਾਨ ਰਵਾਇਤੀ ਪਹਿਰਾਵੇ ਵਿੱਚ ਸਜੇ ਕਲਾਕਾਰ ਤਸਵੀਰ ਖਿਚਵਾਉਂਦੇ ਹੋਏ।

# ਕੇ. ਚੰਦਰਸ਼ੇਖਰ ਰਾਓ ਨੇ ਬੀਆਰਐਸ ਕਾਰਜਕਾਰੀ ਮੀਟਿੰਗ ਦੀ ਕੀਤੀ ਪ੍ਰਧਾਨਗੀ



ਹੈਦਰਾਬਾਦ : ਬੀਆਰਐਸ ਮੁਖੀ ਅਤੇ ਸਾਬਕਾ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਬੁੱਧਵਾਰ ਨੂੰ ਹੈਦਰਾਬਾਦ ਵਿੱਚ ਤੇਲੰਗਾਨਾ ਭਵਨ ਵਿੱਚ ਪਾਰਟੀ ਦੀ ਕਾਰਜਕਾਰਨੀ ਮੀਟਿੰਗ ਦੌਰਾਨ ਬੋਲਦੇ ਹੋਏ।

# ਭਾਜਪਾ ਹੁਣ ਕਾਨੂੰਨ ਵਿਵਸਥਾ ਵੱਲ ਧਿਆਨ ਦੇਵੇ: ਸਿਸੋਦੀਆ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਨੇ ਦਿੱਲੀ ਦੇ ਤਿਲਕ ਨਗਰ ਇਲਾਕੇ ਵਿੱਚ ਸੱਤ ਸਾਲ ਦੀ ਮਾਸੂਮ ਬੱਚੀ ਨਾਲ ਕੀਤੀ ਗਈ ਜ਼ਬਰਦਸੀ ਨੂੰ ਲੈ ਕੇ ਭਾਜਪਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ’ਤੇ ਤਿੱਖਾ ਹਮਲਾ ਕੀਤਾ ਹੈ। ‘ਆਪ’ ਦੇ ਸੀਨੀਅਰ ਨੇਤਾ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਭਾਜਪਾ ਦੇ ਸ਼ਾਸਨ ’ਚ ਦਿੱਲੀ ’ਚ ਕਾਨੂੰਨ ਵਿਵਸਥਾ ਦੀ ਸਥਿਤੀ ਬਦ ਤੋਂ ਬਦਤਰ ਹੋ ਗਈ ਹੈ। ਤਿਲਕ ਨਗਰ ਇਲਾਕੇ ’ਚ ਮਾਸੂਮ ਬੱਚੀ ਨਾਲ ਬਲਾਤਕਾਰ ਦੀ ਘਟਨਾ ਨੇ ਦਿੱਲੀ ਦੀ ਮਾੜੀ ਕਾਨੂੰਨ ਵਿਵਸਥਾ ਦਾ ਪਰਦਾਫਾਸ਼ ਕਰ ਦਿੱਤਾ ਹੈ। ਅਪਰਾਧੀਆਂ ਵਿੱਚ ਅਮਨ-ਕਾਨੂੰਨ ਦਾ ਕੋਈ ਡਰ ਨਹੀਂ ਹੈ। ਉਨ੍ਹਾਂ ਕਿਹਾ ਕਿ ਹੁਣ ਚੋਣਾਂ ਖ਼ਤਮ ਹੋ ਗਈਆਂ ਹਨ। ਹੁਣ ਅਰਵਿੰਦ ਕੇਜਰੀਵਾਲ ਨੂੰ ਗਾਲ੍ਹਾਂ ਕੱਢਣ ਨਾਲ ਕੋਈ ਫਾਇਦਾ ਨਹੀਂ ਹੋਵੇਗਾ, ਸਗੋਂ ਭਾਜਪਾ ਨੂੰ ਕੁਝ ਕੰਮ ਕਰਨਾ ਪਵੇਗਾ। ਸਾਡੀ ਮੰਗ ਹੈ ਕਿ ਭਾਜਪਾ ਕੁਝ ਅਜਿਹਾ ਕਰੇ ਜਿਸ ਨਾਲ ਬਲਾਤਕਾਰੀਆਂ ਅਤੇ ਅਪਰਾਧੀਆਂ ਵਿੱਚ ਪੁਲੀਸ ਦਾ ਡਰ ਪੈਦਾ ਹੋਵੇ।



ਸਿਸੋਦੀਆ ਅਤੇ ਤਿਲਕ ਨਗਰ ਤੋਂ ‘ਆਪ’ ਵਿਧਾਇਕ ਜਰਨੈਲ ਸਿੰਘ ਨੇ ਅੱਜ ਪਾਰਟੀ ਹੈੱਡਕੁਆਰਟਰ ’ਤੇ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ। ਇਸ ਦੌਰਾਨ ਮਨੀਸ਼ ਸਿਸੋਦੀਆ ਨੇ ਕਿਹਾ ਕਿ ਦਿੱਲੀ ਦੇ ਤਿਲਕ ਨਗਰ ਤੋਂ ਬਹੁਤ ਹੀ ਦਿਲ ਦਹਿਲਾ ਦੇਣ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿਸ ਵਿੱਚ 7 ਸਾਲ ਦੀ ਮਾਸੂਮ ਬੱਚੀ ਨਾਲ ਬਲਾਤਕਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਮਜ਼ਾਕ ਬਣ ਚੁੱਕੀ ਹੈ। ਅਪਰਾਧੀਆਂ ਅਤੇ ਬਲਾਤਕਾਰੀਆਂ ਦੇ ਮਨਾਂ ਵਿੱਚ ਕੋਈ ਡਰ ਨਹੀਂ ਹੈ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਉਹ ਸਾਰੀ ਘਿਨੌਣੀ ਰਾਜਨੀਤੀ ਕੀਤੀ ਹੈ। ਪਰ ਹੁਣ ਗਾਲ੍ਹਾਂ ਕੱਢਣ ਦੀ ਆਦਤ ਨੂੰ ਬਦਲੋ ਅਤੇ ਕੁਝ ਕੰਮ ਕਰੋ। ਦਿੱਲੀ ਦੀ ਜਨਤਾ ਪਹਿਲਾਂ ਹੀ ਦਿੱਲੀ ਦੀ ਕਾਨੂੰਨ ਵਿਵਸਥਾ ਭਾਜਪਾ ਨੂੰ ਸੌਂਪ ਚੁੱਕੀ ਹੈ। ਇਨ੍ਹਾਂ ਬਲਾਤਕਾਰੀਆਂ ਅਤੇ ਅਪਰਾਧੀਆਂ ਵਿੱਚ ਕਾਨੂੰਨ ਦਾ ਡਰ ਪੈਦਾ ਕਰੋ। ਉਨ੍ਹਾਂ ਕਿਹਾ ਕਿ ਹੁਣ ਕੇਜਰੀਵਾਲ ਨੂੰ ਗਾਲਾਂ ਕੱਢਣ ਨਾਲ ਕੋਈ ਫਾਇਦਾ ਨਹੀਂ ਹੋਵੇਗਾ। ਦਿੱਲੀ ਦੇ ਲੋਕ ਇਸ ਤੋਂ ਪਹਿਲਾਂ ਭਾਜਪਾ ਦੇ ਸੱਤ ਸੰਸਦ ਮੈਂਬਰ ਵੀ ਚੁਣ ਚੁੱਕੇ ਹਨ। ਬਲਾਤਕਾਰੀਆਂ ਅਤੇ ਅਪਰਾਧੀਆਂ ਦੇ ਮਨਾਂ ਵਿੱਚ ਕੁਝ ਡਰ ਪੈਦਾ ਕਰੋ। ‘ਆਪ’ ਦੇ ਸਥਾਨਕ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਗ੍ਰਹਿ ਮੰਤਰਾਲਾ ਅਤੇ ਦਿੱਲੀ ਪੁਲੀਸ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੀਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਨਾਕਾਮ ਹੋ ਰਹੀ ਹੈ। ਚੇਨ ਸਨੈਚਿੰਗ, ਸਕੂਟਰ ਚੋਰੀ, ਕਾਰ ਚੋਰੀ ਵਰਗੀਆਂ ਵਾਰਦਾਤਾਂ ਇੰਨੀਆਂ ਆਮ ਹੋ ਗਈਆਂ ਹਨ ਕਿ ਹੁਣ ਲੋਕ ਇਨ੍ਹਾਂ ਦੀ ਗਿਣਤੀ ਵੀ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਅਸੀਂ ਦਿੱਲੀ ਵਾਸੀਆਂ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਅਮਨ-ਕਾਨੂੰਨ ਨੂੰ ਸੁਧਾਰਨ ਦੀ ਇਸ ਲੜਾਈ ਵਿੱਚ ਅਸੀਂ ਅੰਤ ਤੱਕ ਉਨ੍ਹਾਂ ਦੇ ਨਾਲ ਖੜ੍ਹੇ ਰਹਾਂਗੇ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਾਮਲੇ ਨੂੰ ਲੈ ਕੇ ਰੱਖੜਾ ਨੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਲਿਖਿਆ ਪੱਤਰ

ਪਟਿਆਲਾ : ਸ਼੍ਰੋਮਣੀ ਅਕਾਲੀ ਦਲ ਜਿਹੜਾ ਪੰਥ ਤੇ ਸੂਬੇ ਦੇ ਵਡੇਰੇ ਹਿਤਾਂ ਲਈ ਹੋਂਦ ਵਿਚ ਆਇਆ ਉਸ ਮੰਤਵ ਦੀ ਪ੍ਰਾਪਤੀ ਲਈ ਇਕ ਵਾਰ ਫੇਰ ਪੰਥ ਦਰਦੀਆਂ ਦੇ ਨਾਲ-ਨਾਲ ਸੂਬਾ ਹਿਤੈਸ਼ੀਆਂ ਵਲੋਂ ਚਾਰਾਜੋਈ ਆਰੰਭੀ ਜਾ ਚੁੱਕੀ ਹੈ। ਇਸੇ ਕੜੀ ਤਹਿਤ ਅੱਜ ਸੁਰਜੀਤ ਸਿੰਘ ਰੱਖੜਾ ਨੇ ਇਕ ਪੱਤਰ ਲਿਖ ਕੇ ਧਾਰਮਿਕ ਸ਼ਖ਼ਸੀਅਤਾਂ ਦੇ ਮੋਢੇ ਨਾਲ ਮੋਢਾ ਲਗਾ ਕੇ ਨਿੱਤਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਮੁਤਾਬਿਕ ਲੰਘੇ ਸਮੇਂ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਲਾਂਭੇ ਕਰਨਾ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਬਣਾਈ 7 ਮੈਂਬਰੀ ਕਮੇਟੀ ਨੂੰ ਦਰਕਿਨਾਰ ਕਰ ਕੇ ਭਰਤੀ ਕਰਨੀ, 7 ਮੈਂਬਰੀ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਤੇ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵਲੋਂ ਭਰੇ ਮਨ ਨਾਲ ਅਸਤੀਫ਼ਾ ਦੇਣਾ ਵਰਗੇ ਮਹੱਤਵਪੂਰਨ ਘਟਨਾਕ੍ਰਮ ਵਾਪਰੇ। ਇਨ੍ਹਾਂ ਸਰਗਰਮੀਆਂ ਨੂੰ ਦੇਖਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਚੁੱਕੇ ਸੁਖਬੀਰ ਸਿੰਘ ਬਾਦਲ ਵਲੋਂ ਸਮੂਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੂੰ ਆਪਣੇ ਘਰ ਬੈਠਕ ਲਈ ਸੱਦਣ ’ਤੇ ਪਹਿਲਾਂ ਪ੍ਰਤੀਕਰਮ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵਲੋਂ ਆਇਆ ਹੈ ਜਿਸ ਵਿਚ ਉਨ੍ਹਾਂ ਲਿਖਤੀ ਤੌਰ ’ਤੇ ਹਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨੂੰ ਕਿਹਾ ਕਿ ਇਸ ਵਕਤ ਪੰਥ ਤੇ ਕੌਮ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਲਾਲ ਟਕਰਾਉਣ ਤੋਂ ਬਚਣਾ ਚਾਹੀਦਾ ਹੈ।



# ਅਮਰੀਕਾ ਵਿੱਚ ਸਿੱਖਾਂ ਹੱਕਾਂ ਲਈ ਮੋਹਰਲੀ ਕਤਾਰ 'ਚ ਲੜਨ ਵਾਲੀ ਜਥੇਬੰਦੀ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਭਾਰਤੀ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਦੀ ਵ੍ਹਾਈਟ ਹਾਊਸ ਫੇਰੀ ਸਮੇਂ ਭਾਰੀ ਰੋਸ ਮੁਜਾਹਰਾ





ਵਾਸ਼ਿੰਗਟਨ : ਵਰਲਡ ਸਿੱਖ ਪਾਰਲੀਮੈਂਟ ਨੇ ਹੋਰ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਵ੍ਹਾਈਟ ਹਾਊਸ ਦੇ ਬਾਹਰ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ। 'ਮੋਦੀ ਵਿਰੋਧੀ ਰੈਲੀ' ਸਿਰਲੇਖ ਵਾਲੀ ਇਸ ਰੈਲੀ ਦੀ ਅਗਵਾਈ ਭਾਈ ਹਿੰਮਤ ਸਿੰਘ ਨਿਊਯਾਰਕ ਨੇ ਕੀਤੀ ਅਤੇ ਇਸ ਦਾ ਉਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਸ਼ਾਸਨ ਅਧੀਨ ਭਾਰਤ ਵਿੱਚ ਸਿੱਖਾਂ ਵਿਰੁੱਧ ਕਥਿਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।

ਪ੍ਰਦਰਸ਼ਨਕਾਰੀਆਂ ਨੇ ਬੈਨਰ ਫੜੇ ਹੋਏ ਸਨ, ਜਿਸ 'ਤੇ ਲਿਖਿਆ ਸੀ ਕਿ 'ਸਿੱਖ ਸੁਰੱਖਿਅਤ ਨਹੀਂ ਹਨ!' ਅਤੇ 'ਆਪਣੀ ਆਵਾਜ਼ ਬੁਲੰਦ ਕਰੋ, ਬੇਇਨਸਾਫ਼ੀ ਦੇ ਵਿਰੁੱਧ ਖੜ੍ਹੇ ਹੋਵੋ!' ਇਹ ਰੈਲੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਵਿਰੁੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿੱਚ ਕਥਿਤ ਭੂਮਿਕਾ ਦੀ ਨਿੰਦਾ ਕਰਨ ਲਈ ਕੀਤੀ ਗਈ ਸੀ।

ਪ੍ਰਦਰਸ਼ਨਕਾਰੀਆਂ ਨੇ ਮੋਦੀ 'ਤੇ ਭਾਈ ਅਵਤਾਰ ਸਿੰਘ ਖੰਡਾ ਅਤੇ ਭਾਈ ਹਰਦੀਪ ਸਿੰਘ ਨਿੱਝਰ ਵਰਗੇ ਸਿੱਖ ਕਾਰਕੁੰਨਾਂ ਦੀਆਂ ਹੱਤਿਆਵਾਂ ਲਈ ਜ਼ਿੰਮੇਵਾਰ ਹੋਣ ਦਾ ਦੋਸ਼ ਲਾਇਆ ਗਿਆ। ਡਬਲਯੂ.ਐੱਸ.ਪੀ. ਨੇ ਅੰਤਰਰਾਸ਼ਟਰੀ ਜਵਾਬਦੇਹੀ ਦੀ ਮੰਗ ਕਰਦੇ ਹੋਏ, ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖ ਕਾਰਕੁੰਨਾਂ 'ਤੇ ਕਥਿਤ ਤੌਰ 'ਤੇ ਹੱਤਿਆ ਦੀਆਂ ਕੋਸ਼ਿਸ਼ਾਂ ਨੂੰ ਵੀ ਉਜਾਗਰ ਕੀਤਾ। ਇਸ ਤੋਂ ਇਲਾਵਾ ਸੰਗਠਨ ਨੇ ਫੌਜੀ ਜਹਾਜ਼ 'ਤੇ ਹਥਕੜੀਆਂ ਪਾ ਕੇ ਅਮਰੀਕਾ ਤੋਂ ਭਾਰਤ ਭੇਜੇ ਜਾਣ ਦੀ ਸਖਤ ਨਿੰਦਾ ਕੀਤੀ, ਇਸ ਨੂੰ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੱਸਿਆ। 1600 ਪੈਨਸਿਲਵੇਨੀਆ ਐਵੇਨਿਊ ਐਨ ਡਬਲਿਊ ਵਿਖੇ ਸਵੇਰੇ 11:00 EST 'ਤੇ ਸ਼ੁਰੂ ਹੋਈ ਇਸ ਰੈਲੀ ਵਿੱਚ ਨਿਆਂ ਦੀ ਮੰਗ ਕਰਨ ਵਾਲੇ ਪ੍ਰਮੁੱਖ ਸਿੱਖ ਆਗੂਆਂ ਨੇ ਭਾਸ਼ਣ ਦਿੱਤੇ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਦਖਲ ਦੇਣ ਦੀ ਅਪੀਲ ਕੀਤੀ। ਪ੍ਰਦਰਸ਼ਨਕਾਰੀਆਂ ਨੇ ਮੋਦੀ ਦੀਆਂ ਨੀਤੀਆਂ ਦੀ ਨਿਖੇਧੀ ਕਰਨ ਵਾਲੇ ਚਿੰਨ੍ਹ ਅਤੇ ਬੈਨਰ ਚੁੱਕੇ ਹੋਏ ਸਨ ਅਤੇ ਸਿੱਖ ਅਧਿਕਾਰਾਂ ਦੀ ਰੱਖਿਆ ਲਈ ਵਿਸ਼ਵ ਪੱਧਰ 'ਤੇ ਕਾਰਵਾਈ ਕਰਨ ਦੀ ਮੰਗ ਕੀਤੀ ਸੀ।

## ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਦੇ ਸੇਵਾਦਾਰ ਭਾਈ ਗਿਆਨ ਸਿੰਘ ਗਿੱਲ ਨੂੰ ਸਦਮਾ, 31 ਸਾਲਾ ਜਵਾਨ ਪੁੱਤਰ ਦਾ ਦੇਹਾਂਤ

ਸਰੀ, (ਡਾ. ਗੁਰਵਿੰਦਰ ਸਿੰਘ) ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਦੇ ਸੇਵਾਦਾਰ ਤੇ ਕੈਨੇਡਾ ਵਸਦੇ ਸਿੱਖ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਭਾਈ ਗਿਆਨ ਸਿੰਘ ਗਿੱਲ ਪਿੰਡ ਮਹਿਰੋਂ, ਜ਼ਿਲਾ ਮੋਗਾ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਹਨਾਂ ਦਾ ਜਵਾਨ ਸਪੁੱਤਰ 31 ਸਾਲਾ ਅਰਸ਼ਜੋਤ ਸਿੰਘ ਗਿੱਲ ਗੁਰੂ ਚਰਨਾਂ ਵਿੱਚ ਜਾ ਬਿਰਾਜਿਆ। ਇਸ ਦੁਖਦਾਈ ਖਬਰ ਨੇ ਭਾਈਚਾਰੇ ਨੂੰ ਝੰਝੋੜ ਦਿੱਤਾ ਹੈ। ਭਾਈ ਅਰਸ਼ਜੋਤ ਸਿੰਘ ਗਿੱਲ ਦਾ ਸਸਕਾਰ ਇਕ ਮਾਰਚ ਸੰਨ 2025 ਨੂੰ ਰਿਵਰ ਸਾਈਡ ਫਿਊਨਲ ਹੋਮ ਡੈਲਟਾ ਵਿਖੇ ਦੁਪਹਿਰ 2 ਵਜੇ ਹੋਏਗਾ ਅਤੇ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵਿਖੇ ਸ਼ਾਮ ਨੂੰ 4 ਵਜੇ ਪਾਏ ਜਾਣਗੇ। ਇਸ ਦੁੱਖ ਦੀ ਘੜੀ ਵਿੱਚ ਗਿੱਲ ਪਰਿਵਾਰ ਨਾਲ ਸ਼ਾਮਿਲ ਹੁੰਦਿਆਂ ਹੋਇਆਂ, ਅਰਦਾਸ ਹੈ ਕਿ ਅਰਸ਼ਜੋਤ ਸਿੰਘ ਨੂੰ ਆਪਣੇ ਚਰਨਾਂ ਚ ਸਦੀਵੀ ਨਿਵਾਸ ਬਖਸ਼ੇ ਅਤੇ ਪਰਿਵਾਰ



ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਭਾਈ ਗਿਆਨ ਸਿੰਘ ਗਿੱਲ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 604 518 6150 'ਤੇ ਗੱਲਬਾਤ ਕੀਤੀ ਜਾ ਸਕਦੀ ਹੈ।

## ਲੋਕ ਛਤਰਪਤੀ ਸ਼ਿਵਾਜੀ ਮਹਾਰਾਜ ਦੀ 395ਵੀਂ ਜਯੰਤੀ ਮਨਾਈ



ਨਾਗਪੁਰ : ਬੁੱਧਵਾਰ ਨੂੰ ਨਾਗਪੁਰ ਦੇ ਸ਼ਿਵਾਜੀ ਚੌਂਕ ਮਹਿਲ ਵਿਖੇ ਛਤਰਪਤੀ ਸ਼ਿਵਾਜੀ ਮਹਾਰਾਜ ਦੀ 395ਵੀਂ ਜਯੰਤੀ ਮੌਕੇ ਸ਼ਿਵਸਵਰੂਪ ਢੋਲ ਤਾਸ਼ਾ ਦੇ ਮੈਂਬਰ।

## ਅਮਰੀਕੀ ਉਡਾਣਾਂ ਅੰਮ੍ਰਿਤਸਰ ਉਤਾਰੀਆਂ ਕਿਉਂਕਿ ਡਿਪੋਰਟੀਜ਼ 'ਚ ਬਹੁਗਿਣਤੀ ਪੰਜਾਬੀ

### *ਸਰਕਾਰ ਵਿਚਲੇ ਸੂਤਰਾਂ ਨੇ ਵਤਨ ਵਾਪਸੀ ਕਰਨ ਵਾਲੇ ਵਿਅਕਤੀਆਂ 'ਚ ਬਹੁਗਿਣਤੀ ਪੰਜਾਬੀਆਂ ਦੇ ਸ਼ਾਮਲ ਹੋਣ ਦੀ ਦਲੀਲ ਦਿੱਤੀ*

ਨਵੀਂ ਦਿੱਲੀ : ਅਮਰੀਕਾ ਵੱਲੋਂ ਡਿਪੋਰਟ ਕੀਤੇ ਗੈਰਕਾਨੂੰਨੀ ਭਾਰਤੀ ਪਰਵਾਸੀਆਂ ਵਾਲੇ (ਅਮਰੀਕੀ ਫੌਜੀ) ਜਹਾਜ਼ਾਂ ਨੂੰ ਪੰਜਾਬ (ਅੰਮ੍ਰਿਤਸਰ) ਵਿਚ ਹੀ ਉਤਾਰੇ ਜਾਣ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਇਤਰਾਜ਼ ਦਰਮਿਆਨ ਕੇਂਦਰ ਸਰਕਾਰ ਵਿਚਲੇ ਸੂਤਰਾਂ ਨੇ ਅੱਜ ਇਸ ਪੇਸ਼ਕਦਮੀ ਦਾ ਇਹ ਕਹਿੰਦਿਆਂ ਬਚਾਅ ਕੀਤਾ ਕਿ ਡਿਪੋਰਟ ਕੀਤੇ ਗੈਰਕਾਨੂੰਨੀ ਪਰਵਾਸੀਆਂ ਵਿਚੋਂ ਬਹੁਗਿਣਤੀ ਪੰਜਾਬ ਨਾਲ ਸਬੰਧਤ ਹਨ।

ਇਨ੍ਹਾਂ ਸੂਤਰਾਂ ਨੇ 5 ਫਰਵਰੀ ਤੋਂ ਭਾਰਤ ਆਈਆਂ ਤਿੰਨ ਉਡਾਣਾਂ ਦੇ ਅੰਕੜੇ ਸਾਂਝੇ ਕਰਦਿਆਂ ਕਿਹਾ ਕਿ ਅਮਰੀਕੀ ਫੌਜੀ ਜਹਾਜ਼ਾਂ ਰਾਹੀਂ ਵਤਨ ਵਾਪਸੀ ਕਰਨ ਵਾਲੇ 333 ਲੋਕਾਂ ਵਿੱਚੋਂ ਕੁੱਲ 126 ਪੰਜਾਬ ਦੇ ਬਾਸ਼ਿੰਦੇ ਹਨ ਜਦੋਂਕਿ ਗੁਆਂਢੀ ਹਰਿਆਣਾ ਤੋਂ 110 ਅਤੇ ਗੁਜਰਾਤ ਤੋਂ 74 ਵਿਅਕਤੀ ਹਨ।

ਇਨ੍ਹਾਂ ਵਿੱਚੋਂ 8 ਉੱਤਰ ਪ੍ਰਦੇਸ਼ ਤੋਂ, 5 ਮਹਾਰਾਸ਼ਟਰ ਤੋਂ, ਦੋ-ਦੋ ਹਿਮਾਚਲ ਪ੍ਰਦੇਸ਼, ਚੰਡੀਗੜ੍ਹ, ਰਾਜਸਥਾਨ ਅਤੇ ਗੋਆ ਤੋਂ ਅਤੇ ਇੱਕ-ਇੱਕ ਜੰਮੂ-ਕਸ਼ਮੀਰ ਅਤੇ ਉੱਤਰਾਖੰਡ ਤੋਂ ਸਨ। ਉਨ੍ਹਾਂ ਕਿਹਾ ਕਿ 5, 15 ਅਤੇ 16 ਫਰਵਰੀ ਨੂੰ ਆਈਆਂ ਤਿੰਨ ਉਡਾਣਾਂ ਵਿੱਚੋਂ ਹਰੇਕ ਵਿੱਚ 100 ਤੋਂ ਵੱਧ ਭਾਰਤੀਆਂ ਨੂੰ ਲਿਆਂਦਾ ਗਿਆ ਸੀ ਅਤੇ ਹੁਣ ਤੱਕ 333 ਜਣਿਆਂ ਦੀ ਵਤਨ ਵਾਪਸੀ ਹੋਈ ਹੈ। ਸੂਤਰਾਂ ਨੇ ਇਨ੍ਹਾਂ ਵਿਚ 262 ਪੁਰਸ਼, 42 ਮਹਿਲਾਵਾਂ ਅਤੇ 29 ਨਾਬਾਲਗ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਮਈ 2020 ਤੋਂ ਹੁਣ ਤੱਕ



ਡਿਪੋਰਟ ਕੀਤੇ ਗਏ ਭਾਰਤੀਆਂ ਨੂੰ ਲੈ ਕੇ 21 ਉਡਾਣਾਂ ਦੇਸ਼ ਵਿੱਚ ਆਈਆਂ ਹਨ ਅਤੇ ਇਹ ਸਾਰੀਆਂ ਅੰਮ੍ਰਿਤਸਰ ਵਿੱਚ ਹੀ ਉਤਰੀਆਂ ਹਨ। ਡੋਨਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਹੁਣ ਤੱਕ ਡਿਪੋਰਟ ਕੀਤੇ ਗਏ ਭਾਰਤੀਆਂ ਨੂੰ ਲੈ ਕੇ ਤਿੰਨ ਅਮਰੀਕੀ ਫੌਜੀ ਜਹਾਜ਼ ਭਾਰਤ ਪਹੁੰਚੇ ਹਨ। ਵਿਰੋਧੀ ਪਾਰਟੀਆਂ ਨੇ ਡਿਪੋਰਟ ਕੀਤੇ ਗਏ ਲੋਕਾਂ ਨਾਲ ਕੀਤੇ ਗਏ ਵਿਵਹਾਰ, ਜਿਸ ਵਿੱਚ ਉਨ੍ਹਾਂ ਨੂੰ ਹੱਥਕੜੀਆਂ ਤੇ ਬੇੜੀਆਂ ਨਾਲ ਬੰਨ੍ਹਣਾ ਵੀ ਸ਼ਾਮਲ ਹੈ, ਦਾ ਵਿਰੋਧ ਕੀਤਾ ਅਤੇ ਭਾਰਤ ਸਰਕਾਰ ਨੂੰ ਇਹ ਮੁੱਦਾ ਅਮਰੀਕਾ ਕੋਲ ਉਠਾਉਣ ਲਈ ਕਿਹਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 5 ਫਰਵਰੀ ਨੂੰ ਪਹਿਲੀ ਉਡਾਣ ਦੇ ਅੰਮ੍ਰਿਤਸਰ ਉਤਰਨ ਤੋਂ ਬਾਅਦ ਕਿਹਾ ਸੀ ਕਿ ਇਹ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਰਗੇ ਪਵਿੱਤਰ ਸ਼ਹਿਰ ਨੂੰ 'ਡਿਪੋਰਟ ਦਾ ਅੱਡਾ' ਨਹੀਂ ਬਣਾਇਆ ਜਾਣਾ ਚਾਹੀਦਾ। ਪਹਿਲੀ ਉਡਾਣ ਵਿੱਚ ਪੰਜਾਬ ਤੋਂ 30 ਅਤੇ ਹਰਿਆਣਾ ਅਤੇ ਗੁਜਰਾਤ ਤੋਂ 33-33 ਡਿਪੋਰਟੀ ਸਨ। ਦੂਜੀ ਉਡਾਣ ਵਿੱਚ ਪੰਜਾਬ ਤੋਂ 65, ਹਰਿਆਣਾ ਤੋਂ 33 ਅਤੇ ਗੁਜਰਾਤ ਤੋਂ ਅੱਠ ਡਿਪੋਰਟੀ ਸਨ। ਤੀਜੀ ਉਡਾਣ ਵਿਚ ਇਹ ਗਿਣਤੀ ਕ੍ਰਮਵਾਰ 31, 44 ਅਤੇ 33 ਸੀ।

ਵਿਰੋਧੀ ਧਿਰਾਂ ਵੱਲੋਂ ਜਤਾਏ ਇਤਰਾਜ਼ਾਂ ਮਗਰੋਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ 6 ਫਰਵਰੀ ਨੂੰ ਸੰਸਦ ਵਿਚ ਕਿਹਾ ਸੀ ਸਰਕਾਰ ਅਮਰੀਕਾ ਨਾਲ ਗੱਲਬਾਤ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਤਨ ਵਾਪਸੀ ਕਰਨ ਵਾਲੇ ਭਾਰਤੀਆਂ ਨਾਲ ਬਦਸਲੂਕੀ ਨਾ ਕੀਤੀ ਜਾਵੇ। ਹਾਲਾਂਕਿ ਜੈਸ਼ੰਕਰ ਨੇ ਨਾਲ ਹੀ ਇਹ ਗੱਲ ਵੀ ਕਹੀ ਸੀ ਕਿ ਡਿਪੋਰਟ ਕਰਨ ਦਾ ਅਮਲ ਕੋਈ ਨਵਾਂ ਨਹੀਂ ਹੈ।

## ਟਰੰਪ ਨਾਲ ਮੀਟਿੰਗ ਉਸਾਰੂ ਬਣਾਉਣ ਲਈ ਤਿਆਰੀ ਜ਼ਰੂਰੀ: ਪੂਤਿਨ

ਕੀਵ : ਰੂਸ ਦੇ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਨੇ ਅੱਜ ਕਿਹਾ ਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਮਿਲਣਾ ਚਾਹੁਣਗੇ ਪਰ ਇਸ ਮੀਟਿੰਗ ਨੂੰ 'ਸਾਰਥਕ' ਬਣਾਉਣ ਲਈ ਤਿਆਰੀ ਕੀਤੀ ਜਾਣੀ ਚਾਹੀਦੀ ਹੈ। ਪੂਤਿਨ ਨੇ ਟੈਲੀਵਿਜ਼ਨ 'ਤੇ ਸੰਬੋਧਨ ਕਰਦਿਆਂ ਕਿਹਾ, 'ਮੈਂ ਮੀਟਿੰਗ ਕਰਨਾ ਚਾਹੁੰਦਾ ਪਰ ਤਿਆਰੀ ਇਸ ਤਰ੍ਹਾਂ ਕਰਨੀ ਹੋਵੇਗੀ ਕਿ ਮੀਟਿੰਗ ਦੇ ਨਤੀਜੇ



ਸਾਹਮਣੇ ਆਉਣ।' ਉਨ੍ਹਾਂ ਕਿਹਾ ਕਿ ਟਰੰਪ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਖੁਸ਼ੀ ਹੋਵੇਗੀ। ਪੂਤਿਨ ਨੇ ਬੀਤੇ ਦਿਨ ਸਾਊਦੀ ਅਰਬ ਦੇ ਰਿਆਧ 'ਚ ਸੀਨੀਅਰ ਰੂਸੀ ਤੇ ਅਮਰੀਕੀ ਅਧਿਕਾਰੀਆਂ ਵਿਚਾਲੇ ਹੋਈ ਗੱਲਬਾਤ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਦੋਵੇਂ ਧਿਰਾਂ ਵਿਗੜੇ ਹੋਏ ਕੂਟਨੀਤਕ ਸਬੰਧਾਂ ਨੂੰ ਬਹਾਲ ਕਰਨ 'ਤੇ ਸਹਿਮਤ ਹੋਈਆਂ ਹਨ। ਪੂਤਿਨ ਨੇ ਇਹ ਵੀ ਕਿਹਾ ਕਿ ਟਰੰਪ ਨੇ ਸਵੀਕਾਰ ਕੀਤਾ ਹੈ ਕਿ ਯੂਕਰੇਨੀ ਸਮਝੌਤੇ 'ਚ ਉਨ੍ਹਾਂ ਦੀ ਉਮੀਦ ਤੋਂ ਵੱਧ ਸਮਾਂ ਲੱਗ ਸਕਦਾ ਹੈ।

ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜੇ ’ਤੇ ਵਿਸ਼ੇਸ਼

# ਬੋਲੀ ਸਾਡਾ ਮਾਣ ਹੈ, ਬੋਲੀ ਲਵੋ ਸੰਭਾਲ



ਵਿਸ਼ਵ ਭਰ ’ਚ 21 ਫਰਵਰੀ ਨੂੰ ਲੋਕ ਮਾਂ ਬੋਲੀ ਦਿਹਾੜੇ ਵਜੋਂ ਮਨਾਉਂਦਿਆਂ, ਕੋਈ ਨਾ ਕੋਈ ਅਜਿਹਾ ਸੰਕਲਪ ਲੈਂਦੇ ਹਨ, ਜਿਸ ’ਤੇ ਸਾਲ ਭਰ ਕੰਮ ਕਰਕੇ ਉਹ ਆਪਣੀ ਬੋਲੀ ਨੂੰ ਪ੍ਰਫੁੱਲਤ ਕਰਨ ’ਚ ਬਣਦਾ ਹਿੱਸਾ ਪਾ ਸਕਣ। 21 ਫਰਵਰੀ ਦਾ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਸਾਨੂੰ 1952 ਦੇ ਢਾਕਾ ਯੂਨੀਵਰਸਿਟੀ ਦੇ ਆਪਣੀ ਮਾਂ-ਬੋਲੀ ਬੰਗਲਾ ਨੂੰ ਪੂਰਬੀ ਪਾਕਿਸਤਾਨ ਦੀ ਕੌਮੀ ਬੋਲੀ ਬਣਾਉਣ ਦੀ ਮੰਗ ਕਰਦਿਆਂ ਸ਼ਹੀਦ ਹੋਏ ਵਿਦਿਆਰਥੀਆਂ ਅਬਦੁਸ ਸਲਾਮ, ਅਬੁਲ ਬਰਕਤ, ਰਫੀਕ ਉਦ-ਦੀਨ ਅਹਿਮਦ, ਅਬਦੁਲ ਜਬਾਰ ਤੇ ਸ਼ਫ਼ੀਉਰ ਰਹਿਮਾਨ ਅਤੇ ਸੈਂਕੜੇ ਫੱਟੜਾਂ ਦੀ ਯਾਦ ਦਿਵਾਉਂਦਾ ਹੈ। 21 ਫਰਵਰੀ 1972 ਨੂੰ ਬੰਗਲਾ ਦੇਸ਼ ਦੇ ਸੰਵਿਧਾਨ ਮੁਤਾਬਕ ਬੰਗਾਲੀ ਨੂੰ ਰਾਸ਼ਟਰੀ ਭਾਸ਼ਾ ਬਣਾਇਆ ਗਿਆ। ਬੰਗਲਾ ਦੇਸ਼ ਵਲੋਂ ਯੂਨੈਸਕੋ ਨੂੰ ਫੌਰਨ ਇਹ ਸੁਝਾਅ ਭੇਜਿਆ ਗਿਆ ਕਿ ਸਾਡੀ ਮਾਤ ਭਾਸ਼ਾ ਨੂੰ ਇਸ ਦਿਨ ਬਣਦਾ ਸਤਿਕਾਰ ਮਿਲਿਆ ਹੈ, ਇਸ ਲਈ ਇਸ ਦਿਨ ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਵਜੋਂ ਮਨਾਇਆ ਜਾਵੇ। 17 ਨਵੰਬਰ 1999 ਨੂੰ ਜਨਰਲ ਕਾਨਫਰੰਸ ਵਿੱਚ ਯੂਨੈਸਕੋ ਵੱਲੋਂ, 21 ਫਰਵਰੀ ਨੂੰ ਮਾਂ ਬੋਲੀ ਦਿਵਸ ਵੱਜੋਂ ਮਨਾਉਣ ਦਾ ਸਮਰਥਨ ਦੇ ਦਿੱਤਾ ਗਿਆ। ਇਸ ਦਿਨ ਸੰਸਾਰ ਪੱਧਰ ’ਤੇ ਹਰ ਖਿੱਤੇ ਵਿੱਚ ਆਪਣੀ-ਆਪਣੀ ਮਾਂ ਬੋਲੀ ਪ੍ਰਤੀ ਸ਼ਰਧਾ ਤੇ ਸਨਮਾਨ ਵਜੋਂ ਇਹ ਦਿਹਾੜਾ ਮਨਾਇਆ ਜਾਂਦਾ ਹੈ।

ਵਿਸ਼ਵ ਪੱਧਰ ’ਤੇ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੁਆਰਾ ਅੱਜਕੱਲ੍ਹ ਲਗਭਗ 6500 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਨ੍ਹਾਂ ਬਾਰੇ ਯੂਨੈਸਕੋ ਨੇ ਰਿਪੋਰਟ ਜਾਰੀ ਕੀਤੀ ਹੈ। ਵਿਸ਼ਵ ਵਿੱਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਪੰਜਾਬੀ ਵੀ ਹੈ। ਇਹ 11ਵੇਂ ਸਥਾਨ ’ਤੇ ਆਉਂਦੀ ਹੈ। ਇੱਕ ਅੰਦਾਜ਼ੇ ਅਨੁਸਾਰ ਪੰਜਾਬੀ ਵਿਸ਼ਵ ਦੇ 15 ਕਰੋੜ ਤੋਂ ਵੱਧ ਲੋਕਾਂ ਵੱਲੋਂ ਬੋਲੀ ਜਾਣ ਵਾਲੀ ਭਾਸ਼ਾ ਹੈ। ਕੈਨੇਡਾ ਵਿਚ ਪੰਜਾਬੀ ਬੋਲੀ ਦੀ ਚੜ੍ਹਦੀ ਕਲਾ ਦੀਆਂ ਮਿਸਾਲਾਂ ਪੰਜਾਬ ਦੀ ਧਰਤੀ ’ਤੇ ਵੀ ਦਿੱਤੀਆਂ ਜਾਂਦੀਆਂ ਹਨ। 8 ਜੁਲਾਈ 1994 ਵਾਲੇ ਦਿਨ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਖੇ, ਪੰਜਾਬੀ ਨੂੰ ਦੂਜੀ ਜ਼ੁਬਾਨ ਦਾ ਦਰਜਾ ਹਾਸਲ ਹੋਇਆ: ਕੈਨੇਡਾ ਵਸਦੇ ਪੰਜਾਬੀਆਂ ਅੰਦਰ ਮਾਂ-ਬੋਲੀ ਲਈ ਠਾਠਾਂ ਮਾਰਦੇ ਪਿਆਰ ਦੀ ਗੱਲ ਕਰਦਿਆਂ ਆਮ ਹੀ ਕਿਹਾ ਜਾਂਦਾ ਹੈ ਕਿ ਕੈਨੇਡਾ ਵਿਚ ’ਦੂਜਾ ਪੰਜਾਬ’ ਵਸਦਾ ਹੈ। ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਸੌ ਸਾਲ ਤੋਂ ਵੱਧ ਸਮੇਂ ਤੋਂ ਇਥੇ ਵਸੇ ਪੰਜਾਬੀਆਂ ਨੇ ਆਪਣੀ ਬੋਲੀ ਅਤੇ ਵਿਰਸੇ ਨੂੰ ਸੰਭਾਲ ਕੇ ਰੱਖਿਆ ਹੈ। ਇਥੋਂ ਦੇ ਕਈ ਸ਼ਹਿਰਾਂ ’ਚ ਪੰਜਾਬ ਤੋਂ ਘੁੰਮਣ ਆਇਆ ਪੰਜਾਬੀ ਜਦੋਂ ਘਰੋਂ ਬਾਹਰ ਨਿਕਲਦਾ ਹੈ, ਤਾਂ ਉਸ ਨੂੰ ਭੁਲੇਖਾ ਪੈਣ ਲੱਗ ਪੈਂਦਾ ਹੈ ਕਿ ਉਹ ਸ਼ਾਇਦ ਪੰਜਾਬ ਦੇ ਕਿਸੇ ਸ਼ਹਿਰ ’ਚ ਘੁੰਮ ਰਿਹਾ ਹੋਵੇ। ਪੰਜਾਬੀ ਵਿਚ ਲੱਗੇ ਸਾਈਨ ਬੋਰਡ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਕੈਨੇਡਾ ਵਿੱਚ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਦੀ ਚੜ੍ਹਤ ਹੈ।

ਮਾਂ-ਬੋਲੀ ਪੰਜਾਬੀ ਨਾਲੋਂ ਟੁੱਟੇ ਪੰਜਾਬੀ, ਆਪਣੀ ਬੋਲੀ ਨਾਲ ਕੈਨੇਡਾ ਆ ਕੇ ਕਿਵੇਂ ਜੁੜਦੇ ਹਨ, ਇਸ ਦੀ ਮਿਸਾਲ ਉੱਘੇ ਸਾਹਿਤਕਾਰ ਰਾਜਿੰਦਰ ਸਿੰਘ ਬੇਦੀ ਦੇ ਪੋਤਰੇ ਤੇ ਫ਼ ?ਲਮ ਨਿਰਮਾਤਾ ਨਰਿੰਦਰ ਬੇਦੀ ਦੇ ਪੁੱਤਰ, ਫਿਲਮ ਅਦਾਕਾਰ ਅਤੇ ਨਿਰਮਾਤਾ ਰਜਤ ਬੇਦੀ ਨੇ ਸਾਂਝੀ ਕੀਤੀ। ਉਸਨੇ ਕਿਹਾ ਕਿ ਬੰਬਈ ਵਿਚ ਰਹਿੰਦਿਆਂ ਉਹ ਪੰਜਾਬੀ ਨਹੀਂ ਸੀ ਬੋਲਦਾ, ਪਰ ਜਦੋਂ ਉਹ ਕੈਨੇਡਾ ਆਇਆ, ਤਾਂ ਇਥੇ ਆ ਕੇ ਨਾ ਸਿਰਫ਼ ਪੰਜਾਬੀ ਬੋਲਣ ਹੀ ਲੱਗਿਆ, ਸਗੋਂ ਪੰਜਾਬੀ ਫਿਲਮਾਂ ਵੱਲ ਵੀ ਉਤਸ਼ਾਹਤ ਹੋ ਗਿਆ। ਰਜਤ ਬੇਦੀ ਨੇ ਕਿਹਾ ਕਿ ਉਸ ਨੂੰ ਅਤੇ ਉਸ ਵਰਗੇ ਅਨੇਕਾਂ ਹੋਰਨਾਂ ਨੂੰ ਕੈਨੇਡਾ ਨੇ ਪੰਜਾਬ ਨਾਲ ਜੁੜਿਆ ਹੈ।

ਕੈਨੇਡਾ ਦੀਆਂ ਵੱਖ-ਵੱਖ ਸਮੇਂ ਦੀਆਂ ਮਰਦਮਸ਼ੁਮਾਰੀਆਂ ਦੇ ਅੰਕੜੇ ਇਥੇ ਪੰਜਾਬੀ ਦੀ ਤਰੱਕੀ ਦੀ ਗਵਾਹੀ ਭਰਦੇ ਹਨ। ਇਨ੍ਹਾਂ ਅਨੁਸਾਰ ਪਿਛਲੇ ਤਿੰਨ ਦਹਾਕਿਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕੈਨੇਡਾ ਦੀ ਕੁੱਲ ਗਿਣਤੀ ਦੇ ਹਿਸਾਬ ਨਾਲ 0.43 ਫ਼ੀਸਦੀ ਤੋਂ 2 ਫ਼ੀਸਦੀ ਦੇ ਨੇੜੇ ਜਾ ਪਹੁੰਚੀ ਹੈ। ਕੈਨੇਡਾ ਦੀ ਮੌਜੂਦਾ ਸਮੇਂ ਆਬਾਦੀ 4 ਕਰੋੜ 15 ਲੱਖ ਤੱਕ ਪਹੁੰਚ ਚੁੱਕੀ ਹੈ। ਜੇਕਰ ਕੈਨੇਡਾ ’ਚ ਪੰਜਾਬੀਆਂ ਵਲੋਂ ਆਪਣੀ ਮਾਂ-ਬੋਲੀ ਪੰਜਾਬੀ ਲਿਖਵਾਉਣ

ਡਾ. ਗੁਰਵਿੰਦਰ ਸਿੰਘ
604 825 1550



ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਇਹ 1991 ਵਿਚ 113, 220 (0.43 ਫ਼ੀਸਦੀ), 1996 ਵਿਚ 201, 780 (0.70 ਫ਼ੀਸਦੀ), 2001 ਵਿਚ 271, 220 (0.90 ਫ਼ੀਸਦੀ), 2006 ਵਿਚ 367, 505 (1.18 ਫ਼ੀਸਦੀ), 2011 ਵਿਚ 459, 990 (1.30 ਫ਼ੀਸਦੀ) 2016 ਵਿਚ 543, 495 (1.7 ਫ਼ੀਸਦੀ) ਅਤੇ 2021 ਵਿਚ 763, 785 (2 ਫੀਸਦੀ) ਤੱਕ ਪਹੁੰਚ ਚੁੱਕੀ ਹੈ, ਜਦ ਕਿ ਅਗਲੀ ਮਰਦਮਸ਼ੁਮਾਰੀ 2026 ਵਿਚ ਹੋਵੇਗੀ।

ਮਰਦਮ ਸ਼ੁਮਾਰੀ ਦੇ ਇਕ ਹੋਰ ਵਰਗ ਅਨੁਸਾਰ ਘਰਾਂ ਵਿੱਚ ਬਹੁਤਾ ਸਮਾਂ ਪੰਜਾਬੀ ਬੋਲਣ ਵਾਲਿਆਂ ਦੀ 2021 ਦੀ ਮਰਦਮਸ਼ੁਮਾਰੀ ਦੌਰਾਨ ਗਿਣਤੀ 827,150 ਹੈ, ਜਦ ਕਿ ਕੈਨੇਡਾ ਦੀਆਂ ਨਾਨ-ਆਫੀਸ਼ੀਅਲ ਬੋਲੀਆਂ ਤੋਂ ਇਲਾਵਾ ਪੰਜਾਬੀ ਬੋਲੀ ਦੀ ਜਾਣਕਾਰੀ ਰੱਖਣ ਵਾਲਿਆਂ ਦੀ ਸੰਖਿਆ 942, 170 ( 2016 ਤੋਂ 41 ਗੁਣਾ ਵੱਧ) ਹੈ। 2021 ਦੀ ਮਰਦਮਸ਼ੁਮਾਰੀ ਅਨੁਸਾਰ ਕੈਨੇਡਾ ਵਿਚ ਪੰਜਾਬੀ ਬੋਲਣ ਵਾਲਿਆਂ ਵਿਚ ਪਹਿਲੇ ਨੰਬਰ ’ਤੇ ਉਨਟੈਰੀਉ ਪ੍ਰੋਵਿੰਸ (397, 865), ਦੂਜੇ ’ਤੇ ਬ੍ਰਿਟਿਸ਼ ਕਲੰਬੀਆ (315,000) ਅਤੇ ਤੀਜੀ ਨੰਬਰ ’ਤੇ ਐਲਬਰਟਾ (126,365) ਆਉਂਦਾ ਹੈ।

ਬੋਲੀ ਆਧਾਰਿਤ ਅੰਕੜਿਆਂ ਅਨੁਸਾਰ ਸੰਨ 2011 ਦੀ ਜਨਗਣਨਾ ਅਨੁਸਾਰ ਅੰਗਰੇਜ਼ੀ ਤੇ ਫਰੈਂਚ ਤੋਂ ਮਗਰੋਂ, ਇੰਮੀਗਰੈਂਟ ਭਾਈਚਾਰਿਆਂ ਦੀਆਂ ਮਾਂ-ਬੋਲੀਆਂ ਦੀ ਸੂਚੀ ’ਚ ਪੰਜਾਬੀ ਪਹਿਲੇ ਥਾਂ ’ਤੇ ਸੀ, ਭਾਵ ਕੁੱਲ ਮਿਲਾ ਕੇ ਤੀਜੇ ਸਥਾਨ ’ਤੇ ਸੀ। ਸੰਨ 2011 ਦੇ ਅੰਕੜਿਆਂ ਮੁਤਾਬਿਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 459, 990 ਸੀ, ਜਦ ਕਿ ਚੀਨੀ ਭਾਈਚਾਰੇ ਵਲੋਂ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ’ਚ ਕੈਂਟਨੀਜ਼ ਬੋਲਣ ਵਾਲੇ 388, 935 ਅਤੇ ਮੈਂਡਰੀਨ ਬੋਲਣ ਵਾਲੇ 255,160 ਸਨ। ਪੰਜ ਸਾਲਾਂ ਮਗਰੋਂ 2016 ਦੇ ਅੰਕੜਿਆਂ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 18.2 ਫ਼ੀਸਦੀ ਵਧਣ ਨਾਲ ਇਹ ਸੰਖਿਆ 543, 495 ਹੋ ਗਈ ਤੇ ਮਹਿਜ਼ 85,505 ਹੋਰ ਪੰਜਾਬੀਆਂ ਨੇ, ਪੰਜ ਸਾਲਾਂ ’ਚ ਮਾਂ-ਬੋਲੀ ਪੰਜਾਬੀ ਲਿਖਵਾਈ। ਦੂਜੇ ਪਾਸੇ ਮੈਂਡਰੀਨ ਬੋਲਣ ਵਾਲੇ 610,835 ਅਤੇ ਕੈਂਟਨੀਜ਼ ਬੋਲਣ ਵਾਲੇ 594,030 ਦੀ ਗਿਣਤੀ ਤੱਕ ਪਹੁੰਚ ਗਏ। ਇੰਜ ਪੰਜਾਬੀ ਬੋਲਣ ਵਾਲੇ ਤੀਜੇ ਥਾਂ ਤੋਂ ਪੰਜਵੇਂ ’ਤੇ ਆ ਡਿਗੇ, ਜਦ ਕਿ ਤੀਜੀ ਤੇ ਚੌਥੀ ਥਾਂ ਮੈਂਡਰੀਨ ਤੇ ਕੈਂਟਨੀਜ਼ ਨੇ ਲੈ ਲਈ। 21 ਮਈ 2021 ਦੀ ਮਰਦਮਸ਼ੁਮਾਰੀ ਦੀ ਗੱਲ ਕਰਦੇ ਹਾਂ, ਤਾਂ ਅੰਕੜਿਆਂ ਦੇ ਹਿਸਾਬ ਨਾਲ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 942,170 ਪੰਜਵੇਂ ਸਥਾਨ ’ਤੇ ਹੈ। ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਵਰਗ ਵਿਚ ਅੰਗਰੇਜ਼ੀ ਅਤੇ ਫਰੈਂਚ ਤੋਂ ਮਗਰੋਂ, ਤੀਜੇ ਨੰਬਰ ’ਤੇ ਸਪੈਨਿਸ਼ (1,171,450) ਅਤੇ ਚੌਥੇ ਨੰਬਰ ’ਤੇ ਮੈਂਡਰੀਨ ਚੀਨੀ ਬੋਲੀ (987, 300) ਹੈ।

ਅਸੀਂ ਕਹਿ ਸਕਦੇ ਹਾਂ ਕਿ ਜਿੱਥੇ ਕੈਨੇਡਾ ਵਿੱਚ ਪੰਜਾਬੀ ਬੋਲੀ ਦੀਆਂ ਵੱਡੀਆਂ ਪ੍ਰਾਪਤੀਆਂ ਹਨ, ਉਥੇ ਅਜੇ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਮਰਦਮਸ਼ੁਮਾਰੀ ਸਮੇਂ ਪੰਜਾਬੀਆਂ ਵਲੋਂ ਮਾਂ-ਬੋਲੀ ਲਿਖਵਾਉਣ ਲਈ ਉਤਸ਼ਾਹ ਅਜੇ ਵੀ ਓਨਾ ਨਹੀਂ, ਜਿੰਨਾ ਹੋਣਾ ਚਾਹੀਦਾ ਹੈ। ਕੈਨੇਡਾ ਵਿਚ ਘੱਟੋ-ਘੱਟ 5 ਲੱਖ ਤੋਂ ਵੱਧ ਗਿਣਤੀ ਵਿੱਚ ਅਜਿਹੇ ਹੋਰ ਪੰਜਾਬੀ ਵੀ ਵਸਦੇ ਹਨ, ਜਿਹੜੇ ਮਰਦਮਸ਼ੁਮਾਰੀ ਦੌਰਾਨ ਆਪਣੀ ਮਾਂ-ਬੋਲੀ ਪੰਜਾਬੀ ਨਹੀਂ ਲਿਖਵਾਉਂਦੇ ਜਾਂ ਮਰਦਮਸ਼ੁਮਾਰੀ ਵਿੱਚ ਮਾਂ- ਬੋਲੀ ਵਾਲੇ ਖਾਨੇ ਭਰਦੇ ਹੀ ਨਹੀ। ਇਥੇ ਦੱਸਣਯੋਗ ਹੈ ਕਿ ਕੈਨੇਡਾ ਵਿੱਚ ਆਏ ਸੈਲਾਨੀ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਵਰਕ ਪਰਮਿਟ ਵਾਲੇ ਪੰਜਾਬੀ ਵੀ ਮਰਦਮ ਸ਼ੁਮਾਰੀ ਵਿਚ ਅਪਣੇ ਫ਼ਾਰਮਾਂ ਵਿਚ ਮਾਂ ਬੋਲੀ ਪੰਜਾਬੀ ਲਿਖ ਸਕਦੇ ਹਨ। ਕੈਨੇਡਾ ਦੇ ਪੰਜਾਬੀ ਮੀਡੀਏ ਵਲੋਂ ਵਾਰ-ਵਾਰ ਪ੍ਰਚਾਰਨ ਦੇ ਬਾਵਜੂਦ, ਬਹੁਤ ਸਾਰੇ ਪੰਜਾਬੀ ਕਾਗਜ਼ਾਂ ’ਚ ਆਪਣੀ ਮਾਂ-ਬੋਲੀ ਲਿਖਵਾਉਣ ਤੋਂ ਹੀ ਘੇਸਲ ਮਾਰ ਜਾਂਦੇ ਹਨ। ਜੇ ਰੁਝਾਨ ਇਹੀ ਰਿਹਾ ਤਾਂ 2026 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਬੋਲੀ ਦਾ ਪੰਜਵਾਂ ਸਥਾਨ ਵੀ ਖੁੱਸਣ ’ਚ ਦੇਰ ਨਹੀਂ ਲੱਗਣੀ।

ਦੂਜੀ ਗੱਲ ਇਹ ਹੈ ਕਿ ਪੰਜਾਬੀ ਕੈਨੇਡਾ ’ਚ ਅਜੇ ਵੀ ਵਿਦੇਸ਼ੀ ਭਾਸ਼ਾ ਹੀ ਹੈ, ਕੈਨੇਡੀਅਨ ਭਾਸ਼ਾ ਵਜੋਂ ਮਾਨਤਾ ਹਾਸਲ ਨਹੀਂ ਕਰ ਸਕੀ। ਇਹ ਗੱਲ ਜ਼ਿਕਰਯੋਗ ਹੈ ਕਿ ਕੈਨੇਡਾ ’ਚ ਦੋ ਮੁੱਖ ਭਾਸ਼ਾਵਾਂ ਅੰਗਰੇਜ਼ੀ ਤੇ ਫਰੈਂਚ ਦਫ਼ਤਰੀ ਰੂਪ ’ਚ ਸਰਕਾਰੀ ਭਾਸ਼ਾਵਾਂ ਹਨ, ਪਰ ਇਥੇ ਰਾਸ਼ਟਰੀ ਭਾਸ਼ਾ ਦੇ ਨਾਂਅ ’ਤੇ ਝਗੜੇ ਖੜ੍ਹੇ ਕਰਨ ਵਾਲਾ ਅਜਿਹਾ ਕੋਈ ਰੇੜਕਾ ਨਹੀਂ, ਜਿਵੇਂ ਕਿ ਭਾਰਤ ’ਚ ਹਿੰਦੀ ਨੂੰ ਲੈ ਕੇ ‘ਇਕ ਭਾਸ਼ਾ ਤੇ ਇਕ ਰਾਸ਼ਟਰ’ ਆਦਿ ਦੇ ਬੇਤੁਕੇ ਨਾਅਰੇ ਲਾਏ ਜਾਂਦੇ ਹਨ।

ਇਥੇ ਚੁਣੌਤੀ ਇਹ ਹੈ ਕਿ ਇੰਮੀਗਰਾਂਟ ਭਾਈਚਾਰੇ ਦੀ ਬੋਲੀ ਹੋਣ ਕਾਰਨ ਪੰਜਾਬੀ ਅਜੇ ਵੀ ਸੰਘਰਸ਼ ਦੇ ਦੌਰ ’ਚੋਂ ਗੁਜ਼ਰ ਰਹੀ ਹੈ। ਅੱਜ ਕੈਨੇਡਾ ’ਚ ਵਸਦੇ ਪੰਜਾਬੀ ਜੇਕਰ ਆਪਣੀ ਨਾਗਰਿਕਤਾ ਕਾਰਨ ’ਕੈਨੇਡੀਅਨ’ ਹਨ ਤਾਂ ਫਿਰ ਉਨ੍ਹਾਂ ਦੀ ਬੋਲੀ ਵਿਦੇਸ਼ੀ ਕਿਵੇਂ ਹੋਈ? ਜੇਕਰ ਪਾਰਲੀਮੈਂਟ ’ਚ ਪੰਜਾਬੀਆਂ ਦੀ ਗਿਣਤੀ ਡੇਢ ਦਰਜਨ ਹੈ ਤੇ ਕਈ ਸੂਬਿਆਂ ’ਚ ਵੀ ਪੰਜਾਬੀ ਸਿਆਸਤਦਾਨਾਂ ਦਾ ਬੋਲਬਾਲਾ ਹੈ, ਫਿਰ ਉਹ ਆਪਣੀ ਮਾਂ-ਬੋਲੀ ਲਈ ਦ੍ਰਿੜ੍ਹ ਇਰਾਦਾ ਕਿਉਂ ਨਹੀਂ ਰੱਖਦੇ? ਯਕੀਨਨ ਤੌਰ ’ਤੇ ਜੇਕਰ ਸਾਡੇ ਰਾਜਸੀ ਲੀਡਰ ਪ੍ਰਣ ਕਰਨ ਕਿ ਉਨ੍ਹਾਂ ਪੰਜਾਬੀ ਨੂੰ ਕੈਨੇਡੀਅਨ ਬੋਲੀ ਵਜੋਂ ਮਾਨਤਾ ਦਿਵਾਉਣੀ ਹੈ ਤੇ ਵਿਦੇਸ਼ੀ ਬੋਲੀ ਨਹੀਂ ਰਹਿਣ ਦੇਣਾ, ਤਾਂ ਪੰਜਾਬੀ ਵੀ ਕੈਨੇਡਾ ’ਚ ਬੇਗਾਨੀ ਨਹੀਂ ਰਹੇਗੀ ਤੇ ਉਹ ਕੈਨੇਡਾ ਦੀ ਬੋਲੀ ਵਜੋਂ ਮਾਨਤਾ ਹਾਸਲ ਕਰ ਲਵੇਗੀ।



ਤੀਜੀ ਗੱਲ, ਪੰਜਾਬੀ ਮਾਪਿਆਂ ’ਤੇ ਆਉਂਦੀ ਹੈ। ਜੇਕਰ ਬੀ.ਸੀ. ਸੂਬੇ ਦੀ ਹੀ ਗੱਲ ਕਰੀਏ ਤਾਂ ਇਥੋਂ ਦੇ ਸਾਬਕਾ ਵਿੱਦਿਆ ਮੰਤਰੀ ਮਨਮੋਹਣ ਸਿੰਘ ਮੋਅ ਸਹੋਤਾ ਦੇ ਉੱਦਮ ਨਾਲ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲ ਗਿਆ ਸੀ ਤੇ ਪੰਜਾਬੀ ਸਕੂਲਾਂ ’ਚ ਪੜ੍ਹਾਉਣ ਦਾ ਰਾਹ ਪੱਧਰਾ ਹੋ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੜ੍ਹਾਉਣ ਵਾਲੇ ਸਕੂਲ, ਅਕੈਡਮੀਆਂ ਤੇ ਹੋਰ ਅਦਾਰੇ ਆਪੋ-ਆਪਣੇ ਉਪਰਾਲੇ ਕਰ ਰਹੇ ਹਨ ਪਰ ਪਬਲਿਕ ਸਕੂਲਾਂ ’ਚ ਪੰਜਾਬੀ ਪੜ੍ਹਾਈ ਜਾਣ ਲਈ ਬੱਚਿਆਂ ਦਾ ਨਾਂਅ ਖ਼ਾਸ ਤੌਰ ’ਤੇ ਦਾਖ਼ਲ ਕਰਨ ਦੀ ਲੋੜ ਹੁੰਦੀ ਹੈ।

ਕੈਨੇਡਾ ’ਚ ਪੰਜਾਬੀ ਬੋਲੀ ਲਈ ਸਭ ਤੋਂ ਵੱਧ ਚਿੰਤਾ ਦੀ ਗੱਲ ਅੱਜ ਇਹ ਹੈ ਕਿ ਇਥੇ ਪੰਜਾਬੀ ਨੂੰ ਗਿਣੇ-ਮਿਥੇ ਢੰਗ ਨਾਲ ਖੂੰਜੇ ਲਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ। ਪੰਜਾਬੀ ਬੋਲੀ ਦੇ ਨਾਂਅ ’ਤੇ ਪੰਜਾਬੀ ਸੂਬਾ ਬਣਨ ਵੇਲੇ ਜਿਸ ਤਰ੍ਹਾਂ ਦੇ ਹਾਲਾਤ ਤੇ ਫ਼ਿਰਕੂ ਵਿਚਾਰ ਪੰਜਾਬ ਵਿਚ ਜ਼ੋਰ ਫੜ ਰਹੇ ਸਨ, ਅੱਜ ਉਹੀ ਸਥਿਤੀ ਕੈਨੇਡਾ ਵਿਚ ਬਣਦੀ ਜਾ ਰਹੀ ਹੈ। ਕੈਨੇਡਾ ’ਚ ਜੇਕਰ ਸੰਘਣੀ ਪੰਜਾਬੀ ਵਸੋਂ ਵਾਲੇ ਇਲਾਕਿਆਂ ਦੀ ਗੱਲ ਕਰੀਏ ਤਾਂ ਇਥੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਸਿੱਖ, ਹਿੰਦੂ, ਮੁਸਲਮਾਨ ਭਾਵ ਵੱਖ-ਵੱਖ ਧਰਮਾਂ, ਰੰਗਾਂ, ਨਸਲਾਂ ਤੇ ਫ਼ਿਰਕਿਆਂ ਦੇ ਲੋਕ ਵਸਦੇ ਹਨ। ਇਥੋਂ ਤੱਕ ਕਿ ‘ਭਾਰਤੀ ਪੰਜਾਬੀ’ ਤੇ ‘ਪਾਕਿਸਤਾਨੀ ਪੰਜਾਬੀ’ ਵਾਲਾ ਫ਼ਰਕ ਵੀ ਇਥੇ ਨਜ਼ਰ ਨਹੀਂ ਆਉਂਦਾ, ਬਲਕਿ ਸਾਰੇ ’ਕੈਨੇਡੀਅਨ ਪੰਜਾਬੀ’ ਹੀ ਅਖਵਾਉਂਦੇ ਹਨ। ਉਂਜ ਵੀ ਅਸੀਂ ਅਕਸਰ ਆਖਦੇ ਹਾਂ ਕਿ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ, ਭਾਰਤੀ ਪੰਜਾਬ ਨਾਲੋਂ ਕਿਤੇ ਵੱਧ ਹੈ। ਕੈਨੇਡਾ ਵਿਚ ਪੰਜਾਬੀ ਆਬਾਦੀ ਵਾਲੇ ਸ਼ਹਿਰਾਂ ’ਚ ਵਸਣ ਵਾਲੇ ਲਹਿੰਦੇ ਪੰਜਾਬ ਦੇ ਪੰਜਾਬੀ ਜ਼ਿਆਦਾਤਰ ਲਾਹੌਰ ਦੇ ਨੇੜੇ-ਤੇੜੇ ਦੇ ਹੀ ਹਨ। ਉਨ੍ਹਾਂ ’ਚੋਂ ਵਧੇਰੇ ਬੋਲਦੇ ਵੀ ਪੰਜਾਬੀ ਹੀ ਹਨ, ਪਰ ਸਭ ਤੋਂ ਵੱਧ ਦੁਖਦਾਈ ਗੱਲ ਇਹ ਹੈ ਕਿ ਕੈਨੇਡਾ ਦੀ ਮਰਦਮਸ਼ੁਮਾਰੀ ਵਿਚ ਜਦੋਂ ਉਨ੍ਹਾਂ ਮਾਂ-ਬੋਲੀ ਲਿਖਾਉਣੀ ਹੁੰਦੀ ਹੈ, ਤਾਂ ਇੱਕਾ-ਦੁੱਕਾ ਨੂੰ ਛੱਡ ਕੇ ਕੋਈ ਵੀ ਮਾਂ-ਬੋਲੀ ਪੰਜਾਬੀ ਨਹੀਂ ਲਿਖਦਾ, ਬਲਕਿ ਉਰਦੂ ਹੀ ਲਿਖਵਾਉਂਦੇ ਹਨ।

ਹੁਣ ਗੱਲ ਕਰੀਏ ਭਾਰਤੀ ਪੰਜਾਬ ਦੇ ਕੈਨੇਡਾ ਵਸਦੇ ਭਾਈਚਾਰਿਆਂ ਦੀ। ਇਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੇ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰਾਂ ’ਚ ਪੰਜਾਬ ਦੇ ਪਿੰਡਾਂ-ਸ਼ਹਿਰਾਂ ਨਾਲ ਸਬੰਧਿਤ ਸਿੱਖ ਤੇ ਹਿੰਦੂ ਹੀ ਵਧੇਰੇ ਹਨ, ਜਦ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਤੋਂ ਆਏ ਪ੍ਰਵਾਸੀ ਭਾਰਤੀ ਭਾਈਚਾਰੇ ’ਚੋਂ ਵੀ ਕੇਰਲਾ, ਤਾਮਿਲ, ਗੁਜਰਾਤੀ, ਬੰਗਾਲੀ ਆਦਿ ਵਸਦੇ ਹਨ, ਜਿਨ੍ਹਾਂ ਦੀਆਂ ਆਪਣੀਆਂ ਭਾਸ਼ਾਵਾਂ ਹਨ ਤੇ ਉਹ ਕੈਨੇਡਾ ਤੇ ਭਾਰਤ ਅੰਦਰ ਵੀ ਉਨ੍ਹਾਂ ਭਾਸ਼ਾਵਾਂ ਨੂੰ ਹੀ ਮਾਨਤਾ ਦਿੰਦੇ ਹਨ। ਇਨ੍ਹਾਂ ਦੇ ਮੁਕਾਬਲਤਨ ਯੂ.ਪੀ., ਬਿਹਾਰ, ਮੱਧ ਪ੍ਰਦੇਸ਼ ਆਦਿ ਸੂਬਿਆਂ ’ਚੋਂ ਕੈਨੇਡਾ ਵਸਣ ਵਾਲਿਆਂ ਦੀ ਗਿਣਤੀ ਘੱਟ ਹੈ, ਜਿਹੜੇ ’ਹਿੰਦੀ’ ਨੂੰ ਆਪਣੀ ਮਾਂ-ਬੋਲੀ ਸਵੀਕਾਰਦੇ ਹਨ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕੈਨੇਡਾ ਅੰਦਰਲੇ ਭਾਰਤੀ ਸਫ਼ਾਰਤਖਾਨੇ ਹਿੰਦੀ ਨੂੰ ਮੁਫ਼ਤ ਪੜ੍ਹਾਉਣ ਲਈ ਤਾਂ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਹਨ, ਜਦ ਕਿ ਸਭ ਤੋਂ ਵੱਧ ਬੋਲੀ ਜਾਣ ਵਾਲੀ ਪੰਜਾਬੀ ਨਾਲ ਸਰਾਸਰ ਵਿਤਕਰਾ ਕਰ ਰਹੇ ਹਨ। ਭਾਰਤੀ ਸਿਆਸਤ ’ਚ ਵਧ ਰਿਹਾ ਫਾਸ਼ੀਵਾਦ, ਧਰੁਵੀਕਰਨ ਅਤੇ ’ਇਕ ਬੋਲੀ ਤੇ ਇਕ ਰਾਸ਼ਟਰ’ ਦਾ ਨਾਅਰਾ ਕੇਵਲ ਭਾਰਤ ਵਿੱਚ ਹੀ ਹਿੰਦੀ ਭਾਸ਼ਾ ਨੂੰ ਛੱਡ ਕੇ ਬਾਕੀ ਭਾਸ਼ਾਵਾਂ ਦਾ ਨੁਕਸਾਨ ਨਹੀਂ ਕਰ ਰਿਹਾ, ਸਗੋਂ ਕੈਨੇਡਾ ਵਿੱਚ ਵੀ ਪੰਜਾਬੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ’ਚ ਸਭ ਤੋਂ ਵੱਧ ਘਾਤਕ ਬਣ ਰਿਹਾ ਹੈ। ਕੁਝ ਵਰ੍ਹੇ ਪਹਿਲਾਂ ਕੈਨੇਡਾ ’ਚ ਪੰਜਾਬੀ ਗਾਇਕ ਗੁਰਦਾਸ ਮਾਨ ਵਲੋਂ ਦਿੱਤਾ ਵਿਵਾਦਗ੍ਰਸਤ ਬਿਆਨ ‘ਇਕ ਬੋਲੀ ਇਕ ਦੇਸ਼’ ਅਤੇ ਮਾਂ-ਮਾਸੀ ਦਾ ਰੇੜਕਾ ਵੀ ਪੰਜਾਬੀਆਂ ਅੰਦਰ ਬੋਲੀ ਦੇ ਆਧਾਰ ’ਤੇ ਪਾੜਾ ਪਾਉਣ ਵਾਲਾ ‘ਘਾਤਕ ਪ੍ਰਚਾਰ’ ਹੋ ਨਿਬੜਿਆ ਹੈ।

ਕੈਨੇਡਾ ਵਸਦੇ ਪੰਜਾਬੀਆਂ ਨੂੰ ਇਨ੍ਹਾਂ ਵਲਗਣਾਂ ਤੋਂ ਉੱਪਰ ਉੱਠ ਕੇ ਸੱਚ ’ਤੇ ਪਹਿਰਾ ਦੇਣ ਦੀ ਲੋੜ ਹੈ। ਜੇਕਰ ਉਹ ਪੰਜਾਬੀ ਹਨ ਤਾਂ ਆਪਣੀ ਬੋਲੀ ਪੰਜਾਬੀ ਹੀ ਲਿਖਵਾਉਣ, ਨਾ ਕਿ ਆਪਣੇ ਫ਼ਿਰਕੇ, ਜਾਤ ਜਾਂ ਸਿਆਸੀ ਪ੍ਰਭਾਵ ਅਧੀਨ ਮਾਂ-ਬੋਲੀ ਨਾਲ ਧੋਖਾ ਕਰਨ। ਅਸੀਂ ਆਪਣੇ ਕਾਰੋਬਾਰ ਅਤੇ ਵਪਾਰ ਮੌਕੇ ਵੱਧ ਤੋਂ ਵੱਧ ਪੰਜਾਬੀ ਬੋਲੀ ਬੋਲੀਏ ਅਤੇ ਸਾਇਨ ਬੋਰਡਾਂ ਅਤੇ ਬਿਜਨਸ ਕਾਰਡਾਂ ’ਤੇ ਅੰਗਰੇਜ਼ੀ ਦੇ ਨਾਲ-ਨਾਲ ’ਗੁਰਮੁਖੀ’ ਵਿੱਚ ਜਾਣਕਾਰੀ ਅਤੇ ਨਾਂ ਲਿਖਵਾਈਏ। ਆਓ, ਚੇਤਾ ਨਾ ਭੁੱਲੀਏ, ਘਰਾਂ ਵਿਚ ਬੋਲੀ ਜਾਣ ਵਾਲੀ ਜ਼ੁਬਾਨ ਮਾਂ ਬੋਲੀ ਪੰਜਾਬੀ ਲਿਖਾਈਏ ਅਤੇ ਰੋਜ਼ ਆਪੋ-ਆਪਣੇ ਪੱਧਰ ’ਤੇ ਪੰਜਾਬੀ ਲਈ ਦੋ ਸ਼ਬਦ ਜ਼ਰੂਰ ਲਿਖੀਏ। ਕਿਸੇ ਵੀ ਰੂਪ ਵਿੱਚ ਬੋਲੀ ਲਈ ਪ੍ਰਚਾਰ ਕਰੀਏ। ਕੈਨੇਡਾ ਵਸਦੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਨੂੰ ਆਪਣੀ ’ਜ਼ਬਾਨ’ ਅਤੇ ’ਪਛਾਣ’ ਨਾਲ ਜੋੜੀ ਰੱਖਣ ਲਈ ਇਹ ਜ਼ਰੂਰੀ ਹੈ ਕਿ ਮਾਂ ਬੋਲੀ ਪੰਜਾਬੀ ਵੱਧ ਤੋਂ ਵੱਧ ਬੋਲੀਏ ਅਤੇ ਇਹ ਗੱਲ ਕਦੇ ਨਾ ਭੁੱਲੀਏ;

**ਬੋਲੀ ਸਾਡਾ ਮਾਣ ਹੈ, ਬੋਲੀ ਲਵੋ ਸੰਭਾਲ।**
**ਜੋ ਬੋਲੀ ਨਹੀਂ ਸਾਂਭਦੇ, ਉਹ ਨੇ ਮਨੋ ਕੰਗਾਲ।**

**ਧਰਤੀ ਹੈ ਪੰਜਾਬ ਦੀ, ਖੁੱਲ੍ਹੇ ਬੜੇ ਸਕੂਲ।**
**ਪੰਜਾਬੀ ਨੂੰ ਵਿਤਕਰਾ, ਕਿੱਥੇ ਗਏ ਅਸੂਲ?**

**ਲਿੱਪੀ ਸਾਡੀ ਗੁਰਮੁਖੀ, ਪੰਜਾਬੀ ਦੀ ਸ਼ਾਨ।**
**ਇਹੀ ਲਿੱਪੀ ਢੁੱਕਵੀਂ, ਜਿਉਂ ਕਲਬੂਤ ’ਚ ਜਾਨ।**

# ਕੁਲਵੰਤ ਸਿੰਘ ਸੰਘਾ ਪ੍ਰਧਾਨ ਪ੍ਰਿੰਸੀਪਲ ਹਰਭਜਨ ਸਿੰਘ ਸਪੋਟਿੰਗ ਕਲੱਬ ਮਾਹਿਲਪੁਰ ਬਹੁਤ ਮਿਲਣਸਾਰ, ਮਿੱਠ ਬੋਲੜਾ ਤੇ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ

## ਪੂਰੀ ਦੁਨੀਆਂ ਵਿੱਚ ਫੁੱਟਬਾਲ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਹੈ ਮਾਹਿਲਪੁਰ







ਸੋ ਦੋਸਤੋ ਗੱਲ ਕੀਤੀ ਕੇ ਹਲਕਾ ਮਾਹਿਲਪੁਰ ਪੂਰੀ ਦੁਨੀਆਂ ਵਿੱਚ ਫੁੱਟਬਾਲ ਦੀ ਨਰਸਰੀ ਵਜੋਂ ਜਾਣਿਆ ਜਾਂਦਾ ਹੈ ਜੋਂ ਕੇ ਬਿਲਕੁਲ ਸਹੀ ਹੈ ਪਰ ਨਰਸਰੀ ਨੂੰ ਵਧਣ ਫੁੱਲਣ ਲਈ ਜਿੱਥੇ ਸਮਾਂ ਚਾਹੀਦਾ ਹੁੰਦਾ ਹੈ ਉਥੇ ਸਮੇਂ ਸਮੇਂ ਤੇ ਸਹੀ ਮਾਰਗ ਦਰਸ਼ਨ ਤੇ ਹੋਰ ਖੇਡ ਨਾਲ ਸੰਬੰਧਿਤ ਮੁਢਲੀਆਂ ਸਹੂਲਤਾਂ ਦੀ ਵੀ ਬਹੁਤ ਜਰੂਰਤ ਹੁੰਦੀ ਹੈ ਜਿਨ੍ਹਾਂ ਨੂੰ ਲੈਅ ਕੇ ਬਹੁਤ ਸਾਵਧਾਨੀ ਨਾਲ ਹਰ ਕਦਮ ਹਰ ਫੈਸਲਾ ਲੈਣਾ ਪੈਂਦਾ ਹੈ ਇਸ ਤਰ੍ਹਾਂ ਦੀ ਜ਼ੁੰਮੇਵਾਰੀ ਲਈ ਵਿਆਕਤੀ ਵੀ ਵਿਸੇਸ਼ ਹੁੰਦਾ ਹੈ ਜੋਂ ਹਰ ਕੰਮ ਸਮਰਪਿਤ ਭਾਵਨਾ ਨਾਲ ਕਰ ਸਕਦਾ ਹੋਵੇ, ਸਭ ਨੂੰ ਨਾਲ ਲੈਅ ਕੇ ਚੱਲਣ ਦੀ ਸੋਚ ਰੱਖਦਾ ਹੋਵੇ ਤੇ ਸਭ ਦੀ ਸਹਿਮਤੀ ਨਾਲ ਸਹਿਮਤ ਹੋ ਕੇ ਸਭ ਕਾਰਜ ਕਰਨ ਦੇ ਸਮਰੱਥ ਹੋਵੇ।

ਜੀ ਹਾਂ ਦੋਸਤੋ ਮੈ ਇਸ ਲੇਖ ਵਿੱਚ ਇਸੇ ਤਰ੍ਹਾਂ ਦੀ ਸਖਸ਼ੀਅਤ ਵਾਰੇ ਜੋਂ ਉਨ੍ਹਾਂ ਨੂੰ ਦੇਖਿਆ, ਸੁਣਿਆ ਤੇ ਗੱਲਬਾਤ ਵੀ ਹੋਈ ਬੇਸ਼ੱਕ ਉਨ੍ਹਾਂ ਨਾਲ ਗੱਲਬਾਤ ਲਈ ਕੋਈ ਬਹੁਤਾ ਸਮਾਂ ਨਹੀਂ ਮਿਲਿਆ ਫਿਰ ਵੀ ਜੋਂ ਸੁਣਿਆ, ਦੇਖਿਆ ਉਸ ਗੱਲਬਾਤ ਨੂੰ ਸ਼ਬਦਾਂ ਦੇ ਰੂਪ ਵਿੱਚ ਲਿਖਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਬੇਸ਼ੱਕ ਉਹ ਸਖਸ਼ੀਅਤ ਵਿਦੇਸ਼ ਇੰਗਲੈਂਡ ਦੀ ਧਰਤੀ ਤੇ ਪਰਿਵਾਰ ਸਾਹਿਤ ਜਾ ਕੇ ਵਸ ਗਏ ਹਨ ਪਰ ਉਹ ਆਪਣੇ ਇਲਾਕੇ, ਜ਼ਿਲੇ, ਪੰਜਾਬ ਵਿਚ ਕਿਸੇ ਜਾਣ ਪਹਿਚਾਣ ਦੀ ਮੁਹਤਾਜ ਨਹੀਂ ਉਹ ਹਨ ਸ. ਕੁਲਵੰਤ ਸਿੰਘ ਸੰਘਾ ਪ੍ਰਧਾਨ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਉਨ੍ਹਾਂ ਦੇ ਜੀਵਨ ਸੰਬੰਧੀ ਇਕੱਤਰ ਕੀਤੀ ਜਾਣਕਾਰੀ ਮੁਤਾਬਕ ਕੁਲਵੰਤ ਸਿੰਘ ਸੰਘਾ ਹੋਰਾਂ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਲੰਗੇਰੀ ਵਿਖੇ 2 ਫਰਵਰੀ 1962 ਨੂੰ ਸਵਰਗੀ ਮਾਤਾ ਬਲਵੰਤ ਕੌਰ ਜੀ ਦੇ ਕੁਖੋਂ ਪਿਤਾ ਸ. ਮਾਲਾ ਸਿੰਘ ਹੋਰਾਂ ਦੇ ਘਰ ਹੋਇਆ

ਕੁਲਵੰਤ ਸਿੰਘ ਸੰਘਾ ਹੋਰਾਂ ਨੇ ਮੁੱਢਲੀ ਪੜ੍ਹਾਈ ਮਾਹਿਲਪੁਰ ਸਕੂਲ ਤੋਂ ਕੀਤੀ ਜਿਵੇਂ ਅਕਸਰ ਕਿਹਾ ਜਾਂਦਾ ਹੈ ਕੇ ਹੋਣਹਾਰ ਵਿਰਵਾਨ ਕੇ ਹੋਤ ਚਿਕਨੇ ਚਿਕਨੇ ਪਾਤ ਮੁੱਢਲੀ ਪੜ੍ਹਾਈ ਦੌਰਾਨ ਹੀ ਕੁਲਵੰਤ ਸਿੰਘ ਸੰਘਾ ਹੋਰਾਂ ਨੂੰ ਫੁੱਟਬਾਲ ਖੇਡਣ ਦਾ ਬਹੁਤ ਸ਼ੌਕ ਸੀ, ਹੋਵੇ ਵੀ ਕਿਵੇਂ ਨਾ ਫੁੱਟਬਾਲ ਦੀ ਨਰਸਰੀ ਵਜੋਂ ਜਾਣੇ ਜਾਂਦੇ ਇਲਾਕੇ ਦੇ ਜੰਮਪਲ ਤੇ ਫਿਰ ਪੜ੍ਹਾਈ ਵੀ ਮਾਹਿਲਪੁਰ ਵਿੱਚ ਬੱਸ ਸੋਨੇ ਤੇ ਸੁਹਾਗੇ ਵਾਲੀ ਗੱਲ ਸੀ ਤੇ ਮੁੱਢਲੀ ਪੜ੍ਹਾਈ ਦੌਰਾਨ ਖੇਡ ਹੌਲੀ ਹੌਲੀ ਵਧੀਆ ਹੁੰਦੀ ਗਈ ਤੇ ਮੁੱਢਲੀ ਪੜ੍ਹਾਈ ਵੀ ਪੂਰੀ ਹੋ ਗਈ ਤੇ ਮਾਹਿਲਪੁਰ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਿਜ ਵਿੱਚ ਪੜ੍ਹਾਈ ਲਈ ਦਾਖਲਾ ਲੈ ਲਿਆ ਤੇ ਖੇਡ ਨਿਰੰਤਰ ਜਾਰੀ ਰੱਖੀ ਤੇ ਕਿਹਾ ਜਾਂਦਾ ਹੈ ਜਦੋਂ ਜੌਹਰੀ ਦੀ ਪਾਰਖੂ ਨਿਗਾਹ ਕਿਸੇ ਹੀਰੇ ਤੇ ਪੈਂਦੀ ਹੈ ਤੇ ਫਿਰ ਜੀਵਨ ਵਿੱਚ ਮੰਜਿਲਾਂ ਆਪਣੇ ਆਪ ਸਰ ਹੁੰਦੀਆਂ ਰਹਿੰਦੀਆਂ ਹਨ ਸੋ ਇਸੇ ਤਰ੍ਹਾਂ ਦੇ ਜੌਹਰੀ ਫੁੱਟਬਾਲ ਕੋਚ ਰਾਜਿੰਦਰ ਸ਼ਰਮਾ ਦੀ ਨਿਗਾਹ ਕੁਲਵੰਤ ਸਿੰਘ ਸੰਘਾ ਤੇ ਪਈ ਤੇ ਉਨ੍ਹਾਂ ਨੇ ਸ. ਸੰਘਾ ਨੂੰ ਸੋਨੇ ਤੋਂ ਕੁੰਦਨ ਬਣਾਉਂਦਿਆਂ ਪਹਿਲੇ ਦਰਜੇ ਦਾ ਫੁੱਟਬਾਲਰ ਬਣਾ ਦਿੱਤਾ ਤੇ ਪ੍ਰਿੰਸੀਪਲ ਗੁਰਮੀਤ ਸਿੰਘ ਹੋਰਾਂ ਦੀ ਪੂਰਨ ਗੌਰ ਨੇ ਸ. ਸੰਘਾ ਹੋਰਾਂ ਨੂੰ ਅਨੁਸ਼ਾਸ਼ਿਤ ਖਿਡਾਰੀ ਬਣਾ ਦਿੱਤਾ।

ਇਸੇ ਤਰ੍ਹਾਂ ਸਮਾਂ ਆਪਣੀ ਚਾਲੇ ਚੱਲਦਾ ਗਿਆ ਇਕ ਦਿਨ ਸ. ਸੰਘਾ ਹੋਰਾਂ ਦਾ ਸਮਾਂ ਤਬਦੀਲ ਹੋਣ ਲੱਗਾ ਉਨ੍ਹਾਂ ਦਿਨਾਂ ਵਿੱਚ ਸ਼੍ਰੀ ਗੁਰੂ ਗੋਬਿੰਦ ਖਾਲਸਾ ਕਾਲਿਜ ਦੇ ਸਭ ਖਿਡਾਰੀ ਮਾਹਿਲ ਪੁਰ ਦੀ ਉਸ ਸਮੇਂ ਦੀ ਮਸ਼ਹੂਰ ਤੇ ਕਾਲਿਜ ਦੇ ਬਿਲਕੁਲ ਨਜ਼ਦੀਕ ਪੰਡਿਤ ਹਰੀ ਓਮ ਹੋਰਾਂ ਦੀ ਦੁਕਾਨ ਤੇ ਬੈਠੇ ਗੱਲਬਾਤ ਕਰ ਰਹੇ ਸਨ ਤਾਂ ਅਚਾਨਕ ਇੱਕ ਅਣਜਾਣ ਵਿਆਕਤੀ ਇਨ੍ਹਾਂ ਕੋਲ ਆਇਆ ਤੇ ਕਹਿਣ ਲੱਗਾ ਕਿ ਤੁਸੀ ਫੁੱਟਬਾਲ ਦੇ ਵਧੀਆ ਖਿਡਾਰੀ ਹੋ ਚਲੋ ਸਾਡੇ ਨਾਲ ਕਾਲਕਾ ਕਲੱਬ ਵਲੋਂ ਆਲ ਇੰਡੀਆ ਫੁੱਟਬਾਲ ਖੇਡੋ ਉਸ ਸਮੇਂ ਬੈਠੇ ਸ. ਸੰਘਾ ਤੇ ਉਨਾਂ ਦੇ 5 ਸਾਥੀਆਂ ਨੇ ਗੱਲ ਮੰਨੀ ਤੇ ਕਾਲਕਾ ਕਲੱਬ ਖੇਡਿਆ ਤੇ ਉਸ ਸਮੇਂ ਕਲੱਬ ਦਾ ਮੈਚ ਚੰਡੀਗੜ੍ਹ ਪੁਲਿਸ ਦੀ ਟੀਮ ਨਾਲ ਹੋਇਆ ਇਸ ਮੈਚ ਦੌਰਾਨ ਇਨ੍ਹਾਂ ਦੀ ਅਨੁਸ਼ਾਸ਼ਨ ਤੇ ਵਧੀਆ ਖੇਡ ਤੋਂ ਪ੍ਰਭਾਵਿਤ ਹੋ ਕੇ ਚੰਡੀਗੜ੍ਹ ਪੁਲਿਸ ਟੀਮ ਦੇ ਉਸ ਸਮੇਂ ਦੇ ਡੀ ਐਸ ਪੀ ਬੀ ਐਸ ਸਿੰਘ ਇਨ੍ਹਾਂ ਫੁੱਟਬਾਲਰਾਂ ਲਈ ਚੰਡੀਗੜ੍ਹ ਪੁਲਿਸ ਵਿੱਚ ਭਰਤੀ ਲਈ ਆਫਰ ਲੈਅ ਆਇਆ ਤੇ ਜਿਸ ਤੇ ਕੁਲਵੰਤ ਸਿੰਘ ਸੰਘਾ ਤੇ ਇਨ੍ਹਾਂ ਦੇ 3 ਹੋਰ ਸਾਥੀ 1979 ਵਿੱਚ ਚੰਡੀਗੜ੍ਹ ਪੁਲਿਸ ਵਿੱਚ ਭਰਤੀ ਹੋ ਗਏ ਤੇ 1985 ਤੱਕ ਲਗਾਤਾਰ ਚੰਡੀਗੜ੍ਹ ਪੁਲਿਸ ਦੇ ਟੀਮ ਵਿੱਚ ਖੇਡਦੇ ਰਹੇ ਜਿਸ ਦੌਰਾਨ ਓਲੰਪੀਅਨ ਜਰਨੈਲ ਸਿੰਘ ਹੋਰਾਂ ਦੇ ਕੋਚਿੰਗ ਕੈਂਪ ਦੌਰਾਨ ਇਨ੍ਹਾਂ ਦੀ ਖੇਡ ਵਿੱਚ ਸੋਨੇ ਤੇ ਸੁਹਾਗਾ ਵਾਲਾ ਪ੍ਰਭਾਵ ਪਿਆ ਤੇ ਸ. ਸੰਘਾ ਨੇ ਹਰਿਆਣਾ ਸਟੇਟ ਵਲੋਂ 2 ਵਾਰ ਨੈਸ਼ਨਲ ਫੁੱਟਬਾਲ ਚੈਂਪੀਅਨਸ਼ਿਪ ਸੰਤੋਸ਼ ਟਰਾਫੀ ਬਹੁਤ ਹੀ ਵਧੀਆ ਖੇਡਿਆ ਤੇ ਇਸ ਤਰ੍ਹਾਂ ਸ. ਸੰਘਾ ਦੀ ਚੰਡੀਗੜ੍ਹ ਪੁਲਿਸ ਵਿੱਚ ਖੇਡ ਦੌਰਾਨ ਪੂਰੀ ਝੰਡੀ ਰਹੀ ਇਸੇ ਤਰ੍ਹਾਂ ਇਨ੍ਹਾਂ ਨੇ ਚੰਡੀਗੜ੍ਹ ਫੁੱਟਬਾਲ ਐਸੋਸੀਏਸ਼ਨ ਵਲੋਂ ਵੀ ਕਈ ਅਹਿਮ ਮੁਕਾਬਲਿਆਂ ਵਿੱਚ ਆਪਣੀ ਅਨੁਸ਼ਾਸਨ ਭਰਪੂਰ, ਵਧੀਆ ਤੇ ਵਿਲੱਖਣ ਖੇਡ ਦਾ ਪ੍ਰਦਰਸ਼ਨ ਕੀਤਾ ਸ. ਸੰਘਾ ਦੀ ਇਹ ਇੱਕ ਖਾਸੀਅਤ ਰਹੀ ਹੈ ਕਿ ਕਈ ਵਾਰ ਲੈਫਟ ਆਊਟ



ਦਲਜੀਤ ਸਿੰਘ ਅਜਨੋਹਾ
ਬਿਊਰੋ ਚੀਫ਼
98721-83601


ਖੇਡਦੇ ਵੀ ਗੋਲ ਕਰਨ ਵਿੱਚ ਸਫਲ ਹੋ ਜਾਂਦੇ ਜੋਧਪੁਰ ਵਿਖੇ ਹੋਏ ਮੈਚ ਦੌਰਾਨ ਜੇ ਸੀ ਟੀ ਦੇ ਖਿਲਾਫ ਇਨ੍ਹਾਂ ਦੇ ਖੇਡ ਪ੍ਰਦਰਸ਼ਨ ਤੋਂ ਪ੍ਰਭਾਵਿਤ ਹੋ ਕੇ ਉਸ ਸਮੇ ਦੇ ਜੇ ਸੀ ਟੀ ਦੇ ਮੈਨੇਜਰ ਅਰਜੁਨ ਐਵਾਰਡੀ ਜਰਨੈਲ ਸਿੰਘ ਹੋਰਾਂ ਨੇ ਇਨ੍ਹਾਂ ਨੂੰ ਜੇ ਸੀ ਟੀ ਦੀ ਟੀਮ ਲਈ ਆਫਰ ਦਿੱਤੀ ਪਰੰਤੂ ਇਨ੍ਹਾਂ ਦਾ ਸਪਨਾ ਸੀ ਕੇ ਵਿਦੇਸ਼ ਦੀ ਧਰਤੀ ਤੇ ਜਾ ਕੇ ਸੈਟਲ ਹੋਣਾ ਜਿਸ ਲਈ ਹਮੇਸ਼ਾ ਇਹ ਕੋਸ਼ਿਸ਼ ਕਰਦੇ ਰਹਿੰਦੇ ਪਰ ਇਸ ਸਪਨਾ ਦੇ ਕਾਰਨ ਇਨ੍ਹਾਂ ਨੇ ਆਪਣੀ ਖੇਡ ਨੂੰ ਕਦੀ ਕਮਜ਼ੋਰ ਨਹੀਂ ਹੋਣ ਦਿੱਤਾ ਅਰਜੁਨ ਐਵਾਰਡੀ ਗੁਰਦੇਵ ਸਿੰਘ ਗਿੱਲ ਹੋਰਾਂ ਨੇ ਵੀ ਇਨ੍ਹਾਂ ਦੀ ਖੇਡ ਦੇਖ ਕੇ ਪੰਜਾਬ ਪੁਲਿਸ ਵਿੱਚ ਆਉਣ ਦੀ ਗੱਲ ਕਹੀ ਪਰ ਇਨ੍ਹਾਂ ਨੇ ਆਪਣੀ ਵਿਦੇਸ਼ ਜਾਣ ਦੀ ਇੱਛਾ ਦੱਸ ਦਿੱਤੀ ਸ. ਸੰਘਾ ਨੇ ਦੱਸਿਆ ਕਿ ਉਨਾਂ ਨੂੰ ਪ੍ਰੋਫੈਸ਼ਨਲ ਖਿਡਾਰੀ ਬਣਾਉਣ ਵਾਲੇ ਓਲੰਪੀਅਨ ਜਰਨੈਲ ਸਿੰਘ ਹੀ ਹਨ ਜਿਨ੍ਹਾਂ ਨੇ ਐਸਐਸਪੀਆਰਕੇ ਨਿਓਗੀ ਦੇ ਕਹਿਣ ਤੇ ਇਨ੍ਹਾਂ ਦੇ ਕਈ ਕੈਂਪ ਵੀ ਲਗਵਾਏ।

ਜਿੰਦਗੀ ਦੀ ਅਭੁੱਲ ਯਾਦ।

ਕੁਲਵੰਤ ਸਿੰਘ ਸੰਘਾ ਮੁਤਾਬਕ ਕਈ ਵਾਰ ਜ਼ਿੰਦਗੀ ਦੇ ਵਿੱਚ ਉਹ ਘਟਨਾਵਾਂ ਵੀ ਘਟ ਜਾਂਦੀਆਂ ਹਨ ਜਿਹੜੀਆਂ ਕਿਸੇ ਵਿਅਕਤੀ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚੀਆ ਹੁੰਦੀਆਂ ਇਸੇ ਤਰ੍ਹਾਂ ਦੇ ਘਟਨਾਂ ਉਨ੍ਹਾਂ ਸ਼ੇਅਰ ਕੀਤੀ ਕੇ ਅਕਤੂਬਰ 1984 ਦੇ ਦੌਰਾਨ ਉੱਤਰ ਪ੍ਰਦੇਸ਼ ਦੇ ਬਸਤੀ ਸ਼ਹਿਰ ਵਿੱਚ ਉਨ੍ਹਾਂ ਦੀ ਟੀਮ ਮੈਚ ਖੇਡਣ ਗਏ ਦੰਗਿਆਂ ਦਾ ਸ਼ਿਕਾਰ ਹੋਣ ਤੋਂ ਬਚ ਗਏ। ਜਿੱਥੇ ਉਨਾਂ ਦੀ ਸਹਾਇਤਾ ਉਨ੍ਹਾਂ ਦੇ ਇਨਾਮੀ ਬੈਗਾਂ ਨੇ ਕੀਤੀ ਜਿਨ੍ਹਾਂ ਉਤੇ ਸੰਜੇ ਗਾਂਧੀ ਗੋਲਡ ਕੱਪ ਦਾ ਲੋਗੋ ਲੱਗਿਆ ਹੋਇਆ ਸੀ ਇਹ ਕੱਪ ਉਨ੍ਹਾਂ ਨੇ ਇਸ ਘਟਨਾਂ ਤੋਂ ਕੁਝ ਦਿਨ ਪਹਿਲਾਂ ਹੀ ਖੇਡਿਆ ਸੀ ਇਨ੍ਹਾਂ ਦੀ ਪੂਰੀ ਟੀਮ ਹੁਣ ਵੀ ਉਸ ਘਟਨਾ ਨੂੰ ਆਪਣਾ ਦੂਸਰਾ ਜਨਮ ਮੰਨਦੀ ਹੈ ਜਿਸ ਨੂੰ ਸੋਚ ਕੇ ਅੱਜ ਵੀ ਉਨ੍ਹਾਂ ਦੀ ਰੂਹ ਕੰਬ ਜਾਂਦੀ ਹੈ।

ਸਮੇਂ ਨੇ ਆਪਣੀ ਰਫਤਾਰ ਫੜੀ ਕੁਲਵੰਤ ਸਿੰਘ ਸੰਘਾ ਹੋਰਾਂ ਦੀ ਵਿਦੇਸ਼ ਜਾਣ ਦੀ ਇੱਛਾ ਨੂੰ ਬੂਰ ਪੈਣ ਲੱਗਾ ਤੇ 1985 ਵਿੱਚ ਇਨ੍ਹਾਂ ਦੀ ਸ਼ਾਦੀ ਇੰਗਲੈਂਡ ਵਿਚ ਵੱਸਦੇ ਕੁਲਵਿੰਦਰ ਕੌਰ ਹੋਰਾਂ ਨਾਲ ਹੋ ਗਈ ਤੇ 1987 ਤੋਂ ਵਿਦੇਸ਼ ਦੀ ਧਰਤੀ ਤੇ ਕੁਲਵੰਤ ਸਿੰਘ ਸੰਘਾ ਹੋਰੀ ਆਪਣੀ ਮਿਹਨਤ, ਲਗਨ, ਇਮਾਨਦਾਰੀ ਨਾਲ ਕਾਮਯਾਬੀ ਦੀਆਂ ਪੌੜੀਆਂ ਚੜ੍ਹਨ ਲੱਗੇ ਤੇ ਉਨਾਂ ਨੇ ਆਪਣਾ ਕੱਪੜੇ ਦਾ ਕਾਰੋਬਾਰ ਸ਼ੁਰੂ ਕਰ ਲਿਆ। ਕੁਲਵੰਤ ਸਿੰਘ ਸੰਘਾ ਬਹੁਤ ਹੀ ਮਿਲਣਸਾਰ, ਮਿੱਠ ਬੋਲੜਾ ਇਮਾਨਦਾਰ ਤੇ ਆਪਣੇ ਕੰਮ ਨੂੰ ਸਮਰਪਿਤ ਭਾਵਨਾ ਨਾਲ ਕਰਨ ਵਾਲਾ ਵਿਆਕਤੀ ਹੈ। ਇਸੇ ਕਾਰਨ ਕਰਕੇ ਸਮਾਜ ਦੇ ਹਰ ਵਰਗ ਦੇ ਲੋਕ ਉਨ੍ਹਾਂ ਦਾ ਸਤਿਕਾਰ ਕਰਦੇ ਹਨ ਕੁਲਵੰਤ ਸਿੰਘ ਸੰਘਾ ਹੋਰਾਂ ਦੇ ਪਰਿਵਾਰ ਦੀ ਗੱਲ ਕਰੀਏ ਤਾਂ ਪਰਿਵਾਰ ਵਿੱਚ ਉਨ੍ਹਾਂ ਦੇ ਵੱਡੀ ਬੇਟੀ ਅੰਮ੍ਰਿਤ ਕੌਰ ਸੀ ਏ ਹਨ ਤੇ ਉਨ੍ਹਾਂ ਦਾ ਪਤੀ ਗੁਰਦੀਪ ਸਿੰਘ ਵੀ ਸੀ ਏ ਹਨ ਤੇ ਛੋਟੀ ਬੇਟੀ ਅਮਨ ਕੌਰ ਅਧਿਆਪਕ ਹਨ ਤੇ ਉਨ੍ਹਾਂ ਦਾ ਪਤੀ ਸਤਵੀਰ ਸਿੰਘ ਇੰਜਨੀਅਰ ਹਨ ਤੇ ਬੇਟਾ ਅਮਰ ਸਿੰਘ ਸੰਘਾ ਮਾਸਟਰ ਡਿਗਰੀ ਕਰਨ ਉਪਰੰਤ ਉਨ੍ਹਾਂ ਦੇ ਨਾਲ ਕਾਰੋਬਾਰ ਵਿੱਚ ਹੱਥ ਵਟਾ ਰਹੇ ਹਨ ਕੁਲਵੰਤ ਸਿੰਘ ਸੰਘਾ ਆਪਣੇ ਜੱਦੀ ਪਿੰਡ ਲੰਗੇਰੀ ਵਿੱਚ ਵੀ ਹਰ ਸਾਲ ਫੁੱਟਬਾਲ ਟੂਰਨਾਮੈਂਟ ਕਰਵਾਉਂਦੇ ਹਨ ਤਾਂ ਕੇ ਨੌਜਵਾਨਾਂ ਵਿੱਚ ਫੁੱਟਬਾਲ ਪ੍ਰਤੀ ਉਤਸ਼ਾਹ ਬਣਿਆ ਰਹੇ ਤੇ ਓਹ ਪ੍ਰਿੰਸੀਪਲ ਬੀ ਕੇ ਬਾਲੀ ਦਾ ਆਪਣੇ ਫੁੱਟਬਾਲ ਖੇਡ ਵਿੱਚ ਕਾਫੀ ਯੋਗਦਾਨ ਮੰਨਦੇ ਹਨ।

ਕੁਲਵੰਤ ਸਿੰਘ ਸੰਘਾ ਹੋਰਾਂ ਨੇ 2008 ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਦੇ ਤਤਕਾਲੀਨ ਪ੍ਰਧਾਨ ਹਰਬੰਸ ਸਿੰਘ ਬੈਂਸ ਹੋਰਾਂ ਦੀ ਸਲਾਹ ਨਾਲ ਪ੍ਰਿੰਸੀਪਲ ਸਾਹਿਬ ਦੀ ਯਾਦ ਵਿੱਚ ਇੰਗਲੈਂਡ ਵਿਖੇ ਐਜੂਕੇਸ਼ਨਕਲ ਸਪੋਰਟਸ ਟਰੱਸਟ ਲਿਸਟਰ ਯੂ ਕੇ ਸਥਾਪਿਤ ਕੀਤਾ ਜਿਸ ਰਾਹੀਂ ਲੱਖਾਂ ਰੁਪਏ ਦੀ ਰਾਸ਼ੀ ਕਲੱਬ ਨੂੰ ਭੇਜੀ ਜਾਣ ਲੱਗੀ ਤੇ ਇਸੇ ਦੌਰਾਨ ਫੁੱਟਬਾਲ ਖੇਡ ਤੇ ਕਲੱਬ ਪ੍ਰਤੀ ਕੁਲਵੰਤ ਸਿੰਘ ਸੰਘਾ ਹੋਰਾਂ ਦਾ ਲਗਾਵ ਦੇਖਦਿਆਂ ਇਨ੍ਹਾਂ ਨੂੰ 2012 ਵਿੱਚ ਕਲੱਬ ਦਾ ਪ੍ਰਧਾਨ ਚੁਣ ਲਿਆ ਗਿਆ ਤੇ 2012 ਤੋਂ ਲੈਅ ਕੇ ਹੁਣ ਤੱਕ ਕਲੱਬ ਵਲੋਂ ਉਨ੍ਹਾਂ ਦੀ ਅਗਵਾਈ ਵਿਚ ਹਰ ਸਾਲ ਪ੍ਰਿੰਸੀਪਲ ਹਰਭਜਨ ਸਿੰਘ ਹੋਰਾਂ ਦੀ ਯਾਦ ਵਿੱਚ ਆਲ ਇੰਡੀਆ ਪੱਧਰ ਦਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾਂਦਾ ਹੈ ਜਿਸ ਤੇ ਲੱਖਾਂ ਰੁਪਏ ਖ਼ਰਚ ਹੁੰਦੇ ਹਨ ਤੇ ਖਿਡਾਰੀਆਂ ਨੂੰ ਉਨ੍ਹਾਂ ਦੇ ਖੇਡ ਮੁਤਾਬਕ ਲੱਖਾਂ ਰੁਪਏ ਦੇ ਇਨਾਮ ਦੇ ਕੇ ਨਿਵਾਜਿਆ ਜਾਂਦਾ ਹੈ। ਇਸੇ ਤਰ੍ਹਾਂ ਸ. ਸੰਘਾ ਹੋਰਾਂ ਦੀ ਅਗਵਾਈ ਵਿੱਚ ਕਲੱਬ ਵਲੋਂ ਟੂਰਨਾਮੈਂਟ ਤੋਂ ਇਲਾਵਾ ਪਿੰਡਾਂ ਵਿੱਚ ਕੋਚਿੰਗ ਸੈਂਟਰ ਤੇ ਫੁੱਟਬਾਲ ਅਕੈਡਮੀਆਂ ਵੀ ਚਲਦੀਆਂ ਹਨ ਜਿਨ੍ਹਾਂ ਵਿਚ ਸਮਰ ਲੀਗ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

ਅਗਰ ਕੁਲਵੰਤ ਸਿੰਘ ਸੰਘਾ ਵਾਰੇ ਹੋਰ ਲੰਮੇਰੀ ਗੱਲ ਕਰੀਏ ਤਾਂ ਉਹ 2010 ਵਿੱਚ ਕਬੱਡੀ ਖੇਡ ਦੀ ਪ੍ਰਮੋਸ਼ਨ ਲਈ ਐਸ ਜੀ ਪੀ ਸੀ ਦੀ ਟੀਮ ਇੰਗਲੈਂਡ ਲੈ ਕੇ ਗਏ ਤੇ ਮੌਜੂਦਾ ਸਮੇਂ ਦੌਰਾਨ ਉਹ ਵੱਖ-ਵੱਖ ਜਥੇਬੰਦੀਆਂ ਫੁੱਟਬਾਲ ਕਲੱਬਾਂ ਦੇ ਅਹੁਦਿਆਂ 'ਤੇ ਵੀ ਸੇਵਾਵਾਂ ਦੇ ਰਹੇ ਹਨ ਜਿਨ੍ਹਾਂ ਵਿੱਚ ਕਬੱਡੀ ਫੈਡਰੇਸ਼ਨ ਯੂ ਕੇ ਦੇ ਚੇਅਰਮੈਨ, ਸ਼੍ਰੀ ਅਨੰਦਪੁਰ ਸਾਹਿਬ ਸਪੋਰਟਸ ਐਂਡ ਕਲਚਰਲ ਕਲੱਬ ਯੂ ਕੇ ਦੇ ਜਨਰਲ ਸਕੱਤਰ, ਲਿਸਟਰ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਹਨ ਤੇ ਪਿੰਡ ਦੇ ਸਕੂਲ ਦੀ ਫੁੱਟਬਾਲ ਟੀਮ ਤੋਂ ਲੈ ਕੇ ਹੁਣ ਤੱਕ ਜਿਸ ਵੀ ਕਾਰਜ ਨੂੰ ਕਰਦੇ ਹਨ ਹਮੇਸ਼ਾ ਮਾਰਗਦਰਸ਼ਕ ਵਜੋਂ ਹੀ ਵਿਚਰਦੇ ਹਨ। ਇਨ੍ਹਾਂ ਤੋਂ ਇਲਾਵਾ ਉਹ ਸਾਹਿਤ ਅਤੇ ਕਲਾ ਦੇ ਜਿੱਥੇ ਪ੍ਰੇਮੀ ਹਨ ਉਥੇ ਉਨ੍ਹਾਂ ਦੇ ਕਹਿਣਾ ਹੈ ਕਿ ਉਹ ਸਰਬੱਤ ਦਾ ਭਲਾ ਖੇਡਾਂ ਤੇ ਸੱਭਿਆਚਾਰ ਰਾਹੀਂ ਕਰਨਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਉਹ ਪਿਛਲੇ ਕਈ ਸਾਲਾਂ ਤੋਂ ਫੁੱਟਬਾਲ ਪ੍ਰਤੀ ਸਮਰਪਿਤ ਹੋ ਕੇ ਖੇਡੇ ਵੀ ਹਨ ਤੇ ਹੁਣ ਟੂਰਨਾਮੈਂਟ ਵੀ ਕਰਵਾ ਰਹੇ ਹਨ ਪਰ ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਖਿਡਾਰੀਆਂ ਕੋਲ ਅਨੁਸ਼ਾਸਨ ਦੀ ਘਾਟ ਹੈ ਖਿਡਾਰੀ ਨੂੰ ਹਮੇਸ਼ਾ ਖੇਡ ਸਮਰਪਿਤ ਭਾਵਨਾ ਨਾਲ ਖੇਡਣੀ ਚਾਹੀਦੀ ਹੈ ਤੇ ਖਿਡਾਰੀ ਨਿਮਰ ਭਾਵ ਨਾਲ ਹਰ ਮੰਜ਼ਿਲ ਤੈਅ ਕਰ ਜਾਂਦਾ ਹੈ ਉਨ੍ਹਾਂ ਸਰਕਾਰਾਂ ਨੂੰ ਅਪੀਲ ਵੀ ਕੀਤੀ ਕਿ ਖੇਡ ਮੰਤਰੀ ਕਿਸੇ ਖਿਡਾਰੀ ਨੂੰ ਹੀ ਬਣਾਉਣਾ ਚਾਹੀਦਾ ਹੈ ਤੇ ਹਰ ਵਿਅਕਤੀ ਨੂੰ ਆਪਣੀ ਸਮਰੱਥਾ ਅਨੁਸਾਰ ਸਮਾਜ ਭਲਾਈ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣ ਚਾਹੀਦਾ ਹੈ ਵੱਡੀਆਂ ਕੰਪਨੀਆਂ ਨੂੰ ਫੁੱਟਬਾਲ ਦੇ ਨਾਲ ਨਾਲ ਦੂਸਰੀਆਂ ਖੇਡਾਂ ਦੇ ਕਲੱਬ ਵੀ ਬਣਾਉਣੇ ਚਾਹੀਦੇ ਹਨ। ਅਗਰ ਸਾਡੀਆਂ ਖੇਡਾਂ ਦਾ ਵਿਕਾਸ ਹੋਵੇਗਾ ਤਾਂ ਹੀ ਤੰਦਰੁਸਤ ਤੇ ਨਿਰੋਗ ਸਮਾਜ ਦਾ ਨਿਰਮਾਣ ਹੋਵੇਗਾ।



# श्री गुरु रविदास महाराज जी के प्रकाश पर्व को समर्पित धार्मिक समागम के दौरान डाक्टर दलजीत अजनोहा को प्रबंधकों द्वारा सम्मानित किया गया



होशियारपुर, (दलजीत अजनोहा) - श्री गुरु रविदास गुरुद्वारा साहिब सैला खुर्द में श्री गुरु रविदास जी महाराज के प्रकाश पर्व को समर्पित धार्मिक समागम करवाया गया इस अवसर पर पहले श्री अखंड पाठ साहिब जी के भोग डाले गए उपरांत कीर्तनी जत्थों द्वारा संगतों को गुरबाणी के मनोहर कीर्तन कथा विचारों से निहाल किया और प्रबंधकों द्वारा समागम में विशेष तौर पर पहुंचे डाक्टर दलजीत अजनोहा को उन्हें अमरीका के सीडरबरुक यूनिवर्सिटी द्वारा डॉक्टरेट की डिग्री मिलने पर सम्मानित किया गया इस अवसर पर प्रबंधकों के साथ साथ क्षेत्र के अन्य गणमान्य लोग भी उपस्थित थे

# गांव पट्टी में बाबा शुक देव जी के स्थान पर धार्मिक समागम करवाया गया

## इस समागम दौरान पंडित राजीव कुमार शर्मा के समूह परिवार और ग्राम पंचायत की ओर से डाक्टर दलजीत अजनोहा को सम्मानित किया गया



होशियारपुर (दलजीत अजनोहा) - गांव पट्टी के धार्मिक स्थान पर महंत पवन कुमार दास जी के नेतृत्व धार्मिक समागम करवाया गया इस अवसर पर पंडित राजीव कुमार शर्मा के समूह परिवार की ओर कुटिया में नियाज़ दी गई और पूजा अर्चना की गई इस अवसर पर राजीव कुमार और उनके परिवार द्वारा दलजीत अजनोहा को पी एच डी की डिग्री मिलने पर सम्मानित किया गया

# ਪੰਜਾਬ ਦੀਆਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਬੂਥ ਲੈਵਲ ਏਜੰਟ ਨਿਯੁਕਤ ਕਰਨ ਦੀ ਅਪੀਲ

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ 28 ਫਰਵਰੀ ਤੱਕ ਏਜੰਟ ਨਿਯੁਕਤ ਕਰਨ ਲਈ ਚਿੱਠੀ ਲਿਖੀ

ਚੰਡੀਗੜ੍ਹ : ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਸੂਬੇ ਦੀਆਂ ਸਾਰੀਆਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ 28 ਫਰਵਰੀ ਤੱਕ ਆਪਣੇ ਬੂਥ ਲੈਵਲ ਏਜੰਟ ਨਿਯੁਕਤ ਕਰਨ ਲਈ ਪੱਤਰ ਲਿਖਿਆ ਹੈ।



ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਸਾਰੀਆਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਵੱਲੋਂ ਨਿਯੁਕਤ ਕੀਤੇ ਜਾਣ ਵਾਲੇ ਬੂਥ ਲੈਵਲ ਏਜੰਟ ਸਬੰਧਤ ਪੋਲਿੰਗ ਸਟੇਸ਼ਨਾਂ ਦੇ ਬੂਥ ਲੈਵਲ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਨਗੇ ਅਤੇ ਯੋਗ ਨਾਗਰਿਕਾਂ ਨੂੰ ਚੋਣ ਸੂਚੀ ਵਿੱਚ ਸ਼ਾਮਲ ਕਰਾਉਣ, ਹਟਾਉਣ, ਸੋਧਣ ਅਤੇ ਤਬਾਦਲੇ ਲਈ ਅਰਜ਼ੀਆਂ ਦਾਇਰ ਕਰਨ ਵਿੱਚ ਮਦਦ ਕਰਨਗੇ। ਪੱਤਰ ਵਿੱਚ ਲਿਖਿਆ ਗਿਆ ਹੈ ਕਿ ਹਰ ਮਾਨਤਾ ਪ੍ਰਾਪਤ ਸਿਆਸੀ ਪਾਰਟੀ 23 ਜ਼ਿਲ੍ਹਾ ਨੁਮਾਇੰਦਿਆਂ (ਜਾਂ ਜ਼ਿਆਦਾ) ਦੀ ਸੂਚੀ ਮੁੱਖ ਚੋਣ ਅਧਿਕਾਰੀ ਦੇ ਦਫਤਰ ਨੂੰ ਭੇਜਣ, ਜੋ ਕਿ ਅੱਗੋਂ 28 ਫਰਵਰੀ ਤੱਕ ਸਬੰਧਤ ਜ਼ਿਲ੍ਹੇ ਵਿੱਚ ਬੂਥ ਲੈਵਲ ਏਜੰਟ ਨਿਯੁਕਤ ਕਰਨ ਲਈ ਅਧਿਕਾਰਤ ਹੋਣ। ਉਨ੍ਹਾਂ ਕਿਹਾ ਕਿ ਇਸ ਬਾਰੇ ਜ਼ਿਆਦਾ ਜਾਣਕਾਰੀ ਦੇਣ ਅਤੇ ਸਵਾਲਾਂ ਦੇ ਜਵਾਬ ਦੇਣ ਲਈ ਅਗਲੇ ਹਫਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਇੱਕ ਮੀਟਿੰਗ ਕੀਤੀ ਜਾਵੇਗੀ। ਮੁੱਖ ਚੋਣ ਅਧਿਕਾਰੀ ਨੇ ਸਾਰੀਆਂ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੂੰ ਬੂਥ ਲੈਵਲ ਏਜੰਟ ਨਿਯੁਕਤ ਕਰਨ ਬਾਬਤ ਭਾਰਤੀ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ, ਤਾਂ ਜੋ ਬੂਥ ਲੈਵਲ ਏਜੰਟਾਂ ਦੀ ਨਿਯੁਕਤੀ ਤੋਂ ਬਾਅਦ ਵੋਟਰ ਸੂਚੀਆਂ ਨੂੰ ਤਿਆਰ ਕਰਨ ਅਤੇ ਸੋਧ ਵਿੱਚ ਪੂਰੀ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਜਾ ਸਕੇ।

# ਡਾ. ਦਲਜੀਤ ਸਿੰਘ ਅਜਨੋਹਾ ਨੂੰ ਪੱਤਰਕਾਰੀ 'ਚ



ਕਪੂਰਥਲਾ, (ਦਲਜੀਤ ਅਜਨੋਹਾ) : ਕਪੂਰਥਲਾ ਜ਼ਿਲ੍ਹੇ ਦੇ ਪਿੰਡ ਸਾਹਨੀ ਵਿਖੇ ਗੁਰੂ ਹਰਿਕ੍ਰਿਸ਼ਨ ਚੈਰੀਟੇਬਲ ਫਾਊਂਡੇਸ਼ਨ ਵਲੋਂ ਪੱਤਰਕਾਰੀ ਦੇ ਖੇਤਰ 'ਚ ਪੀਐਚਡੀ ਪ੍ਰਾਪਤ ਕਰਕੇ ਸਮਾਜ ਵਿੱਚ ਇੱਕ ਮਿਸਾਲ ਕਾਇਮ ਕਰਨ ਵਾਲੇ ਪੱਤਰਕਾਰ ਡਾਕਟਰ ਦਲਜੀਤ ਸਿੰਘ ਅਜਨੋਹਾ ਨੂੰ ਸਨਮਾਨਿਤ ਕੀਤਾ ਗਿਆ।

ਇਸ ਵਿਸ਼ੇਸ਼ ਮੌਕੇ ਪ੍ਰਿੰਸੀਪਲ ਡਾਕਟਰ ਗੁਰਨਾਮ ਸਿੰਘ ਰਸੂਲਪੁਰ ਅਤੇ ਜਸਵੰਤ ਸਿੰਘ ਪ੍ਰਧਾਨ ਕਰਮਯੋਗੀ ਚੈਰੀਟੇਬਲ ਸੋਸਾਇਟੀ ਫਗਵਾੜਾ, ਸੀਨੀਅਰ ਪੱਤਰਕਾਰ ਰੀਤ ਪ੍ਰੀਤ ਪਾਲ ਸਿੰਘ, ਕਿਰਪਾਲ ਸਿੰਘ ਪਰਮਾਰ, ਸ਼ਨੀ ਮਿਹਤਾ, ਅਵਤਾਰ ਸਿੰਘ ਭੋਗਲ, ਹਰਜੀਤ ਸਿੰਘ ਜਸਵਾਲ, ਵਿਨੋਦ ਸ਼ਰਮਾ ਨੇ ਡਾਕਟਰ ਦਲਜੀਤ ਸਿੰਘ ਅਜਨੋਹਾ ਦੀ ਕਾਬਲੀਅਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਇਹ ਸਫਲਤਾ ਪੱਤਰਕਾਰੀ ਦੇ ਖੇਤਰ ਵਿੱਚ ਨਵੇਂ ਯੁੱਗ ਦੀ ਸ਼ੁਰੂਆਤ ਹੈ ਅਤੇ ਡਾ. ਦਲਜੀਤ ਸਿੰਘ ਅਜਨੋਹਾ ਦੀ ਇਹ ਸਫਲਤਾ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਨੇ ਕਿਹਾ ਕਿ ਪੱਤਰਕਾਰੀ ਲੋਕਤੰਤਰ ਦਾ ਚੌਥਾ ਥੰਮ ?ਹ ਹੋਣ ਦੇ ਨਾਤੇ, ਪੱਤਰਕਾਰਤਾ ਵਿੱਚ ਉੱਚ ਤਾਲੀਮ ਹਾਸਲ ਕਰਨਾ ਸਮਾਜ ਦੀ ਭਲਾਈ ਵਾਸਤੇ ਇੱਕ ਵੱਡਾ ਕਦਮ ਹੈ।

# Providing better police services is our responsibility/Inspector Gagandeep Singh Sekhon



Hoshiarpur, (Daljeet Ajnoha) : Senior journalist Daljeet Ajnoha had a special conversation with SHO Mahilpur Inspector Gagandeep Singh Sekhon in which various issues related to police administration in the area were discussed. During this, the conversation focused on main issues like law and order, crime prevention, public safety and community participation.

SHO Gagandeep Singh Sekhon highlighted the efforts being made by the police department to maintain law and order. He said that the cooperation of the public is very important to maintain peace and order in the society. He discussed in detail the new schemes and security measures of the police.

He also said that he is working under the full cooperation and guidance of SSP Hoshiarpur Surender Lamba, who has played an important role in further strengthening the police services in the area. SHO Gagandeep Singh Sekhon said that as a result of the strong leadership of the SSP, the local police is getting the confidence to take swift action against crime, ensuring a safe environment for the public.



ਮਹੰਤ ਹਰੀ ਦਾਸ ਹੋਰਾਂ ਵਲੋਂ ਦਲਜੀਤ ਅਜਨੋਹਾ ਨੂੰ ਡਾਕਟਰੇਟ ਦੀ ਉਪਾਧੀ ਮਿਲਣ ਤੇ ਕੀਤਾ ਸਨਮਾਨਿਤ

# ਵਿੱਕੀ ਕੌਸ਼ਲ ਅਤੇ ਰਸ਼ਮਿਕਾ ਮੰਦਾਨਾ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ

## ਆਪਣੀ ਆਉਣ ਵਾਲੀ ਫਿਲਮ ਤੋਂ ਪਹਿਲਾਂ ਗੁਰੂ ਘਰ ਦੇ ਕੀਤੇ ਦਰਸ਼ਨ





ਅੰਮ੍ਰਿਤਸਰ : ਬੌਲੀਵੁੱਡ ਅਦਾਕਾਰ ਵਿੱਕੀ ਕੌਸ਼ਲ ਅਤੇ ਰਸ਼ਮਿਕਾ ਮੰਦਾਨਾ ਨੇ ਅੱਜ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਗੁਰੂ ਘਰ ਨਤਮਸਤਕ ਹੋਣ ਅਤੇ ਅਰਦਾਸ ਕਰਨ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਵਿੱਕੀ ਕੌਸ਼ਲ ਨੇ ਦੱਸਿਆ ਕਿ ਉਹ ਆਪਣੀ ਜ਼ਿੰਦਗੀ ਵਿਚ ਜਦੋਂ ਵੀ ਕੋਈ ਨਵਾਂ ਕੰਮ ਸ਼ੁਰੂ ਕਰਦਾ ਹੈ ਤਾਂ ਗੁਰੂ ਘਰ ਤੋਂ ਅਸ਼ੀਰਵਾਦ ਜ਼ਰੂਰ ਲੈਂਦਾ ਹੈ। ਉਹ ਜਦੋਂ ਵੀ ਕੋਈ ਨਵੀਂ ਫਿਲਮ ਸ਼ੁਰੂ ਕਰਦਾ ਹੈ ਤਾਂ ਗੁਰੂ ਘਰ ਨਤਮਸਤਕ ਜ਼ਰੂਰ ਹੁੰਦਾ ਹੈ। ਇਸ ਮੌਕੇ ਅਦਾਕਾਰਾ ਰਸ਼ਮਿਕਾ ਵੀ ਮੌਜੂਦ ਸੀ, ਜੋ ਵੀਲ੍ਹ ਚੇਅਰ ’ਤੇ ਸੀ। ਉਸ ਦੀ ਲੱਤ ਵਿਚ ਬੀਤੇ ਦਿਨੀਂ ਸੱਟ ਲੱਗ ਗਈ ਸੀ ਜਿਸ ਤੋਂ ਬਾਅਦ ਉਹ ਵੀਲ੍ਹ ਚੇਅਰ ’ਤੇ ਹੈ। ਇਸ ਦੌਰਾਨ ਹਰਿਮੰਦਰ ਸਾਹਿਬ ਵਿਖੇ ਉਸ ਦੇ ਪ੍ਰਸ਼ੰਸਕਾਂ ਨੇ ਆਪੋ-ਆਪਣੇ ਅੰਦਾਜ਼ ਵਿੱਚ ਜੀ ਆਇਆਂ ਕਿਹਾ। ਵਿੱਕੀ ਨੇ ਵੀ ਉਨ੍ਹਾਂ ਨੂੰ ਹੱਸ ਕੇ ਜਵਾਬ ਦਿੱਤਾ। ਇਸ ਮੌਕੇ ਵਿੱਕੀ ਨੇ ਆਪਣੀ ਆਉਣ ਵਾਲੀ ਫਿਲਮ ਦੀ ਸਫਲਤਾ ਲਈ ਅਰਦਾਸ ਕੀਤੀ।

ਮੀਡੀਆ ਨਾਲ ਗੱਲਬਾਤ ਦੌਰਾਨ ਉਸ ਨੇ ਦੱਸਿਆ ਕਿ ਅੰਮ੍ਰਿਤਸਰ ਦੀ ਉਸ ਲਈ ਵਿਸ਼ੇਸ਼ ਮਹੱਤਤਾ ਹੈ, ਇਹ ਉਸ ਨੂੰ ਆਪਣੇ ਘਰ ਅਤੇ ਆਪਣੇ ਪਿੰਡ ਵਾਂਗ ਲੱਗਦਾ ਹੈ। ਉਹ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਹੈ। ਇਸ ਤੋਂ ਬਾਅਦ ਦੋਵਾਂ ਨੇ ਇੱਥੋਂ ਦਾ ਆਲੂ ਕੁਲਚਾ ਅਤੇ ਪਰਾਂਠੇ ਵੀ ਖਾਧੇ। ਉਸ ਨੇ ਆਖਿਆ ਕਿ ਅੰਮ੍ਰਿਤਸਰ ਦੇ ਖਾਣੇ ਦਾ ਸਵਾਦ ਹੀ ਅਜਿਹਾ ਹੈ ਕਿ ਇਨ੍ਹਾਂ ਨੂੰ ਖਾਣ ਦੌਰਾਨ ਬਾਕੀ ਕੰਮ ਭੁੱਲ ਜਾਂਦਾ ਹੈ। ਇਸ ਮੌਕੇ ਉਸ ਨੇ ਆਪਣੀਆਂ ਕੁਝ ਫਿਲਮਾਂ ਬਾਰੇ ਵੀ ਚਰਚਾ ਕੀਤੀ ਅਤੇ ਆਪਣੇ ਤਜਰਬੇ ਵੀ ਸਾਂਝੇ ਕੀਤੇ।

# ਪੰਜਾਬੀਆਂ ਦੀ ਸ਼ਾਨ ਵੱਖਰੀ

## ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਵਿਦਿਆਰਥੀ





ਅੰਮ੍ਰਿਤਸਰ: ਅੰਮ੍ਰਿਤਸਰ ਵਿੱਚ ਇੱਕ ਪ੍ਰੋਗਰਾਮ ਦੌਰਾਨ ਰੰਗੇ ਬਰੰਗੇ ਪ੍ਰਭਾਵਸ਼ਾਲੀ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਵਿਦਿਆਰਥਣਾਂ ਆਪਣੇ ਖੁਸ਼ੀ ਦੇ ਪਲਾਂ ਵਿੱਚ।

## ਸਨੀ ਦਿਓਲ ਵੱਲੋਂ ‘ਬਾਰਡਰ-2’ ਦੀ ਸ਼ੂਟਿੰਗ ਸ਼ੁਰੂ

ਨਵੀਂ ਦਿੱਲੀ : ਬੌਲੀਵੁੱਡ ਅਦਾਕਾਰ ਸਨੀ ਦਿਓਲ ਨੇ ਝਾਂਸੀ ਵਿੱਚ ਫਿਲਮ ‘ਬਾਰਡਰ-2’ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਇਹ ਜੇਪੀ ਦੱਤਾ ਦੀ 1997 ਵਿੱਚ ਭਾਰਤ-ਪਾਕਿ ਜੰਗ ’ਤੇ ਆਧਾਰਿਤ ਫਿਲਮ ‘ਬਾਰਡਰ’ ਦਾ ਅਗਲਾ ਭਾਗ ਹੈ। ਫਿਲਮ ਦੇ ਸੈੱਟ ’ਤੇ ਸਨੀ ਦਿਓਲ ਨਾਲ ਉਨ੍ਹਾਂ ਦੇ ਸਹਿ-ਅਭਿਨੇਤਾ ਵਰੁਣ ਧਵਨ ਵੀ ਮੌਜੂਦ ਸਨ। ‘ਬਾਰਡਰ’ ਫਿਲਮ ਵਿੱਚ ਸਨੀ ਦਿਓਲ ਅਹਿਮ ਭੂਮਿਕਾ ’ਚ ਸਨ। ਨਿਰਮਾਤਾ ਬੈਨਰ ਟੀ-ਸੀਰੀਜ਼ ਨੇ ਅੱਜ ਆਪਣੇ ਅਧਿਕਾਰਤ ਐਕਸ ਅਕਾਊਂਟ ’ਤੇ ਫਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਬਾਰੇ ਜਾਣਕਾਰੀ ਦਿੱਤੀ। ਪੋਸਟ ’ਚ ਕਿਹਾ ਗਿਆ ਕਿ ਸਨੀ ਦਿਓਲ ਨੇ ‘ਬਾਰਡਰ-2’ ਦੇ ਸੈੱਟ ’ਤੇ ਵਰੁਣ ਧਵਨ ਨਾਲ ਝਾਂਸੀ ਛਾਉਣੀ ਵਿੱਚ ਫਿਲਮ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਅਨੁਰਾਗ ਸਿੰਘ ਵੱਲੋਂ ਨਿਰਦੇਸ਼ਿਤ ਫਿਲਮ ਵਿੱਚ ਦਿਲਜੀਤ ਦੋਸਾਂਝ ਤੇ ਅਹਾਨ ਸ਼ੈੱਟੀ ਵੀ ਨਜ਼ਰ ਆਉਣਗੇ। ਨਿਰਮਾਤਾਵਾਂ ਅਨੁਸਾਰ ਇਹ ਫਿਲਮ 23 ਜਨਵਰੀ 2026 ਨੂੰ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ। ਜ਼ਿਕਰਯੋਗ ਹੈ ਕਿ 1997 ਦੇ ਭਾਰਕ-ਪਾਕਿਸਤਾਨ ਜੰਗ ਦੇ ਇਕ ਮਹੱਤਵਪੂਰਨ ਅਧਿਆਏ ਨੂੰ ਦਰਸਾਉਣ ਵਾਲੀ ‘ਬਾਰਡਰ’ ਫਿਲਮ ਜੂਨ 1997 ਵਿੱਚ ਰਿਲੀਜ਼ ਹੋਣ ’ਤੇ ਬਾਕਸ ਆਫਿਸ ’ਤੇ ਹਿੱਟ ਰਹੀ ਸੀ। ਇਸ ਫਿਲਮ ’ਚ ਸੁਨੀਲ ਸ਼ੈੱਟੀ, ਜੈਕੀ ਸ਼ਰੌਫ, ਅਕਸ਼ੈ ਖੰਨਾ, ਸੁਦੇਸ਼ ਬੈਰੀ, ਤੱਬੂ ਤੇ ਪੂਜਾ ਭੱਟ ਆਦਿ ਸਨ।



## ਵਿੱਕੀ ਕੌਸ਼ਲ ਆਪਣੀ ਹਾਲੀਆ ਫਿਲਮ ‘ਛਾਵਾ’ ਦਾ ਕੀਤਾ ਪ੍ਰੋਮੋਸ਼ਨ




ਕੋਲਕਾਤਾ : ਅਭਿਨੇਤਾ ਵਿੱਕੀ ਕੌਸ਼ਲ ਸ਼ੁੱਕਰਵਾਰ ਨੂੰ ਕੋਲਕਾਤਾ ਵਿੱਚ ਆਪਣੀ ਹਾਲੀਆ ਫਿਲਮ ‘ਛਵਾ’ ਦੇ ਪ੍ਰਚਾਰ ਦੌਰਾਨ ਇੱਕ ਸਮੂਹ ਤਸਵੀਰ ਵਿੱਚ।

# ਕੋਈ ਨਾਵੈ ਤੀਰਥਿ ਕੋਈ ਹਜ ਜਾਇ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥




















ਭਾਰਤੀ ਖਬਰਾਂ ਮੁਤਾਬਿਕ ਮਹਾਕੁੰਭ ਵਿੱਚ ਤਕਰੀਬਨ 70 ਕਰੋੜ ਪਹੁੰਚੇ ਅਤੇ ਹਿੰਦੂ ਰੀਤਾਂ ਰਿਵਾਜਾਂ ਮੁਤਾਬਿਕ ਇਸ਼ਨਾਨ ਕਰਕੇ ਆਪਣੇ ਆਪ ਨੂੰ ਪਵਿੱਤਰ ਕੀਤਾ। ਹੁਣ ਭਗਤਜਨ ਸ਼ਰਧਾਲੂ ਮਹਾਕੁੰਭ ਸੰਗਮ 'ਚ ਇਸ਼ਨਾਨ ਕਰਕੇ ਘਰ ਪਰਤ ਰਹੇ ਹਨ। ਐਨੀ ਦੁਨੀਆਂ ਨੂੰ ਟਰੇਨਾਂ ਰਾਹੀਂ ਘਰਾਂ ਨੂੰ ਪਹੁੰਚਾਇਆ ਜਾ ਰਿਹਾ। ਪ੍ਰਯਾਗਰਾਜ ਵਿਚ ਚੱਲ ਰਹੇ 'ਮਹਾਕੁੰਭ ਮੇਲੇ 2025' ਦੌਰਾਨ ਸ਼ਰਧਾਲੂ ਤ੍ਰਿਵੇਣੀ ਸੰਗਮ ਵਿਚ ਇਸ਼ਨਾਨ ਕਰ ਰਹੇ ਹਨ। ਇਸ ਹਫਤੇ ਦੇ ਪਵਿੱਤਰ ਦਰਸ਼ਨ ਤਸਵੀਰਾਂ ਦੀ ਜ਼ੁਬਾਨੀ

# ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ 12 ਕਰੋੜ 74 ਲੱਖ ਦੇ ਪ੍ਰੋਜੈਕਟਾਂ ਦਾ ਕੀਤਾ ਐਲਾਨ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਨਗਰ ਕੌਂਸਲ ਟਾਂਡਾ ਅਤੇ ਗੜਦੀਵਾਲ ਦੀ ਇੱਕ ਵਿਸ਼ੇਸ਼ ਮੀਟਿੰਗ ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਦੇ ਰਹਿਨੁਮਾਈ ਹੇਠ ਨਗਰ ਕੌਂਸਲ ਟਾਂਡਾ ਵੀ ਹੋਈ ਜਿਸ ਵਿੱਚ ਵਿਧਾਇਕ ਰਾਜਾ ਨੇ ਦੱਸਿਆ ਕਿ ਸ਼ਹਿਰ ਦੀ ਸੁੰਦਰਤਾ ਨੂੰ ਬਣਾਈ ਰੱਖਣ ਲਈ ਅਸੀਂ ਬਹੁਤ ਸਾਰੇ ਪ੍ਰੋਜੈਕਟ ਲੈ ਕੇ ਆ ਰਹੇ ਹ ਤਾਂ ਜੋ ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਮਾਹੌਲ ਮਿਲ ਸਕੇ ਇਸ ਤਹਿਤ ਹੀ ਉਹਨਾਂ ਨੇ 12 ਕਰੋੜ ਦੇ ਪ੍ਰੋਜੈਕਟਾਂ ਖੋਲਣ ਦਾ ਐਲਾਨ ਵੀ ਕੀਤਾਉਹਨਾਂ ਨੇ ਦੱਸਿਆ ਕਿ ਸ਼ਹਿਰ ਵਿੱਚ ਵਾਰਦਾਤ ਦੀਆ ਘਟਨਾਵਾਂ ਰੋਕਣ ਲਈ ਵੀ ਸੀਸੀਟੀ ਕੈਮਰੇ ਇਹਨਾਂ ਦੀ ਪਹਿਲਾਂ ਸ਼ਿਕਾਇਤ ਆਈ ਸੀ ਕਿ ਬੰਦ ਪਏ ਹਨ ਉਹ ਹੁਣ ਲਗਭਗ ਸਾਰੇ ਹੀ ਠੀਕ ਕਰਵਾ ਦਿੱਤੇ ਗਏ ਹਨ ਤਾਂ ਜੋ ਸ਼ਰਾਰਤੀ ਅਨਸਰ ਇਸ ਕੈਮਰੇ ਦੀ ਨਿਗਹਾ ਦੇ ਵਿੱਚ ਪਕੜੇ ਜਾਣ ਇਸ ਤਹਿਤ ਇਨ੍ਹਾਂ ਪ੍ਰੋਜੈਕਟਾਂ ਤੇ ਕੰਮ ਵੀ ਬਹੁਤ ਜਲਦੀ ਸ਼ੁਰੂ ਕਰ ਦਿੱਤਾ ਜਾਵੇਗਾ ਉਹਨਾਂ ਨੇ ਇਹ ਵੀ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਵੀ ਆਪਣਾ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਅਸੀਂ ਇਕੱਲੇ ਕੁਝ ਨਹੀਂ ਕਰ ਸਕਦੇ ਅਗਰ ਕੋਈ ਸੁਝਾਅ ਸ਼ਹਿਰ ਵਾਸੀ ਸਾਨੂੰ ਦੇਣ ਕਿ ਜਿਸ ਨਾਲ ਸ਼ਹਿਰ ਦਾ ਵਿਕਾਸ ਹੋ ਸਕੇ ਸੰ ਉਸ ਨੂੰ ਐਕਸੈਪਟ ਕਰਾਂਗੇ ।

ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀ ਐਮਸੀ ਲਖਵਿੰਦਰ ਸਿੰਘ ਮੁਲਤਾਨੀ,ਬਲਜੀਤ ਸੈਣੀ, ਸੋਨੂ ਖੰਨਾ, ਜੱਸੀ ਹਰਕ੍ਰਿਸ਼ਨ ਸੈਣੀ, ਦਿਪਕ ਭੀਲ, ਸੁਮਨ ਖੋਸਲਾ ਹੋਰ ਬਹੁਤ ਸਾਰੇ ਆਮ ਆਦਮੀ ਪਾਰਟੀ ਦੇ ਵਰਕਰ ਮੌਜੂਦ ਸਨ।

# ਸਹਾਰਾ ਵੈਲਫੇਅਰ ਕਲੱਬ ਦੀ ਮੀਟਿੰਗ ਹੋਈ

## ਸਮਾਜ ਸੇਵੀ ਕਾਰਜਾਂ ਨੂੰ ਤਰਜੀਹ ਦੇਵਾਂਗੇ : ਅਰੋੜਾ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸ਼ਹਿਰ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਸਹਾਰਾ ਵੈਲਫੇਅਰ ਕਲੱਬ (ਰਜਿ) ਉੜਮੜ ਦੀ ਇੱਕ ਅਹਿਮ ਮੀਟਿੰਗ ਕਲੱਬ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਦੀ ਸਰਪ੍ਰਸਤੀ ਹੇਠ ਹੋਈ ਜਿਸ ਵਿੱਚ ਆਉਣ ਵਾਲੇ ਸਾਲ ਦੇ ਕੀਤੇ ਜਾਣ ਵਾਲੇ ਕੰਮਾਂ ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਕਲੱਬ ਦੀ ਨਵੀਂ ਚੁਣੀ ਗਈ ਟੀਮ ਵੱਲੋਂ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਨਵੇਂ ਸਾਲ ਵਿੱਚ ਕੀਤੇ ਜਾਣ ਵਾਲੇ ਕੰਮਾਂ ਵਿੱਚ ਆਪਣਾ ਵੱਧ ਤੋਂ ਵੱਧ ਸਹਿਯੋਗ ਦੇਣ ਦਾ ਵਾਅਦਾ ਕੀਤਾ ਕਲੱਬ ਦੇ ਨਵੇਂ ਬਣੇ ਪ੍ਰਧਾਨ ਰਕੇਸ਼ ਕੁਮਾਰ ਡੇਜੀ ਨੇ ਕਿਹਾ ਕਿ ਕਲੱਬ ਵੱਲੋਂ ਜਲਦੀ ਹੀ ਸ਼ਿਵ ਭੂਮੀ ਸ਼ਮਸ਼ਾਨ ਘਾਟ ਉੜਮੜ ਦੇ ਗੇਟ ਦੀ ਨਵ ਉਸਾਰੀ ਦਾ ਕੰਮ ਆਰੰਭ ਕੀਤਾ ਜਾਵੇਗਾ ਅਤੇ ਇਸੇ ਤਰ੍ਹਾਂ ਸ਼ਮਸ਼ਾਨਘਾਟ ਦੇ ਹੋਰ ਅਧੂਰੇ ਪਏ ਕੰਮਾਂ ਨੂੰ ਪੂਰਾ ਕੀਤਾ ਜਾਵੇਗਾ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਬੀਤੇ 15 ਸਾਲਾਂ ਤੋਂ ਸਹਾਰਾ ਵੈਲਫੇਅਰ ਕਲੱਬ ਵੱਲੋਂ ਸ਼ਿਪ ਭੂਮੀ ਉੜਮੜ ਦੀ ਸਾਂਭ ਸੰਭਾਲ ਦੀ ਜਿੰਮੇਵਾਰੀ ਲਈ ਗਈ ਹੈ ਤੇ ਹੁਣ ਤੱਕ ਸ਼ਿਵ ਭੂਮੀ ਦੇ ਪੁਨਰ ਨਿਰਮਾਣ ਤੇ ਲੋਕਾਂ ਦੇ ਸਹਿਯੋਗ ਨਾਲ 20 ਲੱਖ ਤੋਂ ਵੱਧ ਰੁਪਏ ਦਾ ਖਰਚਾ ਕੀਤਾ ਜਾ ਚੁੱਕਾ ਹੈ ਅਤੇ ਕਲੱਬ ਵੱਲੋਂ ਇਹ ਵਿਕਾਸ ਕਾਰਜ ਇਵੇਂ ਹੀ ਚਲਦੇ ਰਹਿਣਗੇ । ਇਸ ਮੌਕੇ ਪ੍ਰਧਾਨ ਰਕੇਸ਼ ਦੇਸੀ ਤੋਂ ਇਲਾਵਾ ਤਰਸੇਮ ਪੱਪੂ, ਲਾਟੀ ਮਦਾਨ, ਆਤਮਜੀਤ ਸਿੰਘ ਸੋਢੀ, ਨਰੇਸ਼ ਜੈਨ, ਸੇਵਾ ਸਿੰਘ, ਬੱਬੂ ਸੰਦਾਵਾਲੀਆ, ਮਹਿੰਦਰ ਪਾਲ ਮਦਾਨ ਅਤੇ ਹੋਰ ਮੈਂਬਰ ਹਾਜਰ ਸਨ।



ਸਹਾਰਾ ਵੈਲਫੇਅਰ ਕਲੱਬ ਦੀ ਹੋਈ ਮੀਟਿੰਗ ਦੌਰਾਨ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਅਤੇ ਹੋਰ ਕਲੱਬ ਮੈਂਬਰ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ

# ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਿੰਡ ਪੱਦੀ ਸੂਰਾ ਸਿੰਘ ਵਿਖੇ ਖੇਤ ਦਿਵਸ ਦਾ ਆਯੋਜਨ



ਹੁਸ਼ਿਆਰਪੁਰ/ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ ਵੱਲੋਂ ਪਰਾਲੀ ਪ੍ਰਬੰਧਨ ਅਪਣਾਏ ਪਿੰਡ ਪੱਦੀ ਸੂਰਾ ਸਿੰਘ ਵਿਖੇ ਪਰਾਲੀ ਪ੍ਰਬੰਧਨ ਉਪਰੰਤ ਬੀਜੀ ਕਣਕ ਸਬੰਧੀ ਖੇਤ ਦਿਵਸ ਦਾ ਆਯੋਜਨ ਕੀਤਾ ਗਿਆ।

ਕੈਂਪ ਦੀ ਸ਼ੁਰੂਆਤ ਵਿੱਚ ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ ਡਾ. ਮਨਿੰਦਰ ਸਿੰਘ ਬੌਂਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸਾਨ ਝੋਨੇ ਦੀ ਪਰਾਲੀ ਨੂੰ ਨਾ ਸਾੜਣ ਅਤੇ ਉਪਲਬੱਧ ਮਸ਼ੀਨਰੀ ਤੇ ਤਕਨੀਕਾਂ ਰਾਂਹੀ ਇਸ ਦਾ ਯੋਗ ਪ੍ਰਬੰਧ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ। ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਾਲਾਂ ਦੀ ਤਰਾਂ ਇਸ ਵਾਰ ਵੀ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਮੁਹਿੰਮ ਰੂਪ ਵਿੱਚ ਪਰਾਲੀ ਪ੍ਰਬੰਧਨ ਜਾਗਰੂਕਤਾ ਕੈਂਪਾਂ, ਸਿਖਲਾਈ ਪ੍ਰੋਗਰਾਮਾਂ, ਪ੍ਰਦਰਸ਼ਨੀਆਂ, ਹੋਰਡਿੰਗ ਤੇ ਖੇਤੀ ਸਾਹਿੱਤ ਰਾਹੀਂ ਅਤੇ ਮਸ਼ੀਨਰੀ ਉਪਲਬੱਧ ਕਰਵਾ ਕੇ ਵੱਖ-ਵੱਖ ਪਸਾਰ ਗਤੀਵਿਧੀਆਂ ਕੀਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਯੋਗ ਅਗਵਾਈ ਹੇਠ ਵਿਭਾਗਾਂ ਦੀ ਪਹਿਲਕਦਮੀ ਅਤੇ ਕਿਸਾਨਾਂ ਦੇ ਭਰਪੂਰ ਸਹਿਯੋਗ ਸਦਕਾ ਇਸ ਸਾਲ ਪਰਾਲੀ ਸਾੜਣ ਦੇ ਕੇਸਾਂ ਵਿੱਚ ਬਹੁਤ ਗਿਰਾਵਟ ਆਈ ਹੈ ਅਤੇ ਜ਼ਿਲ੍ਹੇ ਵਿੱਚ ਸਿਰਫ 29 ਕੇਸ ਹੀ ਦਰਜ ਹੋਏ ਹਨ। ਉਨ੍ਹਾਂ ਨੇ ਪੱਦੀ ਸੂਰਾ ਸਿੰਘ ਦੇ ਅਗਾਂਹਵਧੂ ਕਿਸਾਨਾਂ ਦੀ ਸ਼ਲਾਘਾ ਵੀ ਕੀਤੀ, ਜਿਨ੍ਹਾਂ ਨੇ ਇਸ ਮਨੋਰਥ ਨੂੰ ਪੂਰਾ ਕਰਨ ਵਿੱਚ ਪੂਰਾ ਯੋਗਦਾਨ ਪਾਇਆ ਅਤੇ ਪਿੰਡ ਵਿੱਚ ਪਰਾਲੀ ਸਾੜਣ ਦਾ ਇੱਕ ਵੀ ਕੇਸ ਸਾਹਮਣੇ ਨਹੀਂ ਆਇਆ।

ਇਸ ਮੌਕੇ ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨਿਅਰਿੰਗ) ਡਾ. ਅਜੈਬ ਸਿੰਘ ਨੇ ਪਰਾਲੀ ਪ੍ਰਬੰਧਨ ਉਪਲਬੱਧ ਮਸ਼ੀਨਰੀ-ਸਰਫੇਸ ਸੀਡਰ, ਸਮਾਰਟ ਸੀਡਰ, ਸੁਪਰ ਸੀਡਰ, ਹੈਪੀ ਸੀਡਰ, ਉਲਟਾਵਾਂ ਹੱਲ, ਜੀਰੋ ਟਿੱਲ ਡਰਿੱਲ, ਰੋਟਾਵੇਟਰ ਤੇ ਬੇਲਰ ਦੀ ਵਰਤੋਂ ਤੇ ਕਾਰਗੁਜਾਰੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਅਤੇ ਪਰਾਲੀ ਦੀ ਪਸ਼ੂ ਖੁਰਾਕ, ਮਲਚ, ਖੁੰਬ ਉਤਪਾਦਨ, ਊਰਜਾ, ਖਾਦ ਤੇ ਗੱਤਾ ਉਦਯੋਗ ਵਿੱਚ ਵਰਤੋਂ ਬਾਰੇ ਵੀ ਜਾਗਰੂਕ ਕੀਤਾ।ਪ੍ਰੋਗਰਾਮ ਸਹਾਇਕ, ਕ੍ਰਿਸ਼ੀ ਵਿਗਿਆਨ ਕੇਂਦਰ ਸੁਨੀਤਾ ਨੇ ਮਿੱਟੀ ਪਰਖ ਦੀ ਮਹੱਤਤਾ ਤੇ ਮਿੱਟੀ ਪਰਖ ਲਈ ਨਮੂਨੇ ਲੈਣ ਦੀ ਵਿਧੀ ਬਾਰੇ ਦੱਸਿਆ ਗਿਆ।

ਕਿਸਾਨਾਂ ਨੇ ਝੋਨੇ ਦੀ ਪਰਾਲੀ ਦਾ ਪ੍ਰਬੰਧਨ ਕਰਨ ਉਪਰੰਤ ਕਣਕ ਦੀ ਬਿਜਾਈ ਦੀ ਪ੍ਰਦਰਸ਼ਨੀ ਵਾਲੇ ਖੇਤਾਂ ਦਾ ਦੌਰਾ ਵੀ ਕੀਤਾ, ਜਿੱਥੇ ਕੇ.ਵੀ.ਕੇ. ਦੇ ਵਿਗਿਆਨੀਆਂ ਨੇ ਕਿਸਾਨਾਂ ਨਾਲ ਉਨ੍ਹਾਂ ਦੇ ਖਦਸ਼ਿਆਂ ਬਾਰੇ ਵਿਚਾਰ-ਚਰਚਾ ਕੀਤੀ।ਖੇਤ ਦਿਵਸ ਦੌਰਾਨ ਕਿਸਾਨਾਂ ਦੀ ਸਹੂਲਤ ਲਈ ਗਰਮੀ ਦੀਆਂ ਸਬਜੀਆਂ ਦੀਆਂ ਕਿੱਟਾਂ ਤੇ ਪਸ਼ੂਆਂ ਲਈ ਧਾਤਾਂ ਦਾ ਚੂਰਾ ਵੀ ਵਿੱਕਰੀ ਲਈ ਉਪਲਬੱਧ ਕਰਵਾਇਆ ਗਿਆ ਅਤੇ ਖੇਤੀ ਸਾਹਿੱਤ ਮੁਹੱਈਆ ਕਰਵਾਇਆ ਗਿਆ। ਅਖੀਰ ਵਿੱਚ ਪਿੰਡ ਪੱਦੀ ਸੂਰਾ ਸਿੰਘ ਦੇ ਪੰਚ ਕੁਲਵੰਤ ਸਿੰਘ ਵੱਲੋਂ ਆਏ ਮਾਹਿਰਾਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ।

ਇਸ ਖੇਤ ਦਿਵਸ ਵਿੱਚ ਪਿੰਡ ਪੱਦੀ ਸੂਰਾ ਸਿੰਘ ਦੇ ਅਗਾਂਹਵਧੂ ਕਿਸਾਨ ਰੁਪਿੰਦਰ ਸਿੰਘ ਗਿੱਲ, ਜਸਪ੍ਰੀਤ ਸਿੰਘ ਪੂਨੀਆ, ਨੰਬਰਦਾਰ ਕੁਲਦੀਪ ਸਿੰਘ, ਭੁਪਿੰਦਰ ਸਿੰਘ ਲਾਲੀ, ਮਨਵੀਰ ਸਿੰਘ ਰਾਣੂ ਅਤੇ ਪਿੰਡ ਸੈਲਾ ਖੁਰਦ ਦੇ ਰਮਨਦੀਪ ਸਿੰਘ ਤੋਂ ਇਲਾਵਾ ਹੋਰ ਕਿਸਾਨ ਵੀ ਮੌਜੂਦ ਸਨ।

# ਐਮ ਐਸ ਕੇ ਸਕੂਲ ਵਿੱਚ ਵਿਦਿਆਰਥੀਆਂ ਨੂੰ ਦਿੱਤੀ ਗਈ ਵਿਦਾਇਗੀ ਪਾਰਟੀ

## ਗੁਰਵਿੰਦਰ ਕੌਰ ਮਿਸ ਫੇਅਰਵੈਲ ਅਤੇ ਸੁਖਜੀਤ ਸਿੰਘ ਮਿਸਟਰ ਫੇਅਰਵੈਲ ਬਣਿਆ



ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵਿਖੇ ਹੋਈ ਫੇਅਰਵੈਲ ਪਾਰਟੀ ਦੀਆਂ ਵੱਖ-ਵੱਖ ਝਲਕੀਆਂ।

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸੀਬੀਐਸਸੀ ਸੈਕੰਡਰੀ ਸਕੂਲ ਕੋਟਲੀ ਜੰਡ ਵਿਖੇ ਨੌਵੀਂ ਕਲਾਸ ਦੇ ਵਿਦਿਆਰਥੀਆਂ ਨੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੰਦੇ ਹੋਏ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਪਰਵਿੰਦਰ ਕੌਰ ਦੀ ਅਗਵਾਈ ਹੇਠ ਹੋਈ ਇਸ ਵਿਦਾਇਗੀ ਪਾਰਟੀ ਵਿੱਚ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਅਤੇ ਐਜੂਕੇਸ਼ਨ ਆਫ਼ੀਸਰ ਜਤਿੰਦਰ ਕੌਰ ਅਰੋੜਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਇਸ ਮੌਕੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਪਾਰਟੀ ਨੂੰ ਯਾਦਗਾਰੀ ਬਣਾਉਣ ਲਈ ਬੜਾ ਵਧੀਆ ਸੱਭਿਆਚਾਰਕ ਅਤੇ ਵਿਦਿਅਕ ਗਤੀਵਿਧੀਆਂ ਵਾਲਾ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਸੁਖਵਿੰਦਰ ਸਿੰਘ ਅਰੋੜਾ ਵੱਲੋਂ ਵਿਦਿਆਰਥੀਆਂ ਨੂੰ ਦਿੱਤੇ ਗਏ ਅਸ਼ੀਰਵਾਦ ਨਾਲ ਹੋਈ ਜਿਸ ਵਿੱਚ ਉਹਨਾਂ ਨੇ ਜੀਵਨ ਵਿੱਚ ਵਿਦਿਆ ਦੇ ਮਹੱਤਵ ਨੂੰ ਦੱਸਦੇ ਹੋਏ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਜਿਸ ਉਪਰੰਤ ਵਿਦਿਆਰਥੀਆਂ ਵੱਲੋਂ ਇੱਕ ਹਾਸਰਸੀ ਸਕਿੱਟ ਪੇਸ਼ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਨੌਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਗੀਤ ਸੰਗੀਤ ਤੋਂ ਇਲਾਵਾ ਗਿੱਧਾ ਅਤੇ ਭੰਗੜਾ ਵੀ ਪੇਸ਼ ਕੀਤਾ ਗਿਆ। ਜਿਸ ਉਪਰੰਤ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ ਭੇਟ ਕੀਤੇ ਗਏ । ਮਿਸਟਰ ਐਂਡ ਮਿਸ, ਫੇਅਰਵੈਲ ਦੇ ਹੋਏ ਮੁਕਾਬਲੇ ਵਿੱਚ ਗੁਰਵਿੰਦਰ ਕੌਰ ਨੇ ਮਿਸ ਫੇਅਰਵੈਲ ਅਤੇ ਸੁਖਜੀਤ ਸਿੰਘ ਨੇ ਮਿਸਟਰ ਫੇਅਰਵੈਲ ਖਿਤਾਬ ਜਿੱਤਿਆ। ਅੰਤ ਵਿੱਚ ਪ੍ਰਿੰਸੀਪਲ ਪਰਵਿੰਦਰ ਕੌਰ ਨੇ ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨਾਂ ਨੂੰ ਜੀ ਆਇਆ ਆਖਿਆ ਅਤੇ ਵਿਦਿਆਰਥੀਆਂ ਨੂੰ ਜਿੰਦਗੀ ਵਿੱਚ ਹੋਰ ਮਿਹਨਤ ਕਰਕੇ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਕੂਲ ਸਟਾਫ ਵਿੱਚ ਲਖਬੀਰ ਸਿੰਘ, ਰਜਨੀ ਬਾਲਾ, ਗੁਰਪ੍ਰੀਤ ਕੌਰ, ਪ੍ਰੀਤੀ, ਰੇਖਾ ਰਾਣੀ, ਹਰਮਨਪ੍ਰੀਤ ਕੌਰ, ਕਸ਼ਿਸ਼ ਗਿੱਲ, ਗੁਰਸ਼ਰਨ ਕੌਰ, ਪ੍ਰਭਜੋਤ ਕੌਰ, ਅਮਨਪ੍ਰੀਤ ਕੌਰ ਅਤੇ ਹੋਰ ਹਾਜਰ ਸਨ।

# ਪੰਜਾਬੀਆਂ ਦੀ ਲੁੱਟ ਰੋਕਣ ਲਈ ਸਾਰੀਆਂ ਧਿਰਾਂ ਹੰਭਲਾ ਮਾਰਨ: ਰਾਮੂਵਾਲੀਆ

ਐੱਸਏਐੱਸ ਨਗਰ (ਮੁਹਾਲੀ) : ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਅਤੇ ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਵਰਪਾਲ ਨੇ ਪੰਜਾਬ 'ਚ ਫੈਲੇ ਫ਼ਰਜ਼ੀ ਟਰੈਵਲ ਏਜੰਟਾਂ ਦੇ ਨੈੱਟਵਰਕ 'ਤੇ ਚਿੰਤਾ ਪ੍ਰਗਟ ਕੀਤੀ। ਰਾਮੂਵਾਲੀਆ ਨੇ ਕਿਹਾ ਕਿ ਹਰ ਪਾਸੇ ਪੰਜਾਬੀਆਂ ਦੀ ਹੁੰਦੀ ਲੁੱਟ ਦਾ ਮਾਮਲਾ ਭਖਿਆ ਹੋਇਆ ਤੇ ਪੰਜਾਬ ਦੇ ਕੈਬਨਿਟ ਮੰਤਰੀ, ਵਿਧਾਇਕ ਤੇ ਸੰਸਦ ਮੈਂਬਰ ਤਮਾਸ਼ਬੀਨ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਲੱਖਾਂ ਪੰਚ-ਸਰਪੰਚ, ਧਾਰਮਿਕ ਹਸਤੀਆਂ, ਬੁੱਧੀਜੀਵੀ, ਵਿਦਿਆਰਥੀ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਫ਼ਰਜ਼ੀ ਟਰੈਵਲ ਏਜੰਟਾਂ ਵਿਰੁੱਧ ਚੁੱਪ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਖ਼ੂਨ



ਪਸੀਨੇ ਦੀ ਕਮਾਈ ਦੀ ਲੁੱਟ ਰੋਕਣ ਲਈ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਖ਼ਾਮੋਸ਼ ਹਨ ਜਦੋਂਕਿ ਇਸ ਸੰਵੇਦਨਸ਼ੀਲ ਮੁੱਦੇ 'ਤੇ ਸਾਰੀਆਂ ਧਿਰਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਾਂਝਾ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਫ਼ਰਜ਼ੀ ਟਰੈਵਲ ਏਜੰਟਾਂ ਵੱਲੋਂ ਨੌਜਵਾਨਾਂ ਦੀ ਲੁੱਟ ਵਿਰੁੱਧ ਲੋਕ ਭਲਾਈ ਪਾਰਟੀ ਹਮੇਸ਼ਾ ਲੜਦੀ ਰਹੀ ਹੈ ਅਤੇ ਲੜਦੀ ਰਹੇਗੀ। ਰਾਮੂਵਾਲੀਆ ਨੇ ਕਿਹਾ ਕਿ ਵਿਦੇਸ਼ ਜਾ ਕੇ ਵੱਸਣ ਜਾਂ ਕੰਮ ਕਰਨ ਦੇ ਇਸ ਮਾੜੇ ਰੁਝਾਨ ਅਤੇ ਜਾਅਲੀ ਟਰੈਵਲ ਏਜੰਟਾਂ ਖ਼ਿਲਾਫ਼ ਸੰਘਰਸ਼ ਦੀ ਠੋਸ ਨੀਤੀ ਘੜਨ ਲਈ 22 ਫਰਵਰੀ ਨੂੰ ਲੋਕ ਭਲਾਈ ਪਾਰਟੀ ਦੇ ਸਮੂਹ ਅਹੁਦੇਦਾਰਾਂ, ਵਰਕਰਾਂ, ਤਹਿਸੀਲ, ਜ਼ਿਲ੍ਹਾ ਇਕਾਈਆਂ ਦੇ ਆਗੂਆਂ ਦੀ ਲੁਧਿਆਣਾ ਵਿੱਚ ਹੋਣ ਵਾਲੀ ਮੀਟਿੰਗ ਫਿਲਹਾਲ ਮੁਲਤਵੀ ਕੀਤੀ ਗਈ ਹੈ। ਅਗਲੀ ਮੀਟਿੰਗ ਬਾਰੇ ਜਲਦੀ ਐਲਾਨ ਕੀਤਾ ਜਾਵੇਗਾ।

# ਸਿੱਖ ਇਤਿਹਾਸ ਦੀ ਸਿਰਮੌਰ ਗਾਥਾ: ਸਾਕਾ ਸ੍ਰੀ ਨਨਕਾਣਾ ਸਾਹਿਬ

ਸ੍ਰੀ ਨਨਕਾਣਾ ਸਾਹਿਬ ਉਹ ਪਵਿੱਤਰ ਅਸਥਾਨ ਹੈ ਜਿੱਥੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ। ਇਸ ਗੁਰਦੁਆਰਾ ਸਾਹਿਬ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਕਰਕੇ ਵੀ ਜਾਣਿਆ ਜਾਂਦਾ ਹੈ। ਨਨਕਾਣਾ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ 21 ਫਰਵਰੀ 1921 ਨੂੰ ਇਸ ਸਥਾਨ ’ਤੇ ਇੱਕ ਬਹੁਤ ਹੀ ਖ਼ੂਨੀ ਸਾਕਾ ਹੋਇਆ ਜਿਸ ਨੂੰ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਕਿਹਾ ਜਾਂਦਾ ਹੈ।

ਜਿਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਮੱਸਾ ਰੰਘੜ ਨੇ ਬਹੁਤ ਕੁਕਰਮ ਕੀਤੇ ਸਨ ਉਸੇ ਤਰ੍ਹਾਂ ਦੇ ਹਾਲਾਤ ਨਰਾਇਣੂ ਮਹੰਤ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ ਬਣਾ ਦਿੱਤੇ ਸਨ। ਨਰੈਣ ਦਾਸ ਸਾਰੀ ਮਹੰਤ ਸ਼੍ਰੇਣੀ ਵਿਚੋਂ ਅਤਿ ਦਰਜੇ ਦਾ ਸ਼ਰਾਬੀ ਅਤੇ ਭੈੜੇ ਆਚਰਣ ਵਾਲਾ ਸੀ। ਉਸ ਨੇ ਪਵਿੱਤਰ ਗੁਰਧਾਮ ਨੂੰ ਅੱਯਾਸ਼ੀ ਦਾ ਅੱਡਾ ਬਣਾਇਆ ਹੋਇਆ ਸੀ। ਉਸ ਨੇ 1917 ਈ. ਵਿੱਚ ਗੁਰਦੁਆਰੇ ਦੀ ਹਦੂਦ ਅੰਦਰ ਵੇਸਵਾ ਦਾ ਨਾਚ ਕਰਾਇਆ। ਇੱਥੇ ਹੀ ਬੱਸ ਨਹੀਂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਲਈ ਜਾਣ ਵਾਲੀਆਂ ਬੀਬੀਆਂ ਦੀ ਇੱਜ਼ਤ ਵੀ ਮਹਿਫ਼ੂਜ਼ ਨਹੀਂ ਸੀ ਮੰਨੀ ਜਾਂਦੀ। ਸੰਨ 1918 ਨੂੰ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਿਵਾਰ ਸਮੇਤ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤਾਂ ਰਾਤ ਸਮੇਂ ਮਹੰਤ ਦੇ ਇੱਕ ਚੇਲੇ ਨੇ ਉਸ ਦੀ 13 ਸਾਲਾ ਕੁੜੀ ਨਾਲ ਜਬਰ ਜ਼ਿਨਾਹ ਕੀਤਾ। ਉਸੇ ਸਾਲ ਹੀ ਪੂਰਨਮਾਸ਼ੀ ਨੂੰ ਜ਼ਿਲ੍ਹਾ ਲਾਇਲਪੁਰ ਦੇ ਜੜ੍ਹਾਂ ਵਾਲੇ ਇਲਾਕੇ ਦੀਆਂ ਛੇ ਬੀਬੀਆਂ ਗੁਰਦੁਆਰੇ ਦੇ ਦਰਸ਼ਨਾਂ ਨੂੰ ਆਈਆਂ ਤਾਂ ਮਹੰਤ ਦੇ ਚੇਲਿਆਂ ਨੇ ਉਨ੍ਹਾਂ ਦਾ ਵੀ ਇਹੋ ਹਸ਼ਰ ਕੀਤਾ। ਜਦ ਕੁਝ ਸਿੱਖਾਂ ਨੇ ਮਹੰਤ ਕੋਲ ਇਸ ਗੱਲ ਦਾ ਰੋਸ ਕੀਤਾ ਤਾਂ ਅੱਗੋਂ ਉਸ ਨੇ ਇਹ ਕਿਹਾ ਕਿ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਇਥੇ ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ।

ਜਦੋਂ ਪਾਣੀ ਸਿਰ ਉੱਪਰ ਦੀ ਲੰਘ ਗਿਆ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 26 ਜਨਵਰੀ 1921 ਨੂੰ ਜਨਰਲ ਇਜਲਾਸ ਬੁਲਾ ਕੇ ਇੱਕ ਵਿਸ਼ੇਸ਼ ਮਤਾ ਪਾਸ ਕੀਤਾ ਕਿ 4, 5 ਅਤੇ 6 ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਇਕ ਵਿਸ਼ਾਲ ਇਕੱਤਰਤਾ ਕੀਤੀ ਜਾਵੇ। ਸਮੁੱਚੀਆਂ ਸੰਗਤਾਂ ਨੂੰ ਉੱਥੇ ਬੁਲਾਇਆ ਜਾਵੇ। ਇਸ ਕਾਨਫਰੰਸ ਬੁਲਾਉਣ ਦਾ ਮਕਸਦ ਇਹ ਸੀ ਕਿ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕਿਸ ਤਰ੍ਹਾਂ ਪ੍ਰਭਾਵਸ਼ਾਲੀ ਤਰੀਕੇ ਨਾਲ ਚਲਾਇਆ ਜਾ ਸਕੇ ਅਤੇ ਮਹੰਤ ਨਰਾਇਣ ਦਾਸ ਵਰਗਿਆਂ ਵੱਲੋਂ ਕੀਤੇ ਜਾ ਰਹੇ ਕੁਕਰਮਾਂ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕੇ। ਮੁੱਖ ਮੁੱਦਾ ਗੁਰਦੁਆਰਾ ਸਾਹਿਬਾਨ ਦੀ ਪਵਿੱਤਰਤਾ ਨੂੰ ਕਾਇਮ ਕਰਨਾ ਸੀ।

ਮਹੰਤ ਨਰੈਣ ਦਾਸ ਦੇ ਜਸੂਸਾਂ ਨੇ ਉਸ ਨੂੰ ਇਸ ਹੋਣ ਵਾਲੀ ਕਾਨਫਰੰਸ ਬਾਰੇ ਦੱਸ ਦਿੱਤਾ ਅਤੇ ਇਹ ਵੀ ਸਮਝਾ ਦਿੱਤਾ ਕਿ ਜੇਕਰ ਇਹ ਕਾਨਫਰੰਸ ਸਫ਼ਲ ਹੋ ਗਈ ਤਾਂ ਤੇਰੇ ਹੱਥੋਂ ਇਹ ਗੁਰਦੁਆਰਾ ਸਾਹਿਬ ਹਮੇਸ਼ਾ ਲਈ ਨਿਕਲ ਜਾਵੇਗਾ। ਮਹੰਤ ਨਰੈਣੂ ਨੇ ਵੀ ਆਪਣਾ ਬਚਾਅ ਕਰਨ ਲਈ ਇੱਕ ਸਨਾਤਨ ਸਿੱਖ ਕਾਨਫਰੰਸ ਲਾਹੌਰ ਵਿਖੇ 19, 20 ਅਤੇ 21 ਫਰਵਰੀ ਨੂੰ ਬਾਬਾ ਕਰਤਾਰ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਸੱਦ ਲਈ। ਇਸ ਵਿੱਚ ਸ਼ਾਮਲ ਹੋਣ ਲਈ ਬਹੁਤ ਸਾਰੇ ਗੁਰਦੁਆਰਿਆਂ ਦੇ ਮਹੰਤਾਂ ਅਤੇ ਸਰਬਰਾਹਾਂ ਨੂੰ ਸੱਦਾ ਦਿੱਤਾ ਗਿਆ ਤੇ ਕਿਹਾ ਗਿਆ ਕਿ ਇਨ੍ਹਾਂ ਅਕਾਲੀ ਸੁਧਾਰਕਾਂ ਦਾ ਡਟ ਕੇ ਮੁਕਾਬਲਾ ਕਿਸ ਤਰ੍ਹਾਂ ਕੀਤਾ ਜਾਵੇ।




ਇੱਕ ਪਾਸੇ ਇਹ ਕਹਿ ਰਿਹਾ ਸੀ ਕਿ ਮੈਂ ਸ਼੍ਰੋਮਣੀ ਕਮੇਟੀ ਦੀ ਹਰ ਸ਼ਰਤ ਮੰਨਣ ਲਈ ਤਿਆਰ ਹਾਂ, ਦੂਸਰੇ ਪਾਸੇ ਉਸ ਨੇ ਇਲਾਕੇ ਦੇ ਰਾਂਝੇ ਅਤੇ ਰੀਹਾਨੇ ਵਰਗੇ ਚੋਟੀ ਦੇ ਬਦਮਾਸ਼ਾਂ, ਗੁੰਡਿਆਂ ਨੂੰ ਨੂੰ ਇਕੱਤਰ ਕਰ ਲਿਆ। ਉਸਨੇ ਇਹ ਗੋਂਦ ਗੁੰਦੀ ਕਿ 4, 5 ਅਤੇ 6 ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਇਕੱਠੇ ਹੋਏ ਪੰਥਕ ਆਗੂਆਂ ਨੂੰ ਹਮਲਾ ਕਰਕੇ ਖ਼ਤਮ ਕਰ ਦੇਣਾ ਹੈ। ਇਸ ਲਈ ਉਸ ਨੇ ਕਈ ਪਠਾਣਾਂ ਨੂੰ ਨੌਕਰ ਵੀ ਰੱਖ ਲਿਆ ਅਤੇ ਭਾਰੀ ਗਿਣਤੀ ਵਿੱਚ ਗੋਲ਼ੀ ਸਿੱਕਾ, ਮਿੱਟੀ ਦਾ ਤੇਲ ਅਤੇ ਲੱਕੜਾਂ ਦਾ ਜਖ਼ੀਰਾ ਜਮ ?ਹਾਂ ਕਰ ਲਿਆ।

ਉੱਧਰ ਸਿੱਖ ਕੌਮ ਨੂੰ ਵੀ ਨਰਾਇਣ ਦਾਸ ਦੇ ਇਸ ਕੁਕਰਮ ਬਾਰੇ ਪਤਾ ਲੱਗ ਗਿਆ। ਭਾਈ ਕਰਤਾਰ ਸਿੰਘ ਝੱਬਰ ਨੇ ਭਾਈ ਵਰਿਆਮ ਸਿੰਘ ਨੂੰ ਆਪਣੇ ਸੂਹੀਏ ਦੇ ਤੌਰ ’ਤੇ ਮਹੰਤ ਕੋਲ ਛੱਡਿਆ ਹੋਇਆ ਸੀ। ਜਦੋਂ ਭਾਈ ਝੱਬਰ ਨੂੰ ਮਹੰਤ ਨਰਾਇਣ ਦਾਸ ਜੀ ਇਸ ਸਾਜ਼ਿਸ਼ ਬਾਰੇ ਪਤਾ ਲੱਗਾ ਕਿ ਉਹ ਪੰਥਕ ਆਗੂਆਂ ਨੂੰ ਮਰਵਾ ਦੇਵੇਗਾ ਤਾਂ ਉਨ੍ਹਾਂ ਇਲਾਕੇ ਦੇ ਮੁਖੀ ਸਿੰਘਾਂ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਬੂਟਾ ਸਿੰਘ ਲਾਇਲਪੁਰੀ ਨਾਲ ਸਲਾਹ ਕੀਤੀ ਕਿ ਮਾਰਚ ਮਹੀਨੇ ਹੋਣ ਵਾਲੀ ਸਿੱਖ ਕਾਨਫਰੰਸ ਤੋਂ ਪਹਿਲਾਂ ਪਹਿਲਾਂ ਹੀ ਮਹੰਤ ਨਾਲ ਸਿੱਝ ਲਿਆ ਜਾਵੇ। ਉਨ੍ਹਾਂ ਦਾ ਵਿਚਾਰ ਸੀ ਕਿ ਜਦੋਂ ਮਹੰਤ ਲਾਹੌਰ ਵਿਖੇ ਹੋ ਰਹੀ ਸਨਾਤਨ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਗਿਆ ਹੋਇਆ ਹੋਵੇਗਾ ਉਸ ਵੇਲੇ ਗੁਰਦੁਆਰਾ ਸਾਹਿਬ ’ਤੇ ਕਬਜ਼ਾ ਕਰ ਲਿਆ ਜਾਵੇਗਾ। ਇਸ ਸਬੰਧ ਵਿਚ 17 ਫਰਵਰੀ 1921 ਨੂੰ ਗੁਰਦੁਆਰਾ ਖਰਾ ਸੌਦਾ ਚੂਹੜਕਾਣਾ ਸਾਹਿਬ ਵਿਖੇ ਇੱਕ ਮੀਟਿੰਗ ਬੁਲਾ ਕੇ ਇਹਨਾਂ ਗੁਰਸਿੱਖਾਂ ਨੇ ਫ਼ੈਸਲਾ ਕਰ ਲਿਆ ਕਿ 19 ਫਰਵਰੀ ਦੀ ਸ਼ਾਮ ਨੂੰ ਭਾਈ ਲਛਮਣ ਸਿੰਘ ਤੇ ਭਾਈ ਕਰਤਾਰ ਸਿੰਘ ਝੱਬਰ ਪਿੰਡਾਂ ਵਿਚੋਂ ਸਿੰਘਾਂ ਨੂੰ ਇਕੱਤਰ ਕਰਕੇ ਸ੍ਰੀ ਨਨਕਾਣਾ ਸਾਹਿਬ ਵਿਖੇ ਪਹੁੰਚ ਜਾਣ। ਇਹ ਸਾਰੀ ਖ਼ਬਰ ਪੰਥਕ ਆਗੂਆਂ ਤੋਂ ਵੀ ਗੁਪਤ ਰੱਖੀ ਗਈ ਤਾਂ ਜੋ ਕਿਧਰੇ ਇਸ ਦੀ ਸੂਹ ਕਿਸੇ ਤਰੀਕੇ ਨਾਲ ਨਰਾਇਣ ਦਾਸ ਤੱਕ ਨਾ ਪਹੁੰਚ ਸਕੇ। ਭਾਈ ਕਰਤਾਰ ਸਿੰਘ ਝੱਬਰ ਨੇ ਗੁਰਦੁਆਰਾ ਖਰਾ ਸੌਦਾ ਵਿਖੇ 2200 ਸਿੰਘਾਂ ਦਾ ਜਥਾ ਇਕੱਠਾ ਕਰ ਲਿਆ ਸੀ। ਦੂਜੇ ਪਾਸੇ ਭਾਈ ਲਛਮਣ ਸਿੰਘ ਵੀ 150 ਸਿੰਘਾਂ ਦੇ ਜਥੇ ਨੂੰ ਲੈ ਕੇ ਸ੍ਰੀ ਨਨਕਾਣਾ ਸਾਹਿਬ ਜਾਣ ਲਈ ਤਿਆਰ ਹੋ ਗਏ।

19 ਫਰਵਰੀ ਨੂੰ ਹੀ ਲਾਹੌਰ ਵਿਖੇ ਅਕਾਲੀ ਅਖ਼ਬਾਰ ਦੇ ਦਫ਼ਤਰ ਵਿਚ ਪੰਥਕ ਮੁਖੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿਚ ਮਾਸਟਰ ਤਾਰਾ ਸਿੰਘ, ਤੇਜਾ ਸਿੰਘ ਸਮੁੰਦਰੀ, ਹਰਚਰਨ ਸਿੰਘ, ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਵੀ ਹਾਜ਼ਰ ਸਨ। ਇੱਥੇ ਇਨ੍ਹਾਂ ਪੰਥਕ ਮੁਖੀਆਂ ਨੂੰ ਭਾਈ ਕਰਤਾਰ ਸਿੰਘ ਝੱਬਰ ਅਤੇ ਉਨ੍ਹਾਂ ਦੇ ਸਾਥੀਆਂ ਦੇ ਫ਼ੈਸਲੇ ਬਾਰੇ ਪਤਾ ਲੱਗਾ ਉਹ ਬਹੁਤ ਚਿੰਤਤ ਹੋਏ ਅਤੇ ਉਹਨਾਂ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਤੋਂ ਤਹਿ ਕੀਤੇ ਗਏ ਮਾਰਚ ਮਹੀਨੇ ਪਹਿਲਾਂ ਵਾਲੇ ਐਕਸ਼ਨ ਤੋਂ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਵਿਖੇ ਕੋਈ ਵੀ ਜਥਾ ਨਾ ਭੇਜਿਆ ਜਾਵੇ।

ਭਾਈ ਕਰਤਾਰ ਸਿੰਘ ਝੱਬਰ ਅਤੇ ਭਾਈ ਲਛਮਣ ਸਿੰਘ ਨੂੰ ਰੋਕਣ ਲਈ ਦੋ ਆਦਮੀ ਭੇਜੇ, ਜਿਹੜੇ ਭਾਈ ਕਰਤਾਰ ਸਿੰਘ ਝੱਬਰ ਨੂੰ ਗੁਰਦੁਆਰਾ ਖਰਾ ਸੌਦਾ ਜਾ ਕੇ ਮਿਲੇ ਅਤੇ ਪੰਥਕ ਆਗੂਆਂ ਦੇ ਫ਼ੈਸਲੇ ਬਾਰੇ ਦੱਸ ਕੇ ਉਨ੍ਹਾਂ ਨੂੰ ਸ੍ਰੀ ਨਨਕਾਣਾ ਸਾਹਿਬ ਨਾ ਜਾਣ ਲਈ ਮਨਾ ਲਿਆ ਪਰ ਝੱਬਰ ਨੇ ਕਿਹਾ ਕਿ ਜੇ ਹੋਰ ਜਥੇ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ ਤਾਂ ਉਨ੍ਹਾਂ ਦੇ ਨੁਕਸਾਨ ਦਾ ਜ਼ਿੰਮੇਵਾਰ ਕੌਣ ਹੋਵੇਗਾ ਤਾਂ ਉਨ੍ਹਾਂ ਜਥਿਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਭਾਈ ਦਲੀਪ ਸਿੰਘ ਸਾਹੋਵਾਲ ਨੇ ਆਪਣੇ ਸਿਰ

**ਗੁਰਪ੍ਰੀਤ ਸਿੰਘ ਨਿਆਮੀਆਂ**

ਲਈ। ਉਨ੍ਹਾਂ ਨੇ ਆਪਣੇ ਕੁਝ ਆਦਮੀ ਸ੍ਰੀ ਨਨਕਾਣਾ ਸਾਹਿਬ ਨੂੰ ਆਉਂਦੇ ਰਾਹਾਂ ਵੱਲ ਤੋਰ ਦਿੱਤੇ ਤਾਂ ਜੋ ਆਉਣ ਵਾਲੇ ਜਥਿਆਂ ਨੂੰ ਪੰਥਕ ਆਗੂਆਂ ਦੇ ਫ਼ੈਸਲੇ ਬਾਰੇ ਦੱਸਿਆ ਜਾ ਸਕੇ। ਆਪ ਭਾਈ ਦਲੀਪ ਸਿੰਘ, ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਚੰਦਰਕੋਟ ਦੀ ਝਾਲ ’ਤੇ ਪਹੁੰਚੇ ਤਾਂ ਉਥੇ ਭਾਈ ਲਛਮਣ ਸਿੰਘ ਦਾ ਜਥਾ ਨਾ ਮਿਲਿਆ। ਭਾਈ ਦਲੀਪ ਸਿੰਘ ਨੇ ਸੋਚਿਆ ਕਿ ਹੋ ਸਕਦਾ ਹੈ, ਉਨ੍ਹਾਂ ਨੂੰ ਸੁਨੇਹਾ ਮਿਲ ਗਿਆ ਹੋਵੇ ਅਤੇ ਉਹ ਵਾਪਸ ਮੁੜ ਗਏ ਹੋਣ। ਫਿਰ ਵੀ ਉਨ੍ਹਾਂ ਨੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਦੀ ਡਿਊਟੀ ਭਾਈ ਵਰਿਆਮ ਸਿੰਘ ਦੀ ਲਾਈ ਅਤੇ ਆਪ ਉਤਮ ਸਿੰਘ ਦੇ ਕਾਰਖਾਨੇ ਵਿੱਚ ਆ ਗਏ। ਭਾਈ ਲਛਮਣ ਸਿੰਘ ਦੇ ਜਥੇ ਨੇ ਅਰਦਾਸਾ ਸੋਧ ਕੇ ਸ੍ਰੀ ਨਨਕਾਣਾ ਸਾਹਿਬ ਵੱਲ ਚਾਲੇ ਪਾ ਦਿੱਤੇ ਸਨ ਅਤੇ ਰਸਤੇ ਵਿੱਚ ਉਨ੍ਹਾਂ ਦਾ ਮੇਲ ਭਾਈ ਵਰਿਆਮ ਸਿੰਘ ਨਾਲ ਹੋਇਆ। ਉਸ ਨੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਪੰਥਕ ਆਗੂਆਂ ਦੇ ਫ਼ੈਸਲੇ ਦੀ ਚਿੱਠੀ ਦਿਖਾ ਕੇ ਅਤੇ ਮਹੰਤ ਦੀ ਘਿਨੌਣੀ ਸਾਜ਼ਿਸ਼ ਦੱਸ ਕੇ ਵਾਪਸ ਮੁੜਨ ਦੀ ਬੇਨਤੀ ਕੀਤੀ। ਭਾਈ ਲਛਮਣ ਸਿੰਘ ਹੋਰੀਂ ਨਾ ਮੰਨੇ, ਉਹ ਕਹਿਣ ਲੱਗੇ ਅਸੀਂ ਸ੍ਰੀ ਨਨਕਾਣਾ ਸਾਹਿਬ ਨੂੰ ਮਹੰਤ ਕੋਲੋਂ ਅਜ਼ਾਦ ਕਰਾਉਣ ਲਈ ਅਰਦਾਸਾ ਸੋਧ ਕੇ ਤੁਰੇ ਹਾਂ, ਇਸ ਲਈ ਸਿੱਟਾ ਭਾਵੇਂ ਕੁਝ ਵੀ ਹੋਵੇ ਪਰ ਹੁਣ ਵਾਪਸ ਨਹੀਂ ਮੁੜ ਸਕਦੇ।

20 ਫਰਵਰੀ ਨੂੰ ਸਵੇਰੇ 6 ਵਜੇ ਭਾਈ ਲਛਮਣ ਸਿੰਘ ਦੀ ਅਗਵਾਈ ਵਿੱਚ ਸਿੰਘਾਂ ਦਾ ਜਥਾ ਸ਼ਾਂਤਮਈ ਤਰੀਕੇ ਨਾਲ ਗੁਰਦੁਆਰਾ ਸਾਹਿਬ ਵਿਖੇ ਦਾਖ਼ਲ ਹੋਇਆ। ਉਹਨਾਂ ਨੇ ਦਰਬਾਰ ਸਾਹਿਬ ਵਿੱਚ ਜਾ ਕੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕਰ ਦਿੱਤਾ। ਖ਼ੁਦ ਭਾਈ ਲਛਮਣ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਚੌਰ ਕਰਨ ਲੱਗ ਪਏ।

ਉਸੇ ਵੇਲੇ ਮਹੰਤ ਨਰੈਣ ਦਾਸ ਆਪਣੇ ਗੁੰਡਿਆਂ ਸਮੇਤ ਸ਼ਰਾਬੀ ਹਾਲਤ ਵਿੱਚ ਦਰਬਾਰ ਸਾਹਿਬ ਦੇ ਅੰਦਰ ਹੀ ਆ ਗਿਆ। ਮਹੰਤ ਦੇ ਗੁੰਡਿਆਂ ਨੇ ਸ਼ਾਂਤਮਈ ਬੈਠੇ ਆਸਾ ਦੀ ਵਾਰ ਦਾ ਕੀਰਤਨ ਸੁਣ ਰਹੇ ਸਿੰਘਾਂ ’ਤੇ ਗੋਲ਼ੀਆਂ ਦਾ ਮੀਂਹ ਵਰਸਾ ਦਿੱਤਾ। ਭਾਈ ਲਛਮਣ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਿਆਂ ਕਈ ਗੋਲ਼ੀਆਂ ਲੱਗੀਆਂ। ਕਈ ਗੋਲ਼ੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵੀ ਲੱਗੀਆਂ। ਗੋਲ਼ੀਆਂ ਵੱਜਣ ਕਰਕੇ ਭਾਈ ਲਛਮਣ ਸਿੰਘ ਉਥੇ ਹੀ ਢੇਰੀ ਹੋ ਗਏ। ਨਰੈਣ ਦਾਸ ਦੇ ਗੁੰਡਿਆਂ ਨੇ ਇਥੇ ਹੀ ਬੱਸ ਨਹੀਂ ਕੀਤੀ ਬਲਕਿ ਇਕੱਲੇ ਇਕੱਲੇ ਸਿੰਘ ਨੂੰ ਬਾਹਰ ਕੱਢ ਕੇ ਮਾਰਨਾ ਸ਼ੁਰੂ ਕਰ ਦਿੱਤਾ। ਭਾਈ ਲਛਮਣ ਸਿੰਘ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਲਿਆ ਕੇ ਅੱਧ ਮੋਈ ਹਾਲਤ ਵਿੱਚ ਉਥੇ ਖਲੋਤੇ ਇਕ ਜੰਡ ਨਾਲ ਪੁੱਠਾ ਕਰ ਕੇ ਬੰਨ੍ਹ ਦਿੱਤਾ ਅਤੇ ਹੇਠਾਂ ਅੱਗ ਬਾਲ ਦਿੱਤੀ ਗਈ। ਇਸ ਤਰ੍ਹਾਂ ਭਾਈ ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਸ਼ਹੀਦ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਅੰਦਰ ਇਕ ਅਲਮਾਰੀ ਵਿੱਚ ਸਿੱਖਾਂ ਨੇ ਇੱਕ ਛੋਟੇ ਬੱਚੇ ਨੂੰ ਲੁਕੋ ਦਿੱਤਾ ਸੀ। ਇਹ ਬੱਚਾ ਜ਼ਿੱਦ ਕਰ ਕੇ ਜਥੇ ਦੇ ਨਾਲ ਆ ਗਿਆ ਸੀ ਅਤੇ ਸਿੱਖ ਸੰਗਤਾਂ ਚਾਹੁੰਦੀਆਂ ਸਨ ਕਿ ਇਹ ਬੱਚਾ ਜੀਵਤ ਰਹੇ। ਇਸ ਲਈ ਉਸ ਨੂੰ ਅਲਮਾਰੀ ਦੇ ਵਿੱਚ ਬੰਦ ਕਰ ਦਿੱਤਾ ਸੀ। ਜਦੋਂ ਨਰਾਇਣ ਦਾਸ ਦੇ ਗੁੰਡੇ ਗੁਰਦੁਆਰਾ ਸਾਹਿਬ ਦੇ ਅੰਦਰ ਗੋਲੀਆਂ ਚਲਾਉਂਦੇ ਸਨ ਤਾਂ ਸਾਰੇ ਸਿੱਖ ਇਕ ਦੂਜੇ ਤੋਂ ਅੱਗੇ ਵਧ ਕੇ ਉਸ ਅਲਮਾਰੀ ਦੇ ਅੱਗੇ ਖਲੋ ਜਾਂਦੇ ਸਨ। ਜਿਸ ਤੋਂ ਉਨ੍ਹਾਂ ਨੂੰ ਸ਼ੱਕ ਪਿਆ ਕਿ ਇੱਥੇ ਕੁਝ ਹੈ। ਜਦੋਂ ਅਲਮਾਰੀ ਖੋਲ੍ਹੀ ਗਈ ਤਾਂ ਉਸ ਵਿੱਚੋਂ ਇੱਕ ਦੋ ਸਾਲ ਦਾ ਸਿੱਖ ਬਚਾ ਨਿਕਲਿਆ। ਨਰੈਣ ਦਾਸ ਦੇ ਗੁੰਡਿਆਂ ਨੇ ਉਸ ਬੱਚੇ ਨੂੰ ਬਲਦੀ ਹੋਈ ਅੱਗ ਦੇ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ।

ਦੂਜੇ ਪਾਸੇ ਭਾਈ ਉਤਮ ਸਿੰਘ ਦੇ ਕਾਰਖਾਨੇ ਵਿੱਚ ਬੈਠੇ ਭਾਈ ਦਲੀਪ ਸਿੰਘ ਨੇ ਜਦੋਂ ਗੋਲ਼ੀਆਂ ਦੀ ਆਵਾਜ਼ ਸੁਣੀ ਤਾਂ ਉਨ੍ਹਾਂ ਕਿਹਾ ਕਿ ਮਹੰਤ ਨੇ ਕਾਰਾ ਕਰ ਦਿੱਤਾ ਹੈ। ਉਹ ਦੌੜ ਕੇ ਗੁਰਦੁਆਰਾ ਸਾਹਿਬ ਵੱਲ ਆਏ ਅਤੇ ਮਹੰਤ ਅਤੇ ਉਸ ਦੇ ਗੁੰਡਿਆਂ ਨੂੰ ਅਜਿਹਾ ਕਰਨ ਤੋਂ ਰੋਕਿਆ। ਮਹੰਤ ਨੇ ਭਾਈ ਦਲੀਪ ਸਿੰਘ ਨੂੰ ਵੀ ਅਕਾਲੀ ਆਗੂ ਆਖਦੇ ਹੋਏ ਚੁੱਕ ਕੇ ਬਲਦੀ ਹੋਈ ਅੱਗ ਵਿੱਚ ਸੁੱਟਵਾ ਦਿੱਤਾ। ਅਖੀਰ ਸ਼ਹੀਦ ਹੋਏ ਸਾਰੇ ਸਿੰਘਾਂ ਨੂੰ ਇਕੱਠਿਆਂ ਕਰਕੇ ਉਹਨਾਂ ਉੱਤੇ ਪਹਿਲਾਂ ਤੋਂ ਇਕੱਤਰ ਕੀਤੀਆਂ ਲੱਕੜਾਂ ਅਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਗਈ।

ਇਸ ਘਟਨਾ ਦੀ ਸੂਚਨਾ ਭਾਈ ਧੰਨਾ ਸਿੰਘ ਕਾਰਖਾਨੇਦਾਰ, ਉੱਤਮ ਸਿੰਘ ਅਤੇ ਸਟੇਸ਼ਨ ਮਾਸਟਰ ਕਰਮ ਸਿੰਘ ਸਟੇਸ਼ਨ ਮਾਸਟਰ ਨੇ ਸ਼ਾਮ ਤੱਕ ਪੰਜਾਬ ਦੇ ਗਵਰਨਰ, ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ ਸ਼੍ਰੋਮਣੀ ਕਮੇਟੀ ਨੂੰ ਟੈਲੀ ਗਰਾਮ ਰਾਹੀਂ ਭੇਜ ਦਿੱਤੀ। ਸ਼ਾਮੀਂ 7 ਵਜੇ ਦੇ ਕਰੀਬ ਡਿਪਟੀ ਕਮਿਸ਼ਨਰ ਮਿਸਟਰ ਕੈਰੀ ਨਨਕਾਣਾ ਸਾਹਿਬ ਪਹੁੰਚਿਆ। ਉਸ ਵੇਲੇ ਵੀ ਮਹੰਤ ਦੇ ਆਦਮੀ ਲਾਸ਼ਾਂ ਨੂੰ ਸਾੜ ਰਹੇ ਸਨ। ਉਹਨਾ ਨੂੰ ਕਿਸੇ ਨੇ ਨਹੀਂ ਰੋਕਿਆ। ਇਸੇ ਦੌਰਾਨ ਰਾਤ ਨੂੰ ਲਗਭਗ 9 ਵਜੇ ਕਮਿਸ਼ਨਰ ਲਾਹੌਰ ਮਿਸਟਰ ਕਿੰਗ ਸਪੈਸ਼ਲ ਟਰੇਨ ਰਾਹੀਂ ਉਥੇ ਪਹੁੰਚਿਆ। ਉਸਦੇ ਨਾਲ ਸੌ ਦੇ ਕਰੀਬ ਅੰਗਰੇਜ਼ ਅਫ਼ਸਰ ਅਤੇ ਪੁਲਸ ਦੇ ਜਵਾਨ ਵੀ ਸਨ। ਦੱਸਿਆ ਜਾਂਦਾ ਹੈ ਕਿ ਉਸ ਵੇਲੇ ਵੀ ਮਹੰਤ ਦੇ ਹੱਥ ਵਿਚ ਬੰਦੂਕ ਫੜੀ ਹੋਈ ਸੀ। ਕਮਿਸ਼ਨਰ ਦੇ ਹੁਕਮ ਤੇ ਮਹੰਤ ਅਤੇ ਉਸ ਦੇ 26 ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਥੋਂ ਉਹ ਸਾਰਾ ਨਾਜਾਇਜ਼ ਅਸਲਾ, ਮਿੱਟੀ ਦਾ ਤੇਲ, ਲੱਕੜਾਂ ਅਤੇ ਹੋਰ ਹਥਿਆਰ ਬਰਾਮਦ ਹੋਏ।

20 ਫਰਵਰੀ ਦੀ ਰਾਤ ਨੂੰ ਹੀ ਦੋ ਵਜੇ ਸਪੈਸ਼ਲ ਟਰੇਨ ਰਾਹੀਂ ਮਹੰਤ ਅਤੇ ਉਸ ਦੇ ਸਾਥੀ ਕਾਤਲਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਭੇਜ ਦਿੱਤਾ ਗਿਆ। ਨਨਕਾਣਾ ਸਾਹਿਬ ਦੇ ਸਾਕੇ ਵੇਲੇ ਮਹਿਤਾਬ ਸਿੰਘ ਸਰਕਾਰੀ ਵਕੀਲ ਵੀ ਸਨ ਅਤੇ ਪੰਜਾਬ ਕੌਂਸਲ ਦੇ ਡਿਪਟੀ ਚੀਫ਼ ਵੀ ਸਨ। ਸਾਕਾ ਨਨਕਾਣਾ ਸਾਹਿਬ ਵਿਖੇ 180 ਤੋਂ ਵੱਧ ਸਿੱਖਾਂ ਦਾ ਕਤਲ ਹੋਇਆ ਸੀ। ਮਹੰਤ ਦੀ ਸਰਕਾਰੀ ਅਫ਼ਸਰਾਂ ਨਾਲ ਨੇੜਤਾ ਸੀ ਜਿਸ ਕਰਕੇ ਪੁਲਿਸ ਉਸ ਦਾ ਕੇਸ ਕਮਜ਼ੋਰ ਰੱਖ ਕੇ ਉਸ ਨੂੰ ਬਚਾਉਣਾ ਚਾਹੁੰਦੀ ਸੀ। ਸਰਕਾਰੀ ਸਾਜ਼ਿਸ਼ਾਂ ਨੂੰ ਵੇਖ ਕੇ ਮਹਿਤਾਬ ਸਿੰਘ ਨੇ ਸਰਕਾਰੀ ਵਕੀਲ ਦੇ ਅਹੁਦੇ ਤੋਂ ਅਤੇ ਪੰਜਾਬ ਕੌਂਸਲ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਕੇ, ਨਿੱਜੀ ਤੌਰ ’ਤੇ ਦੋਸ਼ੀ ਉੱਪਰ ਮੁਕੱਦਮਾ ਚਲਾ ਕੇ ਸਜ਼ਾਵਾਂ ਦਿਵਾਈਆਂ। 12 ਅਕਤੂਬਰ 1921 ਨੂੰ ਸੈਸ਼ਨ ਜੱਜ ਨੇ ਇਸ ਘਟਨਾ ਵਿੱਚ ਸ਼ਾਮਲ ਮਹੰਤ ਅਤੇ ਉਸ ਦੇ ਸੱਤ ਸਾਥੀਆਂ ਕਾਦਰ ਜਲਾਲਾਬਾਦੀ, ਆਤਮ ਰਾਮ ਖਾਨ ਕੀ, ਰਾਂਝਾ ਥਾਣਾ ਝੰਗ, ਹਰੀ ਨਾਥ ਕਨਫਟਾ ਜੋਗੀ, ਨੂਰ ਸ਼ਾਹ ਦੀਨ ਪਠਾਣ, ਸੁਰੈਣ ਸਿੰਘ ਲੁਲਿਆਣੀ, ਰੀਹਾਨਾ ਲੁਲਿਆਣੀ ਨੂੰ ਫਾਂਸੀ ਦੀ ਸਜ਼ਾ, ਅੱਠ ਨੂੰ ਕਾਲੇਪਾਣੀ ਦੀ ਅਤੇ ਬਾਕੀਆਂ ਨੂੰ ਸੱਤ ਸੱਤ ਸਾਲ ਦੀ ਸਜ਼ਾ ਸੁਣਾਈ। ਬਾਅਦ ਵਿੱਚ ਹਾਈਕੋਰਟ ਨੇ ਇਹ ਸਜ਼ਾਵਾਂ ਘੱਟ ਕਰ ਦਿੱਤੀਆਂ। ਮਹੰਤ ਦੀ ਸਜ਼ਾ ਫਾਂਸੀ ਤੋਂ ਘਟਾ ਕੇ ਕਾਲੇਪਾਣੀ ਦੀ ਕਰ ਦਿੱਤੀ। ਬਾਕੀ 7 ਵਿਚੋਂ 3 ਦੀ ਫਾਂਸੀ ਦੀ ਸਜ਼ਾ ਅਤੇ 8 ਦੀ ਕਾਲੇਪਾਣੀ ਦੀ ਸਜ਼ਾ ਵਿਚੋਂ 2 ਦੀ ਕਾਲੇਪਾਣੀ ਦੀ ਸਜ਼ਾ ਕਾਇਮ ਰਹੀ। ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ।

ਅਖ਼ੀਰ ਅੰਗਰੇਜ਼ ਅਫ਼ਸਰ ਮਕਲੈਗਨ ਆਪਣੀ ਐਗਜ਼ੈਕਟਿਵ ਦੇ ਮੈਂਬਰਾਂ ਸਮੇਤ ਸ੍ਰੀ ਨਨਕਾਣਾ ਸਾਹਿਬ ਵਿਖੇ ਪਹੁੰਚਿਆ ਅਤੇ ਸਾਰੀ ਘਟਨਾ ਬਾਰੇ ਉਸਨੇ ਆਪਣੇ ਅੱਖੀਂ ਵੇਖਿਆ ਤੇ ਚਸ਼ਮਦੀਦਾਂ ਤੋਂ ਸਾਰਾ ਬਿਰਤਾਂਤ ਸੁਣਿਆ। ਉਸਨੇ ਵੀ ਇਸ ਘਟਨਾ ਤੇ ਦੁਖ ਪ੍ਰਗਟ ਕੀਤਾ ਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਦੇ ਦਿੱਤਾ। ਸਾਰੇ ਸ਼ਹੀਦ ਸਿੰਘਾਂ ਦਾ ਗੁਰਮਤਿ ਮਰਿਆਦਾ ਅਨੁਸਾਰ ਅੰਤਮ ਸੰਸਕਾਰ ਕੀਤਾ ਗਿਆ।

# ਤਿਆਰ ਹੋਇਆ ਭਾਰਤ-ਅਮਰੀਕਾ ਦੇ ਭਵਿੱਖੀ ਸਬੰਧਾਂ ਦਾ ਖਾਕਾ

ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦਾ ਅਸਥਿਰ, ਉਮੀਦਾਂ ਤੋਂ ਉਲਟ ਅਤੇ ਅਣਕਿਆਸਾ ਸੁਭਾਅ ਹਰ ਕਿਸੇ ਨੂੰ ਹੈਰਾਨ ਕਰਦਾ ਹੈ। ਦੂਜੇ ਕਾਰਜਕਾਲ ਵਿਚ ਉਨ੍ਹਾਂ ਨੇ ਆਪਣੇ ਜਾਣੇ-ਪਛਾਣੇ ਅੰਦਾਜ਼ ਵਿਚ ਇਕ ਤੋਂ ਬਾਅਦ ਇਕ ਫ਼ੈਸਲਿਆਂ ਨਾਲ ਪੂਰੀ ਦੁਨੀਆ ਨੂੰ ਹੈਰਾਨ-ਪਰੇਸ਼ਾਨ ਕਰਨ ਦਾ ਕੰਮ ਕੀਤਾ ਹੈ। ਟਰੰਪ ਜਿਸ ਤਰ੍ਹਾਂ ਅਮਰੀਕੀ ਹਿੱਤਾਂ ਦੀ ਰੱਖਿਆ ਲਈ ਧੜਾਧੜ ਸਖ਼ਤ ਫ਼ੈਸਲੇ ਲੈ ਰਹੇ ਹਨ, ਉਨ੍ਹਾਂ ਦੀ ਅਮਰੀਕੀ ਜਨਤਾ ਦਾ ਵੱਡਾ ਹਿੱਸਾ ਤਾਰੀਫ਼ ਕਰ ਰਿਹਾ ਹੈ।

ਉਨ੍ਹਾਂ ਦੇ ਰੁਖ਼ ਤੋਂ ਸਪਸ਼ਟ ਹੈ ਕਿ ਪਹਿਲੇ ਕਾਰਜਕਾਲ ਦੀ ਤੁਲਨਾ ਵਿਚ ਰਾਸ਼ਟਰਪਤੀ ਦੇ ਤੌਰ 'ਤੇ ਆਪਣੀ ਦੂਜੀ ਪਾਰੀ ਵਿਚ ਉਨ੍ਹਾਂ ਦਾ ਵਤੀਰਾ ਹੋਰ ਹਮਲਾਵਰ ਰਹਿਣ ਵਾਲਾ ਹੈ। ਉਹ ਅਮਰੀਕਾ ਦੀਆਂ ਤਰਜੀਹਾਂ ਨੂੰ ਨਵੇਂ ਸਿਰੇ ਤੋਂ ਤੈਅ ਕਰ ਰਹੇ ਹਨ। ਅਜਿਹੇ ਵਿਚ ਦੁਨੀਆ ਭਰ ਦੇ ਦੇਸ਼ਾਂ ਨੂੰ ਵੀ ਅਮਰੀਕਾ ਨਾਲ ਆਪਣੇ ਸਬੰਧਾਂ ਦੀ ਨਵੀਂ ਰੂਪਰੇਖਾ ਬਣਾਉਣੀ ਪੈ ਰਹੀ ਹੈ।

ਅਜਿਹੇ ਸਮੇਂ ਵਿਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕੀ ਦੌਰੇ 'ਤੇ ਸਾਰਿਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਦੋਵਾਂ ਨੇਤਾਵਾਂ ਦੀ ਗੱਲਬਾਤ ਵਿਚ ਕਈ ਉਲਝਾਊ ਮੁੱਦਿਆਂ ਦੇ ਸੁਲਝਣ ਦੇ ਆਸਾਰ ਬਣਦੇ ਦਿਸੇ ਤਾਂ ਅਗਲੇ ਚਾਰ ਸਾਲਾਂ ਲਈ ਦੁਵੱਲੇ ਸਬੰਧਾਂ ਦਾ ਖਾਕਾ ਵੀ ਖਿੱਚਿਆ ਗਿਆ। ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਵਿਚਾਲੇ ਬੈਠਕ ਵਿਚ ਦਿਲ ਨੂੰ ਦਿਲ ਦੀ ਰਾਹ ਦੇ ਵੀ ਦਰਸ਼ਨ ਹੋਏ। ਵ ?ਹਾਈਟ ਹਾਊਸ ਵਿਚ ਪੀਐੱਮ ਮੋਦੀ ਦਾ ਗਰਮਜੋਸ਼ੀ ਨਾਲ ਸਵਾਗਤ ਕਰਦੇ ਹੋਏ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ 'ਉਨ੍ਹਾਂ ਨੂੰ ਉਨ੍ਹਾਂ ਦੀ ਕਮੀ ਮਹਿਸੂਸ ਹੋ ਰਹੀ ਸੀ।' ਇਜ਼ਰਾਈਲੀ ਪ੍ਰਧਾਨ ਮੰਤਰੀ, ਜਾਪਾਨੀ ਪੀਐੱਮ ਤੇ ਜਾਰਡਨ ਦੇ ਬਾਦਸ਼ਾਹ ਤੋਂ ਬਾਅਦ ਮੋਦੀ ਚੌਥੇ ਆਲਮੀ ਨੇਤਾ ਹਨ ਜਿਨ੍ਹਾਂ ਦੀ ਟਰੰਪ ਨੇ ਦੂਜੇ ਕਾਰਜਕਾਲ ਵਿਚ ਮੇਜ਼ਬਾਨੀ ਕੀਤੀ।

ਇਸ ਤਰ੍ਹਾਂ ਸੰਕੇਤਕ ਤੌਰ 'ਤੇ ਵੀ ਇਸ ਦੌਰੇ ਦੀ ਮਹੱਤਤਾ ਸਹਿਜੇ ਹੀ ਸਮਝੀ ਜਾ ਸਕਦੀ ਹੈ। ਟਰੰਪ ਦੀ ਜਿਹੋ ਜਿਹੀ ਸ਼ਖ਼ਸੀਅਤ ਹੈ, ਉਸ ਨੂੰ ਦੇਖਦੇ ਹੋਏ ਉਨ੍ਹਾਂ ਨਾਲ ਸਮੀਕਰਨ ਦਰੁਸਤ ਰੱਖਣ ਵਿਚ ਨਿੱਜੀ ਸਬੰਧ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ। ਪ੍ਰਧਾਨ ਮੰਤਰੀ ਨੂੰ ਟਰੰਪ ਨੇ ਦੋਸਤ ਦੇ ਰੂਪ ਵਿਚ ਮੁਖ਼ਾਤਬ ਹੁੰਦਿਆਂ ਉਨ੍ਹਾਂ ਨੂੰ 'ਟਫ ਨੈਗੋਸ਼ੀਏਟਰ' ਯਾਨੀ ਸੌਦੇਬਾਜ਼ੀ ਵਿਚ ਸਖ਼ਤ ਅਤੇ ਮਾਹਰ ਵੀ ਦੱਸਿਆ।

ਪੀਐੱਮ ਮੋਦੀ ਨੇ ਵੀ ਟਰੰਪ ਦੇ ਵਿਜ਼ਨ 'ਮੇਕ ਅਮਰੀਕਾ ਗ੍ਰੇਟ ਅਗੇਨ' ਅਤੇ ਆਪਣੀ ਸੰਕਲਪਨਾ 'ਵਿਕਸਤ ਭਾਰਤ' ਵਿਚਾਲੇ ਸਮਾਨਤਾ ਦਰਸਾਉਂਦੇ ਹੋਏ ਸਾਂਝੇ ਦ੍ਰਿਸ਼ਟੀਕੋਣ ਨੂੰ ਰੇਖਾਂਕਿਤ ਕੀਤਾ। ਦੁਨੀਆ ਭਰ ਦੇ ਦੇਸ਼ ਜਿਸ ਤਰ੍ਹਾਂ ਅਮਰੀਕਾ ਨਾਲ ਆਪਣੇ ਸਬੰਧਾਂ ਦੇ ਪੁਨਰ-ਸੰਯੋਜਨ ਵਿਚ ਲੱਗੇ ਹੋਏ ਹਨ, ਉਸ ਨੂੰ ਦੇਖਦੇ

**ਹਰਸ਼ ਵੀ. ਪੰਤ**

ਹੋਏ ਭਾਰਤ ਨੂੰ ਵੀ ਦੇਰ-ਸਵੇਰ ਇਹ ਕੰਮ ਕਰਨਾ ਹੀ ਸੀ। ਪ੍ਰਧਾਨ ਮੰਤਰੀ ਦੇ ਦੌਰੇ ਨਾਲ ਇਹ ਪ੍ਰਕਿਰਿਆ ਰਸਮੀ ਤੌਰ 'ਤੇ ਵੀ ਸ਼ੁਰੂ ਹੋ ਗਈ। ਟਰੰਪ ਪ੍ਰਸ਼ਾਸਨ ਇਸ ਸਮੇਂ ਟੈਰਿਫ ਨੂੰ ਲੈ ਕੇ ਬਹੁਤ ਹਮਲਾਵਰ ਰੌਂਅ ਅਪਣਾ ਰਿਹਾ ਹੈ ਅਤੇ ਪੀਐੱਮ ਮੋਦੀ ਨਾਲ ਬੈਠਕ ਤੋਂ ਕੁਝ ਘੰਟੇ ਪਹਿਲਾਂ ਹੀ ਟਰੰਪ ਨੇ ਜਵਾਬੀ ਟੈਰਿਫ ਨੂੰ ਲੈ ਕੇ ਕਦਮ ਅੱਗੇ ਵਧਾਉਣ ਦਾ ਐਲਾਨ ਵੀ ਕੀਤਾ। ਸੁਭਾਵਕ ਹੈ ਕਿ ਦੋਵਾਂ ਨੇਤਾਵਾਂ ਵਿਚਾਲੇ ਇਸ ਮੁੱਦੇ 'ਤੇ ਚਰਚਾ ਹੋਈ ਹੈ।

ਰਾਸ਼ਟਰਪਤੀ ਟਰੰਪ ਨੇ ਜਵਾਬੀ ਟੈਰਿਫ ਦਾ ਐਲਾਨ ਜ਼ਰੂਰ ਕੀਤਾ ਹੈ ਪਰ ਹਾਲੇ ਉਸ ਵਾਸਤੇ ਮੁਲਾਂਕਣ ਅਤੇ ਹੋਰ ਪਹਿਲੂਆਂ ਨੂੰ ਤੈਅ ਕੀਤਾ ਜਾਣਾ ਬਾਕੀ ਹੈ। ਅਜਿਹੇ ਵਿਚ ਕਿਤੇ ਨਾ ਕਿਤੇ ਭਾਰਤ ਵਾਸਤੇ ਆਪਣੇ ਹਿੱਤਾਂ ਨੂੰ ਸੁਰੱਖਿਅਤ ਬਣਾਈ ਰੱਖਣ ਦੀ ਗੁੰਜਾਇਸ਼ ਬਣੀ ਹੋਈ ਹੈ। ਹੁਣ ਇਹ ਵਾਰਤਾਕਾਰਾਂ 'ਤੇ ਨਿਰਭਰ ਕਰਦਾ ਹੈ ਕਿ ਇਸ ਨੂੰ ਕਿਸ ਤਰ੍ਹਾਂ ਅੱਗੇ ਵਧਾਇਆ ਜਾਂਦਾ ਹੈ। ਹਾਲਾਂਕਿ ਦੋਵਾਂ ਦੇਸ਼ਾਂ ਨੇ 2030 ਤੱਕ ਦੁਵੱਲੇ ਵਪਾਰ ਨੂੰ 500 ਅਰਬ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਰੱਖਿਆ ਹੈ। ਇਸ ਨਾਲ ਤੈਅ ਹੈ ਕਿ ਆਉਣ ਵਾਲੇ ਦਿਨਾਂ ਵਿਚ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਵਧੇਗਾ ਅਤੇ ਇਸ ਰਾਹ ਵਿਚ ਸੰਭਾਵੀ ਅੜਿੱਕਿਆਂ ਨੂੰ ਸਮਾਂ ਰਹਿੰਦੇ ਦੂਰ ਕਰਨ ਦਾ ਯਤਨ ਕੀਤਾ ਜਾਵੇਗਾ। ਅਮਰੀਕਾ ਨੇ ਭਾਰਤ ਨੂੰ ਅਤਿ-ਆਧੁਨਿਕ ਰੱਖਿਆ ਤਕਨੀਕ ਅਤੇ ਤੇਲ ਤੇ ਗੈਸ ਦੇ ਨਾਲ ਹੀ ਹੋਰ ਉੱਭਰਦੀਆਂ ਹੋਈਆਂ ਤਕਨੀਕਾਂ ਦੀ ਵੀ ਪੇਸ਼ਕਸ਼ ਕੀਤੀ ਹੈ, ਉਸ ਨਾਲ ਵਪਾਰਕ ਸਬੰਧਾਂ ਨੂੰ ਨਵਾਂ ਦਿਸਹੱਦਾ ਮਿਲੇਗਾ। ਹਿੰਦ-ਪ੍ਰਸ਼ਾਂਤ ਤੋਂ ਲੈ ਕੇ ਪੱਛਮੀ ਏਸ਼ੀਆ ਵਿਚ ਪਰਸਪਰ ਹਿੱਤਾਂ ਵਾਸਤੇ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਖੇਤਰ ਵਿਚ ਸਾਂਝੇਦਾਰੀ ਨੂੰ ਫ਼ੌਜੀ ਤਕਨਾਲੋਜੀ ਤਬਾਦਲੇ ਨਾਲ ਹੋਰ ਮਜ਼ਬੂਤੀ ਮਿਲੇਗੀ। ਇਸ ਸਦਕਾ ਭਾਰਤ ਆਪਣੇ ਚੌਂਹਦੇ ਗੁਆਂਢੀਆਂ ਪਾਕਿਸਤਾਨ ਤੇ ਚੀਨ ਨਾਲ ਕਰੜੇ ਹੱਥੀਂ ਸਿੱਝ ਸਕੇਗਾ ਤੇ ਸਿਰਦਰਦੀ ਬਣ ਰਹੇ ਹੋਰ ਗੁਆਂਢੀਆਂ ਖ਼ਾਸ ਤੌਰ 'ਤੇ ਬੰਗਲਾਦੇਸ਼ ਨੂੰ ਸਿੱਧੇ ਰਾਹ ਪੈ ਜਾਣ ਦਾ ਸਾਫ਼ ਸੰਕੇਤ ਜਾਵੇਗਾ।

ਜਿੱਥੇ ਤੇਲ ਅਤੇ ਗੈਸ ਦੀ ਵਿਕਰੀ ਨਾਲ ਭਾਰਤ ਦੀ ਊਰਜਾ ਸੁਰੱਖਿਆ ਯਕੀਨੀ ਹੋਵੇਗੀ, ਓਥੇ ਹੀ ਹਾਈਡ੍ਰੋਕਾਰਬਨ ਖ਼ਰੀਦ ਵਿਚ ਵੰਨ-ਸੁਵੰਨਤਾ ਵਧੇਗੀ ਅਤੇ ਕੁਝ ਧਿਰਾਂ 'ਤੇ ਨਿਰਭਰਤਾ ਘਟੇਗੀ। ਇਸੇ ਤਰ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏਆਈ ਵਰਗੇ ਨਵੇਂ ਉੱਭਰਦੇ ਹੋਏ ਖੇਤਰਾਂ ਵਿਚ ਦੋਵਾਂ ਧਿਰਾਂ ਵਿਚਾਲੇ ਵਧਦਾ ਹੋਇਆ ਸਹਿਯੋਗ ਨਾ ਸਿਰਫ਼ ਦੁਵੱਲੀ, ਬਲਕਿ ਆਲਮੀ ਵਿਵਸਥਾ ਨੂੰ ਵੀ ਲਾਭ ਪਹੁੰਚਾਏਗਾ।

ਰੂਸ-ਯੂਕਰੇਨ ਵਿਚਾਲੇ ਤਣਾਅ ਘਟਾਉਣ ਨੂੰ ਲੈ ਕੇ ਟਰੰਪ ਜਿਸ ਤਰ੍ਹਾਂ ਸਰਗਰਮ ਅਤੇ ਵਚਨਬੱਧ ਹਨ, ਉਸ ਨਾਲ ਵੀ ਭਾਰਤ ਲਈ ਆਲਮੀ ਵਪਾਰ ਵਿਚ ਸੁਗਮਤਾ ਵਧੇਗੀ ਕਿਉਂਕਿ ਬਾਇਡਨ ਪ੍ਰਸ਼ਾਸਨ ਨੇ ਰੂਸ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਹੋਈਆਂ ਸਨ। ਇਸੇ ਤਰ੍ਹਾਂ ਚਾਬਹਾਰ ਬੰਦਰਗਾਹ ਦਾ ਮਾਮਲਾ ਟਰੰਪ ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ 'ਤੇ ਛੱਡ ਦਿੱਤਾ ਹੈ ਕਿ ਉਹੀ ਤੈਅ ਕਰਨ ਕਿ ਕੀ ਕਰਨਾ ਹੈ।



ਇਸ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਭਾਰਤ ਨੂੰ ਛੋਟ ਜਾਰੀ ਰਹੇਗੀ। ਉਕਤ ਬੰਦਰਗਾਹ ਭਾਰਤ ਲਈ ਵਪਾਰਕ ਪੱਖੋਂ ਬੇਹੱਦ ਅਹਿਮੀਅਤ ਰੱਖਦੀ ਹੈ ਰੱਖਿਆ ਖੇਤਰ ਦੇ ਮੁਹਾਜ਼ 'ਤੇ ਵੀ ਦੋਵਾਂ ਦੇਸ਼ਾਂ ਦੀ ਜੁਗਲਬੰਦੀ ਹੋਰ ਬਿਹਤਰ ਹੋ ਰਹੀ ਹੈ। ਪੱਛਮੀ ਏਸ਼ੀਆ ਤੋਂ ਲੈ ਕੇ ਹਿੰਦ-ਪ੍ਰਸ਼ਾਂਤ ਖੇਤਰ ਲਈ ਦੋਵਾਂ ਦੇਸ਼ਾਂ ਨੇ ਆਪਣੇ ਯਤਨਾਂ ਦੀਆਂ ਵਚਨਬੱਧਤਾਵਾਂ ਨੂੰ ਮੁੜ ਜ਼ਾਹਰ ਕੀਤਾ ਹੈ। ਪੱਛਮੀ ਏਸ਼ੀਆ ਵਿਚ ਜਿੱਥੇ ਆਈਟੂਯੂਟੂ ਨੂੰ ਵਿਆਪਕਤਾ ਦਿੱਤੀ ਜਾਵੇਗੀ, ਓਥੇ ਹੀ ਹਿੰਦ-ਪ੍ਰਸ਼ਾਂਤ ਵਾਸਤੇ ਹਿੰਦ ਮਹਾਸਾਗਰ ਪਹਿਲ ਦਾ ਐਲਾਨ ਕੀਤਾ ਗਿਆ ਹੈ। ਅਮਰੀਕਾ ਵਾਰ-ਵਾਰ ਸੁਤੰਤਰ ਅਤੇ ਮੁਕਤ ਹਿੰਦ-ਪ੍ਰਸ਼ਾਂਤ ਖੇਤਰ ਦੀ ਗੱਲ ਦੁਹਰਾਉਂਦਾ ਹੈ ਅਤੇ ਇਹ ਯਕੀਨੀ ਬਣਾਉਣ ਵਿਚ ਭਾਰਤ ਦੀ ਸਾਂਝੇਦਾਰੀ ਨੂੰ ਅਹਿਮੀਅਤ ਦਿੰਦਾ ਰਿਹਾ ਹੈ। ਚੀਨ ਦੀ ਵਧਦੀ ਹੋਈ ਚੁਣੌਤੀ ਅਤੇ ਪ੍ਰਮੁੱਖ ਆਲਮੀ ਵਪਾਰਕ ਰਾਹਾਂ ਦੀ ਹਿਫ਼ਾਜ਼ਤ ਲਈ ਦੋਵਾਂ ਦੇਸ਼ਾਂ ਦੇ ਅਜਿਹੇ ਯਤਨ ਬਹੁਤ ਜ਼ਰੂਰੀ ਵੀ ਹਨ। ਅੱਤਵਾਦ ਦੇ ਮੁੱਦੇ 'ਤੇ ਵੀ ਦੋਵਾਂ ਦੇਸ਼ਾਂ ਦੀ ਸਾਂਝੀ ਚਿੰਤਾ ਸਾਹਮਣੇ ਆਈ। ਅਮਰੀਕਾ ਨੇ ਤੁਹੱਵਰ ਰਾਣਾ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਖੇਤਰੀ ਸੁਰੱਖਿਆ ਨੂੰ ਲੈ ਕੇ ਭਾਰਤ ਦੀਆਂ ਚਿੰਤਾਵਾਂ ਨਾਲ ਵੀ ਅਮਰੀਕਾ ਨੇ ਸਹਿਮਤੀ ਜ਼ਾਹਰ ਕੀਤੀ ਹੈ।

ਭਾਰਤ ਲਈ ਪਰੇਸ਼ਾਨੀ ਵਧਾ ਰਹੇ ਬੰਗਲਾਦੇਸ਼ ਦੇ ਮਾਮਲੇ ਵਿਚ ਤਾਂ ਰਾਸ਼ਟਰਪਤੀ ਟਰੰਪ ਨੇ ਸਪਸ਼ਟ ਤੌਰ 'ਤੇ ਕਹਿ ਦਿੱਤਾ ਕਿ ਇਸ ਗੁਆਂਢੀ ਦੇਸ਼ ਦੇ ਮਾਮਲੇ ਵਿਚ ਜੋ ਕਰਨਾ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਤੈਅ ਕਰਨ।

ਇਸ ਨੂੰ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਲਈ ਸਖ਼ਤ ਸੰਦੇਸ਼ ਸਮਝਿਆ ਜਾਵੇ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਬਾਇਡਨ ਪ੍ਰਸ਼ਾਸਨ ਦੀ ਮਿਹਰਬਾਨੀ ਨਾਲ ਹੀ ਉਹ ਹੋਂਦ ਵਿਚ ਆ ਸਕੀ। ਤ੍ਰਾਸਦੀ ਇਹ ਹੈ ਕਿ ਉਹ ਭਾਰਤ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਖੇਡਦੀ ਹੋਈ ਭਾਰਤ ਲਈ ਲਗਾਤਾਰ ਸਿਰਦਰਦ ਬਣੀ ਹੋਈ।

ਉਹ ਪਾਕਿਸਤਾਨ ਅਤੇ ਆਈਐੱਸਆਈ ਅਤੇ ਚੀਨ ਦੇ ਇਸ਼ਾਰਿਆਂ 'ਤੇ ਨੱਚਦੀ ਹੋਈ ਭਾਰਤ ਦੇ ਹਿੱਤਾਂ ਨੂੰ ਢਾਹ ਲਾ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੌਰੇ ਵਿਚ ਆਰਥਿਕ, ਰੱਖਿਆ ਅਤੇ ਰਣਨੀਤਕ ਸਬੰਧਾਂ 'ਤੇ ਵਿਆਪਕ ਸਹਿਮਤੀ ਬਣੀ ਹੈ। ਦੋਵੇਂ ਦੇਸ਼ 21ਵੀਂ ਸਦੀ ਦੀਆਂ ਜ਼ਰੂਰਤਾਂ ਮੁਤਾਬਕ ਰਿਸ਼ਤਿਆਂ ਨੂੰ ਆਕਾਰ ਦੇਣ ਦੀ ਦਿਸ਼ਾ ਵਿਚ ਅੱਗੇ ਵਧੇ ਹਨ। ਕੁਝ ਮੁੱਦਿਆਂ 'ਤੇ ਜ਼ਰੂਰ ਹਾਲੇ ਵੀ ਪੇਚ ਫਸਿਆ ਹੋਇਆ ਹੈ ਪਰ ਮੋਦੀ-ਟਰੰਪ ਦੀ ਦੋਸਤੀ ਅਤੇ ਆਪਸੀ ਹਿੱਤਾਂ ਦੀ ਡੂੰਘੀ ਸਮਝ ਨੂੰ ਦੇਖਦੇ ਹੋਏ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੇ ਵੀ ਸੁਲਝਣ ਦੀ ਉਮੀਦ ਵਧੀ ਹੈ।

# ਕਿਉਂ ਖਾਲੀ ਹੋ ਰਿਹੈ ਪੰਜਾਬ ?



ਆਧੁਨਿਕ ਸਮਾਜਿਕ, ਆਰਥਿਕ ਅਤੇ ਵਿਦਿਅਕ ਵਿਵਸਥਾ, ਜਿਸ ਮਨੁੱਖ ਦੀ ਸਿਰਜਣਾ ਵੱਲ ਰੁਚਿਤ ਹੈ, ਉਹ ਮੰਡੀ ਦੀ ਵਸਤ ਅਤੇ ਅਤ੍ਰਿਪਤੀ ਦੀ ਅੱਗ ਵਿੱਚ ਝੁਲਸਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਸਮਾਜਿਕ ਜੀਵਨ ਦਾ ਮਿਆਰ: ਸਬਰ-ਸੰਤੋਖ ਅਤੇ ਆਪਸੀ ਪਿਆਰ ਮਿਲਵਰਤਣ ਨਾ ਹੋ ਕੇ ਪਦਾਰਥਕ ਬਹੁਤਾਤ ਉੱਪਰ ਨਿਰਭਰ ਹੈ। ਸ਼ਾਇਦ ਇਹੀ ਕਾਰਨ ਹੈ ਕਿ ਬਚਪਨ ਤੋਂ ਹੀ ਬੱਚੇ ਨੂੰ ਮੰਡੀ ਲਈ ਤਿਆਰ ਕੀਤਾ ਜਾਣ ਲੱਗ ਪਿਆ ਹੈ। ਆਧੁਨਿਕ ਵਿਦਿਅਕ ਢਾਂਚਾ ਵੀ ਕਿਸੇ ਨੈਤਿਕ ਦ੍ਰਿਸ਼ਟੀਕੋਣ ਦੀ ਸਿਰਜਣਾ ਕਰਨ ਦੀ ਬਜਾਏ, ਵਿੱਦਿਆ ਦੇ ਵਪਾਰੀਕਰਨ ਵਾਲੇ ਪਾਸੇ ਵਧੇਰੇ ਰੁਚਿਤ ਹੈ।

ਵਿੱਦਿਅਕ ਅਦਾਰਿਆਂ ਦਾ ਨਿੱਜੀਕਰਨ ਹੋਣ ਕਰਕੇ, ਜਿੱਥੇ ਸਕੂਲਾਂ ਦੀਆਂ ਫੀਸਾਂ ਵਿੱਚ ਵੱਡੀ ਮਾਤਰਾ 'ਚ ਵਾਧਾ ਹੋਇਆ ਹੈ, ਉੱਥੇ ਹੀ ਵਿੱਦਿਆ ਦਾ ਮਿਆਰ ਵੀ ਪਹਿਲਾਂ ਨਾਲੋਂ ਨਿਰੰਤਰ ਹੇਠਾਂ ਡਿੱਗਦਾ ਜਾ ਰਿਹਾ ਹੈ। ਵਿੱਦਿਆ ਸਿੱਖਣ ਜਾਂ ਸਿਖਾਉਣ ਦਾ ਮੰਤਵ ਚੰਗੀ ਨੈਤਿਕ ਸਿੱਖਿਆ ਜਾਂ ਚੰਗੇ ਕਿਰਦਾਰ ਪੈਦਾ ਕਰਨਾ ਨਹੀਂ ਹੈ, ਬਲਕਿ ਬੱਚਿਆਂ ਨੂੰ ਆਪਣੀਆਂ ਖ਼ਾਹਿਸ਼ਾਂ ਮਗਰ ਭੱਜਣ ਅਤੇ ਮੰਡੀ ਦੀ ਵਸਤੂ ਬਣਨ ਲਈ ਪ੍ਰੇਰਿਤ ਕਰਨਾ ਹੈ। ਇਸ ਦੇ ਬਹੁਤ ਸਾਰੇ ਨਕਾਰਾਤਮਕ ਨਤੀਜੇ ਅੱਜ ਸਾਡੇ ਸਾਹਮਣੇ ਪ੍ਰਤੱਖ ਹਨ। ਬੱਚੇ ਨੇਕ ਇਨਸਾਨ ਬਣ ਕੇ ਦੇਸ਼ ਦੀ ਸੇਵਾ ਕਰਨ ਲਈ ਵਿੱਦਿਆ ਪ੍ਰਾਪਤ ਨਹੀਂ ਕਰਦੇ ਬਲਕਿ ਜ਼ਮਾਨੇ ਦੇ ਦੌਰ ਅਨੁਸਾਰ ਆਪਣਾ ਵਿਸ਼ਾ ਜਾਂ ਫੀਲਡ ਚੁਣਦੇ ਹਨ ਕਿ ਸਮਾਜ ਵਿੱਚ ਡਾਕਟਰ ਦੀ ਜ਼ਿਆਦਾ ਮੰਗ ਹੈ ਜਾਂ ਇੰਜੀਨੀਅਰ ਦੀ। ਇਹ ਮੰਗ ਅੱਜ ਬਹੁਤ ਸਾਰੇ ਪੜ੍ਹੇ-ਲਿਖੇ ਡਾਕਟਰ, ਇੰਜੀਨੀਅਰ, ਅਫ਼ਸਰ ਅਤੇ ਲੀਡਰ ਤਾਂ ਪੈਦਾ ਕਰ ਰਹੀ ਹੈ, ਪਰ ਇਨ੍ਹਾਂ ਵਿੱਚ ਇਨਸਾਨੀਅਤ ਦੀ ਘਾਟ ਹੈ। ਅਜਿਹੀ ਮਨੁੱਖੀ ਭਾਵਨਾ ਦੂਜਿਆਂ ਲਈ ਸੁਹਿਰਦਤਾ ਅਤੇ ਸਦਭਾਵਨਾ ਨਾਲ ਕਿਵੇਂ ਵਿਚਰ ਸਕਦੀ ਹੈ, ਜਦਕਿ ਸਕੂਲ ਤੋਂ ਹੀ ਬੱਚਿਆਂ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਤੇਰਾ ਸਾਥੀ ਹੀ ਤੇਰਾ ਵਿਰੋਧੀ ਹੈ।

ਸਾਡੇ ਮਨਾਂ ਵਿੱਚ ਤਾਂ ਦੂਜਿਆਂ ਲਈ ਈਰਖਾ ਭਰੀ ਜਾਂਦੀ ਹੈ, ਸਾਨੂੰ ਖੋਹਣਾ ਸਿਖਾਇਆ ਜਾਂਦਾ ਹੈ, ਦੇਣਾ ਤਾਂ ਅਸੀਂ ਕਦੇ ਸਿੱਖੇ ਹੀ ਨਹੀਂ। ਬੱਚਿਆਂ ਵਿੱਚੋਂ ਸਬਰ-ਸੰਤੋਖ, ਵੱਡਿਆਂ ਦਾ ਸਤਿਕਾਰ ਸਭ ਕੁਝ ਵਿਸਰਦਾ ਜਾ ਰਿਹੈ। ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਦੇ ਰੁਝਾਨ ਨੇ ਪਰਿਵਾਰਾਂ ਵਿੱਚ ਇਸ ਕਦਰ ਦੂਰੀਆਂ ਪੈਦਾ ਕੀਤੀਆਂ ਹਨ ਕਿ ਸਰੀਰਕ ਪੱਧਰ 'ਤੇ ਇੱਕ ਬਿਸਤਰ ਉੱਤੇ ਬੈਠੇ ਹੋਣ ਦੇ ਬਾਵਜੂਦ ਵੀ ਮਾਨਸਿਕ ਤੌਰ 'ਤੇ ਇੱਕ ਦੂਜੇ ਤੋਂ ਕੋਹਾਂ ਦੂਰ ਹੁੰਦੇ ਹਾਂ। ਸਾਨੂੰ ਸਿਖਾਇਆ ਜਾ ਰਿਹੈ ਕਿ ਸੁਖੀ ਜੀਵਨ ਦੀ ਕਾਮਨਾ ਪਦਾਰਥਕ ਸੱਤਾ ਦੁਆਰਾ ਹੀ ਸੰਭਵ ਹੋ ਸਕਦੀ ਹੈ ਅਤੇ ਇਸ ਨੇ ਬੱਚਿਆਂ ਤੋਂ ਉਨ੍ਹਾਂ ਦੀ ਮੌਲਿਕਤਾ ਖੋਹ ਲਈ ਹੈ।

ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚ ਜਿੱਥੇ ਨੰਬਰ ਜਾਂ ਗ੍ਰੇਡ ਹੀ ਸਭ ਕੁਝ ਨੇ, ਇੱਥੇ ਕਿਤਾਬਾਂ ਵਿੱਚ ਲਿਖੇ ਅੱਖਰ ਹੀ ਮਿਆਰ ਨੇ, ਜਿਨ੍ਹਾਂ ਨੇ ਸਾਡੀ ਆਜ਼ਾਦ ਸੋਚ ਉੱਪਰ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤੇ ਹਨ। ਛੋਟੀਆਂ ਉਮਰਾਂ ਵਿੱਚ ਹੀ ਕਿਤਾਬਾਂ ਦੇ ਬੋਝ ਨੇ ਬੱਚਿਆਂ ਤੋਂ ਬਚਪਨ ਖੋਹ ਲਿਆ ਹੈ। ਵਿੱਦਿਅਕ ਅਦਾਰਿਆਂ ਨੇ ਖ਼ੂਬ ਫੀਸਾਂ ਲੈ ਕੇ ਬੱਚਿਆਂ ਨੂੰ ਕੋਰਸ ਕਰਵਾਏ, ਪਰ ਜਦੋਂ ਨੌਕਰੀ ਦੇਣ ਦੀ ਵਾਰੀ ਆਈ ? ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹੈ ਕਿ ਪੀਐੱਚ.ਡੀ ਕਰਕੇ ਵੀ ਨੌਜੁਆਨ ਮੁੰਡੇ-ਕੁੜੀਆਂ 12-15 ਹਜ਼ਾਰ ਦੀ ਨੌਕਰੀ ਲਈ ਤਰਲੇ ਕੱਢਦੇ ਫਿਰਦੇ ਹਨ। ਜ਼ਿੰਦਗੀ ਦੇ 30-32 ਸਾਲ ਗਾਲ ਕੇ ਵੀ ਜਦੋਂ ਨੌਕਰੀ ਨਹੀਂ ਮਿਲਦੀ ਤਾਂ ਉੱਚ-ਵਿੱਦਿਅਕ ਸੰਸਥਾਵਾਂ ਅਤੇ ਉੱਚ ਵਿੱਦਿਆ ਗ੍ਰਹਿਣ ਕਰਨ ਵਾਲਿਆਂ ਦੀ ਬੇਵਸੀ ਤੇ ਮਜਬੂਰੀ ਪ੍ਰਗਟ ਹੋ ਜਾਂਦੀ ਹੈ। ਵਰਤਮਾਨ ਵਿੱਚ ਤਾਂ ਭ੍ਰਿਸ਼ਟਾਚਾਰ ਇਸ ਕਦਰ ਫੈਲਿਆ ਹੋਇਆ ਹੈ ਕਿ ਲਿਆਕਤ ਦੀ ਤਾਂ ਕੋਈ ਥਾਂ ਹੀ ਨਹੀਂ ਬਚੀ। ਸਿਫਾਰਿਸ਼ ਹੋਣੀ ਬਹੁਤ ਜ਼ਰੂਰੀ ਹੈ, ਬਿਨਾਂ ਸਿਫਾਰਿਸ਼ ਇੱਥੇ ਕੋਈ ਕਿਸੇ ਨੂੰ ਨਹੀਂ ਪੁੱਛਦਾ।

ਇੱਕ ਪੋਸਟ ਨਿਕਲਦੀ ਹੈ ਤਾਂ ਸੈਂਕੜੇ ਲੋਕ ਆਪਣੀ ਕਿਸਮਤ ਅਜ਼ਮਾਉਣ ਤੁਰ ਪੈਂਦੇ ਹਨ, ਪਰ ਨੌਕਰੀ ਜਾਂ ਤਾਂ ਕਿਸੇ ਅਫ਼ਸਰ ਦੇ ਬੱਚੇ ਜਾਂ ਪਰਿਵਾਰ ਦੇ ਮੈਂਬਰ ਨੂੰ ਮਿਲਦੀ ਹੈ। ਇਹ ਭ੍ਰਿਸ਼ਟਾਚਾਰ ਸਿਸਟਮ ਵਿੱਚ ਨਹੀਂ ਬਲਕਿ ਖ਼ੂਨ ਵਿੱਚ ਹੈ। ਸਾਡਾ ਸਿਸਟਮ ਸਾਨੂੰ ਭ੍ਰਿਸ਼ਟ ਨਹੀਂ ਕਰਦਾ, ਭ੍ਰਿਸ਼ਟ ਉਹ ਸੋਚ ਕਰਦੀ ਹੈ ਜੋ ਸਾਨੂੰ

**ਡਾ. ਗੁਰਨਾਮ ਸਿੰਘ**

ਵਿੱਦਿਅਕ ਸੰਸਥਾਵਾਂ ਵੱਲੋਂ ਦਿੱਤੀ ਜਾਂਦੀ ਹੈ। ਕਰੋੜਾਂ ਰੁਪਈਆ ਖ਼ਰਚ ਕਰਕੇ ਜਦੋਂ ਕੋਈ ਡਾਕਟਰ ਬਣਦੇ ਤਾਂ ਉਹ ਸਮਾਜ ਵਿੱਚ ਸੇਵਾ ਕਰਨ ਲਈ ਨਹੀਂ ਆਉਂਦਾ। ਸਭ ਤੋਂ ਪਹਿਲਾਂ ਤਾਂ ਉਹ ਆਪਣੀ ਰਕਮ ਪੂਰੀ ਕਰਦਾ ਹੈ ਜੋ ਉਸ ਨੇ ਪੜ੍ਹਾਈ 'ਤੇ ਖਰਚ ਕੀਤੀ ਸੀ। ਇਹ ਹਾਲ ਸਿਰਫ਼ ਡਾਕਟਰ ਦਾ ਨਹੀਂ, ਹਰ ਕਿੱਤੇ ਦੇ ਲੋਕਾਂ ਦਾ ਹੈ ਕਿਉਂਕਿ ਲੋਕਾਂ ਦੀਆਂ ਨਿੱਜੀ ਲੋੜਾਂ ਵੀ ਪੂਰੀਆ ਨਹੀਂ ਹੋ ਰਹੀਆਂ। ਸਰਕਾਰੀ ਸਕੂਲਾਂ ਦੇ ਬਾਹਰ ਲਿਖਿਆ ਪੜ੍ਹਦੇ ਸਾਂ, 'ਸਿੱਖਣ ਲਈ ਆਓ, ਸੇਵਾ ਲਈ ਜਾਓ', 'ਵਿੱਦਿਆ ਮਨੁੱਖ ਦੀ ਤੀਜੀ ਅੱਖ ਹੈ' ਅਤੇ 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ', ਪਰ ਅਫ਼ਸੋਸ ਕਿ ਅੱਜ ਵਿੱਦਿਆ ਵੀ ਕੇਵਲ ਇੱਕ ਧੰਦਾ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ 'ਆਸ਼ਕੀ' ਦੇ ਅੱਡੇ ਬਣਦੇ ਜਾ ਰਹੇ ਹਨ, ਜਿੱਥੋਂ ਅਸੀਂ ਚੰਗੇ ਕਿਰਦਾਰ ਪੈਦਾ ਕਰਨੇ ਸਨ। ਅਧਿਆਪਕਾਂ ਅਤੇ ਪ੍ਰੋਫੈਸਰਾਂ ਦੇ ਮਿਆਰ ਡਿੱਗਦੇ ਨਜ਼ਰ ਆ ਰਹੇ ਹਨ, ਜਿਨ੍ਹਾਂ ਨੇ ਸਾਨੂੰ ਸਿੱਖਿਅਤ ਕਰਨਾ ਸੀ।

ਬੇਰੁਜ਼ਗਾਰੀ ਇਸ ਕਦਰ ਵਧੀ ਹੈ ਕਿ ਵੱਧ-ਪੜ੍ਹੇ ਲਿਖੇ ਲੋਕ ਹੀ ਸਭ ਤੋਂ ਵੱਧ ਬੇਰੁਜ਼ਗਾਰ ਨੇ, ਘੱਟ ਪੜ੍ਹੇ ਲਿਖੇ ਕੀ ਕਰਨ ? ਉਨ੍ਹਾਂ ਨੇ ਦੇਸ਼ ਛੱਡਣਾ ਹੀ ਪ੍ਰਵਾਨ ਕਰ ਲਿਆ। ਅੱਜ ਪੰਜਾਬ ਦੀ ਹਾਲਤ ਇਹ ਹੋਈ ਪਈ ਹੈ ਕਿ ਦਸਵੀਂ ਕਰਨ ਤੋਂ ਬਾਅਦ ਹਰ ਕੋਈ ਆਇਲਟਸ ਕਰਕੇ ਇੱਥੋਂ ਨਿਕਲ ਜਾਣਾ ਚਾਹੁੰਦੈ। ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਬਈ ਇੱਥੇ ਕਰਨ ਕੀ ? ਕਈ ਨਿੱਜੀ ਸਕੂਲਾਂ ਅਤੇ ਕਾਲਜਾਂ ਵਿੱਚ ਅਧਿਆਪਕਾਂ ਦੇ ਖਾਤਿਆਂ ਵਿੱਚ ਪਾਈ ਜਾਂਦੀ ਤਨਖ਼ਾਹ ਵਿੱਚ ਵੀ ਘਾਲਾ-ਮਾਲਾ ਕੀਤਾ ਜਾਂਦਾ ਹੈ। ਉਹ ਅਧਿਆਪਕ ਕੀ ਸਿੱਖਿਆ ਦੇਣਗੇ ਜੋ ਆਪ ਸਿਫਾਰਸ਼ ਨਾਲ ਭਰਤੀ ਹੋਏ ਹਨ। ਕੀ ਉਹ ਬੱਚਿਆਂ ਨੂੰ ਇਮਾਨਦਾਰੀ ਅਤੇ ਲਿਆਕਤ ਨਾਲ ਚੱਲਣ ਦੀ ਪ੍ਰੇਰਨਾ ਦੇ ਸਕਣਗੇ ?

ਕਿਉਂ ਨਾ ਨੌਜੁਆਨ ਦੇਸ਼ ਛੱਡ ਕੇ ਭੱਜਣ, ਜਿੱਥੇ ਇੰਨੇ ਪੜ੍ਹਿਆ-ਲਿਖਿਆਂ ਦੀ ਐਨੀ ਦੁਰਦਸ਼ਾ ਹੈ, ਉੱਥੇ ਘੱਟ ਪੜ੍ਹਿਆ ਬੰਦਾ ਆਪਣੇ ਲਈ ਕੀ ਆਸ ਰੱਖੇ। ਇਹ ਬਹੁਤ ਵੱਡਾ ਦੁਖਾਂਤ ਹੈ, ਜਿਸ ਬਾਬਤ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਅੱਜ ਪਿੰਡਾਂ ਦੇ ਪਿੰਡ ਖ਼ਾਲੀ ਹੋ ਰਹੇ ਨੇ, ਕੀ ਸਰਕਾਰ ਇਹੀ ਚਾਹੁੰਦੀ ਹੈ ? ਨੌਜੁਆਨਾਂ ਲਈ ਵਿੱਦਿਆ ਦਾ ਉੱਚਾ ਮਿਆਰ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਤਾਂ ਦੇਸ਼ ਖ਼ੁਸ਼ਹਾਲ ਹੋਵੇਗਾ। ਨਹੀਂ ਤਾਂ ਅਸੀਂ ਮੰਡੀ ਦੀ ਵਸਤ ਵਾਂਗ ਥਾਂ-ਥਾਂ ਭਟਕ ਕੇ ਆਪਣੀ ਕੀਮਤ ਪਵਾਉਣ ਵਿੱਚ ਹੀ ਜ਼ਿੰਦਗੀ ਗੁਜ਼ਾਰ ਦੇਵਾਂਗੇ।

# ਕੈਨੇਡਾ ਸਰਕਾਰ ਨੇ ਦੇਸ਼ ਦੇ ਇਮੀਗ੍ਰੇਸ਼ਨ ਨਿਯਮਾਂ 'ਚ ਕੀਤਾ ਬਦਲਾਅ

## ਕੈਨੇਡਾ 'ਚ ਹੁਣ ਸਟੱਡੀ ਅਤੇ ਵਰਕ ਪਰਮਿਟ ਤੁਰੰਤ ਰੱਦ ਹੋਣਗੇ



ਟੋਰਾਂਟੋ : ਕੈਨੇਡਾ ਸਰਕਾਰ ਨੇ ਦੇਸ਼ ਦੇ ਇਮੀਗ੍ਰੇਸ਼ਨ ਨਿਯਮਾਂ ਵਿਚ ਬਦਲਾਅ ਕੀਤੇ ਹਨ ਤਾਂ ਜੋ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਭਰੋਸੇਯੋਗਤਾ ਵਿਚ ਸੁਧਾਰ ਕੀਤਾ ਜਾ ਸਕੇ ਅਤੇ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਜਾ ਸਕੇ। ਕੈਨੇਡਾ ਵਿਚ ਪੜ੍ਹਨ ਅਤੇ ਕੰਮ ਕਰਨ ਦੀ ਯੋਜਨਾ ਬਣਾਉਣ ਵਾਲੇ ਲੋਕਾਂ ਦੀਆਂ ਮੁਸ਼ਕਲਾਂ ਹੁਣ ਵੱਧ ਗਈਆਂ ਹਨ। ਦਰਅਸਲ ਕੈਨੇਡਾ ਨੇ ਆਪਣੇ ਇਮੀਗ੍ਰੇਸ਼ਨ ਨਿਯਮਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਸਖ਼ਤ ਕਰ ਦਿਤਾ ਹੈ। ਨਵੇਂ ਨਿਯਮਾਂ ਦੇ ਤਹਿਤ, ਬਾਰਡਰ ਅਤੇ ਇਮੀਗ੍ਰੇਸ਼ਨ ਅਧਿਕਾਰੀ ਹੁਣ ਸਟੱਡੀ ਅਤੇ ਵਰਕ ਪਰਮਿਟ ਵਰਗੇ ਅਸਥਾਈ ਰਿਹਾਇਸ਼ੀ ਵੀਜ਼ੇ ਨੂੰ ਸਿੱਧੇ ਤੌਰ 'ਤੇ ਰੱਦ ਕਰ ਸਕਣਗੇ। ਇਹ ਤਬਦੀਲੀਆਂ ਇਮੀਗ੍ਰੇਸ਼ਨ, ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ (IRCC) ਦੁਆਰਾ ਲਾਗੂ ਕੀਤੀਆਂ ਗਈਆਂ ਹਨ। ਇਹ ਨਿਯਮ 31 ਜਨਵਰੀ, 2025 ਤੋਂ ਲਾਗੂ ਹੋ ਗਏ ਹਨ ਅਤੇ ਕੈਨੇਡਾ ਗਜ਼ਟ 99 ਵਿਚ ਵੀ ਪ੍ਰਕਾਸ਼ਿਤ ਕੀਤੇ ਗਏ ਹਨ। ਆਈਆਰਸੀਸੀ ਨੇ ਇਸ ਮਾਮਲੇ ਵਿੱਚ ਇੱਕ ਬਿਆਨ ਜਾਰੀ ਕੀਤਾ ਹੈ। ਆਪਣੇ ਬਿਆਨ ਵਿੱਚ, IRCC ਨੇ ਕਿਹਾ, 'ਅਸੀਂ ਪ੍ਰਕਿਰਿਆਵਾਂ ਵਿਚ ਸੁਧਾਰ ਕਰਨਾ ਜਾਰੀ ਰੱਖਾਂਗੇ ਅਤੇ ਸਰਹੱਦ ਨੂੰ ਸੁਰੱਖਿਅਤ ਕਰਨ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਦੀ ਸੁਰੱਖਿਆ ਲਈ ਉਪਕਰਣਾਂ ਵਿਚ ਨਿਵੇਸ਼ ਕਰਨਾ ਜਾਰੀ ਰੱਖਾਂਗੇ।' ਨਵੇਂ ਨਿਯਮਾਂ ਤਹਿਤ ਅਧਿਕਾਰੀ ਇਲੈਕਟਰਾਨਿਕ ਟਰੈਵਲ ਅਥਾਰਾਈਜ਼ੇਸ਼ਨ (ਈਟੀਏ) ਅਤੇ ਪਰਮਾਨੈਂਟ ਰੈਜ਼ੀਡੈਂਸ ਵੀਜ਼ਾ (ਟੀਆਰਵੀ) ਨੂੰ ਰੱਦ ਕਰ ਸਕਦੇ ਹਨ।

ਹਾਲਾਂਕਿ, ਇਹ ਉਦੋਂ ਹੋ ਸਕਦਾ ਹੈ ਜੇਕਰ ਕੋਈ ਵਿਅਕਤੀ ਅਯੋਗ ਹੈ ਜਾਂ ਗਲਤ ਜਾਣਕਾਰੀ ਪ੍ਰਦਾਨ ਕਰਦਾ ਹੈ ਜਾਂ ਉਸ ਦਾ ਅਪਰਾਧਕ ਰਿਕਾਰਡ ਹੈ ਜਾਂ ਉਸ ਦੇ ਹਾਲਾਤ ਕਿਸੇ ਤਰੀਕੇ ਨਾਲ ਬਦਲ ਜਾਂਦੇ ਹਨ। ਇਸ ਤੋਂ ਇਲਾਵਾ ਹੁਣ ਸਟੱਡੀ ਅਤੇ ਵਰਕ ਪਰਮਿਟ ਵੀ ਕੁਝ ਖਾਸ ਹਾਲਾਤਾਂ 'ਚ ਰੱਦ ਕੀਤੇ ਜਾ ਸਕਦੇ ਹਨ। ਉਦਾਹਰਣ ਵਜੋਂ, ਜੇਕਰ ਪਰਮਿਟ ਧਾਰਕ ਕੈਨੇਡਾ ਦਾ ਸਥਾਈ ਨਿਵਾਸੀ ਬਣ ਜਾਂਦਾ ਹੈ। ਉਸ ਦੀ ਮੌਤ ਹੋ ਜਾਂਦੀ ਹੈ ਜਾਂ ਉਸ ਦੇ ਦਸਤਾਵੇਜ਼ਾਂ ਵਿਚ ਕੋਈ ਪ੍ਰਸ਼ਾਸਕੀ ਗ਼ਲਤੀ ਹੈ ਤਾਂ ਅਜਿਹੀ ਸਥਿਤੀ ਵਿਚ ਪਰਮਿਟ ਰੱਦ ਕੀਤਾ ਜਾ ਸਕਦਾ ਹੈ। ਕੈਨੇਡਾ 'ਚ ਇਮੀਗ੍ਰੇਸ਼ਨ ਸਬੰਧੀ ਨਿਯਮਾਂ 'ਚ ਬਦਲਾਅ ਕੀਤੇ ਜਾ ਰਹੇ ਹਨ ਅਤੇ ਇਸ ਦਾ ਸਭ ਤੋਂ ਜ਼ਿਆਦਾ ਅਸਰ ਭਾਰਤੀਆਂ 'ਤੇ ਦੇਖਣ ਨੂੰ ਮਿਲ ਰਿਹਾ ਹੈ।

ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਅਧਿਕਾਰੀਆਂ ਨੂੰ ਵੀਜ਼ਾ ਅਤੇ ਪਰਮਿਟ ਦੀਆਂ ਅਰਜ਼ੀਆਂ ਰੱਦ ਕਰਨ ਦਾ ਅਧਿਕਾਰ ਸੀ, ਪਰ ਜੋ ਪਰਮਿਟ ਜਾਰੀ ਕੀਤੇ ਗਏ ਸਨ, ਉਨ੍ਹਾਂ ਨੂੰ ਸੀਮਤ ਸ਼ਕਤੀਆਂ ਨਾਲ ਰੱਦ ਕੀਤਾ ਜਾ ਸਕਦਾ ਸੀ। ਹਾਲਾਂਕਿ ਨਵੇਂ ਨਿਯਮਾਂ ਦੇ ਲਾਗੂ ਹੋਣ ਤੋਂ ਬਾਅਦ ਉਨ੍ਹਾਂ ਪਰਮਿਟਾਂ ਨੂੰ ਰੱਦ ਕਰਨ ਦੀ ਪੂਰੀ ਸ਼ਕਤੀ ਦਿਤੀ ਗਈ ਹੈ।

# ਭਾਰਤ ਅਤੇ ਕਤਰ ਦਰਮਿਆਨ 'ਰਣਨੀਤਕ ਭਾਈਵਾਲੀ' ਕਾਇਮ ਕਰਨ ਦਾ ਫ਼ੈਸਲਾ

## ਪ੍ਰਧਾਨ ਮੰਤਰੀ ਮੋਦੀ ਨੇ ਕਤਰ ਦੇ ਅਮੀਰ ਨਾਲ ਵਪਾਰ, ਨਿਵੇਸ਼ ਤੇ ਤਕਨਾਲੋਜੀ ਖੇਤਰ ਬਾਰੇ ਚਰਚਾ ਕੀਤੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਕਤਰ ਦੇ ਅਮੀਰ ਸ਼ੇਖ ਤਮੀਮ ਬਿਨ ਹਮਦ ਅਲ-ਥਾਨੀ ਨਾਲ ਵੱਖ-ਵੱਖ ਮੁੱਦਿਆਂ 'ਤੇ ਵਿਆਪਕ ਗੱਲਬਾਤ ਕੀਤੀ। ਮੁਲਕਾਤ ਦੌਰਾਨ ਦੋਵਾਂ ਆਗੂਆਂ ਨੇ ਵਪਾਰ, ਨਿਵੇਸ਼, ਤਕਨਾਲੋਜੀ, ਊਰਜਾ ਤੇ ਲੋਕਾਂ ਦੇ ਆਪਸੀ ਸਬੰਧਾਂ 'ਤੇ ਬਾਰੇ ਵਿਚਾਰ ਕਰਦਿਆਂ ਭਾਰਤ-ਕਤਰ ਸਬੰਧਾਂ ਨੂੰ 'ਰਣਨੀਤਕ ਭਾਈਵਾਲੀ' ਤੱਕ ਵਧਾਉਣ ਦਾ ਫ਼ੈਸਲਾ ਕੀਤਾ ਤਾਂ ਕਿ ਦੋਵਾਂ ਮੁਲਕਾਂ ਵਿਚਾਲੇ ਗੂੜ੍ਹੇ ਸਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਦੋਵਾਂ ਆਗੂਆਂ ਨੇ ਦੁਵੱਲੇ ਹਿੱਤਾਂ ਦੇ 'ਖੇਤਰੀ ਤੇ ਆਲਮੀ ਮੁੱਦਿਆਂ' ਉੱਤੇ ਵਿਚਾਰ-ਵਟਾਂਦਰਾ ਵੀ ਕੀਤਾ। ਕਤਰ ਦੇ ਅਮੀਰ ਪ੍ਰਧਾਨ ਮੰਤਰੀ ਮੋਦੀ ਦੇ ਸੱਦੇ 'ਤੇ ਦੋ ਰੋਜ਼ਾ ਭਾਰਤ ਦੌਰੇ 'ਤੇ ਹਨ। ਉਨ੍ਹਾਂ ਦਾ 2015 ਤੋਂ ਬਾਅਦ ਇਹ ਭਾਰਤ ਦਾ ਇਹ ਦੂਜਾ ਦੌਰਾ ਹੈ।

ਇਸ ਤੋਂ ਪਹਿਲਾਂ ਅੱਜ ਕਤਰ ਦੇ ਅਮੀਰ ਨੂੰ ਰਾਸ਼ਟਰਪਤੀ ਦਰੋਪਤੀ ਮੁਰਮੂ ਦੀ ਮੌਜੂਦਗੀ ਵਿਚ ਰਾਸ਼ਟਰਪਤੀ ਭਵਨ 'ਚ ਰਸਮੀ ਗਾਰਡ ਆਫ਼ ਆਨਰ ਦਿੱਤਾ ਗਿਆ। ਇਸ ਮਗਰੋਂ ਪ੍ਰਧਾਨ ਮੰਤਰੀ ਮੋਦੀ ਤੇ ਅਮੀਰ ਨੇ ਇੱਥੇ ਸਥਿਤ ਹੈਦਰਾਬਾਦ ਹਾਊਸ 'ਚ ਦੁਵੱਲੇ ਮੁੱਦਿਆਂ 'ਤੇ ਵਿਆਪਕ ਗੱਲਬਾਤ ਕੀਤੀ।

ਪ੍ਰਧਾਨ ਮੰਤਰੀ ਮੋਦੀ ਤੇ ਕਤਰ ਦੇ ਅਮੀਰ ਐੱਚਐੱਚ ਸ਼ੇਖ ਤਮੀਮ ਬਿਨ ਹਮਦ ਅਲ-ਥਾਨੀ ਨੇ ਅੱਜ ਇੱਥੇ ਹੈਦਰਾਬਾਦ ਹਾਊਸ 'ਚ ਕਈ ਮੁੱਦਿਆਂ 'ਤੇ ਵਿਆਪਕ ਗੱਲਬਾਤ ਕੀਤੀ। ਦੋਵਾਂ ਆਗੂਆਂ ਨੇ ਵਪਾਰ, ਨਿਵੇਸ਼, ਤਕਨਾਲੋਜੀ, ਊਰਜਾ ਤੇ ਲੋਕਾਂ ਦੇ ਆਪਸੀ ਸਬੰਧਾਂ 'ਤੇ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਭਾਰਤ-ਕਤਰ ਦੇ ਗੂੜ੍ਹੇ ਸਬੰਧਾਂ ਦੀ ਹੋਰ ਮਜ਼ਬੂਤੀ ਲਈ ਇਨ੍ਹਾਂ ਸਬੰਧਾਂ ਨੂੰ 'ਰਣਨੀਤਕ ਭਾਈਵਾਲੀ'' ਤੱਕ ਵਧਾਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਦੁਵੱਲੇ ਹਿੱਤਾਂ ਦੇ ਖੇਤਰੀ ਤੇ ਆਲਮੀ ਮੁੱਦਿਆਂ 'ਤੇ ਚਰਚਾ ਵੀ ਕੀਤੀ।'' ਭਾਰਤ ਅਤੇ ਕਤਰ ਨੇ ਅੱਜ ਆਪਸੀ ਰਣਨੀਤਕ ਭਾਈਵਾਲੀ ਸਥਾਪਤ ਕਰਨ ਲਈ ਸਮਝੌਤਾ ਦਸਤਾਵੇਜ਼ਾਂ ਦਾ ਅਦਾਨ-ਪ੍ਰਦਾਨ ਕੀਤਾ।

# ਵਿਦੇਸ਼ਾਂ 'ਚ ਭੇਜਣ ਦੇ ਨਾਂ 'ਤੇ ਪੌਣੇ ਦੋ ਕਰੋੜ ਰੁਪਏ ਦੀ ਧੋਖਾਧੜੀ ਕਰਨ ਵਾਲਾ ਲੁਧਿਆਣੇ ਤੋਂ ਗ੍ਰਿਫ਼ਤਾਰ

- ਇਮੀਗ੍ਰੇਸ਼ਨ ਧੋਖਾਧੜੀ ਮਾਮਲੇ 'ਚ ਚੰਡੀਗੜ੍ਹ ਪੁਲਿਸ ਨੂੰ ਮਿਲੀ ਵੱਡੀ ਸਫਲਤਾ
- ਅਦਾਲਤ ਨੇ ਅਗਲੇਰੀ ਜਾਂਚ ਲਈ ਤਿੰਨ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਿਆ



ਚੰਡੀਗੜ੍ਹ : ਚੰਡੀਗੜ੍ਹ ਪੁਲਿਸ ਨੇ ਇਮੀਗ੍ਰੇਸ਼ਨ ਨਾਲ ਸਬੰਧਤ ਧੋਖਾਧੜੀ ਦੇ ਕਈ ਮਾਮਲਿਆਂ 'ਚ ਲੋੜੀਂਦੇ ਗੁਰਿੰਦਰ ਸਿੰਘ, ਉਰਫ਼ ਗੁਰੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਗ੍ਰਿਫਤਾਰੀ ਸੈਕਟਰ-34 ਥਾਣੇ ਦੀ ਟੀਮ ਨੇ ਸਬ-ਇੰਸਪੈਕਟਰ ਸੁਰੇਸ਼ ਕੁਮਾਰ ਦੀ ਅਗਵਾਈ ਹੇਠ ਜ਼ਿਲ੍ਹਾ ਕ੍ਰਾਈਮ ਸੈੱਲ ਸਟਾਫ ਦੀ ਮਦਦ ਨਾਲ ਕੀਤੀ। ਮੁਲਜ਼ਮ ਨੂੰ ਲੁਧਿਆਣਾ ਤੋਂ ਫੜਿਆ ਗਿਆ। ਗੁਰਿੰਦਰ ਸਿੰਘ 14 ਅਕਤੂਬਰ 2023 ਨੂੰ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ 409, 419, 420, 467, 468, 471 ਅਤੇ 120-ਬੀ ਤਹਿਤ ਐਫ.ਆਈ.ਆਰ. ਨੰਬਰ 162 ਦੇ ਸਬੰਧ 'ਚ ਕਾਫ਼ੀ ਸਮੇਂ ਤੋਂ ਗ੍ਰਿਫਤਾਰੀ ਤੋਂ ਬਚ ਰਿਹਾ ਸੀ।

ਇਹ ਮਾਮਲਾ ਚੰਡੀਗੜ੍ਹ ਦੇ ਸਾਰੰਗਪੁਰ ਦੇ ਸੁਖਬੀਰ ਸਿੰਘ ਵਲੋਂ ਦਾਇਰ ਕੀਤੀ ਗਈ ਸ਼ਿਕਾਇਤ ਤੋਂ ਸ਼ੁਰੂ ਹੋਇਆ ਸੀ, ਜਿਸ ਨੇ ਗੁਰਿੰਦਰ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਈਗਲ-1 ਸਲਾਹਕਾਰ ਅਤੇ ਹੋਰ ਉਪਨਾਮਾਂ ਨਾਲ ਕੰਮ ਕਰਨ ਦਾ ਦੋਸ਼ ਲਾਇਆ ਸੀ, ਜਿਸ ਨੇ ਲੋਕਾਂ ਨਾਲ 1 ਕਰੋੜ 78 ਲੱਖ 82 ਹਜ਼ਾਰ 628 ਰੁਪਏ ਦੀ ਧੋਖਾਧੜੀ ਕੀਤੀ ਸੀ। ਜਾਂਚ ਤੋਂ ਪਤਾ ਲੱਗਿਆ ਕਿ ਸਿਰਫ 2,02,000 ਰੁਪਏ ਦੇ ਲੈਣ-ਦੇਣ ਸ਼ਿਕਾਇਤਕਰਤਾ ਨਾਲ ਸਬੰਧਤ ਸਨ, ਬਾਕੀ ਦਾ ਕੋਈ ਸਬੰਧ ਨਹੀਂ ਸੀ। ਜਾਂਚ ਦੌਰਾਨ ਗੁਰਿੰਦਰ ਸਿੰਘ ਨੇ ਇਮੀਗ੍ਰੇਸ਼ਨ ਕਾਰੋਬਾਰ ਚਲਾਉਣ ਅਤੇ ਕਈ ਵਿਅਕਤੀਆਂ ਨੂੰ ਵੱਖ-ਵੱਖ ਦੇਸ਼ਾਂ ਦਾ ਵੀਜ਼ਾ ਦੇਣ ਦਾ ਝਾਂਸਾ ਦੇ ਕੇ ਧੋਖਾ ਦੇਣ ਦੀ ਗੱਲ ਕਬੂਲ ਕੀਤੀ। ਉਸ ਨੇ ਪ੍ਰਗਟਾਵਾ ਕੀਤਾ ਕਿ ਉਸ ਨੇ ਧੋਖਾਧੜੀ ਨਾਲ ਪ੍ਰਾਪਤ ਕੀਤੇ ਪੈਸੇ ਦੀ ਵਰਤੋਂ ਕਰ ਕੇ ਪੰਜਾਬ 'ਚ ਕਈ ਜਾਇਦਾਦਾਂ ਖਰੀਦੀਆਂ ਸਨ। ਉਸ ਦੀ ਰਿਹਾਇਸ਼ ਤੋਂ ਦੋ ਲਗਜ਼ਰੀ ਗੱਡੀਆਂ, ਇਕ ਬੀ.ਐਮ.ਡਬਲਯੂ. ਅਤੇ ਇਕ ਥਾਰ ਵੀ ਜ਼ਬਤ ਕੀਤੀ ਗਈ ਹੈ। ਮੁਲਜ਼ਮ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਅਤੇ ਅਗਲੇਰੀ ਜਾਂਚ ਲਈ ਤਿੰਨ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿਤਾ ਗਿਆ ਹੈ। ਪੁਲਿਸ ਜਾਅਲੀ ਤਰੀਕਿਆਂ ਨਾਲ ਹਾਸਲ ਕੀਤੇ ਵਾਧੂ ਇਲੈਕਟ੍ਰਾਨਿਕ ਉਪਕਰਣਾਂ, ਦਸਤਾਵੇਜ਼ਾਂ ਅਤੇ ਜਾਇਦਾਦਾਂ ਨੂੰ ਬਰਾਮਦ ਕਰਨ ਲਈ ਕੰਮ ਕਰ ਰਹੀ ਹੈ।

# ਪਾਕਿਸਤਾਨ 'ਚ ਫਸੇ 15 ਹਜ਼ਾਰ ਅ.ਫਗਾਨ ਨਾਗਰਿਕਾਂ ਨੂੰ ਬਾਈਡਨ ਨੇ ਸ਼ਰਨ ਦੇਣ ਦਾ ਕੀਤਾ ਸੀ ਵਾਅਦਾ

## ਟਰੰਪ ਨੇ ਅਮਰੀਕਾ ਆਉਣ 'ਤੇ ਲਗਾਈ ਪਾਬੰਦੀ



ਅੰਮ੍ਰਿਤਸਰ : ਇਸਲਾਮਿਕ ਅਮੀਰਾਤ ਆਫ਼ ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਦੇ ਖ਼ੌਫ਼ ਕਾਰਨ ਪਾਕਿਸਤਾਨ 'ਚ ਰਹਿ ਰਹੇ ਅਫ਼ਗਾਨ ਸ਼ਰਨਾਰਥੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਆਦੇਸ਼ਾਂ ਦੇ ਚੱਲਦਿਆਂ ਹੁਣ ਪਾਕਿਸਤਾਨ 'ਚ ਫਸ ਗਏ ਹਨ। ਅਮਰੀਕਾ ਜਾਣ ਦੀ ਆਸ ਲੈ ਕੇ ਪਾਕਿ 'ਚ ਰਹਿ ਰਹੇ ਇਹ ਅਫ਼ਗਾਨ ਸ਼ਰਨਾਰਥੀ ਟਰੰਪ ਦੇ ਤਾਜ਼ਾ ਹੁਕਮਾਂ ਤਹਿਤ ਅਗਲੇ 90 ਦਿਨਾਂ ਤੱਕ ਅਮਰੀਕਾ ਨਹੀਂ ਜਾ ਸਕਦੇ। ਹਾਲਾਂਕਿ ਅਮਰੀਕਾ ਦੀ ਪਿਛਲੀ ਜੋਅ ਬਾਈਡਨ ਦੀ ਸਰਕਾਰ ਨੇ ਪਾਕਿ 'ਚ ਰਹਿ ਰਹੇ 15 ਹਜ਼ਾਰ ਤੋਂ ਵੱਧ ਅਫ਼ਗਾਨ ਸ਼ਰਨਾਰਥੀਆਂ ਨੂੰ ਆਪਣੇ ਦੇਸ਼ 'ਚ ਆਉਣ ਦੀ ਇਜਾਜ਼ਤ ਦਿੱਤੀ ਸੀ। ਦੱਸਣਯੋਗ ਹੈ ਕਿ ਅਮਰੀਕਾ ਨੇ ਸਾਲ 2021 'ਚ ਅਫ਼ਗਾਨਿਸਤਾਨ ਛੱਡਣ ਤੋਂ ਪਹਿਲਾਂ ਹਜ਼ਾਰਾਂ ਸ਼ਰਨਾਰਥੀਆਂ ਨੂੰ ਦੇਸ਼ 'ਚ ਰਹਿਣ ਦੀ ਮਨਜ਼ੂਰੀ ਦੇਣ ਦਾ ਵਾਅਦਾ ਕੀਤਾ ਸੀ, ਪਰ ਟਰੰਪ ਦੇ ਹੁਕਮਾਂ ਕਾਰਨ ਇਨ੍ਹਾਂ ਸਾਰੇ ਸ਼ਰਨਾਰਥੀਆਂ ਦਾ ਭਵਿੱਖ ਹੁਣ ਅੱਧ-ਵਿਚਾਲੇ ਲਟਕ ਗਿਆ ਹੈ। ਇਸ ਦੌਰਾਨ ਪਾਕਿ ਸਰਕਾਰ ਦਾ ਕਹਿਣਾ ਹੈ ਕਿ ਜਿਹੜੇ ਅਫ਼ਗਾਨ ਸ਼ਰਨਾਰਥੀ ਕਿਸੇ ਤੀਜੇ ਦੇਸ਼ 'ਚ ਨਹੀਂ ਜਾ ਸਕਦੇ, ਉਨ੍ਹਾਂ ਨੂੰ 31 ਮਾਰਚ ਤੋਂ ਬਾਅਦ ਪਾਕਿਸਤਾਨ ਛੱਡਣਾ ਹੋਵੇਗਾ। ਸ਼ਰਨਾਰਥੀ ਸਮੂਹਾਂ ਨੇ ਸ਼ਾਹਬਾਜ਼ ਸ਼ਰੀਫ਼ ਸਰਕਾਰ ਦੇ ਇਸ ਐਲਾਨ ਦੀ ਆਲੋਚਨਾ ਕੀਤੀ ਹੈ। ਦੱਸਣਯੋਗ ਹੈ ਕਿ ਤਾਲਿਬਾਨ ਦੇ ਸੱਤਾ 'ਚ ਆਉਣ ਤੋਂ ਬਾਅਦ ਲੱਖਾਂ ਅਫ਼ਗਾਨ ਨਾਗਰਿਕ ਗੁਆਂਢੀ ਦੇਸ਼ਾਂ 'ਚ ਚਲੇ ਗਏ ਸਨ, ਜਿਨ੍ਹਾਂ 'ਚੋਂ ਸਭ ਤੋਂ ਵੱਡੀ ਗਿਣਤੀ 'ਚ ਉਹ ਪਾਕਿਸਤਾਨ ਤੇ ਈਰਾਨ ਗਏ। ਪਾਕਿ 'ਚ ਪਹਿਲਾਂ ਤੋਂ ਹੀ ਲਗਭਗ 30 ਲੱਖ ਅਫ਼ਗਾਨ ਸ਼ਰਨਾਰਥੀ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਸਾਲ 1980 'ਚ ਸੋਵੀਅਤ ਹਮਲੇ ਦੌਰਾਨ ਪਹੁੰਚੇ ਸਨ ਤੇ ਤਾਲਿਬਾਨ ਦੇ ਆਉਣ ਤੋਂ ਬਾਅਦ 6 ਲੱਖ ਤੋਂ ਵੱਧ ਨਵੇਂ ਸ਼ਰਨਾਰਥੀ ਪਾਕਿ ਪਹੁੰਚੇ। ਸਾਲ 2023 'ਚ ਪਾਕਿ ਸਰਕਾਰ ਨੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 15 ਲੱਖ ਤੋਂ ਵੱਧ ਅਫ਼ਗਾਨ ਸ਼ਰਨਾਰਥੀਆਂ ਨੂੰ ਦੇਸ਼ ਛੱਡਣ ਦਾ ਹੁਕਮ ਦਿੱਤਾ।

# ਪਾਕਿਸਤਾਨ ਸਾਰੇ ਅਫਗਾਨ ਸ਼ਰਨਾਰਥੀਆਂ ਨੂੰ ਦੇਸ਼ ਤੋਂ ਬਾਹਰ ਕੱਢਣਾ ਚਾਹੁੰਦੈ : ਅਫਗਾਨ ਦੂਤਘਰ

ਇਸਲਾਮਾਬਾਦ : ਇਸਲਾਮਾਬਾਦ ਵਿੱਚ ਅਫਗਾਨ ਦੂਤਘਰ ਨੇ ਬੁੱਧਵਾਰ ਨੂੰ ਚੇਤਾਵਨੀ ਦਿੱਤੀ ਕਿ ਪਾਕਿਸਤਾਨ ਸਾਰੇ ਅਫਗਾਨ ਸ਼ਰਨਾਰਥੀਆਂ ਨੂੰ ਦੇਸ਼ ਤੋਂ ਬਾਹਰ ਕੱਢਣਾ ਚਾਹੁੰਦਾ ਹੈ ਅਤੇ ਉਨ੍ਹਾਂ ਨੂੰ ਜਲਦੀ ਹੀ ਦੇਸ਼ ਨਿਕਾਲਾ ਦਿੱਤੇ ਜਾਣ ਦਾ ਖਦਸ਼ਾ ਹੈ। ਦੂਤਘਰ ਨੇ ਪਾਕਿਸਤਾਨ ਦੀਆਂ ਯੋਜਨਾਵਾਂ ਬਾਰੇ ਸਖ਼ਤ ਸ਼ਬਦਾਂ ਵਿੱਚ ਬਿਆਨ ਜਾਰੀ ਕਰਦਿਆਂ ਕਿਹਾ ਕਿ ਰਾਜਧਾਨੀ ਇਸਲਾਮਾਬਾਦ ਅਤੇ ਨੇੜਲੇ ਸ਼ਹਿਰ ਰਾਵਲਪਿੰਡੀ ਵਿੱਚ ਅਫਗਾਨ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀ ਤਲਾਸ਼ੀ ਲਈ ਜਾ ਰਹੀ ਹੈ ਅਤੇ ਪੁਲਸ ਉਨ੍ਹਾਂ ਨੂੰ ਜੁੜਵਾਂ ਸ਼ਹਿਰ ਛੱਡਣ ਅਤੇ ਪਾਕਿਸਤਾਨ ਦੇ ਹੋਰ ਹਿੱਸਿਆਂ ਵਿੱਚ ਜਾਣ ਦੇ ਹੁਕਮ ਦੇ ਰਹੀ ਹੈ। ਇਸ ਵਿੱਚ ਕਿਹਾ ਗਿਆ ਹੈ, "ਇਸਲਾਮਾਬਾਦ ਵਿੱਚ ਅਫਗਾਨ ਦੂਤਘਰ ਨੂੰ ਅਫਗਾਨਾਂ ਨੂੰ ਹਿਰਾਸਤ ਵਿਚ ਲੈਣ ਦੀ ਇਸ ਪ੍ਰਕਿਰਿਆ ਬਾਰੇ ਕਿਸੇ ਰਸਮੀ ਪੱਤਰ ਰਾਹੀਂ ਅਧਿਕਾਰਤ ਤੌਰ 'ਤੇ ਸੂਚਿਤ ਨਹੀਂ ਕੀਤਾ ਗਿਆ ਹੈ। ਇਹ ਬਿਨਾਂ ਕਿਸੇ ਰਸਮੀ ਐਲਾਨ ਦੇ ਸ਼ੁਰੂ ਕਰ ਦਿੱਤਾ ਗਿਆ ਹੈ।" ਪਾਕਿਸਤਾਨ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੱਖਾਂ ਲੋਕਾਂ ਤੋਂ ਇਲਾਵਾ, ਲਗਭਗ 14.5 ਲੱਖ ਅਫਗਾਨ ਨਾਗਰਿਕ ਸ਼ਰਨਾਰਥੀ ਵਜੋਂ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ (UNHCR) ਕੋਲ ਰਜਿਸਟਰਡ ਹਨ।

# ਪਰਵਾਸੀਆਂ ਦਾ ਦੇਸ਼ ਨਿਕਾਲਾ ਅਤੇ ਅਮਰੀਕੀ ਨੀਤੀ

ਮਨਦੀਪ

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੁਆਰਾ ਅਹੁਦਾ ਸੰਭਾਲਣ ਤੋਂ ਬਾਅਦ ਰੋਜ਼ ਨਵੇਂ-ਨਵੇਂ ਹੁਕਮ ਜਾਰੀ ਕੀਤੇ ਜਾ ਰਹੇ ਹਨ। ਇਨ੍ਹਾਂ ਫਰਮਾਨਾਂ ਦੀ ਲੜੀ ਵਿੱਚੋਂ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਜਬਰੀ ਦੇਸ਼ ਨਿਕਾਲੇ ਦੀ ਮੁਹਿੰਮ ਚਰਚਾ 'ਚ ਹੈ। ਰੋਜ਼ੀ-ਰੋਟੀ ਅਤੇ ਚੰਗੀ ਜ਼ਿੰਦਗੀ ਦੀ ਭਾਲ 'ਚ ਅਮਰੀਕਾ ਅੰਦਰ ਦਾਖਲ ਹੋਏ ਪਰਵਾਸੀਆਂ ਨੂੰ ਕੌਮੀ ਅਤੇ ਸਰਹੱਦੀ ਸੁਰੱਖਿਆ ਦੇ ਬਹਾਨੇ ਅਪਰਾਧੀ ਐਲਾਨ ਕੇ ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਜਾ ਰਿਹਾ ਹੈ। ਵਿਸ਼ਵ ਪੱਧਰੀ ਨਾ-ਬਰਾਬਰੀ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਤੇ ਹੋਰ ਸਮਾਜਿਕ ਸਮੱਸਿਆਵਾਂ ਤੋਂ ਤੰਗ, ਕਮਜ਼ੋਰ ਆਰਥਿਕਤਾਵਾਂ ਦੀ ਵਸੋਂ ਵੱਲੋਂ ਵਿਕਸਤ ਮੁਲਕਾਂ ਵੱਲ ਕੀਤੀ ਜਾ ਰਹੀ ਹਿਜਰਤ ਨੂੰ ਹੁਣ ਸਖਤੀ ਨਾਲ ਬੰਨ੍ਹ ਮਾਰਿਆ ਜਾ ਰਿਹਾ ਹੈ। ਅਮਰੀਕਾ ਅੰਦਰ ਘਰਾਂ, ਕੰਮ ਦੀਆਂ ਥਾਵਾਂ, ਸਕੂਲਾਂ ਅਤੇ ਸਰਹੱਦਾਂ ਉੱਤੇ ਗੈਰ-ਕਾਨੂੰਨੀ ਪਰਵਾਸੀਆਂ ਦੀ ਭਾਲ ਲਈ ਛਾਪੇ ਮਾਰੇ ਜਾ ਰਹੇ ਹਨ। ਛਾਪਿਆਂ ਦੌਰਾਨ ਗ੍ਰਿਫਤਾਰ ਪਰਵਾਸੀਆਂ ਨੂੰ ਬੇੜੀਆਂ ਅਤੇ ਹੱਥਕੜੀਆਂ ਵਿੱਚ ਜਕੜ ਕੇ ਜੰਗੀ ਫੌਜੀ ਜਹਾਜ਼ਾਂ ਵਿੱਚ ਤੁੰਨ੍ਹ ਕੇ ਉਨ੍ਹਾਂ ਦੇ ਵਤਨ ਵਾਪਸ ਭੇਜਿਆ ਜਾ ਰਿਹਾ ਹੈ। ਦੂਜੇ ਪਾਸੇ ਵਤਨੋਂ ਬੇਵਤਨ ਹੋਏ ਅਤੇ ਮੁੜ ਵਾਪਸ ਆਪਣੇ ਦੇਸ਼ ਆਉਣ 'ਤੇ ਇਨ੍ਹਾਂ ਲੋਕਾਂ ਨੂੰ ਆਪਣੀਆਂ ਸਰਕਾਰਾਂ ਦੀ ਬੇਰੁਖ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੂਜੀ ਆਲਮੀ ਜੰਗ ਤੋਂ ਬਾਅਦ ਅਮਰੀਕਾ ਸੰਸਾਰ ਦੀ ਮਹਾਂ ਸ਼ਕਤੀ ਬਣ ਕੇ ਸੰਸਾਰ ਦੀਆਂ ਆਰਥਿਕ-ਸਿਆਸੀ ਨੀਤੀਆਂ ਦਾ ਸਰਬਰਾਹ ਬਣਿਆ ਹੋਇਆ ਹੈ। ਇਸ ਨੇ ਸੰਸਾਰ ਉੱਤੇ ਚੌਧਰ ਜਮਾਉਣ ਲਈ ਦੁਨੀਆ ਭਰ ਦੇ ਵੱਖ-ਵੱਖ ਮੁਲਕਾਂ ਵਿੱਚ ਅਸਿੱਧੀਆਂ ਜੰਗਾਂ, ਰਾਜ ਪਲਟੇ, ਕੂਟਨੀਤਕ ਚਾਲਾਂ, ਵਿਸ਼ਵ ਆਰਥਿਕ ਸੰਸਥਾਵਾਂ ਰਾਹੀਂ ਕਰਜ਼ੇ ਦੇਣ, ਆਰਥਿਕ ਨੀਤੀ ਤਹਿਤ ਨਵ-ਬਸਤੀਵਾਦ ਨੀਤੀਆਂ ਰਾਹੀਂ ਲਗਾਤਾਰ ਆਪਣਾ ਗਲਬਾ ਕਾਇਮ ਰੱਖਿਆ ਹੈ। ਇਸ ਨੇ ਵਪਾਰਕ ਜੰਗਾਂ ਅਤੇ ਆਪਣੀਆਂ ਆਰਥਿਕ-ਫੌਜੀ ਨੀਤੀਆਂ ਰਾਹੀਂ ਸੰਸਾਰ ਦੀਆਂ ਕਮਜ਼ੋਰ ਅਤੇ ਨਿਰਭਰ ਆਰਥਿਕਤਾਵਾਂ ਉੱਤੇ ਆਪਣਾ ਵਿੱਤੀ, ਫੌਜੀ ਤੇ ਸਿਆਸੀ ਦਾਬਾ ਬਣਾਇਆ। ਅਮਰੀਕੀ ਬਹੁਕੌਮੀ ਕੰਪਨੀਆਂ, ਬੈਂਕ, ਟੈੱਕ ਕੰਪਨੀਆਂ ਦੇ ਸੁਪਰ ਮੁਨਾਫਿਆਂ ਲਈ ਆਪਣੀਆਂ ਨਵ-ਬਸਤੀਵਾਦੀ ਨੀਤੀਆਂ ਨਾਲ ਵਿਸ਼ਵ ਮੰਡੀ ਵਿੱਚ ਆਪਣੇ ਪੈਰ ਪਸਾਰੇ ਪਰ ਵਿਸ਼ਵ ਮੰਡੀ ਵਿੱਚ ਰੂਸ-ਚੀਨ ਵਰਗੇ ਸ਼ਰੀਕਾਂ ਦੇ ਮੁੜ ਉਭਰਨ ਅਤੇ ਵਿਸ਼ਵੀਕਰਨ ਦੇ ਆਰਥਿਕ ਮਾਡਲ ਦੇ ਫੇਲ੍ਹ ਹੋਣ ਨਾਲ ਅਮਰੀਕੀ ਸਰਦਾਰੀ ਨੂੰ ਲਗਾਤਾਰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਇਹ ਇੱਕ ਤੋਂ ਬਾਅਦ ਇਕ, ਨਵੇਂ ਆਰਥਿਕ ਤੇ ਸਮਾਜਿਕ ਸੰਕਟ ਵਿੱਚ ਘਿਰ ਰਿਹਾ ਹੈ।

ਅਮਰੀਕਾ ਸਿਰ ਕਰਜ਼ ਬੋਝ ਵਧਣ (36 ਖਰਬ ਡਾਲਰ), ਵਪਾਰਕ ਘਾਟਾ ਵਧਣ, ਸਟਾਕ ਮਾਰਕਿਟ ਤੇ ਬੈਂਕਿੰਗ ਖੇਤਰ ਵਿੱਚ ਅਸੰਤੁਲਨ ਵਧਣ, ਵਾਧੂ ਪੈਦਾਵਾਰ ਤੇ ਵਾਤਾਵਰਨ ਸੰਕਟ ਦੇ ਗੰਭੀਰ ਹੋਣ, ਰਿਹਾਇਸ਼ੀ ਘਰਾਂ ਦੀ ਘਾਟ, ਮਹਿੰਗਾਈ, ਵਪਾਰਕ ਜੰਗ, ਬ੍ਰਿਕਸ ਵੱਲੋਂ ਡਾਲਰ ਨੂੰ ਚੁਣੌਤੀ ਪੇਸ਼ ਆਉਣ ਆਦਿ ਕਾਰਨ ਅਮਰੀਕੀ ਸਾਮਰਾਜ ਦੀ ਸਰਦਾਰੀ ਦੇ ਪਤਨ ਦਾ ਰੁਝਾਨ ਪੈਦਾ ਹੋ ਰਿਹਾ ਹੈ ਅਤੇ ਅਮਰੀਕਾ ਦੇ ਬਾਹਰੀ ਵਿਰੋਧ ਦੇ ਨਾਲ-ਨਾਲ ਅਮਰੀਕਾ ਅੰਦਰ ਵੱਡੀ ਸਮਾਜਿਕ ਬੇਚੈਨੀ ਪਨਪ ਰਹੀ ਹੈ। ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਟਰੰਪ ਕੌਮੀ ਸ਼ਾਵਨਵਾਦ ਭੜਕਾਉਣ, 'ਅਮਰੀਕਾ ਫਸਟ' ਦੇ ਨਾਅਰੇ ਲਾਉਣ, ਦੂਜੇ ਦੇਸ਼ਾਂ ਉੱਤੇ ਟੈਰਿਫ ਲਗਾਉਣ, ਨੌਕਰਸ਼ਾਹੀ ਨੂੰ ਸੀਮਤ ਕਰਨ, ਨਸ਼ਾ ਮਾਫੀਆ ਨੂੰ ਅਤਿਵਾਦੀ ਐਲਾਨਣ, ਗਰੀਨਲੈਂਡ ਤੇ ਪਨਾਮਾ ਨਹਿਰ 'ਤੇ ਕਬਜ਼ਾ ਜਮਾਉਣ ਆਦਿ ਦੇ ਅਨੇਕਾਂ ਚੱਕਵੇਂ ਬਿਆਨਾਂ ਸਮੇਤ ਪਰਵਾਸੀਆਂ ਨੂੰ ਅਪਰਾਧੀ ਐਲਾਨ ਕੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦੇ ਕੇ ਅਮਰੀਕੀਆਂ ਦਾ ਹੀਰੋ ਬਨਣ ਦੀ ਕਵਾਇਦ ਕਰ ਰਿਹਾ ਹੈ।

ਟਰੰਪ ਅਮਰੀਕਾ ਨੂੰ ਮੁੜ ਮਹਾਨ ਬਣਾਉਣ ਦੇ ਜੁਮਲੇ ਥੱਲੇ ਇਸ ਨੂੰ ਵੱਡੇ ਫੌਜੀ ਸਟੇਟ ਦੀ ਦਹਿਸ਼ਤ ਕਾਇਮ ਕਰਨ, ਪੂਰੇ ਰਾਜਕੀ ਕੰਟਰੋਲ ਰਾਹੀਂ ਤਾਨਾਸ਼ਾਹੀ ਵੱਲ ਵਧਣ ਅਤੇ ਪ੍ਰਾਈਵੇਟ ਕਾਰਪੋਰੇਸ਼ਨਾਂ ਨੂੰ ਫਾਇਦੇ ਪਹੁੰਚਾਉਣ ਦੀ ਨੀਤੀ 'ਤੇ ਚੱਲ ਰਿਹਾ ਹੈ। ਆਪਣੀ ਤਾਜਪੋਸ਼ੀ ਤੋਂ ਲੈ ਕੇ ਹੁਣ ਤੱਕ ਉਸ ਨੇ ਆਪਣੀਆਂ ਨੀਤੀਆਂ ਦਾ ਕਾਰਪੋਰੇਟ ਮੀਡੀਆ ਜ਼ਰੀਏ ਮੁਹਿੰਮ ਵਿੱਢ ਕੇ ਧੂਮ-ਧਾਮ ਨਾਲ ਪ੍ਰਚਾਰ-ਪ੍ਰਸਾਰ ਕੀਤਾ ਹੈ। ਟਰੰਪ ਪ੍ਰਸ਼ਾਸਨ ਦੀ ਪਰਵਾਸੀਆਂ ਲਈ ਨੀਤੀ ਅਮਰੀਕਾ ਦੇ ਆਪਣੇ ਪੂਰਵਜ ਰਾਸ਼ਟਰਪਤੀਆਂ ਦੀ ਨੀਤੀ ਦਾ ਹੀ ਜਾਰੀ ਰੂਪ ਹੈ।

ਅਮਰੀਕੀ ਸਾਮਰਾਜ ਦੀ ਇਹ ਪਰਖੀ ਹੋਈ ਨੀਤੀ ਹੈ ਕਿ ਪਹਿਲਾਂ ਉਜਾੜਾ ਕਰੋ, ਫਿਰ ਉਸਾਰੀ ਦਾ ਕਾਰਜ ਸ਼ੁਰੂ ਕਰੋ। ਅਮਰੀਕਾ ਲਈ ਤਬਾਹੀ ਅਤੇ ਉਸਾਰੀ ਵੱਡਾ ਨਿਵੇਸ਼ਕ ਕਾਰੋਬਾਰ ਹੈ। ਅਮਰੀਕੀ ਸਮਾਰਾਜ ਨੇ ਦਹਾਕਿਆਂ ਤੋਂ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਜੰਗਾਂ ਅਤੇ ਆਪਣੀਆਂ ਨੀਤੀਆਂ ਰਾਹੀਂ ਵੱਡਾ ਉਜਾੜਾ ਕੀਤਾ ਹੈ। ਜਿਵੇਂ ਜੰਗਾਂ ਇਸ ਦੇ ਵਪਾਰਕ ਹਿੱਤਾਂ ਅਤੇ 'ਫੌਜੀ ਉਦਯੋਗਕ ਕੰਪਲੈਕਸ' ਲਈ ਆਕਸੀਜਨ ਹਨ, ਉਵੇਂ ਮਨੁੱਖੀ ਵਸੋਂ ਦਾ ਉਜਾੜਾ ਸਸਤੀ ਕਿਰਤ ਸ਼ਕਤੀ ਅਤੇ 'ਸਰਹੱਦੀ ਉਦਯੋਗਕ ਕੰਪਲੈਕਸ' ਲਈ ਅਹਿਮ ਹਨ। ਸਰਹੱਦ ਦੀ ਨਿਗਰਾਨੀ ਅਤੇ ਕੌਮੀ ਸੁਰੱਖਿਆ ਦੇ ਨਾਮ ਹੇਠ ਅਨੇਕ ਅਮਰੀਕੀ ਤੇ ਇਜ਼ਰਾਇਲੀ ਪ੍ਰਾਈਵੇਟ ਕੰਪਨੀਆਂ ਨੂੰ ਅਰਬਾਂ ਡਾਲਰ ਦੇ ਠੇਕੇ ਦਿੱਤੇ ਜਾਂਦੇ ਹਨ ਜਿਨ੍ਹਾਂ ਦੇ ਹਿੱਤਾਂ ਦੀ ਰੱਖਿਆ ਲਈ ਸੂਬਿਆਂ ਤੇ ਫੈਡਰਲ ਕਾਨੂੰਨਾਂ ਵਿੱਚ ਸੋਧਾਂ ਕਰ ਕੇ ਸੁਰੱਖਿਆ ਛਤਰੀ ਮੁਹੱਇਆ ਕਰਵਾਈ ਜਾਂਦੀ ਹੈ। ਅਮਰੀਕਾ ਅੰਦਰ ਪ੍ਰਾਈਵੇਟ ਇਜਾਰੇਦਾਰ ਕੰਪਨੀਆਂ ਸਰਹੱਦੀ ਸੁਰੱਖਿਆ ਲਈ ਏਅਰ ਚਾਰਟਰ, ਆਧੁਨਿਕ ਕੈਮਰੇ, ਮਨੁੱਖੀ ਸਕੈਨਿੰਗ ਲਈ ਸੈਂਸਰ ਮਸ਼ੀਨਾਂ, ਕੰਡਿਆਲੀਆਂ ਤਾਰਾਂ, ਚੈੱਕ ਪੁਆਇੰਟ, ਟਾਵਰ, ਸਟੀਲ ਦੀਆਂ ਵਾੜਾਂ, ਬਾਰਡਰ ਪੈਟਰੋਲ ਏਜੰਟਾਂ, ਪ੍ਰਾਈਵੇਟ ਜੇਲ੍ਹਾਂ, ਕੈਂਪ, ਡਰੋਨ, ਕਮਾਂਡ ਤੇ ਕੰਟਰੋਲ ਸੈਂਟਰ ਆਦਿ ਅਨੇਕ ਮਹਿੰਗੀਆਂ ਪ੍ਰਾਈਵੇਟ ਸੇਵਾਵਾਂ ਜਨਤਕ ਖਜ਼ਾਨੇ ਦੀ ਮਦਦ ਨਾਲ ਮੁਹੱਈਆ ਕਰਦੀਆਂ ਹਨ। ਅਮਰੀਕਾ ਅੰਦਰ ਹੋਮਲੈਂਡ ਸਕਿਓਰਿਟੀ ਦੀ ਅਰਬਾਂ ਦੀ ਮਾਰਕਿਟ ਹੈ। ਕੌਮੀ ਸੁਰੱਖਿਆ ਦਾ ਹਊਆ ਖੜ੍ਹਾ ਕਰ ਕੇ ਅਪਰੇਸ਼ਨ ਗੇਟਕੀਪਰ ਤਹਿਤ ਇਨਫੋਰਸਮੈਂਟ ਏਜੰਸੀਆਂ ਨੂੰ ਅਰਬਾਂ ਡਾਲਰਾਂ ਦੇ ਕੰਟਰੈਕਟ ਦਿੱਤੇ ਜਾਂਦੇ ਹਨ। ਬਾਇਡਨ ਪ੍ਰਸ਼ਾਸਨ ਨੇ ਪ੍ਰਾਈਵੇਟ ਜੇਲ੍ਹ ਕੰਪਨੀਆਂ ਜਿਓ ਅਤੇ ਕੋਰਸਿਵਿਕ ਨੂੰ 2 ਅਰਬ ਡਾਲਰ ਦੇ 40 ਵੱਖ-ਵੱਖ ਠੇਕੇ ਦਿੱਤੇ ਅਤੇ ਟਰੰਪ ਪ੍ਰਸ਼ਾਸਨ ਦੇ ਸੱਤਾ ਵਿੱਚ ਆਉਣ ਤੋਂ ਇੱਕ ਦਿਨ ਬਾਅਦ ਇਨ੍ਹਾਂ ਦੋਵਾਂ ਕੰਪਨੀਆਂ ਦੇ ਸ਼ੇਅਰਾਂ ਵਿੱਚ 56% ਦਾ ਇਜ਼ਾਫਾ ਹੋਇਆ। ਇਸੇ ਤਰ੍ਹਾਂ ਬਾਇਡਨ ਪ੍ਰਸ਼ਾਸਨ ਨੇ 32.3 ਅਰਬ ਡਾਲਰ ਦੇ 21713 ਸਰਹੱਦੀ ਇਨਫੋਰਸਮੈਂਟ ਕੰਟਰੈਕਟ ਕੀਤੇ ਸਨ। ਟਰੰਪ ਪ੍ਰਸ਼ਾਸਨ ਇਨ੍ਹਾਂ ਪਰਵਾਸੀ ਵਿਰੋਧੀ ਫੈਸਲਿਆਂ ਨੂੰ ਕਾਨੂੰਨੀ ਜਾਮਾ ਪਹਿਨਾ ਕੇ ਆਪਣੀ 'ਸ਼ੈਲੀ' ਵਿੱਚ ਇਸ ਦਾ ਪ੍ਰਦਰਸ਼ਨ ਕਰ ਰਿਹਾ ਹੈ। ਉਹਨੇ ਤਾਜਪੋਸ਼ੀ ਤੋਂ ਪਹਿਲਾਂ ਪਰਵਾਸੀਆਂ ਖਿਲਾਫ ਏਲੀਅਨ ਐਨਮੀਜ਼ ਐਕਟ ਅਤੇ ਆਇਜ਼ਨਹਾਵਰ ਮਾਡਲ ਦੀ ਵਰਤੋਂ ਕਰਨ ਦਾ ਜਿ ?ਕਰ ਕੀਤਾ ਸੀ। ਏਲੀਅਨ ਐਨਮੀਜ਼ ਐਕਟ-1798 ਪਰਵਾਸੀਆਂ ਅਤੇ ਦੇਸ਼ ਵਿਰੋਧੀਆਂ ਲਈ ਵਰਤਿਆ ਜਾਣ ਵਾਲਾ ਖ਼ਤਰਨਾਕ ਕਾਨੂੰਨ ਹੈ ਜਿਸ ਵਿੱਚ ਕਿਸੇ ਨੂੰ ਵੀ 'ਅੰਦਰੂਨੀ ਦੁਸ਼ਮਣ' ਕਹਿ ਕੇ ਗ੍ਰਿਫਤਾਰ ਕਰਨ, ਤਸੀਹੇ ਦੇਣ ਅਤੇ ਦੇਸ਼ ਨਿਕਾਲਾ ਦੇਣ ਦੀ ਤਾਕਤ ਹੈ। ਇਹ ਕਾਨੂੰਨ ਰਾਜ ਧ੍ਰੋਹ ਦੀ ਸ਼ ?ਰੇਣੀ ਵਿੱਚ ਆਉਂਦਾ ਹੈ। ਦੂਸਰਾ, ਆਇਜ਼ਨਹਾਵਰ ਮਾਡਲ 34ਵੇਂ ਅਮਰੀਕੀ ਰਾਸ਼ਟਰਪਤੀ ਡੀ ਆਇਜ਼ਨਹਾਵਰ ਨੇ 1954 ਵਿੱਚ ਲਿਆਂਦਾ ਸੀ ਜਿਸ ਤਹਿਤ 10 ਲੱਖ ਤੋਂ ਵੱਧ ਗੈਰ-ਕਾਨੂੰਨੀ ਪਰਵਾਸੀਆਂ (ਮੈਕਸੀਕਨ) ਨੂੰ ਜਬਰੀ ਸਮੂਹਿਕ ਦੇਸ਼ ਨਿਕਾਲਾ ਦਿੱਤਾ ਗਿਆ ਸੀ। 'ਅਪਰੇਸ਼ਨ ਵੈਟਬੈਕ' ਨਾਂ ਨਾਲ ਮਸ਼ਹੂਰ ਇਸੇ ਮਾਡਲ ਦੀ ਤਰਜ਼ 'ਤੇ ਟਰੰਪ ਵੱਲੋਂ ਦਿਸ਼ਾ-ਨਿਰਦੇਸ਼ਤ ਆਈਸੀਈ ਵੱਲੋਂ ਛਾਪੇ, ਗ੍ਰਿਫਤਾਰੀਆਂ ਅਤੇ ਅਣਮਨੁੱਖੀ ਤਰੀਕੇ ਨਾਲ ਦੇਸ਼ ਨਿਕਾਲੇ ਲਈ ਫੌਜੀ ਜੰਗੀ ਜਹਾਜ਼ਾਂ ਦੀ ਵਰਤੋਂ ਕੀਤੀ ਜਾ ਰਹੀ ਹੈ।




Credit: Christopher Brown/ZUMA Press Wire/Shutterstock

ਟਰੰਪ ਵੱਲੋਂ ਦਸਤਾਵੇਜ਼ਾਂ ਤੋਂ ਵਾਂਝੇ ਪਰਵਾਸੀਆਂ ਨੂੰ 'ਅਪਰਾਧੀ' ਆਖਣਾ ਕਿਸੇ ਵੀ ਪੱਖ ਤੋਂ ਤਾਰਕਿਕ ਨਹੀਂ। ਗੈਰ-ਦਸਤਾਵੇਜ਼ੀ ਹੋਣਾ ਅਪਰਾਧੀ ਹੋਣਾ ਨਹੀਂ ਪਰ ਟਰੰਪ ਪ੍ਰਸ਼ਾਸਨ ਨੇ ਇਸ ਨੂੰ ਕਾਨੂੰਨੀ ਸੋਧਾਂ ਰਾਹੀਂ ਮਨਮਾਨੇ ਢੰਗ ਨਾਲ 'ਅਪਰਾਧ' ਦੀ ਸ਼੍ਰੇਣੀ ਵਿੱਚ ਸ਼ਾਮਲ ਕਰ ਦਿੱਤਾ ਹੈ। ਟਰੰਪ ਨੇ 'ਲੇਕਨ ਰਾਈਲੀ ਐਕਟ' ਵਿੱਚ ਮਹੱਤਵਪੂਰਨ ਬਦਲਾਓ ਕਰ ਕੇ ਇਸ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਇਹ ਐਕਟ 2024 ਵਿੱਚ ਅਮਰੀਕਾ ਦੇ ਸ਼ਹਿਰ ਜਾਰਜੀਆ ਵਿੱਚ ਵੈਨੇਜ਼ੁਏਲਾ ਦੇ ਇੱਕ ਗੈਰ-ਦਸਤਾਵੇਜ਼ੀ ਨਾਗਰਿਕ ਦੁਆਰਾ 22 ਸਾਲਾ ਵਿਦਿਆਰਥਣ ਲੇਕਨ ਰਾਈਲੀ ਦੀ ਹੱਤਿਆ ਨਾਲ ਸਬੰਧਿਤ ਹੈ। ਟਰੰਪ ਨੇ ਸੱਤਾ ਸੰਭਾਲਣ ਤੋਂ ਬਾਅਦ ਸਭ ਤੋਂ ਪਹਿਲਾਂ ਇਸ ਬਿੱਲ 'ਚ ਸੋਧ ਕਰਦਿਆਂ ਚੋਰੀ, ਹਮਲਾ, ਮੌਤ ਤੇ ਸਰੀਰਕ ਸੱਟ ਲੱਗਣ ਨੂੰ ਅਪਰਾਧ ਦੀ ਸ਼੍ਰੇਣੀ ਵਿੱਚ ਰੱਖਦਿਆਂ ਦੋਸ਼ੀ ਨੂੰ ਫੈਡਰਲ ਨਜ਼ਰਬੰਦੀ ਵਿੱਚ ਰੱਖਣ ਦੇ ਆਦੇਸ਼ ਦਿੱਤੇ ਹਨ। ਅਸਲ ਵਿੱਚ ਇਸ ਦਾ ਮਨੋਰਥ ਮਾਮੂਲੀ ਅਪਰਾਧ ਬਹਾਨੇ ਮਨਮਾਨੇ ਢੰਗ ਨਾਲ ਪਰਵਾਸੀਆਂ ਨੂੰ ਨਜ਼ਰਬੰਦ ਕਰਨਾ ਅਤੇ ਦੇਸ਼ ਨਿਕਾਲਾ ਦੇਣਾ ਹੈ; ਤੱਥ ਇਹ ਹਨ ਕਿ ਗੈਰ-ਦਸਤਾਵੇਜ਼ੀ ਪਰਵਾਸੀਆਂ ਨਾਲੋਂ ਜ਼ਿਆਦਾ, ਅਮਰੀਕੀ ਨਾਗਰਿਕਾਂ ਉੱਤੇ ਅਪਰਾਧਿਕ ਗਤੀਵਿਧੀਆਂ ਦੇ ਕੇਸ ਦਰਜ ਹਨ; ਇਸ ਤੋਂ ਵੀ ਕਿਤੇ ਵੱਧ ਅਮਰੀਕੀ ਸਾਮਰਾਜ ਜੰਗੀ ਅਪਰਾਧਾਂ ਦਾ ਸਰਦਾਰ ਹੈ। ਟਰੰਪ ਤਾਂ ਗੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਦੁਨੀਆ ਦੇ ਬਦਨਾਮ 'ਗੁਆਤੋਂਨਾਮੋ ਬੇਅ ਸੈਂਟਰ' ਭੇਜਣ ਦਾ ਚਾਹਵਾਨ ਹੈ। ਇਹ ਅਮਰੀਕੀ ਨੇਵਲ ਬੇਸ 'ਤੇ ਸਥਿਤ ਅਜਿਹੀ ਜੇਲ੍ਹ ਹੈ ਜੋ ਅਣਮਨੁੱਖੀ ਤਸੀਹਿਆਂ ਲਈ ਬਦਨਾਮ ਹੈ। ਅਮਰੀਕੀ ਧਰਤੀ ਤੋਂ ਬਾਹਰ ਹੋਣ ਕਰ ਕੇ ਇੱਥੇ ਅਮਰੀਕੀ ਨਿਆਂ ਪ੍ਰਣਾਲੀ ਲਾਗੂ ਨਹੀਂ ਹੁੰਦੀ।

ਟਰੰਪ ਨੇ ਸਭ ਤੋਂ ਪਹਿਲਾਂ 24 ਜਨਵਰੀ ਨੂੰ 88 ਬ੍ਰਾਜ਼ੀਲੀ ਪਰਵਾਸੀਆਂ ਨੂੰ ਹੱਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਪਸ਼ੂਆਂ ਵਾਂਗ ਅਸੁਰੱਖਿਅਤ ਹਾਲਤਾਂ ਵਿੱਚ ਜਹਾਜ਼ ਵਿੱਚ ਲੱਦ ਕੇ ਬ੍ਰਾਜ਼ੀਲ ਭੇਜਿਆ। ਉਸ ਤੋਂ ਬਾਅਦ ਕੋਲੰਬੀਆ, ਭਾਰਤ, ਗੁਆਟੇਮਾਲਾ, ਅਲ-ਸਲਵਾਡੋਰ, ਵੈਨੇਜ਼ੁਏਲਾ, ਮੈਕਸਿਕੋ ਆਦਿ ਦੇਸ਼ਾਂ ਦੇ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਿਨ੍ਹਾਂ ਵਿੱਚੋਂ ਇੱਕ ਵੀ 'ਅਪਰਾਧੀ' ਨਹੀਂ ਸੀ। ਪਰਵਾਸੀਆਂ ਪ੍ਰਤੀ ਟਰੰਪ ਪ੍ਰਸ਼ਾਸਨ ਦੀ ਵਿਦੇਸ਼ ਤੇ ਇਮੀਗ੍ਰੇਸ਼ਨ ਨੀਤੀ ਘੋਰ ਅਮਾਨਵੀ, ਵਿਤਕਰੇ ਵਾਲੀ, ਆਰਥਿਕ ਸ਼ੋਸ਼ਣ, ਨਸਲਵਾਦੀ ਤੇ ਜਾਬਰ ਹੈ। ਟਰੰਪ ਦੇ ਸੰਸੇ ਕੌਮੀ ਤੇ ਸਰਹੱਦੀ ਸੁਰੱਖਿਆ ਦੀ ਬਜਾਇ ਪੂੰਜੀਵਾਦੀ ਸਾਮਰਾਜਵਾਦੀ ਹਿੱਤਾਂ ਦੀ ਰਾਖੀ ਵੱਲ ਵੱਧ ਕੇਂਦਰਿਤ ਹਨ। ਇਹ ਅਮਰੀਕੀ ਸਾਮਰਾਜ ਦੀ ਵਿਸਤਾਰਵਾਦੀ ਵਿਦੇਸ਼ ਨੀਤੀ ਹੀ ਹੈ ਜਿਸ ਨੇ ਲਾਤੀਨੀ ਅਮਰੀਕਾ, ਅਫਰੀਕਾ ਅਤੇ ਏਸ਼ਿਆਈ ਮੁਲਕਾਂ ਦੇ ਕੁਦਰਤੀ ਤੇ ਮਨੁੱਖੀ ਸ੍ਰੋਤਾਂ ਦੀ ਲੁੱਟ ਕਰ ਕੇ ਉਹ ਹਾਲਾਤ ਪੈਦਾ ਕੀਤੇ ਹਨ ਜੋ ਇਨ੍ਹਾਂ ਮੁਲਕਾਂ ਦੇ ਲੋਕਾਂ ਨੂੰ ਪਰਵਾਸ ਕਰਨ ਲਈ ਮਜਬੂਰ ਕਰਦੇ ਹਨ।

ਪਰਵਾਸ ਸੰਕਟ ਅਸਲ ਵਿੱਚ ਪੂੰਜੀਵਾਦੀ ਸੰਕਟ ਦਾ ਇਜ਼ਹਾਰ ਹੈ। ਪਰਵਾਸੀਆਂ ਨੂੰ ਨਿਸ਼ਾਨਾ ਬਣਾ ਕੇ ਪੈਦਾ ਕੀਤਾ ਜਾ ਰਿਹਾ ਕੌਮੀ ਸ਼ਾਵਨਵਾਦ ਤੇ ਨਸਲਵਾਦ, ਪੂੰਜੀਵਾਦੀ ਦਮਨ ਦੇ ਸਾਧਨਾਂ ਵਜੋਂ ਵਰਤਿਆ ਜਾ ਰਿਹਾ ਹੈ। ਆਰਥਿਕ ਨਾ-ਬਰਾਬਰੀ ਹੱਲ ਕਰਨ ਦੀ ਥਾਂ ਟਰੰਪ ਅਮਰੀਕੀ ਮਜ਼ਦੂਰ ਵਰਗ ਦਾ ਧਿਆਨ ਉਨ੍ਹਾਂ ਦੀਆਂ ਘਟਦੀਆਂ ਤਨਖਾਹਾਂ ਅਤੇ ਸਮਾਜਿਕ ਸੇਵਾਵਾਂ ਦੀ ਘਾਟ ਤੋਂ ਭਟਕਾਉਣ ਲਈ ਪਰਵਾਸੀਆਂ ਨੂੰ ਬਲੀ ਦੇ ਬੱਕਰੇ ਵਜੋਂ ਵਰਤ ਰਿਹਾ ਹੈ। ਅਮਰੀਕੀਆਂ ਦੀਆਂ ਨੌਕਰੀਆਂ ਦੇ ਨੁਕਸਾਨ ਲਈ ਪਰਵਾਸੀ ਜ਼ਿੰਮੇਵਾਰ ਨਹੀਂ ਬਲਕਿ ਵੱਡੀਆਂ ਕਾਰਪੋਰੇਸ਼ਨਾਂ ਨੌਕਰੀਆਂ ਨੂੰ ਆਊਟਸੋਰਸ ਕਰਨ ਅਤੇ ਉਜਰਤਾਂ ਘਟਾਉਣ ਲਈ ਪਰਵਾਸੀਆਂ ਨੂੰ ਸਿਆਸੀ ਹਥਿਆਰ ਵਜੋਂ ਵਰਤਦੀਆਂ ਹਨ।

ਟਰੰਪ ਦੀਆਂ ਨੀਤੀਆਂ ਮੁੱਖ ਤੌਰ 'ਤੇ ਲਾਤੀਨੀ, ਕਾਲੇ, ਏਸ਼ਿਆਈ ਅਤੇ ਮੁਸਲਮਾਨ ਪਰਵਾਸੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਇਉਂ ਨਸਲੀ ਪੱਖਪਾਤ ਰਾਹੀਂ ਗੋਰੀ ਚਮੜੀ ਦੀ ਨਸਲਵਾਦੀ ਸਰਬਉੱਚਤਤਾ ਨੂੰ ਬਰਕਰਾਰ ਰੱਖਿਆ ਜਾ ਰਿਹਾ ਹੈ। ਪੂੰਜੀਵਾਦ ਤਹਿਤ ਪਰਵਾਸ, ਨਾਗਰਿਕਤਾ, ਸਰਹੱਦਾਂ, ਪਾਸਪੋਰਟ, ਵੀਜ਼ੇ, ਰਾਸ਼ਟਰ ਆਦਿ ਵਰਗੀਆਂ ਧਾਰਨਾਵਾਂ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਅਤੇ ਅਪਮਾਨ ਦਾ ਸਾਧਨ ਹਨ। ਸਾਮਰਾਜੀਆਂ ਨੇ ਕਦੇ ਵੀ ਦੁਨੀਆ ਦੇ ਕਿਸੇ ਕੋਨੇ ਵਿੱਚ ਆਪਣੀਆਂ ਬਸਤੀਆਂ ਕਾਇਮ ਕਰਨ ਲਈ ਕੋਈ ਵੀਜ਼ਾ ਨਹੀਂ ਲਿਆ। ਮੂਲ ਨਿਵਾਸੀਆਂ ਨੂੰ ਛੱਡ ਕੇ ਪੂਰਾ ਅਮਰੀਕਾ, ਪਰਵਾਸ ਅਤੇ ਬੰਦੋਬਸਤ ਦਾ ਹੀ ਨਤੀਜਾ ਹੈ।

ਇਮੀਗ੍ਰੇਸ਼ਨ ਨੀਤੀਆਂ ਪੂੰਜੀਵਾਦੀ ਸ਼ੋਸ਼ਣ ਦੀ ਲਗਾਤਾਰਤਾ ਹਨ ਜੋ ਨਸਲੀ ਦਰਜਾਬੰਦੀ ਬਰਕਰਾਰ ਰੱਖਣ ਅਤੇ ਹਾਕਮ ਵਰਗ ਨੂੰ ਅਮੀਰ ਬਣਾਉਣ ਲਈ ਪਰਵਾਸੀਆਂ ਨੂੰ ਅਪਰਾਧੀ ਬਣਾ ਕੇ ਪੇਸ਼ ਕਰਦੀਆਂ ਹਨ। ਪਰਵਾਸੀਆਂ ਨੂੰ ਦੋਸ਼ ਦੇਣ ਦੀ ਥਾਂ ਪਰਵਾਸ ਦਾ ਕਾਰਨ, ਪੂੰਜੀਵਾਦੀ ਸਾਮਰਾਜਵਾਦ, ਕਿਰਤ ਸ਼ੋਸ਼ਣ ਅਤੇ ਵਿਸ਼ਵਵਿਆਪੀ ਨਾ-ਬਰਾਬਰੀ ਪੈਦਾ ਕਰਨ ਵਾਲੀਆਂ ਪ੍ਰਣਾਲੀਆਂ ਨੂੰ ਖਤਮ ਕੀਤੇ ਜਾਣ ਦੀ ਲੋੜ ਹੈ। ਨਜ਼ਰਬੰਦੀ ਕੈਂਪਾਂ ਅਤੇ ਜੰਗਾਂ ਲਈ ਦਿੱਤੀ ਜਾ ਰਹੀ ਅਰਬਾਂ ਡਾਲਰਾਂ ਦੀ ਵਿੱਤੀ ਸਹਾਇਤਾ ਨੂੰ ਵੀ ਬੰਦ ਕਰਨ ਦੀ ਜ਼ਰੂਰਤ ਹੈ। ਪਰਵਾਸੀ ਤੇ ਸਥਾਨਕ ਕਾਮਿਆਂ ਨੂੰ ਪੂੰਜੀਪਤੀਆਂ ਵੱਲੋਂ ਪੈਦਾ ਕੀਤੀਆਂ ਨਕਲੀ ਰਾਸ਼ਟਰੀ ਵੰਡਾਂ ਵਾਸਤੇ ਲੜਨ ਦੀ ਥਾਂ ਪੂੰਜੀਵਾਦ ਵਿਰੁੱਧ ਖੁੱਲ੍ਹੀਆਂ ਸਰਹੱਦਾਂ ਅਤੇ ਮਜ਼ਦੂਰਾਂ ਦੀ ਏਕਤਾ ਦੇ ਨਾਅਰੇ ਹੇਠ ਵਿਸ਼ਵ ਪੱਧਰ 'ਤੇ ਇੱਕਜੁੱਟ ਹੋਣਾ ਚਾਹੀਦਾ ਹੈ। ਪੈਦਾਵਾਰ ਦੇ ਕੁਲ ਸਰੋਤਾਂ ਦੀ ਮੁੜ ਵੰਡ ਨਾਲ ਹੀ ਲੋਕਾਂ ਨੂੰ ਮਜਬੂਰਨ ਜਾਂ ਜਬਰੀ ਪਰਵਾਸ ਤੋਂ ਬਚਾਇਆ ਜਾ ਸਕਦਾ ਹੈ।

# ਰੋਜ਼ੀ ਰੋਟੀ ਦੀ ਤਲਾਸ਼ ਵਿਚ ਭਟਕਦੀ ਜਵਾਨੀ



ਬਾਹਰਲੇ ਮੁਲਕਾਂ ਤੋਂ ਰੋਜ਼ ਹੀ ਨੌਜਵਾਨਾਂ ਦੇ ਮਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਮਾਪੇ ਕਿੰਨੇ ਚਾਵਾਂ ਨਾਲ ਆਪਣੇ ਬੱਚਿਆਂ ਨੂੰ ਬਾਹਰਲੇ ਮੁਲਕਾਂ ਵਿੱਚ ਰੋਜ਼ੀ ਰੋਟੀ ਕਮਾਉਣ ਲਈ ਭੇਜਦੇ ਹਨ ਪਰ ਉੱਥੇ ਜਾ ਕੇ ਜਦੋਂ ਉਨ੍ਹਾਂ ਨੂੰ ਕੰਮ-ਕਾਜ ਨਹੀਂ ਮਿਲਦਾ ਤਾਂ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਕਈ ਜੀਵਨ ਤੱਕ ਤਿਆਗ ਦਿੰਦੇ ਹਨ। ਨੌਜਵਾਨਾਂ ਦੀਆਂ ਦਿਲ ਦੇ ਦੌਰਿਆਂ ਕਾਰਨ ਮੌਤਾਂ ਦੀਆਂ ਖ਼ਬਰਾਂ ਜ਼ਿਆਦਾਤਰ ਕੈਨੇਡਾ, ਅਮਰੀਕਾ, ਯੂਕੇ ਅਤੇ ਹੋਰ ਉਨ੍ਹਾਂ ਮੁਲਕਾਂ ਤੋਂ ਆਉਂਦੀਆਂ ਹਨ ਜਿੱਥੇ ਪੰਜਾਬੀ ਬਹੁਗਿਣਤੀ ਵਿੱਚ ਰਹਿੰਦੇ ਹਨ।

ਪੰਜਾਬੀ ਮੁੰਡੇ ਕੁੜੀਆਂ ਜਿਹੜੇ ਵਿਦੇਸ਼ਾਂ ਵਿੱਚ ਪੜ੍ਹਾਈ ਦੇ ਆਧਾਰ 'ਤੇ ਗਏ ਹਨ, ਉੱਥੇ ਕੰਮ-ਕਾਜ ਦੀ ਘਾਟ ਕਾਰਨ ਉਨ੍ਹਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਂਝ, ਇਕ ਸਵਾਲ ਇਹ ਵੀ ਹੈ ਕਿ ਜਿਹੜੇ ਬੱਚੇ ਪੰਜਾਬ ਅੰਦਰ ਕੱਖ ਭੰਨ ਕੇ ਦੂਹਰਾ ਨਹੀਂ ਕਰਦੇ, ਉਹ ਵਿਦੇਸ਼ਾਂ ਵਿੱਚ ਕੰਮ ਕਿਵੇਂ ਕਰ ਲੈਣਗੇ? ਇਸ ਦੇ ਵੀ ਦੋ ਪੱਖ ਨੇ ਕਿ ਮਾਪੇ ਪਹਿਲਾਂ ਤਾਂ ਆਪਣੇ ਬੱਚਿਆਂ ਨੂੰ ਇੱਥੋਂ ਸਿਖਾ ਕੇ ਨਹੀਂ ਭੇਜਦੇ ਅਤੇ ਉੱਥੇ ਜਾ ਕੇ ਜਦੋਂ ਉਨ੍ਹਾਂ ਬੱਚਿਆਂ ਨੂੰ ਕੰਮ ਕਰਨਾ ਪੈਂਦਾ ਹੈ ਤਾਂ ਉਹ ਚੰਗੇ ਦੀ ਬਜਾਇ ਬੁਰੇ ਸੁਫ਼ਨੇ ਦੇਖਣੇ ਸ਼ੁਰੂ ਕਰ ਦਿੰਦੇ ਹਨ। ਜ਼ਿਆਦਾਤਰ ਨੌਜਵਾਨ ਤਾਂ ਸਖ਼ਤ ਮਿਹਨਤ ਕਰ ਕੇ ਅੱਗੇ ਵਧ ਜਾਂਦੇ ਨੇ ਪਰ ਕੁਝ ਕੁ ਨੌਜਵਾਨ ਮਾੜੇ ਕੰਮਾਂ ਵਿੱਚ ਵੀ ਲੱਗ ਜਾਂਦੇ ਹਨ। ਮਾਪਿਆਂ ਦਾ ਬੱਚਿਆਂ ਤੋਂ ਦੂਰ ਹੋਣਾ ਕਈ ਵਾਰ ਬੱਚਿਆਂ ਨੂੰ ਜੀਵਨ ਲੀਲ੍ਹਾ ਸਮਾਪਤ ਕਰਨ ਲਈ ਵੀ ਮਜਬੂਰ ਕਰ ਦਿੰਦਾ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਰੂਸ ਤੋਂ ਮਾੜੀਆਂ ਖ਼ਬਰਾਂ ਆ ਰਹੀਆਂ ਹਨ ਜਿੱਥੇ ਭਾਰਤੀ, ਖ਼ਾਸਕਰ ਪੰਜਾਬੀ ਨੌਜਵਾਨ ਫਸੇ ਹੋਏ ਹਨ। ਉਨ੍ਹਾਂ ਨੌਜਵਾਨਾਂ ਦਾ ਕਸੂਰ ਸਿਰਫ਼ ਇਨਾ ਹੈ ਕਿ ਉਹ ਇੱਥੇ ਸਰਕਾਰਾਂ ਦੀਆਂ ਕਥਿਤ ਮਾੜੀਆਂ ਨੀਤੀਆਂ ਤੋਂ ਤੰਗ ਆ ਕੇ ਵਿਦੇਸ਼ਾਂ ਵਿੱਚ ਰੋਜ਼ੀ ਰੋਟੀ ਕਮਾਉਣ ਗਏ ਸਨ ਪਰ ਉੱਥੇ ਜਾ ਕੇ ਉਨ੍ਹਾਂ ਨੂੰ ਫ਼ੌਜ ਵਿੱਚ ਭਰਤੀ ਕਰ ਲਿਆ ਗਿਆ। ਰੂਸ ਅਤੇ ਯੂਕਰੇਨ ਵਿਚਾਲੇ ਜੰਗ ਚੱਲ ਰਹੀ ਹੈ। ਇਸ ਜੰਗ ਕਾਰਨ ਬਹੁਤ ਸਾਰੇ ਭਾਰਤੀ ਅਜੇ ਵੀ ਰੂਸ ਵਿੱਚ ਫਸੇ ਹੋਏ ਹਨ। ਰੂਸ ਵਿੱਚ ਮਨੁੱਖੀ ਤਸਕਰੀ ਦੇ ਸ਼ਿਕਾਰ ਲੋਕਾਂ ਨੇ ਹੈਰਾਨ ਕਰਨ ਵਾਲੇ ਖ਼ੁਲਾਸੇ ਕੀਤੇ ਹਨ।

ਇੱਕ ਸੂਚਨਾ ਅਨੁਸਾਰ, ਪਿਛਲੇ ਸਾਲ ਦਰਜਨਾਂ ਨੌਜਵਾਨ ਆਪਣੀ ਜ਼ਿੰਦਗੀ ਸੁਧਾਰਨ ਦੀ ਉਮੀਦ ਵਿੱਚ ਰੂਸ ਗਏ ਸਨ। ਦਾਅਵਾ ਹੈ ਕਿ ਨੌਜਵਾਨਾਂ ਨੂੰ 2 ਲੱਖ ਰੁਪਏ ਮਹੀਨਾ ਤਨਖ਼ਾਹ 'ਤੇ ਨੌਕਰੀ ਦਿੱਤੀ ਗਈ ਪਰ ਬਾਅਦ ਵਿੱਚ ਕੁਝ ਨੌਜਵਾਨਾਂ ਨੂੰ ਰੂਸ ਦੀ ਫ਼ੌਜ ਵਿੱਚ ਭਰਤੀ ਕਰ ਲਿਆ ਗਿਆ। ਹੁਣ ਤੱਕ ਅੱਧੀ ਦਰਜਨ ਦੇ ਕਰੀਬ ਨੌਜਵਾਨ ਆਪਣੀ

**ਗੁਰਪ੍ਰੀਤ**

ਜਾਨ ਗੁਆ ਚੁੱਕੇ ਹਨ; ਦੋ ਨੌਜਵਾਨ ਜ਼ਖ਼ਮੀ ਹਾਲਤ ਵਿਚ ਭਾਰਤ ਪਰਤੇ ਹਨ। ਕਈ ਨੌਜਵਾਨਾਂ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ। ਰੂਸ ਤੋਂ ਪਰਤੇ ਯੂਪੀ ਦੇ ਨੌਜਵਾਨਾਂ ਦਾ ਦਾਅਵਾ ਹੈ ਕਿ ਨੌਕਰੀ ਦਾ ਇਸ਼ਤਿਹਾਰ ਪਿਛਲੇ ਸਾਲ ਉਨ੍ਹਾਂ ਪੜ੍ਹਿਆ ਸੀ ਜਿਸ ਵਿਚ ਰੂਸ ਅੰਦਰ ਸੁਰੱਖਿਆ ਗਾਰਡ, ਸਹਾਇਕ ਅਤੇ ਕੁੱਕ ਵਜੋਂ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਸੀ ਤੇ 2 ਲੱਖ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਇਸ ਦੀ ਬਜਾਇ ਉਨ੍ਹਾਂ ਨੂੰ ਜ਼ਬਰਦਸਤੀ ਜੰਗ ਦੇ ਮੈਦਾਨ ਵਿੱਚ ਭੇਜ ਦਿੱਤਾ ਗਿਆ। ਗੁਰਦਾਸਪੁਰ (ਪੰਜਾਬ) ਦੇ ਕਈ ਨੌਜਵਾਨ ਰੂਸ ਤੇ ਯੂਕਰੇਨ ਦੀ ਜੰਗ ਲੜ ਰਹੇ ਹਨ। ਇਨ੍ਹਾਂ ਨੌਜਵਾਨਾਂ ਦੀ ਕਹਾਣੀ ਵੀ ਕੁਝ ਅਜਿਹੀ ਹੀ ਹੈ। ਆਜ਼ਮਗੜ੍ਹ ਦੇ ਕਨ੍ਹੱਈਆ ਯਾਦਵ ਅਤੇ ਮਊ ਦੇ ਸ਼ਿਆਮ ਸੁੰਦਰ ਤੇ ਸੁਨੀਲ ਯਾਦਵ ਦੇ ਰੂਸ-ਯੂਕਰੇਨ ਯੁੱਧ ਵਿਚ ਮਾਰੇ ਗਏ। ਮੀਡੀਆ ਰਿਪੋਰਟ ਅਨੁਸਾਰ, ਰੂਸ ਤੋਂ ਵਾਪਸ ਆਏ ਨੌਜਵਾਨ ਨੇ ਕਿਹਾ ਕਿ ਉਹ ਜਨਵਰੀ 2024 ਵਿਚ ਰੂਸ ਗਿਆ ਸੀ। ਜਿਸ ਏਜੰਟ ਨੇ ਉਹਨੂੰ ਸਕਿਉਰਿਟੀ ਗਾਰਡ ਦੀ ਨੌਕਰੀ ਦਿਵਾਈ ਸੀ, ਉਸ ਨੇ 2 ਲੱਖ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦੀ ਗੱਲ ਕੀਤੀ ਸੀ। ਜਦੋਂ ਉਹ ਰੂਸ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਕਿਹਾ ਗਿਆ। ਇਹ ਸਮਝੌਤਾ ਰੂਸੀ ਭਾਸ਼ਾ ਵਿੱਚ ਸੀ ਜਿਸ ਕਰ ਕੇ ਸਾਨੂੰ ਸਮਝ ਨਹੀਂ ਆਈ। ਪੁੱਛਣ 'ਤੇ ਏਜੰਟ ਨੇ ਦੱਸਿਆ ਕਿ ਇਸ ਵਿਚ ਉਨ੍ਹਾਂ ਦੇ ਕੰਮ ਬਾਰੇ ਸਭ ਕੁਝ ਲਿਖਿਆ ਹੋਇਆ ਹੈ।

ਇਸ ਤੋਂ ਬਾਅਦ ਉਨ੍ਹਾਂ ਨੂੰ ਰਾਕੇਟ ਚਲਾਉਣ, ਬੰਬ ਸੁੱਟਣ ਅਤੇ ਹੋਰ ਹਥਿਆਰਾਂ ਦੀ ਵਰਤੋਂ ਕਰਨ ਦੀ ਸਿਖਲਾਈ ਦਿੱਤੀ ਗਈ। ਜਦੋਂ ਉਨ੍ਹਾਂ ਇਸ ਬਾਰੇ ਏਜੰਟ ਨੂੰ ਪੁੱਛਿਆ ਤਾਂ ਉਹਨੇ ਕਿਹਾ ਕਿ ਇਹ ਸਿਖਲਾਈ ਸਵੈ-ਰੱਖਿਆ ਲਈ ਦਿੱਤੀ ਜਾ ਰਹੀ ਹੈ।

ਇੱਕ ਖ਼ਬਰ ਏਜੰਸੀ ਅਨੁਸਾਰ, ਸਰਕਾਰੀ ਅੰਕੜੇ ਕਹਿੰਦੇ ਹਨ ਕਿ ਰੂਸੀ ਫ਼ੌਜ ਵਿੱਚ ਸੇਵਾ ਕਰ ਰਹੇ 16 ਭਾਰਤੀ ਅਜੇ ਵੀ ਲਾਪਤਾ ਹਨ। ਇਸ ਖ਼ਬਰ ਏਜੰਸੀ ਦੀ ਰਿਪੋਰਟ ਅਨੁਸਾਰ, ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਰੂਸ ਨੇ ਭਾਰਤ ਨੂੰ ਸੂਚਿਤ ਕੀਤਾ ਹੈ ਕਿ ਰੂਸੀ ਫ਼ੌਜ 'ਚ ਸੇਵਾ ਕਰ ਰਹੇ 16 ਭਾਰਤੀ ਲਾਪਤਾ ਹਨ। ਮੰਤਰਾਲੇ ਨੇ ਕਿਹਾ ਕਿ ਰੂਸੀ ਫ਼ੌਜ ਵਿੱਚ ਸੇਵਾ ਕਰ ਰਹੇ ਭਾਰਤੀ ਨਾਗਰਿਕਾਂ ਨੂੰ ਵਾਪਸ ਭੇਜਣ ਦੀ ਬੇਨਤੀ ਕੀਤੀ ਗਈ ਹੈ। ਰੂਸੀ ਫ਼ੌਜ ਵਿਚ ਸੇਵਾ ਕਰ ਰਹੇ 12 ਭਾਰਤੀਆਂ ਦੀ ਹੁਣ ਤੱਕ ਮੌਤ ਹੋ ਚੁੱਕੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਰੂਸੀ ਫ਼ੌਜ ਵਿੱਚ ਸੇਵਾ ਕਰ ਰਹੇ ਭਾਰਤੀ ਨਾਗਰਿਕਾਂ ਦੇ 126 ਮਾਮਲੇ ਹਨ। ਇਨ੍ਹਾਂ 126 ਵਿੱਚੋਂ 96 ਭਾਰਤ ਪਰਤ ਆਏ ਹਨ ਅਤੇ ਰੂਸੀ ਹਥਿਆਰਬੰਦ ਬਲਾਂ ਤੋਂ ਮੁਕਤ ਹੋ ਗਏ ਹਨ। ਰੂਸੀ ਫ਼ੌਜ ਵਿੱਚ ਅਜੇ ਵੀ 18 ਭਾਰਤੀ ਨਾਗਰਿਕ ਹਨ ਜਿਨ੍ਹਾਂ ਵਿੱਚੋਂ 16 ਦਾ ਪਤਾ ਨਹੀਂ ਲੱਗ ਸਕਿਆ। ਰੂਸ ਨੇ ਇਨ੍ਹਾਂ ਨੂੰ ਲਾਪਤਾ ਦੱਸਿਆ ਹੈ। 14 ਜਨਵਰੀ 2025 ਨੂੰ ਜਾਰੀ ਵਿਦੇਸ਼ ਮੰਤਰਾਲੇ ਦੇ ਬਿਆਨ ਮੁਤਾਬਿਕ, ਭਾਰਤ ਦੇ ਇੱਕ ਹੋਰ ਨੌਜਵਾਨ ਦੀ ਹੋਣ ਬਾਰੇ ਪਤਾ ਲੱਗਿਆ ਹੈ। ਰੂਸ ਵਿੱਚ ਭਾਰਤੀ ਨਾਗਰਿਕ ਦੀ ਮੌਤ ਬਾਰੇ ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਸਰਕਾਰ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਕੇਰਲ ਦੇ ਇੱਕ ਭਾਰਤੀ ਨਾਗਰਿਕ ਦੀ ਮੌਤ ਬਾਰੇ ਪਤਾ ਲੱਗਾ ਹੈ ਜੋ ਕਥਿਤ ਤੌਰ 'ਤੇ ਰੂਸੀ ਫ਼ੌਜ ਵਿੱਚ ਸੇਵਾ ਕਰਨ ਲਈ ਭਰਤੀ ਕੀਤਾ ਗਿਆ ਸੀ। ਕੇਰਲ ਦਾ ਇੱਕ ਹੋਰ ਵਿਅਕਤੀ ਜਿਸ ਨੂੰ ਵੀ ਇਸੇ ਤਰ੍ਹਾਂ ਦਾਖ਼ਲ ਕਰਵਾਇਆ ਗਿਆ ਸੀ, ਜ਼ਖ਼ਮੀ ਹੈ ਅਤੇ ਮਾਸਕੋ ਦੇ ਹਸਪਤਾਲ ਵਿਚ ਇਲਾਜ ਅਧੀਨ ਹੈ। ਇਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਰੂਸੀ ਅਧਿਕਾਰੀਆਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਮ੍ਰਿਤਕ ਦੇਹਾਂ ਭਾਰਤ ਲਿਆਂਦੀਆਂ ਜਾ ਸਕਣ। ਜ਼ਖ਼ਮੀ ਨੂੰ ਜਲਦੀ ਤੋਂ ਜਲਦੀ ਭਾਰਤ ਵਾਪਸ ਭੇਜਣ ਦੀ ਮੰਗ ਵੀ ਕੀਤੀ ਹੈ। ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਨੁਸਾਰ, ਰੂਸੀ ਫ਼ੌਜ ਨੇ ਪਹਿਲਾਂ ਇਨ੍ਹਾਂ ਨੌਜਵਾਨਾਂ ਨੂੰ ਫੜ ਕੇ ਤਸ਼ੱਦਦ ਕੀਤਾ ਅਤੇ ਫਿਰ ਸਿਖਲਾਈ ਦੇ ਕੇ ਯੂਕਰੇਨ ਨਾਲ ਯੁੱਧ ਲਈ ਭੇਜਿਆ। ਹੁਣ ਇਨ੍ਹਾਂ ਦੇ ਮਾਪਿਆਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਨੂੰ ਬਾਰਡਰ 'ਤੇ ਭੇਜ ਦਿੱਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤਹਿਤ ਵਿਦੇਸ਼ ਮੰਤਰਾਲੇ ਅਤੇ ਰੂਸ ਵਿਚ ਤਾਇਨਾਤ ਭਾਰਤੀ ਹਾਈ ਕਮਿਸ਼ਨ ਨੂੰ ਪੱਤਰ ਲਿਖਿਆ ਹੈ; ਜਲਦ ਹੀ ਗੱਲਬਾਤ ਵੀ ਕੀਤੀ ਜਾਵੇਗੀ। ਪਤਾ ਲੱਗਿਆ ਹੈ ਕਿ ਇਹ ਨੌਜਵਾਨ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਹਰਿਆਣਾ ਨਾਲ ਸਬੰਧਿਤ ਹਨ।

ਕੇਂਦਰ ਅਤੇ ਸੂਬਾਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਨਵੀਂ ਪੀੜ੍ਹੀ ਲਈ ਰੋਜ਼ੀ ਰੋਟੀ ਦਾ ਪ੍ਰਬੰਧ ਕਰਨ। ਨੌਜਵਾਨਾਂ ਨੂੰ ਉਨ੍ਹਾਂ ਆਪਣੇ ਦੇਸ਼ ਵਿੱਚ ਹੀ ਰੁਜ਼ਗਾਰ ਮਿਲਣਾ ਚਾਹੀਦਾ ਹੈ ਤਾਂ ਜੋ ਨੌਜਵਾਨ ਵਿਦੇਸ਼ ਨਾ ਜਾਣ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਇੱਥੇ ਰਹਿ ਕੇ ਹੀ ਕਰਨ।

ਇਸ ਸਮੇਂ ਭਾਰਤ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਨੌਜਵਾਨ ਬਹੁਤ ਪਰੇਸ਼ਾਨ ਹਨ। ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ, ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ ਅਤੇ ਜਿਹੜੇ ਨੌਕਰੀਪੇਸ਼ਾ ਹਨ, ਉਹ ਕੰਮ ਦੇ ਘੰਟਿਆਂ ਤੋਂ ਪਰੇਸ਼ਾਨ ਹਨ। ਸਵੇਰੇ ਤੋਂ ਸ਼ਾਮ ਅਤੇ ਸ਼ਾਮ ਤੋਂ ਸਵੇਰ ਕਦੋਂ ਹੋ ਜਾਂਦੀ ਹੈ, ਉਨ੍ਹਾਂ ਨੂੰ ਕੋਈ ਪਤਾ ਨਹੀਂ ਲੱਗਦਾ। ਛੁੱਟੀ ਵਾਲਾ ਦਿਨ ਵੀ ਉਨ੍ਹਾਂ ਦਾ ਇਸ ਗੁਜ਼ਰਦਾ ਹੈ ਜਿਵੇਂ ਉਹ ਉਸ ਦਿਨ ਵੀ ਮਜ਼ਦੂਰੀ ਕਰ ਕੇ ਆਏ ਹੋਣ।

ਭਾਰਤ ਦੀਆਂ ਬਹੁਗਿਣਤੀ ਕਾਰਪੋਰੇਟ ਕੰਪਨੀਆਂ ਨੌਜਵਾਨਾਂ ਦਾ ਚਿੱਟੇ ਦਿਨ ਸ਼ੋਸ਼ਣ ਕਰ ਰਹੀਆਂ ਹਨ। ਨੌਜਵਾਨ ਜਦੋਂ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਨੂੰ ਨੌਕਰੀ ਤੋਂ ਕੱਢਣ ਦੀ ਧਮਕੀ ਦਿੱਤੀ ਜਾਂਦੀ ਹੈ। ਇਸ ਵੇਲੇ ਭਾਰਤ ਅੰਦਰ ਨੌਜਵਾਨਾਂ ਕੋਲੋਂ 8 ਘੰਟੇ ਦੀ ਬਜਾਇ 10 ਤੋਂ 12 ਘੰਟੇ ਕੰਮ ਲਿਆ ਜਾ ਰਿਹਾ ਹੈ। ਬਹੁਤ ਸਾਰੀਆਂ ਕਾਰਪੋਰੇਟ ਕੰਪਨੀਆਂ ਨੌਜਵਾਨਾਂ ਦਾ ਸ਼ੋਸ਼ਣ ਤਾਂ ਕਰ ਹੀ ਰਹੀਆਂ ਹਨ, ਉਨ੍ਹਾਂ ਦਾ ਮਾਨਸਿਕ ਸ਼ੋਸ਼ਣ ਵੀ ਕੀਤਾ ਜਾ ਰਿਹਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਕੰਮ ਦੇ ਘੰਟਿਆਂ ਵਿੱਚ ਵਾਧਾ ਕਰਨ ਦੀਆਂ ਕੋਸ਼ਿਸ਼ਾਂ ਕੋਈ ਨਵੀਆਂ ਨਹੀਂ। ਕਾਨੂੰਨ ਭਾਵੇਂ 8 ਘੰਟੇ ਕੰਮ ਦਿਹਾੜੀ ਦਾ ਹੀ ਹੈ ਪਰ ਜ਼ਮੀਨੀ ਪੱਧਰ ਉੱਤੇ ਜ਼ਿਆਦਾਤਰ ਕੰਮ ਥਾਵਾਂ 'ਤੇ 12 ਘੰਟੇ ਕੰਮ ਦਿਨ ਤਾਂ ਦਹਾਕਿਆਂ ਤੋਂ ਲਾਗੂ ਹੈ; 12 ਘੰਟੇ ਹੀ ਨਹੀਂ, 14-14 ਘੰਟੇ ਕੰਮ ਵੀ ਕਰਵਾਇਆ ਜਾਂਦਾ ਹੈ। ਹੁਣ ਤਾਂ ਬਸ ਕਾਨੂੰਨ ਬਦਲਣ ਦੀ ਤਿਆਰੀ ਚੱਲ ਰਹੀ ਹੈ ਤਾਂ ਕਿ ਰਹਿੰਦੀ-ਖੂੰਹਦੀ ਕਸਰ ਵੀ ਕੱਢ ਦਿੱਤੀ ਜਾਵੇ।

# ਨਾਸੂਰ ਬਣੀਆਂ ਪੁਲਵਾਮਾ ਹਮਲੇ ਦੀਆਂ ਯਾਦਾਂ




ਚੌਦਾਂ ਫਰਵਰੀ 2019 ਨੂੰ ਜੰਮੂ-ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਲੇਥਪੋਰਾ ਇਲਾਕੇ ਵਿਚ ਹੋਏ ਇਕ ਆਤਮਘਾਤੀ ਹਮਲੇ ਵਿਚ ਸੈਂਟਰਲ ਰਿਜ਼ਰਵ ਪੁਲਿਸ ਫੋਰਸ (ਸੀਆਰਪੀਐੱਫ) ਦੇ 40 ਜਵਾਨ ਸ਼ਹੀਦ ਹੋ ਗਏ ਸਨ। ਛੇ ਸਾਲ ਬੀਤ ਜਾਣ ਦੇ ਬਾਵਜੂਦ ਇਸ ਹਮਲੇ ਦੀ ਚੀਸ ਦਿਲਾਂ 'ਚੋਂ ਉੱਠਦੀ ਹੈ। ਆਪਣੇ ਦੇਸ਼ ਖ਼ਾਤਰ ਸ਼ਹੀਦ ਹੋਣ ਵਾਲਿਆਂ ਦੇ ਪਰਿਵਾਰ ਅਜੇ ਵੀ ਇਸ ਸਦਮੇ 'ਚੋਂ ਬਾਹਰ ਨਹੀਂ ਆ ਸਕੇ। ਇਸ ਹਮਲੇ ਦੀ ਜ਼ਿੰਮੇਵਾਰੀ ਪਾਕਿਸਤਾਨ ਦੀ ਖ਼ਤਰਨਾਕ ਤਨਜ਼ੀਮ ਲਸ਼ਕਰ-ਏ-ਤਾਇਬਾ ਦੇ ਆਦਿਲ ਅਹਿਮਦ ਡਾਰ ਨੇ ਲਈ ਸੀ।

ਆਪਣੇ ਦੇਸ਼ ਤੇ ਕੌਮ ਤੋਂ ਆਪਾ ਵਾਰਨ ਵਾਲੇ ਸ਼ਹੀਦਾਂ ਨੂੰ ਅਮਰ ਕਿਹਾ ਜਾਂਦਾ ਹੈ। ਇਸ ਦੇ ਬਾਵਜੂਦ ਜਿਨ੍ਹਾਂ ਦੇ ਪੁੱਤਰ ਜਵਾਨੀ ਵੇਲੇ ਤੁਰ ਜਾਣ ਉਨ੍ਹਾਂ ਦੇ ਦਰਦ ਨੂੰ ਬਿਆਨ ਕਰਨਾ ਬੇਹੱਦ ਮੁਹਾਲ ਹੁੰਦਾ ਹੈ। ਵਿਛੋੜੇ ਹੋਏ ਸੱਥਰ ਭਾਵੇਂ ਭੋਗਾਂ ਤੋਂ ਬਾਅਦ ਸਮੇਟ ਲਏ ਜਾਂਦੇ ਨੇ ਤੇ ਸੰਸਾਰ ਆਪਣੀ ਤੋਰੇ ਤੁਰਦਾ ਰਹਿੰਦਾ ਹੈ। ਪਰ ਜੋਬਨ ਰੁੱਤੇ ਸਦਾ ਲਈ ਵਿਛੜ ਗਏ ਪੁੱਤਰਾਂ ਦੇ ਮਾਪਿਆਂ ਦੇ ਦਿਲਾਂ ਵਿਚ ਸੱਥਰ ਹਮੇਸ਼ਾ ਲਈ ਵਿਛੇ ਰਹਿੰਦੇ ਹਨ। ਉਨ੍ਹਾਂ ਦੇ ਦੀਦਿਆਂ ਵਿਚ ਅੱਥਰੂ ਭਾਵੇਂ ਸੁੱਕ ਜਾਣ ਪਰ ਪੁੱਤਾਂ ਦੀ ਉਡੀਕ ਨਹੀਂ ਮੁੱਕਦੀ। ਇਸੇ ਲਈ ਸੰਸਾਰ ਦੀ ਸਭ ਤੋਂ ਭਾਰੀ ਵਸਤੂ ਇਹ ਮੰਨੀ ਜਾਂਦੀ ਹੈ ਜਦੋਂ ਕੋਈ ਬਿਰਧ ਮਾਪੇ ਜਵਾਨ ਬੱਚੇ ਨੂੰ ਮੋਢਾ ਦੇਣ। ਅਜਿਹੇ ਦੁਖਾਂਤ ਨੂੰ ਬਿਆਨ ਕਰਦਿਆਂ ਸ਼ਬਦ ਸਾਥ ਨਹੀਂ ਦਿੰਦੇ।

ਸਾਡੀ ਤ੍ਰਾਸਦੀ ਹੈ ਕਿ ਜਦੋਂ ਅਜਿਹਾ ਦਰਦਨਾਕ ਕਾਂਡ ਵਾਪਰਦਾ ਹੈ ਤਾਂ ਕਈ ਦਿਨ ਇਹ ਮੀਡੀਆ ਦੀਆਂ ਸੁਰਖ਼ੀਆਂ ਬਣਦਾ ਹੈ। ਸ਼ਹੀਦਾਂ ਦੇ ਪਰਿਵਾਰਾਂ ਦੀ ਕੋਈ ਵਿਰਲਾ-ਟਾਵਾਂ ਹੀ ਸਾਰ ਲੈਣ ਜਾਂਦਾ ਹੈ। ਜਦੋਂ ਉਨ੍ਹਾਂ ਦੇ ਘਰ ਜਾਓ ਤਾਂ ਉਨ੍ਹਾਂ ਦੇ ਦੁੱਖੜੇ ਸੁਣ ਕੇ ਹੰਝੂਆਂ ਦੀ ਝੜੀ ਲੱਗ ਜਾਂਦੀ ਹੈ। ਕਸ਼ਮੀਰ ਵਾਦੀ 'ਚ ਬੀਤੇ ਤੀਹ ਵਰ੍ਹਿਆਂ ਦੀ ਸਭ ਤੋਂ ਵੱਡੀ ਕਾਇਰਤਾ ਭਰੀ ਹਰਕਤ ਨੂੰ ਦਹਿਸ਼ਤਗਰਦਾਂ ਵੱਲੋਂ ਜਦੋਂ ਅੰਜਾਮ ਦਿੱਤਾ ਗਿਆ ਤਾਂ ਸਮੁੱਚੀ ਲੋਕਾਈ ਨੂੰ ਝੰਜੋੜ ਕੇ ਰੱਖ ਦਿੱਤਾ। ਮਨੁੱਖਤਾ ਦਾ ਘਾਣ ਕਰਨ ਵਾਲੀ ਮੰਦਭਾਗੀ ਘਟਨਾ ਦੀਆਂ ਤਸਵੀਰਾਂ ਨੇ ਪੱਥਰ ਦਿਲਾਂ ਨੂੰ ਵੀ ਹਿਲਾ ਕੇ ਰੱਖ ਦਿੱਤਾ ਸੀ।

ਕੇਂਦਰੀ ਰਿਜ਼ਰਵ ਪੁਲਿਸ ਬਲ (ਸੀਆਰਪੀਐੱਫ) ਦੇ ਉਨ੍ਹਾਂ ਚਾਲੀ ਪੁਲਵਾਮਾ ਸ਼ਹੀਦ ਸੈਨਿਕਾਂ 'ਚ ਮਾਵਾਂ ਦੇ ਪੁੱਤ, ਭੈਣਾਂ ਦੇ ਵੀਰ, ਕਈਆਂ ਦੇ ਸਿਰਾਂ ਦੇ ਸਾਈਂ ਅਤੇ ਛੋਟੇ-ਛੋਟੇ ਮਸੂਮ ਬੱਚਿਆਂ ਦੇ ਅੱਖ ਦੇ ਝਮਕੇ ਜਿੰਨੇ ਚਿਰ 'ਚ ਸਦਾ ਸਦਾ ਲਈ ਉਨ੍ਹਾਂ ਤੋਂ ਵਿਛੜ ਗਏ। ਇਨ੍ਹਾਂ ਬਹਾਦਰ ਸੈਨਿਕਾਂ 'ਚ ਪੰਜਾਬ ਦੇ ਰੂਪਨਗਰ ਜ਼ਿਲ੍ਹੇ 'ਚ ਪੈਂਦੇ ਕਸਬਾ ਨੂਰਪੁਰ ਬੇਦੀ ਦੇ ਰੌਲੀ ਪਿੰਡ ਦਾ ਪਿਤਾ ਦਰਸ਼ਨ ਸਿੰਘ ਤੇ ਮਾਤਾ ਅਮਰਜੀਤ ਕੌਰ ਦੇ ਬੁਢਾਪੇ ਦਾ ਇਕਲੌਤਾ ਸਹਾਰਾ ਕਾਂਸਟੇਬਲ ਕੁਲਵਿੰਦਰ ਸਿੰਘ ਵੀ ਸ਼ਾਮਲ ਸੀ।

ਅੱਜ ਵੀ ਮਾਤਾ ਅਮਰਜੀਤ ਕੌਰ ਆਪਣੇ ਪੁੱਤਰ ਦੀਆਂ ਯਾਦਾਂ ਨੂੰ ਸੀਨੇ ਅੰਦਰ ਸੰਜੋਈ ਕਦੇ ਨਾ ਪੂਰੀਆਂ ਹੋਣ ਵਾਲੀਆਂ ਆਸਾਂ ਦੇ ਸਹਾਰੇ ਜ਼ਿੰਦਗੀ ਨੂੰ ਧੱਕਾ ਲਾਉਣ ਲਈ ਮਜਬੂਰ ਹੈ। ਚੌਵੀ ਦਸੰਬਰ 1992 ਨੂੰ ਮਾਤਾ ਅਮਰਜੀਤ ਕੌਰ ਦੀ ਕੁੱਖੋਂ ਜਨਮਿਆ ਕੁਲਵਿੰਦਰ ਸਿੰਘ ਇਕਲੌਤਾ ਪੁੱਤਰ ਹੋਣ ਕਾਰਨ ਬਚਪਨ ਤੋਂ ਹੀ ਮਾਪਿਆਂ ਦਾ ਬਹੁਤ ਲਾਡਲਾ ਅਤੇ ਆਗਿਆਕਾਰੀ ਸੀ। ਕੁਲਵਿੰਦਰ ਸਿੰਘ ਦੇ ਪਿਤਾ ਜੀ ਪੇਸ਼ੇ ਵਜੋਂ ਟਰੱਕ ਡਰਾਈਵਰ ਸਨ।

ਘਰ ਦੇ ਆਰਥਿਕ ਹਾਲਾਤ ਨੂੰ ਵੇਖਦਿਆਂ ਅਤੇ ਬਜ਼ੁਰਗ ਬਾਪ ਨੂੰ ਸਹਾਰਾ ਦੇਣ ਲਈ ਕੁਲਵਿੰਦਰ ਨੇ ਪੜ੍ਹਾਈ ਦੇ ਨਾਲ-ਨਾਲ ਨੌਕਰੀ ਦੀ ਭਾਲ? ਆਰੰਭ ਕੀਤੀ। ਸਮੇਂ-ਸਮੇਂ 'ਤੇ ਪੰਜਾਬ ਪੁਲਿਸ, ਜੇਲ੍ਹ ਡਿਪਾਰਟਮੈਂਟ ਅਤੇ ਸੀਆਰਪੀਐੱਫ ਦੀ ਭਰਤੀ 'ਚ ਆਪਣੀ ਯੋਗਤਾ ਦਾ ਪ੍ਰਗਟਾਵਾ ਕੀਤਾ। ਪੜ੍ਹਾਈ 'ਚ ਅੱਵਲ ਹੋਣ ਕਾਰਨ ਤਿੰਨਾਂ ਮਹਿਕਮਿਆਂ ਵਿੱਚੋਂ ਉਸ ਦੀ ਨਿਯੁਕਤੀ ਦੇ ਪੱਤਰ ਡਾਕ ਰਾਹੀਂ ਘਰ ਆਏ। ਦੇਸ਼-ਕੌਮ ਦੀ ਸੇਵਾ ਨੂੰ ਮੁੱਖ ਰੱਖਦਿਆਂ ਕੁਲਵਿੰਦਰ ਸਿੰਘ ਨੇ ਸੀਆਰਪੀਐੱਫ ਦੀ ਨੌਕਰੀ ਕਰਨ ਦਾ ਫ਼ੈਸਲਾ ਕੀਤਾ।

ਮਾਪਿਆਂ ਨੇ ਵੀ ਚਾਈਂ-ਚਾਈਂ ਪੁੱਤਰ ਦੇ ਫ਼ੈਸਲੇ ਨੂੰ ਖਿੜੇ ਮੱਥੇ ਸਵੀਕਾਰ ਕਰ ਲਿਆ। ਇਕ ਦਸੰਬਰ 2014 ਨੂੰ ਕੁਲਵਿੰਦਰ ਸਿੰਘ ਸੈਂਟਰਲ ਰਿਜ਼ਰਵ ਪੁਲਿਸ ਬਲ 'ਚ ਬਤੌਰ ਕਾਂਸਟੇਬਲ ਭਰਤੀ ਹੋਇਆ। ਮੁੱਢਲੀ ਟਰੇਨਿੰਗ ਪੂਰੀ ਕਰਨ 'ਤੇ ਉਸ ਦੀ ਨਿਯੁਕਤੀ ਸੀਆਰਪੀਐੱਫ ਦੀ 92 ਨੰਬਰ ਬਟਾਲੀਅਨ 'ਚ ਹੋਈ। ਸਾਲ 2017 'ਚ ਉਸ ਦਾ ਰਿਸ਼ਤਾ ਸ੍ਰੀ ਅਨੰਦਪੁਰ ਸਾਹਿਬ ਦੇ ਲਾਗਲੇ ਪਿੰਡ ਲੋਦੀਪੁਰ 'ਚ ਪੱਕਾ ਹੋਇਆ। ਤਕਰੀਬਨ ਦੋ-ਢਾਈ ਸਾਲਾਂ ਬਾਅਦ ਕੁਲਵਿੰਦਰ ਨੇ ਆਪ ਹੀ ਪਿਤਾ ਦਰਸ਼ਨ ਸਿੰਘ ਨੂੰ ਫੋਨ ਕਰ ਕੇ ਦੱਸਿਆ ਕਿ ਉਸ ਨੇ ਆਪਣੀ ਜੀਵਨ ਸਾਥਣ ਨਾਲ ਸਲਾਹ-ਮਸ਼ਵਰਾ ਕਰ ਕੇ ਆਪਣੇ ਵਿਆਹ ਦਾ ਦਿਨ 9 ਨਵੰਬਰ 2019 ਨਿਯੁਕਤ ਕਰ ਲਿਆ ਹੈ। ਕੁਲਵਿੰਦਰ ਦੇ ਮਾਪਿਆਂ ਨੇ ਪੁੱਤਰ ਦੀ ਖ਼ੁਸ਼ੀ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਤੇ ਪੁੱਤ ਵੱਲੋਂ ਮਿੱਥੀ ਘੜੀ ਆਪਣੇ ਸਾਕ-ਸਬੰਧੀਆਂ ਨਾਲ ਸਾਂਝੀ ਕੀਤੀ।

ਆਪਣੇ ਇਕਲੌਤੇ ਪੁੱਤਰ ਦੇ ਵਿਆਹ ਦੀਆਂ ਸਾਈਆਂ-ਵਧਾਈਆਂ ਦੇ ਸੁਪਨੇ ਵੇਖ ਰਹੇ ਬਜ਼ੁਰਗ ਮਾਪਿਆਂ ਨੂੰ ਕੀ ਪਤਾ ਸੀ ਕਿ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਐ। ਮਾਘ ਮਹੀਨੇ ਦਾ ਭਰ ਸਿਆਲ ਆਪਣੇ ਪੂਰੇ ਜੋਬਨ ਤੇ ਪਾਲੇ? ਦਾ ਕਹਿਰ ਵਰਸਾ ਰਿਹਾ ਸੀ। ਉਧਰ ਕਸ਼ਮੀਰ ਵਾਦੀ ਵਾਲੇ ਪਾਸਿਓਂ ਹਵਾਵਾਂ ਦੇ ਬੁੱਲੇ ਸੀਤ ਅਤੇ ਖ਼ਬਰਨਾਮੇ ਕੁਝ ਗਰਮ ਆ ਰਹੇ ਸਨ। ਜੰਮੂ 'ਚ ਤਾਇਨਾਤ 92 ਨੰਬਰ ਸੈਂਟਰ ਰਿਜ਼ਰਵ ਪੁਲਿਸ ਬਲ ਦੇ ਕੈਂਪ ਅੰਦਰ ਦਿੱਲੀ ਹੈੱਡਕੁਆਰਟਰ ਵਿੱਚੋਂ ਸਰਕਾਰੀ ਹੁਕਮਾਂ ਦੀ ਤਾਰ ਦਸਤਕ ਦਿੰਦੀ ਹੈ ਕਿ ਪਲਟਣ ਨੂੰ ਜੰਮੂ ਤੋਂ ਸ੍ਰੀਨਗਰ ਵੱਲ ਕੂਚ ਕਰਨਾ ਹੈ।

ਸਰਕਾਰੀ ਹੁਕਮਾਂ ਦੇ ਬੱਝੇ ਜਵਾਨਾਂ ਨੇ ਆਪਣਾ ਬੋਰੀਆ-ਬਿਸਤਰਾ ਗੋਲ ਕਰ ਕੇ ਗੱਡੀਆਂ 'ਚ ਲੱਦ ਕੇ ਸਮਾਂ ਨਾ ਗੁਆਉਂਦੇ ਹੋਏ ਸਰਕਾਰੀ ਬੱਸਾਂ 'ਚ ਸਵਾਰ ਹੋ ਕੇ ਕਸ਼ਮੀਰ ਵੱਲ ਕਾਫ਼ਲਾ ਤੋਰ ਲਿਆ।

**-ਬਲਜੀਤ ਸਿੰਘ ਅਸਮਾਨਪੁਰ**

ਕਾਫ਼ਲਾ ਅਜੇ ਉਧਮਪੁਰ ਹੀ ਪਹੁੰਚਿਆ ਸੀ ਕਿ ਕਸ਼ਮੀਰ 'ਚ ਭਾਰੀ ਬਰਫ਼ਬਾਰੀ ਦੀ ਆਮਦ ਹੋ ਗਈ। ਕਸ਼ਮੀਰ ਨੂੰ ਭਾਰਤ ਨਾਲ ਜੋੜਨ ਵਾਲੀ ਜਵਾਹਰ ਸੁਰੰਗ ਦਾ ਰਾਹ ਪੂਰੀ ਤਰ੍ਹਾਂ ਬੰਦ ਹੋ ਗਿਆ ਅਤੇ ਦੋਹਾਂ ਪਾਸਿਆਂ ਦੀ ਆਵਾਜਾਈ ਠੱਪ ਹੋ ਗਈ। ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਕਾਕਾਪੋਰਾ ਪਿੰਡ ਅੰਦਰ ਦਹਿਸ਼ਤਗਰਦਾਂ ਵੱਲੋਂ ਬੁਰਹਾਨ ਵਾਨੀ ਦਾ ਬਦਲਾ ਲੈਣ ਲਈ ਕੁਝ ਵੱਡੀ ਸਾਜ਼ਿਸ਼ ਨੂੰ ਅੰਜਾਮ ਦੇਣ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਭਾਰੀ ਬਰਫ਼ਬਾਰੀ ਕਾਰਨ ਫ਼ੌਜ ਦੀ ਆਮਦ ਬਹੁਤ ਘੱਟ ਹੋ ਚੁੱਕੀ ਸੀ ਪਰ 12 ਫਰਵਰੀ ਨੂੰ ਮੌਸਮ 'ਚ ਸੁਧਾਰ ਹੋਣ ਉਪਰੰਤ ਫ਼ੌਜੀ ਕਾਫ਼ਲਿਆਂ ਦੀ ਆਵਾਜਾਈ ਪਹਿਲਾਂ ਵਾਂਗ ਹੋਣ ਲੱਗੀ। ਇਨ੍ਹਾਂ ਕਾਫ਼ਲਿਆਂ 'ਚ ਉਧਮਪੁਰ ਤੋਂ ਸੀਆਰਪੀਐੱਫ ਦੀਆਂ 78 ਗੱਡੀਆਂ 'ਚ 2574 ਜਵਾਨ ਸਵਾਰ ਹੋ ਕੇ ਆਪਣੀ ਅਗਲੀ ਮੰਜ਼ਿਲ ਵੱਲ ਨੂੰ ਕੂਚ ਕਰ ਗਏ ਤੇ 14 ਫਰਵਰੀ 2019 ਨੂੰ ਹਿੰਦੁਸਤਾਨ ਦੀ ਨੌਜਵਾਨ ਪੀੜ੍ਹੀ ਜਦੋਂ ਵੈਲੇਨਟਾਈਨ ਡੇਅ ਦੇ ਚੋਚਲੇ ਮਨਾਉਣ ਵਿਚ ਮਸਰੂਫ਼ ਸੀ, ਉਦੋਂ ਸੀਆਰਪੀਐੱਫ ਦਾ ਵੱਡਾ ਕਾਫ਼ਲਾ ਜਵਾਹਰ ਸੁਰੰਗ ਨੂੰ ਪਾਰ ਕਰ ਕੇ ਕਸ਼ਮੀਰ ਵਾਦੀ 'ਚ ਦਾਖ਼ਲ ਹੋ ਰਿਹਾ ਸੀ।

ਬੱਸਾਂ 'ਚ ਸਵਾਰ ਜਵਾਨ ਕੁਦਰਤ ਨੂੰ ਬਹੁਤ ਹੀ ਨੇੜਿਓਂ ਮਹਿਸੂਸ ਕਰ ਰਹੇ ਸਨ ਅਤੇ ਆਪੋ-ਆਪਣੇ ਮੋਬਾਈਲ ਫੋਨਾਂ 'ਚ ਬਰਫ਼ੀਲੇ ਨਜ਼ਾਰਿਆਂ ਨੂੰ ਕੈਦ ਕਰ ਕੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਸਾਂਝਾ ਕਰਨ ਲੱਗੇ। ਇਨ੍ਹਾਂ ਜਵਾਨਾਂ ਦੇ ਕਾਫ਼ਲੇ ਦੀ ਪੰਜ ਨੰਬਰ ਬੱਸ ਦੇ ਮੁਸਾਫ਼ਰਾਂ ਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ ਕਿ ਇਹ ਜੰਨਤ ਭਰੀਆਂ ਵਾਦੀਆਂ 'ਚ ਇਨਸਾਨੀਅਤ ਦਾ ਦੁਸ਼ਮਣ, ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦਾ ਕਾਫ਼ਰ ਆਦਿਲ ਅਹਿਮਦ ਡਾਰ ਆਪਣੀ ਨੀਲੇ ਰੰਗ ਦੀ ਵੈਨ 'ਚ 200 ਕਿੱਲੋ ਵਿਸਫੋਟਕ ਸਮੱਗਰੀ ਲੱਦ ਕੇ ਕਾਫ਼ਲੇ ਦਾ ਇੰਤਜ਼ਾਰ ਕਰ ਰਿਹਾ ਹੈ।

ਕਾਫ਼ਲੇ ਦੀ ਮੰਜ਼ਿਲ ਸ੍ਰੀਨਗਰ ਸੀ ਪਰ ਉੱਥੇ ਪੁੱਜਣ ਤੋਂ 30 ਕਿੱਲੋਮੀਟਰ ਪਹਿਲਾਂ ਹੀ ਪੁਲਵਾਮਾ ਜ਼ਿਲ੍ਹੇ ਦੇ ਅਵੰਤੀਪੋਰਾ ਦੇ ਨਜ਼ਦੀਕ ਲੇਥਪੋਰਾ ਪਿੰਡ ਦੀ ਹਦੂਦ 'ਚ ਐੱਨਐੱਚ-44 ਉੱਤੇ ਇਸ ਦਹਿਸ਼ਤਗਰਦ ਨੇ ਕਾਫ਼ਲੇ ਅੰਦਰ ਪੰਜ ਨੰਬਰ 'ਤੇ ਚੱਲ ਰਹੀ ਬੱਸ ਨਾਲ ਆਪਣੀ ਵੈਨ ਦੀ ਟੱਕਰ ਕਰਵਾ ਦਿੱਤੀ ਜਿਸ ਕਾਰਨ ਉਕਤ ਬੱਸ ਦੇ ਵੀ ਪਰਖੱਚੇ ਉੱਡ ਗਏ। ਬਿਰਧ ਪਿਤਾ ਅੱਜ ਵੀ ਕੁਲਵਿੰਦਰ ਦੇ ਫ਼ੌਜੀ ਕੋਟ ਨੂੰ ਪਹਿਨਣ ਤੋਂ ਬਾਅਦ ਤੇ ਉਸ ਦੇ ਬੁਲਟ ਮੋਟਰਸਾਈਕਲ ਨੂੰ ਵੇਖ ਆਪਣੇ ਪੁੱਤਰ ਨੂੰ ਆਪਣੇ ਆਸ-ਪਾਸ ਮਹਿਸੂਸ ਕਰਦੇ ਹਨ। ਉਧਰ ਪਿੰਡ ਲੋਦੀਪੁਰ ਦੀ ਜੰਮਪਲ ਉਹ ਭੈਣ ਜਿਸ ਨੇ ਕੁਲਵਿੰਦਰ ਦੀ ਜੀਵਨ ਸਾਥਣ ਬਣਨ ਦੀਆਂ ਸੱਧਰਾਂ ਦੇ ਖਿੜੇ ਫੁੱਲਾਂ ਦੀ ਮਹਿਕ ਅਜੇ ਵੰਡਣੀ ਸ਼ੁਰੂ ਵੀ ਨਹੀਂ ਸੀ ਕੀਤੀ, ਅਧੂਰੀਆਂ ਆਸਾਂ ਦੇ ਪੁੰਗਰਦੇ ਖ਼ਾਬ-ਖ਼ਿਆਲ ਸੁੱਕੇ ਕੱਖਾਂ ਦੀ ਆਹੂਤੀ ਬਣ ਕੇ ਕੁਲਵਿੰਦਰ ਦੀ ਚਿਖ਼ਾ 'ਚ ਸੜ ਕੇ ਸੁਆਹ ਹੋ ਗਏ। ਉਹ ਸ਼ਹੀਦ ਦੀ ਮੰਗੇਤਰ ਦਾ ਰੁਤਬਾ ਦਿਲ 'ਚ ਸੰਜੋਈ ਕੁਲਵਿੰਦਰ ਦੀਆਂ ਯਾਦਾਂ ਦੇ ਸਹਾਰੇ ਜ਼ਿੰਦਗੀ ਜਿਉਣ ਨੂੰ ਤਿਆਰ ਸੀ ਪਰ ਬਾਪੂ ਦਰਸ਼ਨ ਸਿੰਘ ਨੇ ਸਮਝਾਇਆ ਕਿ ਸਾਡੇ ਬੁਢਾਪੇ ਦਾ ਬੋਝ ਤੂੰ ਆਪਣੇ 'ਤੇ ਨਾ ਲੱਦ। ਤੈਨੂੰ ਪਰਮਾਤਮਾ ਦੀ ਰਜ਼ਾ ਮੁਤਾਬਕ ਧੁਰੋਂ ਬੱਝੇ ਸੰਜੋਗਾਂ ਅਨੁਸਾਰ ਆਪਣੇ ਜੀਵਨ ਦੀ ਨਿਵੇਕਲੀ ਸ਼ੁਰੂਆਤ ਕਰਨੀ ਪਵੇਗੀ। ਬਾਪੂ ਦਰਸ਼ਨ ਸਿੰਘ ਨੇ ਆਪਣੇ ਸ਼ਹੀਦ ਪੁੱਤਰ ਦੀ ਮੰਗੇਤਰ ਨੂੰ ਆਪਣੀ ਧੀ ਬਣਾ ਕੇ ਆਪਣੇ ਹੱਥੀਂ ਸਾਰੇ ਸ਼ਗਨ-ਵਿਹਾਰ ਕਰ ਕੇ ਉਸ ਦੇ ਨਵੇਂ ਸਹੁਰੇ ਘਰ ਤੋਰਿਆ। ਨਵੇਂ ਸਫ਼ਰਾਂ ਦੇ ਰਾਹੀ ਪਿੱਛੇ ਛੁੱਟ ਗਏ। ਪੁਲਵਾਮਾ ਹਮਲੇ ਦੀਆਂ ਕਈ ਹੋਰ ਵੀ ਦਰਦ ਭਰੀਆਂ ਕਹਾਣੀਆਂ ਹਨ ਜੋ ਕਾਲਪਨਿਕ ਫਿਲਮਾਂ ਤੋਂ ਕਿਤੇ ਵੱਧ ਭਾਵੁਕ ਕਰਦੀਆਂ ਹਨ।

# ਰਿਆਇਤਾਂ ਦੀ ਘੁੰਮਣਘੇਰੀ ’ਚ ਉਲਝਾਉਣ ਦੀ ਸਿਆਸਤ

ਸੁਪਰੀਮ ਕੋਰਟ ਨੇ ਮੁਫ਼ਤ ਸਹੂਲਤਾਂ ਬਾਰੇ ਇਸ ਹਫ਼ਤੇ ਇੱਕ ਬਹੁਤ ਹੀ ਅਹਿਮ ਟਿੱਪਣੀ ਕੀਤੀ ਹੈ। ਪਿਛਲੇ ਕੁਝ ਸਾਲਾਂ ਤੋਂ ਵੱਖ-ਵੱਖ ਪਾਰਟੀਆਂ ਚੋਣਾਂ ਤੋਂ ਐਨ ਪਹਿਲਾਂ ਐਲਾਨੀਆਂ ਜਾਂਦੀਆਂ ਵਿਸ਼ੇਸ਼ ਸਕੀਮਾਂ ਅਤੇ ਰਿਆਇਤਾਂ ਨੂੰ ਜਿਸ ਜ਼ੋਰ-ਸ਼ੋਰ ਨਾਲ ਪ੍ਰਚਾਰਦੀਆਂ ਹਨ, ਉਸ ਤੋਂ ਦੇਸ਼ ਦੀ ਸਿਆਸਤ ਵਿੱਚ ਆ ਰਹੇ ਨਿਘਾਰ ਦੀ ਝਲਕ ਮਿਲਦੀ ਹੈ। ਇੱਕ-ਦੂਜੇ ਦੀ ਦੇਖਾ-ਦੇਖੀ ਰਿਆਇਤਾਂ ਦੇ ਐਲਾਨਾਂ ਦਾ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਇਸ ਤੋਂ ਵੀ ਦਿਲਚਸਪ ਗੱਲ ਇਹ ਹੈ ਕਿ ਇੱਕ ਪਾਰਟੀ ਆਪਣੇ ਵੱਲੋਂ ਦਿੱਤੀਆਂ ਜਾਂਦੀਆਂ ਸਕੀਮਾਂ ਨੂੰ ਤਾਂ ਲੋਕ-ਪੱਖੀ ਦੱਸਦੀ ਹੈ ਪਰ ਦੂਜੀ ਸਿਆਸੀ ਪਾਰਟੀ ਵੱਲੋਂ ਕੀਤੇ ਜਾਂਦੇ ਕਿਸੇ ਅਜਿਹੇ ਵਾਅਦੇ ਨੂੰ ‘ਰਿਉੜੀਆਂ’ ਜਾਂ ਅਜਿਹੇ ਹੋਰ ਲਕਬ ਦੇ ਕੇ ਭੰਡਦੀ ਹੈ। ਸਭ ਤੋਂ ਵੱਧ ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਇੱਕ ਪਾਸੇ ਤਾਂ ਦੇਸ਼ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਦੇ ਪ੍ਰਚਾਰ ਰਾਹੀਂ ਦੁਨੀਆ ਭਰ ਵਿੱਚ ਦੇਸ਼ ਦਾ ਰੁਤਬਾ ਬੁਲੰਦ ਹੋਣ ਦਾ ਢੋਲ ਵਜਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਦੇਸ਼ ਦੇ 80 ਕਰੋੜ ਤੋਂ ਵੱਧ ਲੋਕਾਂ ਨੂੰ ਮੁਫ਼ਤ ਅਨਾਜ ਦਿੱਤੇ ਜਾਣ ਨੂੰ ਇੱਕ ਵੱਡੇ ਹਾਸਲ ਵਜੋਂ ਉਭਾਰਿਆ ਜਾਂਦਾ ਹੈ। ਜਦੋਂ ਇਹ ਦੋਵੇਂ ਬਿਰਤਾਂਤ ਨਾਲੋ-ਨਾਲ ਚੱਲਦੇ ਹਨ ਤਾਂ ਇੱਕ ਵਾਰ ਤੁਸੀਂ ਸੋਚਦੇ ਤਾਂ ਹੋ ਕਿ ਕੀ ਦੋਵੇਂ ਗੱਲਾਂ ਇੱਕ-ਦੂਜੇ ਦੇ ਵਿਰੋਧਾਭਾਸੀ ਨਹੀਂ? ਜੇ ਸਾਡੇ ਦੇਸ਼ ਨੇ ਵਿਕਾਸ ਦੀ ਏਨੀ ਤੇਜ਼ ਰਫ਼ਤਾਰ ਫੜ ਲਈ ਹੈ ਤਾਂ ਦੇਸ਼ ਦੇ 80 ਕਰੋੜ ਤੋਂ ਵੱਧ ਲੋਕਾਂ ਨੂੰ ਆਪਣਾ ਢਿੱਡ ਭਰਨ ਲਈ ਸਰਕਾਰ ਦੇ ਮੁਫ਼ਤ ਅਨਾਜ ਦੀ ਕੀ ਲੋੜ ਹੈ? ਜੇ ਏਨੀ ਵੱਡੀ ਗਿਣਤੀ ਲੋਕਾਂ ਨੂੰ ਇਸ ਸਰਕਾਰੀ ਅਨਾਜ ਦੀ ਲੋੜ ਹੈ ਤਾਂ ਕੀ ਸਾਡਾ ਦੇਸ਼ ਵਾਕਈ ਵਿਕਾਸ ਦੀ ਪਟੜੀ ’ਤੇ ਬਹੁਤ ਤੇਜ਼ ਰਫ਼ਤਾਰ ਨਾਲ ਦੌੜ ਰਿਹਾ ਹੈ? ਇਨ੍ਹਾਂ ਦੋਵਾਂ ਬਿਰਤਾਂਤਾਂ ਦਰਮਿਆਨ ਹਕੀਕਤ ਕੀ ਹੈ? ਤਲਖ਼ ਹਕੀਕਤ ਇਹ ਹੈ ਕਿ ਦੇਸ਼ ਦੇ 81.35 ਕਰੋੜ ਲੋਕਾਂ ਨੂੰ ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਤਹਿਤ 5 ਕਿਲੋਗ੍ਰਾਮ ਪ੍ਰਤੀ ਜੀਅ ਅਨਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ। ਪਹਿਲੀ ਜਨਵਰੀ 2024 ਤੋਂ ਲਾਗੂ ਇਸ ਯੋਜਨਾ ’ਤੇ ਪੰਜ ਸਾਲਾਂ ਦੌਰਾਨ 11.80 ਲੱਖ ਕਰੋੜ ਰੁਪਏ ਖ਼ਰਚ ਆਉਣਗੇ।

ਦੇਸ਼ ਵਿੱਚ ਭੁੱਖ ਨਾਲ ਜੂਝਦੇ ਗ਼ਰੀਬਾਂ ਅਤੇ ਵਿਕਾਸ ਦੇ ਦਾਅਵਿਆਂ ਦੇ ਵਿਰੋਧਾਭਾਸਾਂ ਦੀ ਸਮਝ ਤਾਂ ਕਿਸੇ ਨੂੰ ਵੀ ਪੈਂਦੀ ਹੈ ਤੇ ਹੇਠਲੇ ਪੱਧਰ ’ਤੇ ਇਸ ਦੀ ਚਰਚਾ ਵੀ ਹੁੰਦੀ ਹੈ ਪਰ ਫਿਰ ਵੀ ਕੋਈ ਇਸ ਦੀ ਨਿਸ਼ਾਨਦੇਹੀ ਲਈ ਤਿਆਰ ਨਹੀਂ। ਮੌਜੂਦਾ ਸਮੇਂ ਸਾਰੀਆਂ ਸਿਆਸੀ ਪਾਰਟੀਆਂ ਦੇਸ਼ ਦੇ ਵਿਕਾਸ ਸਬੰਧੀ ਆਪਣਾ ਸਪੱਸ਼ਟ ਨਜ਼ਰੀਆ ਤੇ ਖਾਕਾ ਪੇਸ਼ ਕਰਨ ਦੀ ਥਾਂ ਇਨ੍ਹਾਂ ਮੁਫ਼ਤ ਸਹੂਲਤਾਂ ਨੂੰ ਗਾਰੰਟੀਆਂ ਦੇ ਰੂਪ ’ਚ ਆਪਣੇ ਚੋਣ ਮਨੋਰਥ ਪੱਤਰਾਂ ’ਚ ਦਰਜ ਕਰਨ ਦਾ ਸੁਖਾਲਾ ਰਾਹ ਚੁਣਦੀਆਂ ਹਨ, ਬਿਨਾਂ ਇਹ ਜਾਣੇ ਕਿ ਇਸ ਦਾ ਸੂਬੇ ਅਤੇ ਦੇਸ਼ ਦੀ ਆਰਥਿਕਤਾ ’ਤੇ ਕੀ ਅਸਰ ਪਵੇਗਾ? ਬੀਤੇ ਬੁੱਧਵਾਰ ਸੁਪਰੀਮ ਕੋਰਟ ਨੇ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਦਿੱਤੇ ਜਾਂਦੇ ਸਿਆਸੀ ਲੋਭ-ਲਾਲਚ ’ਤੇ ਉਂਗਲੀ ਰੱਖਦਿਆਂ ਸਪੱਸ਼ਟ ਟਿੱਪਣੀ ਕੀਤੀ ਕਿ ਸਿਆਸੀ ਧਿਰਾਂ ਵੱਲੋਂ ਚੋਣਾਂ ਤੋਂ ਐਨ ਪਹਿਲਾਂ ‘ਲਾਡਲੀ ਬਹਿਨਾ’ (ਮੱਧ ਪ੍ਰਦੇਸ਼) ਅਤੇ ‘ਲਾਡਕੀ ਬਹਿਨਾ’ (ਮਹਾਰਾਸ਼ਟਰ) ਜਿਹੀਆਂ ਯੋਜਨਾਵਾਂ ਅਤੇ ਨਾਲ-ਨਾਲ ਮਿਲਦਾ ਮੁਫ਼ਤ ਰਾਸ਼ਨ ਲੋਕਾਂ ਨੂੰ ਮੁਫ਼ਤਖੋਰੀ ਦੀ ਅਜਿਹੀ ਆਦਤ ਪਾ ਰਿਹਾ ਹੈ ਕਿ ਉਹ ਕੰਮ ਕਰਨ ਲਈ ਤਿਆਰ ਨਹੀਂ। ਸੁਪਰੀਮ ਕੋਰਟ ਦਾ ਕਹਿਣਾ ਸੀ, “ਲੋਕਾਂ ਨੂੰ ਕੰਮ ’ਤੇ ਲਾ ਕੇ ਰਾਸ਼ਟਰ ਨਿਰਮਾਣ ਤੇ ਵਿਕਾਸ ਵੱਲ ਅਹਿਮ ਕਦਮ ਪੁੱਟਣ ਦੀ ਬਜਾਏ ਅਸੀਂ

**-ਅਰਵਿੰਦਰ ਜੌਹਲ**

ਅਜਿਹੀਆਂ ਜੋਕਾਂ ਤਿਆਰ ਕਰ ਰਹੇ ਹਾਂ ਜੋ ਹੌਲੀ-ਹੌਲੀ ਸਮਾਜ ਦਾ ਖ਼ੂਨ ਚੂਸ ਰਹੀਆਂ ਹਨ।” ਸੀਪੀਆਈ (ਐੱਮ) ਆਗੂ ਬ੍ਰਿੰਦਾ ਕਰਾਤ ਨੇ ਜਸਟਿਸ ਬੀ.ਆਰ. ਗਵਈ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਰੋਸ ਪ੍ਰਗਟਾਇਆ ਕਿ ਦੇਸ਼ ਦੀ ਸਰਬਉੱਚ ਅਦਾਲਤ ਵੱਲੋਂ ਕੀਤੀ ਗਈ ਅਜਿਹੀ ਟਿੱਪਣੀ ਰਾਹੀਂ ਗ਼ਰੀਬਾਂ ਦੇ ਸਨਮਾਨ ਨੂੰ ਠੇਸ ਨਾ ਪਹੁੰਚਾਈ ਜਾਵੇ।

ਸੁਪਰੀਮ ਕੋਰਟ ਦੇ ਜਸਟਿਸ ਬੀ.ਆਰ. ਗਵਈ, ਜੋ ਕਿ ਬੇਘਰ ਸ਼ਹਿਰੀ ਲੋਕਾਂ ਦੇ ਆਵਾਸ ਨਾਲ ਸਬੰਧਿਤ ਇੱਕ ਪਟੀਸ਼ਨ ਦੀ ਸੁਣਵਾਈ ਕਰਨ ਵਾਲੇ ਬੈਂਚ ਦਾ ਹਿੱਸਾ ਸਨ, ਨੇ ਆਪਣੀ ਨਿੱਜੀ ਉਦਾਹਰਨ ਦੇ ਕੇ ਇਹ ਵੀ ਕਿਹਾ, “ਮੈਂ ਇੱਕ ਕਿਸਾਨ ਪਰਿਵਾਰ ’ਚੋਂ ਹਾਂ। ਮਹਾਰਾਸ਼ਟਰ ਚੋਣਾਂ ਤੋਂ ਐਨ ਪਹਿਲਾਂ ਐਲਾਨੀਆਂ ਫਰੀਬੀਜ਼ (ਮੁਫ਼ਤ ਸਹੂਲਤਾਂ) ਕਾਰਨ ਕਿਸਾਨਾਂ ਨੂੰ ਖੇਤਾਂ ਵਿੱਚ ਕੰਮ ਕਰਨ ਲਈ ਮਜ਼ਦੂਰ ਨਹੀਂ ਮਿਲ ਰਹੇ। ਹਰ ਕਿਸੇ ਨੂੰ ਘਰ ਬੈਠੇ-ਬਿਠਾਏ ਮੁਫ਼ਤ ਸਹੂਲਤਾਂ (ਮੁਫ਼ਤ ਰਾਸ਼ਨ ਤੇ ਪੈਸੇ) ਮਿਲ ਰਹੀਆਂ ਹਨ ਜਿਸ ਕਰ ਕੇ ਉਹ ਕੰਮ ਨਹੀਂ ਕਰਨਾ ਚਾਹੁੰਦੇ।”

ਇਹ ਵੀ ਤਲਖ਼ ਹਕੀਕਤ ਹੈ ਕਿ ਕੇਂਦਰ ਸਰਕਾਰ ਨੇ ਪੇਂਡੂ ਖੇਤਰ ਦੇ ਲੋਕਾਂ ਲਈ ਰੁਜ਼ਗਾਰ ਦੀ ਯੋਜਨਾ ਮਗਨਰੇਗਾ ਤਹਿਤ ਰਾਖਵੇਂ ਫੰਡ ਸਾਲ 2023-24 ਦੇ 1.1 ਲੱਖ ਕਰੋੜ ਰੁਪਏ ਤੋਂ 22 ਫ਼ੀਸਦੀ ਘਟਾ ਕੇ 2024-25 ਲਈ 86,000 ਕਰੋੜ ਰੁਪਏ ਕਰ ਦਿੱਤੇ ਸਨ। ਹੁਣ 2025-26 ਦੇ ਬਜਟ ਵਿੱਚ ਵੀ ਇਸ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ।

ਲੋਕਾਂ ਨੂੰ ਮੁਫ਼ਤ ਅਨਾਜ ਵੰਡਣ ’ਤੇ ਸੁਪਰੀਮ ਕੋਰਟ ਵੱਲੋਂ ਹੁਣ ਤਿੱਖੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਪਰ ਇੱਥੇ ਇਹ ਜਾਣਨਾ ਵੀ ਦਿਲਚਸਪ ਰਹੇਗਾ ਕਿ ਕੋਈ 14 ਸਾਲ ਪਹਿਲਾਂ ਜਦੋਂ ਗੋਦਾਮਾਂ ਵਿੱਚ ਅਨਾਜ ਸੜਨ ਦੀਆਂ ਰਿਪੋਰਟਾਂ ਛਪੀਆਂ ਸਨ, ਉਦੋਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਜੇ ਅਨਾਜ ਗੋਦਾਮਾਂ ’ਚ ਸੜ ਰਿਹਾ ਹੈ ਤਾਂ ਉਸ ਨੂੰ ਲੋਕਾਂ ਵਿੱਚ ਮੁਫ਼ਤ ਵੰਡ ਦਿੱਤਾ ਜਾਵੇ। ਉਸ ਵੇਲੇ ਕੇਂਦਰ ਵਿੱਚ ਯੂ.ਪੀ.ਏ.-2 ਸਰਕਾਰ ਸੱਤਾ ਵਿੱਚ ਸੀ ਜਿਸ ਦਾ ਜਵਾਬ ਸੀ ਕਿ ਅਜਿਹਾ ਕਰਨਾ ਸੰਭਵ ਨਹੀਂ ਕਿਉਂਕਿ ਉਸ ਕੋਲ ਅਜਿਹੀ ਕੋਈ ਸਕੀਮ ਨਹੀਂ ਜਿਸ ਅਧੀਨ ਉਹ ਲੋਕਾਂ ਨੂੰ ਇਹ ਅਨਾਜ ਵੰਡ ਸਕੇ। ਉਸ ਵੇਲੇ ਸ਼ਰਦ ਪਵਾਰ ਕੇਂਦਰੀ ਖੇਤੀ ਮੰਤਰੀ ਸਨ। ਅਗਸਤ 2010 ਵਿੱਚ ਸੁਪਰੀਮ ਕੋਰਟ ਨੇ ਸਰਕਾਰ ਨੂੰ ਫਿਰ ਫਿਟਕਾਰ ਪਾਈ ਕਿ ਇਸ ਦਿਸ਼ਾ ਵਿੱਚ ਕੋਈ ਅਮਲੀ ਕਾਰਵਾਈ ਕਿਉਂ ਨਹੀਂ ਕੀਤੀ ਗਈ ਕਿਉਂਕਿ ਉਸੇ ਸਾਲ ਜੁਲਾਈ ਵਿੱਚ ਉਨ੍ਹਾਂ ਨੇ ਸਰਕਾਰ ਨੂੰ ਸਲਾਹ ਨਹੀਂ ਸਗੋਂ ਆਦੇਸ਼ ਦਿੱਤੇ ਸਨ ਕਿ ਅਜਿਹੀ ਵਿਵਸਥਾ ਬਣਾਈ ਜਾਣੀ ਚਾਹੀਦੀ ਹੈ ਕਿ ਜਾਂ ਤਾਂ ਇਹ ਅਨਾਜ ਸੰਭਾਲਿਆ ਜਾਵੇ ਅਤੇ ਜਾਂ ਫਿਰ ਲੋਕਾਂ ਨੂੰ ਮੁਫ਼ਤ ਵੰਡਿਆ ਜਾਵੇ। ਪਰ ਹੁਣ 2 ਦਸੰਬਰ 2024 ਨੂੰ ਸਖ਼ਤ ਟਿੱਪਣੀ ਕਰਦਿਆਂ ਸਰਕਾਰ ਦੀ ਝਾੜ-ਝੰਬ ਕੀਤੀ ਗਈ ਸੀ ਕਿ ਅਨਾਜ ਮੁਫ਼ਤ ਕਿਉਂ ਵੰਡਿਆ ਜਾ ਰਿਹਾ ਹੈ? ਇਸ ਤੋਂ ਪਹਿਲਾਂ ਅਕਤੂਬਰ 2024 ਵਿੱਚ ਹੀ ਕੇਂਦਰ ਸਰਕਾਰ ਅਤੇ ਚੋਣ ਕਮਿਸ਼ਨ ਨੂੰ ਨੋਟਿਸ ਭੇਜ ਕੇ ਪੁੱਛਿਆ ਗਿਆ ਸੀ ਕਿ ਇਸ ਕਿਸਮ ਦੀ ਸਿਆਸਤ ਕਦੋਂ ਤੱਕ ਜਾਰੀ ਰਹਿਣ ਦਿੱਤੀ ਜਾਵੇਗੀ। ਸੁਪਰੀਮ ਕੋਰਟ ਨੇ 15 ਅਕਤੂਬਰ 2024 ਨੂੰ ਵੀ ਚੋਣ ਕਮਿਸ਼ਨ ਨੂੰ ਨੋਟਿਸ ਭੇਜ ਕੇ ਪੁੱਛਿਆ ਸੀ ਕਿ ਉਸ ਵੱਲੋਂ ਇਸ ਕਿਸਮ ਦੀ ਸਿਆਸਤ ’ਤੇ ਲਗਾਮ ਕਿਉਂ ਨਹੀਂ ਲਾਈ ਜਾ ਰਹੀ? ਮੁਫ਼ਤ ਸਹੂਲਤਾਂ ਬਾਰੇ ਦਾਇਰ ਕਈ ਪਟੀਸ਼ਨਾਂ ’ਤੇ ਚੋਣ ਕਮਿਸ਼ਨ ਨੇ ਪਹਿਲਾਂ ਵੀ 11 ਅਗਸਤ ਨੂੰ ਜਵਾਬ ਦਿੱਤਾ ਸੀ ਕਿ ਸਿਆਸੀ ਪਾਰਟੀਆਂ ਵੱਲੋਂ ਮੁਫ਼ਤ ਸਹੂਲਤਾਂ ਬਾਰੇ ਅਪਣਾਈਆਂ ਜਾਂਦੀਆਂ ਨੀਤੀਆਂ ਨੂੰ ਰੈਗੂਲੇਟ ਕਰਨ ਦਾ ਉਸ ਕੋਲ ਕੋਈ ਅਧਿਕਾਰ ਨਹੀਂ ਹੈ।



ਸੱਚ ਤਾਂ ਇਹ ਹੈ ਕਿ ਆਪਣੇ ਦੇਸ਼ ਜਾਂ ਸੂਬੇ ਦੇ ਨਾਗਰਿਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੁੰਦੀ ਹੈ। ਇਨ੍ਹਾਂ ’ਚ ਸਿੱਖਿਆ, ਸਿਹਤ ਸੰਭਾਲ ਅਤੇ ਰੁਜ਼ਗਾਰ ਮੁੱਖ ਹਨ, ਪਰ ਇਨ੍ਹਾਂ ਖੇਤਰਾਂ ਵੱਲ ਹੀ ਸਰਕਾਰਾਂ ਦਾ ਧਿਆਨ ਸਭ ਤੋਂ ਘੱਟ ਹੈ। ਇਸ ਸਥਿਤੀ ਤੋਂ ਸਾਡੇ ਹਾਕਮ ਵੀ ਚੰਗੀ ਤਰ੍ਹਾਂ ਵਾਕਫ਼ ਹਨ, ਪਰ ਇਸ ਨੂੰ ਸੁਧਾਰਨ ਵਾਸਤੇ ਕੋਈ ਵਿਆਪਕ ਯੋਜਨਾ ਘੜਨ ਵੱਲ ਧਿਆਨ ਨਹੀਂ ਦਿੰਦੇ। ਇਸ ਦੀ ਥਾਂ ਉਹ ਲੋਕਾਂ ਨੂੰ ਲਾਰੇ ਲਾਉਣ ਜਾਂ ਰਿਆਇਤਾਂ ਦਾ ਲਾਲਚ ਦੇ ਕੇ ਡੰਗ ਟਪਾਉਣ ਦਾ ਯਤਨ ਕਰਦੇ ਹਨ। ਉਨ੍ਹਾਂ ਦਾ ਮੰਤਵ ਕਿਸੇ ਵੀ ਹੀਲੇ ਸੱਤਾ ਦੀ ਕੁਰਸੀ ਨਾਲ ਚਿੰਬੜੇ ਰਹਿਣਾ ਹੁੰਦਾ ਹੈ। ਜਦੋਂ ਵੀ ਚੋਣਾਂ ਹੁੰਦੀਆਂ ਹਨ ਤਾਂ ਉਹ ਨਵੇਂ ਵਾਅਦੇ ਕਰ ਕੇ ਲੋਕਾਂ ਨੂੰ ਭਰਮਾਉਂਦੇ ਹਨ। ਰਿਆਇਤਾਂ ਦਾ ਐਲਾਨ ਕਰਦੇ ਅਤੇ ਮੁਫ਼ਤ ਸਹੂਲਤਾਂ ਦਾ ਚੋਗਾ ਪਾਉਂਦੇ ਹਨ। ਕਦੇ ਖੇਤਾਂ ਤੇ ਕਦੇ ਘਰਾਂ ਲਈ ਮੁਫ਼ਤ ਬਿਜਲੀ ਦੇਣ ਦਾ ਚੋਗਾ ਪਾਇਆ ਜਾਂਦਾ ਹੈ ਅਤੇ ਕਦੇ ਬੱਸਾਂ ’ਚ ਮੁਫ਼ਤ ਸਫ਼ਰ ਦੀਆਂ ਰਿਉੜੀਆਂ ਵੰਡੀਆਂ ਜਾਂਦੀਆਂ ਹਨ। ਜੇ ਇੱਕ ਪਾਰਟੀ ਧੀਆਂ ਲਈ ਸ਼ਗਨ ਸਕੀਮ ਲਿਆਉਂਦੀ ਹੈ ਤਾਂ ਦੂਜੀ ਉਸ ਤੋਂ ਅੱਗੇ ਵਧ ਕੇ ਸਾਰੀਆਂ ਔਰਤਾਂ ਲਈ ਹਰ ਮਹੀਨੇ ਗੁਜ਼ਾਰਾ ਭੱਤਾ ਦੇਣ ਦਾ ਵਾਅਦਾ ਕਰਦੀ ਹੈ। ਕੋਈ ਆਟਾ ਦਾਲ ਮੁਫ਼ਤ ਦਿੰਦਾ ਹੈ ਤਾਂ ਕੋਈ ਚਾਹ ਪੱਤੀ ਤੇ ਦਾਲਾਂ ਦੇਣ ਦਾ ਵਾਅਦਾ ਕਰਦਾ ਹੈ।

ਇਉਂ ਇਹ ਲੜੀ ਇੱਕ ਤੋਂ ਦੂਜੀ ਪਾਰਟੀ ਤੇ ਇੱਕ ਤੋਂ ਦੂਜੇ ਰਾਜ ਤੱਕ ਚਲਦੀ ਰਹਿੰਦੀ ਹੈ। ਵੋਟਰ ਇਸ ਗੱਲੋਂ ਖ਼ੁਸ਼ ਰਹਿੰਦੇ ਹਨ ਕਿ ਉਨ੍ਹਾਂ ਨੂੰ ਘਰ ਬੈਠਿਆਂ ਮੁਫ਼ਤ ਦੀਆਂ ਸਹੂਲਤਾਂ ਮਿਲਦੀਆਂ ਹਨ ਤੇ ਸੱਤਾਧਾਰੀ ਇਸ ਕਰਕੇ ਕਿ ਉਨ੍ਹਾਂ ਕਿਹੜਾ ਆਪਣੀ ਜੇਬ ਵਿੱਚੋਂ ਕੁਝ ਦੇਣਾ ਹੈ। ਸਾਰਾ ਬੋਝ ਤਾਂ ਸਰਕਾਰੀ ਖ਼ਜ਼ਾਨੇ ’ਤੇ ਹੀ ਪੈਣਾ ਹੈ ਅਤੇ ਸਰਕਾਰੀ ਖ਼ਜ਼ਾਨਾ ਭਰਨ ਲਈ ਟੈਕਸ ਮੁੜ ਲੋਕਾਂ ਨੂੰ ਹੀ ਭਰਨਾ ਪੈਣਾ ਹੈ। ਦਰਅਸਲ, ਲੋਕਾਂ ਨੂੰ ਮੁਫ਼ਤ ਕੁਝ ਵੀ ਨਹੀਂ ਮਿਲਦਾ। ਹਰ ‘ਰਿਆਇਤ’ ਅਤੇ ‘ਮੁਫ਼ਤ ਸਹੂਲਤ’ ਦਾ ਮੁੱਲ ਲੋਕਾਂ ਨੂੰ ਹੀ ਤਾਰਨਾ ਪੈਂਦਾ ਹੈ। ਜੇਕਰ ਸਰਕਾਰ ਦੇ ਖਰਚਿਆਂ ਤੇ ਆਮਦਨ ’ਚ ਪਾੜਾ ਰਹਿੰਦਾ ਹੈ ਤਾਂ ਸਰਕਾਰੀ ਖ਼ਜ਼ਾਨੇ ’ਤੇ ਬੋਝ ਵਧਦਾ ਜਾਂਦਾ ਹੈ। ਵਿਕਾਸ ਕਾਰਜਾਂ ਜਾਂ ਹੋਰ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦੇਣ ਲਈ ਸਰਕਾਰ ਕੋਲ ਪੈਸੇ ਨਹੀਂ ਹੁੰਦੇ ਤਾਂ ਇਹ ਤੰਗੀ ਦੂਰ ਕਰਨ ਲਈ ਕਰਜ਼ਾ ਚੁੱਕ ਲਿਆ ਜਾਂਦਾ ਹੈ। ਇਹ ਕਰਜ਼ਾ ਦਿਨੋ-ਦਿਨ ਵਧਦਾ ਜਾਂਦਾ ਹੈ। ਆਖ਼ਰ ਇਸ ਦਾ ਖਮਿਆਜ਼ਾ ਵੀ ਲੋਕਾਂ ਨੂੰ ਹੀ ਭੁਗਤਣਾ ਪੈਂਦਾ ਹੈ। ਜੇ ਕੋਈ ਇੱਕ-ਅੱਧ ਰਿਆਇਤ ਮਿਲਦੀ ਹੈ ਤਾਂ ਕਈ ਹੋਰ ਬੁਨਿਆਦੀ ਸਹੂਲਤਾਂ ਖੁੱਸ ਜਾਂਦੀਆਂ ਹਨ ਜਾਂ ਲੋੜ ਅਨੁਸਾਰ ਨਹੀਂ ਮਿਲਦੀਆਂ।

ਸਿਆਸੀ ਪਾਰਟੀਆਂ ਅਤੇ ਲੋਕਾਂ ਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਰਿਆਇਤਾਂ ਜਾਂ ਰਿਉੜੀਆਂ ਕਿਸੇ ਵੀ ਮਸਲੇ ਦਾ ਹੱਲ ਨਹੀਂ ਹਨ। ਰਿਉੜੀਆਂ ਵੰਡਣ ਦੀ ਥਾਂ ਅਮਲੀ ਰੂਪ ’ਚ ਸੁਧਾਰਾਂ ਦੀ ਦਵਾਈ ਦੇਣ ਨਾਲ ਹੀ ਸਾਰੇ ‘ਰੋਗ’ ਦੂਰ ਹੋਣੇ ਹਨ।

# ਜ਼ਹਿਰੀਲੇ ਹੋਏ ਪਾਣੀ



ਪੰਜਾਬ ਤੇ ਹਰਿਆਣਾ ਜ਼ਮੀਨ ਹੇਠਲੇ ਪਾਣੀ ਦੇ ਤਿੱਖੇ ਹੋ ਰਹੇ ਸੰਕਟ ਨਾਲ ਜੂਝ ਰਹੇ ਹਨ। ਜ਼ਹਿਰੀਲੀ ਗੰਦਗੀ, ਅੰਨ੍ਹੇਵਾਹ ਹੋ ਰਹੀ ਵਰਤੋਂ ਅਤੇ ਮਾੜਾ ਜਲ ਪ੍ਰਬੰਧਨ ਖ਼ਿੱਤੇ ਨੂੰ ਤਬਾਹੀ ਵੱਲ ਧੱਕ ਰਹੇ ਹਨ। ਇਸ ਤੋਂ ਪਹਿਲਾਂ ਕਿ ਵਾਤਾਵਰਨ, ਖੇਤੀਬਾੜੀ ਤੇ ਜਨਤਕ ਸਿਹਤ ਦਾ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਵੇ, ਵਰਤਮਾਨ ਸਥਿਤੀ ਫੌਰੀ ਦਖ਼ਲ ਦੀ ਮੰਗ ਕਰਦੀ ਹੈ। ਕੇਂਦਰੀ ਭੂ-ਜਲ ਬੋਰਡ (ਸੀਜੀਡਬਲਿਊਬੀ) ਦੀ ਰਿਪੋਰਟ ਨੇ ਕਈ ਜ਼ਿਲ੍ਹਿਆਂ ਦੇ ਜ਼ਮੀਨ ਹੇਠਲੇ ਪਾਣੀ ’ਚ ਯੂਰੇਨੀਅਮ, ਨਾਈਟ?ਰੇਟ, ਆਰਸੈਨਿਕ ਤੇ ਫਲੋਰਾਈਡ ਦੇ ਖ਼ਤਰਨਾਕ ਪੱਧਰਾਂ ਦਾ ਖੁਲਾਸਾ ਕੀਤਾ ਹੈ। ਪੰਜਾਬ ਵਿੱਚ ਯੂਰੇਨੀਅਮ ਦਾ ਪ੍ਰਦੂਸ਼ਣ 20 ਜ਼ਿਲ੍ਹਿਆਂ ਤੱਕ ਫੈਲ ਚੁੱਕਾ ਹੈ ਅਤੇ ਹਰਿਆਣਾ ਦੇ 16 ਜ਼ਿਲ੍ਹੇ ਸੁਰੱਖਿਅਤ ਮੰਨੇ ਜਾਂਦੇ ਪੱਧਰ ਨੂੰ ਪਾਰ ਕਰ ਚੁੱਕੇ ਹਨ। ਵੱਡੀ ਪੱਧਰ ’ਤੇ ਜ਼ਮੀਨ ’ਚੋਂ ਪਾਣੀ ਨਿਕਲਣ ਦੇ ਨਾਲ-ਨਾਲ ਫਾਸਫੇਟ ਖਾਦਾਂ ਦੀ ਹੱਦੋਂ ਵੱਧ ਵਰਤੋਂ ਨੇ ਸੰਕਟ ਨੂੰ ਬਦਤਰ ਕਰ ਦਿੱਤਾ ਹੈ। ਯੂਰੇਨੀਅਮ ਨਾਲ ਪ੍ਰਦੂਸ਼ਿਤ ਪਾਣੀ ਦੀ ਲੰਮੇ ਸਮੇਂ ਲਈ ਵਰਤੋਂ ਗੁਰਦਿਆਂ ਨੂੰ ਰੋਗੀ ਕਰ ਸਕਦੀ ਹੈ ਅਤੇ ਕੈਂਸਰ ਦਾ ਕਾਰਨ ਵੀ ਬਣ ਸਕਦੀ ਹੈ, ਫਿਰ ਵੀ ਇਸ ਪਾਸੇ ਸੁਧਾਰ ਲਈ ਬਹੁਤਾ ਸਰਗਰਮ ਹੁੰਗਾਰਾ ਨਹੀਂ ਭਰਿਆ ਜਾ ਰਿਹਾ।

ਪੰਜਾਬ ਦੇ ਜਲ ਸੰਕਟ ’ਚ ਇਸ ਦੀਆਂ ਅਸਥਿਰ ਖੇਤੀ ਪੱਧਤੀਆਂ ਹੋਰ ਵਾਧਾ ਕਰ ਰਹੀਆਂ ਹਨ। 2019 ਦੇ ਇੱਕ ਸਰਵੇਖਣ ਨੇ ਚਿਤਾਵਨੀ ਦਿੱਤੀ ਸੀ ਕਿ 100 ਮੀਟਰ ’ਤੇ ਜ਼ਮੀਨ ਹੇਠਲਾ ਪਾਣੀ ਇੱਕ ਦਹਾਕੇ ਅੰਦਰ ਮੁੱਕ ਜਾਵੇਗਾ। ਪੰਜ ਸਾਲਾਂ ਬਾਅਦ, ਫ਼ਸਲੀ ਵੰਨ-ਸਵੰਨਤਾ ਨੂੰ ਉਤਸ਼ਾਹਿਤ ਕਰਨ ’ਚ ਸਰਕਾਰ ਦੀ ਨਾਕਾਮੀ ਦੇ ਸਿੱਟੇ ਵਜੋਂ ਕਿਸਾਨ ਅਜੇ ਵੀ ਟਿਊਬਵੈੱਲਾਂ ਉੱਤੇ ਨਿਰਭਰ ਹੋਣ ਨੂੰ ਮਜਬੂਰ ਹਨ। ਝੋਨੇ ਦੀ ਖੇਤੀ ਜਿਹੜੀ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਹਜ਼ਾਰਾਂ ਲੀਟਰ ਪਾਣੀ ਖਪਾ ਜਾਂਦੀ ਹੈ, ਲਗਾਤਾਰ ਪਾਣੀ ਦੇ ਭੰਡਾਰ ਮੁਕਾ ਰਹੀ ਹੈ ਅਤੇ ਸੂਬੇ ਨੂੰ ਮਾਰੂਥਲੀਕਰਨ ਵੱਲ ਤੋਰ ਰਹੀ ਹੈ। ਗੰਦੇ ਪਾਣੀ ਨੂੰ ਸੋਧਣ ’ਚ ਵਰਤੀ ਜਾ ਰਹੀ ਢਿੱਲ ਵੀ ਸੰਕਟ ਵਿੱਚ ਵਾਧਾ ਕਰ ਰਹੀ ਹੈ। ਸੀਵਰੇਜ ਸੋਧ ਪਲਾਂਟ ਲਾਉਣ ਦੀ ਥਾਂ ਸਰਕਾਰ ਵਾਧੂ ਸੀਵਰੇਜ ਨੂੰ ਰੋਕਣ ਲਈ ਪਿੰਡਾਂ ਦੇ ਛੱਪੜਾਂ ਨੂੰ ਡੂੰਘਾ ਕਰ ਰਹੀ ਹੈ। ਇਹ ਪ੍ਰਣਾਲੀ ਜ਼ਮੀਨਦੋਜ਼ ਪਾਣੀ ਨੂੰ ਹੀ ਪ੍ਰਦੂਸ਼ਿਤ ਕਰਦੀ ਹੈ ਜੋ ਸਿਹਤ ਲਈ ਵੱਡਾ ਖ਼ਤਰਾ ਵੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਇਸ ਤਰ੍ਹਾਂ ਦੇ ਕਦਮਾਂ ਦੀ ਵਾਜਬੀਅਤ ਅਤੇ ਵਾਤਾਵਰਨ ’ਤੇ ਪੈਣ ਵਾਲੇ ਅਸਰਾਂ ਸਬੰਧੀ ਸਵਾਲ ਪੁੱਛਣਾ ਬਿਲਕੁਲ ਸਹੀ ਹੈ।

ਇਸ ਧੁੰਦਲੇ ਜਿਹੇ ਦ੍ਰਿਸ਼ ’ਚ ਹਰਿਆਣਾ ਸਰਕਾਰ ਵੱਲੋਂ ਅਰਾਵਲੀ ਗਰੀਨ ਵਾਲ ਪ੍ਰਾਜੈਕਟ ਪ੍ਰਤੀ ਪ੍ਰਗਟਾਈ ਵਚਨਬੱਧਤਾ ਆਸ ਦੀ ਕਿਰਨ ਹੈ। ਜੇ ਇਸ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤਾ ਗਿਆ ਤਾਂ ਇਹ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਹਾਲ ਕਰ ਸਕਦਾ ਹੈ, ਮਿੱਟੀ ਦੀ ਸਾਂਭ-ਸੰਭਾਲ ਲਈ ਹੋ ਰਹੀਆਂ ਕੋਸ਼ਿਸ਼ਾਂ ’ਚ ਹਿੱਸਾ ਪਾ ਕੇ ਮਾਰੂਥਲੀਕਰਨ ਦਾ ਟਾਕਰਾ ਕਰਨ ’ਚ ਸਹਾਈ ਹੋ ਸਕਦਾ ਹੈ ਹਾਲਾਂਕਿ ਵਾਅਦਿਆਂ ਨੂੰ ਅਮਲੀ ਰੂਪ ਦੇਣ ਨਾਲ ਹੀ ਅਜਿਹਾ ਹੋ ਸਕੇਗਾ। ਖਿੱਤੇ ’ਚ ਪਾਣੀ ਦੇ ਸੰਕਟ ਨੂੰ ਹੁਣ ਹੋਰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਖ਼ਤ ਨਿਯਮ ਲਾਗੂ ਕਰਨ, ਲੋੜੋਂ ਵੱਧ ਪਾਣੀ ਕੱਢਣ ’ਤੇ ਲਗਾਮ ਕੱਸੀ ਜਾਵੇ ਅਤੇ ਇਸ ਤੋਂ ਪਹਿਲਾਂ ਕਿ ਉੱਤਰ ਭਾਰਤ ਦਾ ਸਭ ਤੋਂ ਅਹਿਮ ਸਰੋਤ ਮੁੱਕੇ, ਟਿਕਾਊ ਹੱਲ ਲੱਭਣ ’ਤੇ ਜ਼ੋਰ ਲਾਇਆ ਜਾਵੇ।

# ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਲਈ ਸਿੱਖਿਆ ਪ੍ਰਬੰਧ ਜ਼ਿੰਮੇਵਾਰ



ਪ੍ਰਿੰ. ਨਵਜੋਤ ਕੌਰ ਬਰਾੜ

ਜ਼ਿੰਦਗੀ ਦੀ ਭੱਜ-ਦੌੜ ਦੀ ਆਖ਼ਰੀ ਮੰਜ਼ਿਲ ਸਫ਼ਲਤਾ ਪ੍ਰਾਪਤ ਕਰਨਾ ਹੁੰਦੀ ਹੈ। ਹਰ ਇਨਸਾਨ ਦੀ ਇੱਛਾ ਕਾਮਯਾਬ ਮਨੁੱਖ ਬਣਨ ਦੀ ਹੈ। ਮਨੁੱਖੀ ਸੁਭਾਅ ਆਰਥਿਕ, ਸਮਾਜਿਕ ਤੇ ਧਾਰਮਿਕ ਹੀ ਨਹੀਂ ਬਲਕਿ ਹਰ ਤਰ੍ਹਾਂ ਦੀ ਆਜ਼ਾਦੀ ਦਾ ਆਸ਼ਿਕ ਹੈ। ਆਜ਼ਾਦੀ ਦੀ ਤਾਂਘ ਉਸ ਨੂੰ ਦੁਨੀਆ ਤੋਂ ਵੱਖਰਾ ਕਰ ਗੁਜ਼ਰਨ ਲਈ ਪ੍ਰੇਰਦੀ ਹੈ। ਮੰਜ਼ਿਲ 'ਤੇ ਪਹੁੰਚਣ ਲਈ ਰਾਹੀ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਦਾਸੀ ਨਿਰਾਸ਼ਾ ਨੂੰ ਜਨਮ ਦਿੰਦੀ ਹੈ, ਨਿਰਾਸ਼ਾ ਆਦਮੀ ਨੂੰ ਆਤਮ-ਹੱਤਿਆ ਲਈ ਉਕਸਾਉਂਦੀ ਹੈ। ਨਿਰਾਸ਼ ਵਿਅਕਤੀ ਨੂੰ ਜਦੋਂ ਲੱਗਦਾ ਹੈ ਕਿ ਹੁਣ ਸਾਰੇ ਰਾਹ ਬੰਦ ਹੋ ਗਏ ਹਨ ਤਾਂ ਉਹ ਮੌਤ ਨੂੰ ਹਮਸਫ਼ਰ ਬਣਾ ਲੈਂਦਾ ਹੈ। ਅਜੋਕੇ ਅਗਾਂਹਵਧੂ ਅਤੇ ਤਕਨਾਲੋਜੀ ਦੇ ਸਮੇਂ 'ਚ ਖ਼ੁਦਕੁਸ਼ੀਆਂ ਦਾ ਮੰਦਭਾਗਾ ਰੁਝਾਨ ਆਲਮੀ ਪੱਧਰ 'ਤੇ ਵਧ ਰਿਹਾ ਹੈ। ਮੁਕਾਬਲੇ ਦੇ ਇਸ ਯੁੱਗ 'ਚ ਇਕ-ਦੂਜੇ ਨੂੰ ਪਛਾੜ ਕੇ ਅੱਗੇ ਨਿਕਲਣ ਦੀ ਹੋੜ ਨੇ ਇਨਸਾਨ ਨੂੰ ਮਸ਼ੀਨ ਬਣਾ ਦਿੱਤਾ ਹੈ। ਇਹ ਵਰਤਾਰਾ ਮਨੁੱਖ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਅਜੋਕੇ ਮਾਪੇ ਬੱਚੇ ਤੋਂ ਬਿਨਾਂ ਪੁੱਛੇ ਪਹਿਲਾਂ ਹੀ ਤੈਅ ਕਰ ਲੈਂਦੇ ਹਨ ਕਿ ਬੱਚੇ ਲਈ ਕਮਾਈ ਦਾ ਚੰਗਾ ਖ਼ੇਤਰ ਕਿਹੜਾ ਰਹੇਗਾ। ਬੱਚੇ ਨੂੰ ਸਿਰਫ਼ ਪੈਸੇ ਦੀ ਮਸ਼ੀਨ ਬਣਾਉਣਾ ਹੀ ਜ਼ਿਆਦਾਤਰ ਮਾਪਿਆਂ ਦਾ ਨਿਸ਼ਾਨਾ ਹੈ। ਜਦੋਂ ਕੋਈ ਦੁਨੀਆ ਦੀ ਦੌੜ 'ਚੋਂ ਪਛੜਦਾ ਹੈ ਤਾਂ ਉਹ ਆਤਮ-ਹੱਤਿਆ ਨੂੰ ਗਲੇ ਲਗਾ ਲੈਂਦਾ ਹੈ। ਭਾਰਤ 'ਚ ਇਹ ਸਮੱਸਿਆ ਗੁੰਝਲਦਾਰ ਤੇ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਦੇਸ਼ ਦੇ 1.32 ਲੱਖ ਖ਼ੁਦਕੁਸ਼ੀ ਕਰਨ ਵਾਲੇ ਲੋਕ 14-30 ਸਾਲ ਉਮਰ ਦੇ ਹਨ। ਇਸ 'ਚ ਵਿਦਿਆਰਥੀ ਵਰਗ ਵੀ ਸ਼ਾਮਿਲ ਹੈ। ਦੇਸ਼ ਅੰਦਰ ਹੋਈਆਂ ਖ਼ੁਦਕੁਸ਼ੀਆਂ 'ਚ 6.1 ਫ਼ੀਸਦੀ ਵਿਦਿਆਰਥੀਆਂ ਦੀਆਂ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਵਿਦਿਆਰਥੀਆਂ 'ਚ ਆਤਮ-ਹੱਤਿਆ ਦੀਆਂ ਘਟਨਾਵਾਂ 'ਚ ਲਗਾਤਾਰ ਵਾਧਾ ਹੋਇਆ ਹੈ ਜੋ ਸਾਡੇ ਸਿੱਖਿਆ ਪ੍ਰਬੰਧਾਂ ਦੀ ਪੋਲ ਖੋਲ੍ਹਦਾ ਹੈ। ਰਾਜਸਥਾਨ ਦੇ ਕੋਟਾ ਸ਼ਹਿਰ 'ਚ ਮੈਡੀਕਲ ਅਤੇ ਇੰਜੀਨੀਅਰਿੰਗ ਦੀ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕਰ ਰਹੇ ਚਾਰ ਬੱਚਿਆਂ ਨੇ 24 ਘੰਟਿਆਂ 'ਚ ਇਕ ਤੋਂ ਬਾਅਦ ਇਕ ਆਤਮ-ਹੱਤਿਆ ਕੀਤੀ ਹੈ। ਇਹ ਦੁਖਦਾਈ ਘਟਨਾ 2022 ਦੇ ਦਸੰਬਰ ਮਹੀਨੇ ਦੀ ਹੈ। ਇਹ ਕੋਈ ਪਹਿਲੀ ਘਟਨਾ ਨਹੀਂ, ਇਸ ਤੋਂ ਪਹਿਲਾਂ 2020 'ਚ ਮੱਧ ਪ੍ਰਦੇਸ਼ 'ਚ ਇਕ ਲੜਕੀ ਨੇ ਨੀਟ ਯੂ.ਜੀ. (ਐੱਨ.ਈ.ਈ.ਟੀ. ਅੰਡਰ ਗ੍ਰੈਜੂਏਸ਼ਨ) ਦੇ ਨਤੀਜੇ ਤੋਂ ਬਾਅਦ ਖ਼ੁਦਕੁਸ਼ੀ ਕੀਤੀ ਸੀ। ਉਸ ਨੇ ਬਹੁਤ ਮਿਹਨਤ ਕਰਕੇ ਇਹ ਇਮਤਿਹਾਨ ਦਿੱਤਾ ਸੀ, ਪਰ ਨਤੀਜੇ 'ਚ ਉਸ ਨੂੰ ਆਪਣੇ ਮਾਤਰ 6 ਅੰਕ ਦੇਖ ਕੇ ਬੜਾ ਧੱਕਾ ਲੱਗਾ। ਉਸ ਦੀ ਮੌਤ ਤੋਂ ਬਾਅਦ ਉਸ ਦੇ ਮਾਪਿਆਂ ਨੇ ਜਦ ਨਤੀਜੇ ਦੀ ਪੜਤਾਲ ਕਰਵਾਈ ਤਾਂ ਉਸ ਦੇ ਅੰਕ 560 ਸਨ। ਇਸ ਤਕਨੀਕੀ ਗ਼ਲਤੀ ਦਾ ਖ਼ਮਿਆਜ਼ਾ ਉਸ ਲੜਕੀ ਨੇ ਜ਼ਿੰਦਗੀ ਦੀ ਜੰਗ ਹਾਰ ਕੇ ਚੁਕਾਇਆ। ਅਜਿਹੀਆਂ ਘਟਨਾਵਾਂ ਨੇ ਵਿਦਿਆਰਥੀਆਂ 'ਚ ਪ੍ਰਵੇਸ਼ ਪ੍ਰੀਖਿਆ ਦੇ ਮੁਕਾਬਲੇ ਕਾਰਨ ਵਧ ਰਹੇ ਦਬਾਅ ਅਤੇ ਤਣਾਅ ਬਾਰੇ ਬੁੱਧੀਜੀਵੀਆਂ 'ਚ ਬਹਿਸ ਛੇੜ ਦਿੱਤੀ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਸਤੰਬਰ 2022 'ਚ ਜਾਰੀ ਅੰਕੜਿਆਂ ਅਨੁਸਾਰ ਪਿਛਲੇ ਸਾਲ 13000 ਵਿਦਿਆਰਥੀਆਂ ਨੇ ਆਤਮ-ਹੱਤਿਆ ਕੀਤੀ ਸੀ। ਹੈਰਾਨੀ ਦੀ ਗੱਲ ਹੈ ਕਿ 2020 ਦੇ ਮੁਕਾਬਲੇ 2021 'ਚ ਇਹ ਗਿਣਤੀ 4.5 ਫ਼ੀਸਦੀ ਵਧੀ ਹੈ। ਅੰਕੜਿਆਂ ਅਨੁਸਾਰ ਵਿਦਿਆਰਥੀਆਂ ਦੀਆਂ ਕੁੱਲ ਖ਼ੁਦਕੁਸ਼ੀਆਂ 'ਚੋਂ 14 ਫ਼ੀਸਦੀ ਇਕੱਲੇ ਮਹਾਰਾਸ਼ਟਰ 'ਚ ਹੋਈਆਂ ਹਨ, ਜਿੱਥੇ 1834 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ।

ਇਸ ਵਰਤਾਰੇ ਨੇ ਅਜੋਕੇ ਸਿੱਖਿਆ ਪ੍ਰਬੰਧਾਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ। ਵਿਦਿਆਰਥੀਆਂ 'ਚ ਖ਼ੁਦਕੁਸ਼ੀ ਦਾ ਮੁੱਖ ਕਾਰਨ ਇਮਤਿਹਾਨ 'ਚ ਫੇਲ੍ਹ ਹੋਣਾ ਪਾਇਆ ਗਿਆ ਹੈ। ਪ੍ਰਵੇਸ਼ ਪ੍ਰੀਖਿਆ ਟੈੱਸਟ ਦੀ ਤਿਆਰੀ ਕਰਾਉਣ ਵਾਲੇ ਕੋਚਿੰਗ ਕੇਂਦਰਾਂ 'ਚ ਵਿਦਿਆਰਥੀਆਂ ਦੀ ਭੀੜ ਲਗਾਤਾਰ ਵਧ ਰਹੀ ਹੈ, ਪਰ ਕੋਰਸਾਂ ਦੀਆਂ ਸੀਟਾਂ ਸੀਮਤ ਹਨ। ਮੈਡੀਕਲ ਦੀ ਇਕ ਲੱਖ ਸੀਟ ਲਈ 2022 'ਚ 18 ਲੱਖ ਬੱਚਿਆਂ ਨੇ ਇਮਤਿਹਾਨ ਦਿੱਤਾ ਸੀ। ਯੂ.ਪੀ.ਐੱਸ.ਸੀ. ਦੀਆਂ ਇਕ ਹਜ਼ਾਰ ਤੋਂ ਘੱਟ ਸੀਟਾਂ ਲਈ ਲੱਖਾਂ ਲੋਕ ਹਰ ਸਾਲ ਪ੍ਰੀਖਿਆ ਦਿੰਦੇ ਹਨ। ਆਤਮ-ਹੱਤਿਆ ਕਰਨ 'ਚ ਗ਼ਰੀਬ ਬੱਚਿਆਂ ਦੀ ਸ਼ਮੂਲੀਅਤ ਕਾਫੀ ਜ਼ਿਆਦਾ ਹੈ। ਜੁਲਾਈ 2021 ਦੇ ਅੰਕੜਿਆਂ ਅਨੁਸਾਰ ਸਾਡੇ ਦੇਸ਼ ਅੰਦਰ 2017-19 ਤੱਕ 14-18 ਸਾਲ ਉਮਰ ਦੇ 24588 ਬੱਚਿਆਂ ਨੇ ਆਤਮ-ਹੱਤਿਆ ਕੀਤੀ, ਜਿਨ੍ਹਾਂ 'ਚੋਂ 13325 ਲੜਕੀਆਂ ਹਨ। 2017 'ਚ 8029, 2018 'ਚ 8162 ਤੇ 2019 'ਚ ਇਹ ਅੰਕੜਾ ਵਧ ਕੇ 8377 ਹੋ ਗਿਆ। ਵਿਆਹ ਆਦਿ ਨਾਲ ਸੰਬੰਧਿਤ ਮਾਮਲਿਆਂ ਕਾਰਨ 3954 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ, ਕਿਸੇ ਬਿਮਾਰੀ, ਨਸ਼ਿਆਂ ਤੋਂ ਗ੍ਰਸਤ, ਜਿਨਸੀ ਛੇੜਛਾੜ ਤੋਂ ਤੰਗ ਆ ਕੇ 2648 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ। ਕੌਮਾਂਤਰੀ ਲੇਬਰ ਖੋਜ ਸੰਗਠਨ ਦੀ ਖੋਜ ਅਨੁਸਾਰ ਆਲਮੀ ਪੱਧਰ 'ਤੇ 10 ਵਿਦਿਆਰਥੀਆਂ 'ਚੋਂ ਇਕ ਗੰਭੀਰ ਰੂਪ 'ਚ ਤਣਾਅ ਦਾ ਸ਼ਿਕਾਰ ਹੈ। ਨਤੀਜਾ ਐਲਾਨਣ ਤੋਂ ਬਾਅਦ ਅਕਸਰ ਬੱਚੇ ਖ਼ੁਦਕੁਸ਼ੀ ਕਰਦੇ ਹਨ। ਲਾਂਸੇਟ ਮੈਡੀਕਲ ਰਸਾਲੇ 'ਚ ਛਪੀ ਰਿਪੋਰਟ ਅਨੁਸਾਰ ਸੰਸਾਰ ਅੰਦਰ 15-29 ਸਾਲ ਉਮਰ ਵਰਗ ਦੇ ਲੋਕਾਂ 'ਚ ਆਤਮ-ਹੱਤਿਆ ਦਰ ਹੋਰਨਾਂ ਨਾਲੋਂ ਸਭ ਤੋਂ ਉੱਚੀ ਹੈ।

ਵਿਸ਼ਵ ਸਿਹਤ ਸੰਗਠਨ ਦੇ ਸਹਾਇਕ ਨਿਰਦੇਸ਼ਕ ਅਨੁਸਾਰ ਸੰਸਾਰ ਅੰਦਰ ਜੰਗਾਂ ਅਤੇ ਮਹਾਂਮਾਰੀਆਂ ਦੇ ਮੁਕਾਬਲੇ ਆਤਮ-ਹੱਤਿਆ ਨਾਲ ਜ਼ਿਆਦਾ ਲੋਕ ਮਰਦੇ ਹਨ, ਤਣਾਅ ਨੰਬਰ ਇਕ 'ਤੇ ਹੈ। ਸੰਸਾਰ ਦੀ 69 ਫ਼ੀਸਦੀ ਆਬਾਦੀ ਤਣਾਅ ਦੀ ਸ਼ਿਕਾਰ ਹੈ। ਵਿਸ਼ਵ ਪੱਧਰ 'ਤੇ ਡਾਕਟਰ ਕੋਲ ਜਾਣ ਵਾਲੇ ਪੰਜ ਲੋਕਾਂ 'ਚੋਂ ਤਿੰਨ ਤਣਾਅ ਦੇ ਸ਼ਿਕਾਰ ਪਾਏ ਗਏ ਹਨ। ਇਕ ਅੰਦਾਜ਼ੇ ਮੁਤਾਬਿਕ ਦੁਨੀਆ ਅੰਦਰ ਸਾਲਾਨਾ ਅੱਠ ਲੱਖ ਤੋਂ ਜ਼ਿਆਦਾ ਲੋਕ ਖ਼ੁਦਕੁਸ਼ੀ ਕਰਦੇ ਹਨ। ਹਰ 40 ਸਕਿੰਟਾਂ 'ਚ ਇਕ ਜ਼ਿੰਦਗੀ ਆਤਮ-ਹੱਤਿਆ ਦੀ ਭੇਟ ਚੜ੍ਹ ਰਹੀ ਹੈ। ਖ਼ੁਦਕੁਸ਼ੀ ਦੀਆਂ ਮੰਦਭਾਗੀਆਂ ਘਟਨਾਵਾਂ ਬੇਰੋਕ ਲਗਾਤਾਰ ਵਧਦੀਆਂ ਜਾ ਰਹੀਆਂ ਹਨ, ਜੋ ਨਰੋਏ ਸਮਾਜ ਦੇ ਹਿਤ 'ਚ ਨਹੀਂ ਹਨ। ਵਿੱਦਿਆ ਪਾਰਸ ਹੈ, ਜੋ ਆਪਣੇ ਨਾਲ ਜੁੜਨ ਵਾਲੇ ਨੂੰ ਵੀ ਪਾਰਸ ਬਣਾ ਦਿੰਦੀ ਹੈ। ਸਿੱਖਿਆ ਜੀਵਨ ਜਾਚ ਸਿਖਾਉਂਦੀ ਹੈ ਅਤੇ ਰੋਜ਼ੀ ਰੋਟੀ ਦੇ ਕਾਬਲ ਬਣਾਉਂਦੀ ਹੈ। ਆਜ਼ਾਦੀ ਦੇ ਸਾਢੇ ਛੇ ਦਹਾਕਿਆਂ ਬਾਅਦ ਵੀ ਲੋਕ ਮੁਢਲੀਆਂ ਸਹੂਲਤਾਂ ਤੋਂ ਸੱਖਣੇ ਹਨ। ਅਜੋਕੇ ਦੌਰ ਅੰਦਰ ਸਿੱਖਿਆ ਖ਼ਾਸ ਕਰਕੇ ਉਚੇਰੀ ਸਿੱਖਿਆ ਬਹੁਤ ਮਹਿੰਗੀ ਹੋ ਚੁੱਕੀ ਹੈ, ਜੋ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀ ਹੈ। ਨਿੱਜੀਕਰਨ ਅਤੇ ਸਰਕਾਰਾਂ ਦੀ ਅਣਗਹਿਲੀ ਇਸ ਨੂੰ ਦਿਨੋ-ਦਿਨ ਮਹਿੰਗਾ ਕਰ ਰਹੀ ਹੈ। ਇਸ ਕਰਕੇ ਵਿਦਿਆਰਥੀਆਂ ਤੇ ਮਾਪਿਆਂ ਦੀ ਚਿੰਤਾ ਵਧਣਾ ਲਾਜ਼ਮੀ ਹੈ। ਉਚੇਰੀ ਸਿੱਖਿਆ ਪ੍ਰਾਪਤੀ ਹਿਤ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਣ ਨੂੰ ਮਜਬੂਰ ਹੋਣਾ ਪੈ ਰਿਹਾ ਹੈ। ਦੇਸ਼ ਅੰਦਰ ਜ਼ਿਆਦਾਤਰ ਯੂਨੀਵਰਸਿਟੀਆਂ ਬਗ਼ੈਰ ਮਾਨਤਾ ਪ੍ਰਾਪਤ ਕੋਰਸ ਕਰਵਾ ਰਹੀਆਂ ਹਨ। ਕਿਤੇ ਮਾਪਦੰਡਾਂ ਅਨੁਸਾਰ ਦਾਖ਼ਲੇ ਨਹੀਂ ਹੁੰਦੇ ਤੇ ਕਿਤੇ ਡਿਗਰੀ ਮਾਨਤਾ ਪ੍ਰਾਪਤ ਨਹੀਂ ਹੁੰਦੀ। ਉਕਤ ਕਾਰਨਾਂ ਨੇ ਵੀ ਵਿਦਿਆਰਥੀਆਂ ਨੂੰ ਅਸ਼ਾਂਤੀ ਦੀ ਦਲਦਲ 'ਚ ਧੱਕਿਆ ਹੈ। ਆਲਮੀ ਪੱਧਰ 'ਤੇ ਖ਼ੁਦਕੁਸ਼ੀਆਂ ਦੇ ਇਸ ਵਰਤਾਰੇ ਨੇ ਬੁੱਧੀਜੀਵੀਆਂ ਅਤੇ ਚਿੰਤਕਾਂ ਨੂੰ ਸੋਚਾਂ 'ਚ ਪਾ ਦਿੱਤਾ ਹੈ। ਹਰ ਵਰਗ ਦੇ ਲੋਕ ਇਸ ਮੰਦਭਾਗੇ ਰੁਝਾਨ 'ਚ ਸ਼ਾਮਿਲ ਹੋ ਰਹੇ ਹਨ। ਇਸ ਦੇ ਕਾਰਨ ਤਾਂ ਹੋਰ ਬਹੁਤ ਸਾਰੇ ਹੋ ਸਕਦੇ ਹਨ, ਪਰ ਜਦੋਂ ਤੱਕ ਮਨੁੱਖ ਆਪਣੀ ਬਰਦਾਸ਼ਤ ਕਰਨ ਦੀ ਸੀਮਾ ਨਹੀਂ ਵਧਾਉਂਦਾ, ਉਦੋਂ ਤੱਕ ਖ਼ੁਦਕੁਸ਼ੀਆਂ ਦੇ ਰਾਹ ਪੈਂਦਾ ਰਹੇਗਾ। ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਨੂੰ ਸਹਿਜਤਾ ਨਾਲ ਲਿਆ ਜਾਣਾ ਚਾਹੀਦਾ ਹੈ। ਹਰ ਤਰ੍ਹਾਂ ਦੇ ਹਾਲਾਤ ਨਾਲ ਨਜਿੱਠਣਾ ਹੀ ਸਭ ਤੋਂ ਵੱਡੀ ਬਹਾਦਰੀ ਹੈ। ਜੋ ਸੁੱਖ ਸਾਧਨ ਮੌਜੂਦ ਹਨ, ਉਨ੍ਹਾਂ ਦਾ ਅਨੰਦ ਲਿਆ ਜਾਵੇ, ਜੋ ਕੁਝ ਨਹੀਂ ਹੈ, ਉਸ ਦੀ ਪ੍ਰਾਪਤੀ ਲਈ ਮਿਹਨਤ ਕੀਤੀ ਜਾਵੇ। ਮਨੁੱਖ ਭਵਿੱਖ ਦੀ ਤਿਆਰੀ 'ਚ ਆਪਣਾ ਵਰਤਮਾਨ ਨਸ਼ਟ ਕਰ ਲੈਂਦਾ ਹੈ ਤੇ ਵਰਤਮਾਨ ਦਾ ਅਸਰ ਭਵਿੱਖ 'ਤੇ ਪੈਂਦਾ ਹੈ। ਮਨੁੱਖ ਦੂਜੇ ਸਫ਼ਲ ਲੋਕਾਂ ਤੋਂ ਪ੍ਰਭਾਵਿਤ ਹੋ ਕੇ ਜਲਦੀ ਉਨ੍ਹਾਂ ਵਾਂਗ ਸਫ਼ਲ ਹੋਣਾ ਲੋਚਦਾ ਹੈ, ਪਰ ਉਨ੍ਹਾਂ ਲੋਕਾਂ ਦੇ ਸੰਘਰਸ਼ਾਂ, ਅਸਫ਼ਲਤਾਵਾਂ ਦੇ ਬਹੁਤ ਸਾਰੇ ਝਟਕਿਆਂ ਨੂੰ ਉਹ ਨਜ਼ਰਅੰਦਾਜ਼ ਕਰ ਦਿੰਦਾ ਹੈ। ਉਦਾਸੀ ਤੋਂ ਬਚਣ ਲਈ ਆਸਵੰਦ ਹੋਣਾ ਚਾਹੀਦਾ ਹੈ। ਆਸਵੰਦ ਹੋਣ ਲਈ ਚੰਗਾ ਸਾਹਿਤ ਪੜ੍ਹਨਾ ਜ਼ਰੂਰੀ ਹੈ, ਆਪਣੇ ਆਪ ਨੂੰ ਰੁੱਝੇ ਰੱਖਣਾ ਚਾਹੀਦਾ ਹੈ। ਮਨੁੱਖ ਨੂੰ ਇਹ ਗੱਲ ਸਦਾ ਚੇਤੇ ਰੱਖਣੀ ਚਾਹੀਦੀ ਹੈ ਕਿ ਜ਼ਿੰਦਗੀ ਸਿਰਫ਼ ਜਿਊਣ ਦਾ ਨਾਂਅ ਨਹੀਂ, ਸਗੋਂ ਹੰਢਾਉਣ ਦਾ ਨਾਂਅ ਹੈ।

# ਡਾਕਟਰਾਂ ਦਾ ਇਕ ਰੂਪ ਇਹ ਵੀ...!



ਲੈਕਚਰਾਰ ਅਜੀਤ ਖੰਨਾ

ਗੱਲ ਡੇਢ ਕੁ ਦਹਾਕੇ ਪੁਰਾਣੀ ਹੈ। ਇਕ ਦਿਨ ਸਕੂਲ 'ਚ ਖੜ੍ਹੇ-ਖੜ੍ਹੇ ਅਚਾਨਕ ਮੇਰੇ ਢਿੱਡ 'ਚ ਜ਼ੋਰ ਦਾ ਦਰਦ ਹੋਣ ਲੱਗਾ। ਮੈਂ ਬੇਵੱਸ ਜਿਹਾ ਹੋ ਗਿਆ। ਮੇਰਾ ਸਾਥੀ ਮੈਨੂੰ ਸ਼ਹਿਰ ਦੇ ਇਕ ਨਾਮੀ ਹਸਪਤਾਲ 'ਚ ਲੈ ਗਿਆ। ਡਾਕਟਰ ਨੇ ਚੈੱਕਅਪ ਕੀਤਾ। ਅਪੈਂਡੈਕਸ ਦੀ ਸ਼ਿਕਾਇਤ ਨਿਕਲੀ। ਡਾਕਟਰ ਨੇ ਕਿਹਾ ਕੇ ਆਪ੍ਰੇਸ਼ਨ ਕਰਨਾ ਪਵੇਗਾ। ਪਹਿਲਾਂ ਮੈਂ ਡਰ ਗਿਆ, ਪਰ ਪਿੱਛੋਂ ਮੈਂ ਆਪ੍ਰੇਸ਼ਨ ਕਰਵਾਉਣ ਵਾਸਤੇ ਰਾਜ਼ੀ ਹੋ ਗਿਆ। ਆਪ੍ਰੇਸ਼ਨ ਲਈ ਉਸ ਹਸਪਤਾਲ 'ਚ ਅੱਗੇ ਹੋਰ ਡਾਕਟਰ ਹਾਇਰ ਕੀਤੇ ਹੋਏ ਸਨ। ਜੋ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਸਨ। ਮੇਰਾ ਅਪੈਂਡੈਕਸ ਦਾ ਆਪ੍ਰੇਸ਼ਨ ਵੀ ਸਾਡੇ ਸ਼ਹਿਰ ਦੇ ਸਿਵਲ ਹਸਪਤਾਲ ਤੋਂ ਸੇਵਾ ਮੁਕਤ ਹੋਏ ਐੱਸ.ਐੱਮ.ਓ. (ਡਾਕਟਰ) ਵਲੋਂ ਕੀਤਾ ਗਿਆ। ਆਪ੍ਰੇਸ਼ਨ ਸਹੀ ਸਲਾਮਤ ਹੋ ਗਿਆ। ਜਿਉਂ-ਜਿਉਂ ਮੇਰੇ ਯਾਰਾਂ-ਦੋਸਤਾਂ ਨੂੰ ਆਪ੍ਰੇਸ਼ਨ ਦਾ ਪਤਾ ਲਗਦਾ ਗਿਆ, ਉਹ ਮੇਰਾ ਹਾਲ-ਚਾਲ ਜਾਣਨ ਲਈ ਹਸਪਤਾਲ ਆਉਣ ਲੱਗੇ। ਇਕ ਦਿਨ ਹਸਪਤਾਲ ਆਏ ਮੇਰੇ ਇਕ ਦੋਸਤ ਨਾਨਕ ਮਹਿਤਾ ਨੇ ਗੱਲਬਾਤ ਦੌਰਾਨ ਮੈਨੂੰ ਪੁੱਛਿਆ ਕਿ 'ਤੁਸੀਂ ਕੋਈ ਹੈਲਥ ਪਾਲਸੀ ਵਗ਼ੈਰਾ ਨਹੀਂ ਕਰਵਾਈ? ਤਦ ਮੈਨੂੰ ਯਾਦ ਆਇਆ ਕਿ ਕੁਝ ਸਮਾਂ ਪਹਿਲਾਂ ਮੇਰੇ ਇਕ ਜਾਣਕਾਰ ਨੇ ਮੇਰੀ ਇਕ ਹੈਲਥ ਪਾਲਿਸੀ ਕੀਤੀ ਸੀ। ਬੱਸ ਫਿਰ ਕੀ ਸੀ। ਮੈਂ ਹੈਲਥ ਇੰਸ਼ੋਰੈਂਸ ਵਾਲਾ ਕਾਰਡ ਘਰੋਂ ਮੰਗਵਾ ਲਿਆ। ਡਾਕਟਰ ਨੂੰ ਕਾਰਡ ਵਿਖਾਇਆ ਤਾਂ ਉਸ ਨੇ ਇਕ ਮਿੰਟ ਨਾ ਲਾਇਆ ਅਤੇ ਹੈਲਥ ਪਾਲਿਸੀ ਬਾਰੇ ਕੰਪਨੀ ਨੂੰ ਈਮੇਲ ਪਾ ਕੇ ਪ੍ਰਵਾਨਗੀ ਲੈ ਲਈ। ਮੈਂ ਖ਼ੁਸ਼ ਹੋ ਗਿਆ ਕਿ ਹੁਣ ਮੇਰੇ ਇਲਾਜ ਦਾ ਕੋਈ ਪੈਸਾ ਨਹੀਂ ਲੱਗੇਗਾ। ਹਸਪਤਾਲ ਵਿਚਲੇ ਮੈਡੀਕਲ ਸਟੋਰ ਵਾਲਿਆਂ ਨੇ ਮੇਰੇ ਤੋਂ ਪੈਸੇ ਲੈਣੇ ਬੰਦ ਕਰ ਦਿੱਤੇ। ਬੱਸ ਪਰਚੀ ਵਿਖਾਓ ਤੇ ਦਵਾਈ ਲੈ ਜਾਓ। ਮੈਨੂੰ ਲੱਗਾ ਕਿ ਹੈਲਥ ਪਾਲਿਸੀ ਦਾ ਤਾਂ ਫਾਇਦਾ ਹੀ ਬਹੁਤ ਹੈ। ਇਹ ਤਾਂ ਹਰ ਬੰਦੇ ਨੂੰ ਕਰਵਾਉਣੀ ਚਾਹੀਦੀ ਹੈ। ਚਲੋ ਖੈਰ! ਇਲਾਜ ਚਲਦਾ ਰਿਹਾ, ਪਰ ਮੈਨੂੰ ਕੀ ਪਤਾ ਸੀ ਕਿ ਇਹੀ ਹੈਲਥ ਪਾਲਿਸੀ ਮੇਰੇ ਲਈ ਮੁਸੀਬਤ ਬਣ ਜਾਵੇਗੀ। ਹਫ਼ਤੇ ਕੁ ਦੇ ਵਕਫ਼ੇ ਮਗਰੋਂ ਮੇਰੀ ਸਿਹਤ 'ਚ ਕਾਫੀ ਸੁਧਾਰ ਹੋ ਗਿਆ। ਮੈਂ ਡਾਕਟਰ ਕੋਲੋਂ ਘਰ ਜਾਣ ਵਾਸਤੇ ਛੁੱਟੀ ਮੰਗੀ, ਕਿਉਂਕਿ ਮੈਨੂੰ ਲੱਗਾ ਕਿ ਹੁਣ ਮੈਂ ਬਿਲਕੁਲ ਤੁਰ-ਫਿਰ ਸਕਦਾ ਹਾਂ। ਇਸ ਲਈ ਮੈਨੂੰ ਛੁੱਟੀ ਲੈ ਕੇ ਘਰ ਜਾਣਾ ਚਾਹੀਦਾ ਹੈ ਤਾਂ ਕਿ ਜਲਦੀ ਠੀਕ ਹੋ ਸਕਾਂ, ਕਿਉਂਕਿ ਹਸਪਤਾਲ 'ਚ ਮੇਰਾ ਦਿਲ ਅੱਕ ਚੁੱਕਾ ਸੀ, ਪਰ ਡਾਕਟਰ ਨੇ ਛੁੱਟੀ ਦੇਣ ਤੋਂ ਇਨਕਾਰ ਕਰ ਦਿੱਤਾ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਡਾਕਟਰ ਮੇਰੇ ਵਾਰ-ਵਾਰ ਕਹਿਣ 'ਤੇ ਵੀ ਛੁੱਟੀ ਕਿਉਂ ਨਹੀਂ ਦੇ ਰਿਹਾ? ਜਦ ਕਿ ਮੇਰੀ ਸਿਹਤ ਤਾਂ ਕਾਫੀ ਠੀਕ ਹੋ ਚੁੱਕੀ ਹੈ। ਇਸੇ ਦੌਰਾਨ ਇਕ ਦਿਨ ਮੈਂ ਹਸਪਤਾਲ ਦੇ ਕਮਰੇ ਤੋਂ ਬਾਹਰ ਬੈਠ ਕੇ ਧੁੱਪ ਸੇਕ ਰਿਹਾ ਸਾਂ ਤਾਂ ਆਪਣੇ ਕੋਲ ਬੈਠੇ ਇਕ ਮਰੀਜ਼ ਨੂੰ ਮੈਂ ਪੁੱਛਿਆ ਕਿ ਤੁਹਾਨੂੰ ਕੀ ਤਕਲੀਫ਼ ਹੈ? ਤਾਂ ਉਸ ਨੇ ਦੱਸਿਆ ਕਿ ਮੇਰੇ ਪੇਟ 'ਚ ਕੱਲ੍ਹ ਥੋੜ੍ਹਾ ਦਰਦ ਹੋਇਆ ਸੀ, ਜੋ ਹੁਣ ਬਿਲਕੁਲ ਠੀਕ ਹੈ, ਪਰ ਡਾਕਟਰ ਮੈਨੂੰ ਛੁੱਟੀ ਨਹੀਂ ਦੇ ਰਿਹਾ। ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਡਾਕਟਰ ਹੈਲਥ ਪਾਲਿਸੀ ਵਾਲੇ ਮਰੀਜ਼ ਨੂੰ ਜਲਦੀ ਛੁੱਟੀ ਨਹੀਂ ਦਿੰਦਾ, ਸਗੋਂ ਪਾਲਿਸੀ ਦੇ ਸਾਰੇ ਪੈਸੇ ਪੂਰੇ ਹੋਣ ਪਿੱਛੋਂ ਹੀ ਘਰ ਭੇਜਦਾ ਹੈ। ਮੇਰੀ ਵੀ ਮਿੱਲ ਮਾਲਕਾਂ ਨੇ ਹੈਲਥ ਪਾਲਿਸੀ ਕਾਰਵਾਈ ਹੋਈ ਹੈ। ਬੱਸ ਫਿਰ ਕੀ ਸੀ। ਮੈਨੂੰ ਸਮਝ ਆ ਗਈ ਕਿ ਡਾਕਟਰ ਮੈਨੂੰ ਛੁੱਟੀ ਕਿਉਂ ਨਹੀਂ ਦੇ ਰਿਹਾ?

ਡਾਕਟਰ ਵਲੋਂ ਇਲਾਜ ਦੌਰਾਨ ਮੇਰੇ ਕਈ ਟੈਸਟ ਅਜਿਹੇ ਕੀਤੇ ਗਏ, ਜਿੰਨਾ ਦੀ ਬਿਲਕੁਲ ਵੀ ਜ਼ਰੂਰਤ ਨਹੀਂ ਸੀ। ਮੇਰੇ ਅਪੈਂਡੈਕਸ ਦੇ ਆਪ੍ਰੇਸ਼ਨ ਨਾਲ ਉਨ੍ਹਾਂ ਟੈਸਟਾਂ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਉਹ ਸਿਰਫ ਇਸ ਕਰਕੇ ਕੀਤੇ ਗਏ ਤਾਂ ਜੋ ਬੀਮਾ ਕੰਪਨੀ ਤੋਂ ਬੀਮੇ ਦੀ ਰਕਮ ਦੇ ਵੱਧ ਤੋਂ ਵੱਧ ਪੈਸੇ ਵਸੂਲੇ ਜਾ ਸਕਣ। ਪਤਾ ਲੱਗਣ 'ਤੇ ਜਦੋਂ ਮੈਂ ਛੁੱਟੀ ਵਾਸਤੇ ਜ਼ਿਆਦਾ ਜ਼ਿੱਦ ਕਰਨ ਲੱਗਾ ਤਾਂ ਡਾਕਟਰ ਕਹਿਣ ਲੱਗਾ ਕਿ ਇਕ ਆਖਰੀ ਟੈਸਟ ਰਹਿ ਗਿਆ। ਉਹ ਕਰਕੇ ਛੁੱਟੀ ਦੇ ਦਿੰਦੇ ਹਾਂ। ਡਾਕਟਰ ਵਲੋਂ ਮੈਨੂੰ ਸਿਟੀ ਸਕੈਨ ਦਾ ਟੈਸਟ ਕਰਵਾਉਣ ਲਈ ਕਿਹਾ ਗਿਆ, ਜਿਸ ਦਾ ਕਿ ਮੇਰੇ ਆਪ੍ਰੇਸ਼ਨ ਜਾਂ ਬਿਮਾਰੀ ਨਾਲ ਕੋਈ ਸਰੋਕਾਰ ਨਹੀਂ ਸੀ। ਉਸ ਟੈਸਟ ਦੀ ਡਾਕਟਰ ਵਲੋਂ 5000 ਫ਼ੀਸ ਬਿੱਲ 'ਚ ਪਾਈ ਗਈ, ਪਰ ਮੈਨੂੰ ਡਾਕਟਰ ਦੀ ਗੱਲ ਸਮਝਣ 'ਚ ਬਿਲਕੁਲ ਵੀ ਦੇਰ ਨਾ ਲੱਗੀ, ਕਿਉਂਕਿ ਮੇਰੀ ਹੈਲਥ ਪਾਲਿਸੀ ਇਕ ਲੱਖ ਦੀ ਸੀ ਅਤੇ ਉਸ 'ਚ ਅਜੇ 10 ਕੁ ਹਜ਼ਾਰ ਹੋਰ ਬਚਦੇ ਸਨ। ਮੈਂ ਹੈਰਾਨ ਰਹਿ ਗਿਆ, ਜਦੋਂ ਡਾਕਟਰ ਨੇ 95 ਹਜ਼ਾਰ ਦੇ ਬਿੱਲ 'ਤੇ ਮੇਰੇ ਕੋਲੋਂ ਜਬਰੀ ਦਸਤਖ਼ਤ ਕਰਵਾਏ। ਉਹ ਆਪ੍ਰੇਸ਼ਨ ਜੋ 15-20 ਹਜ਼ਾਰ 'ਚ ਹੋਣ ਵਾਲਾ ਸੀ, ਡਾਕਟਰ ਨੇ ਬੀਮਾ ਕੰਪਨੀ ਕੋਲੋਂ ਉਸ ਦੇ 95 ਹਜ਼ਾਰ ਵਸੂਲ ਲਏ। ਹਸਪਤਾਲ ਤੋਂ ਛੁੱਟੀ ਮਿਲਣ ਪਿੱਛੋਂ ਘਰ ਪਰਤਦੇ ਵਕਤ ਮੈਂ ਸੋਚ ਰਿਹਾ ਸਾਂ ਕਿ ਲੋਕ ਤਾਂ ਡਾਕਟਰ ਨੂੰ ਰੱਬ ਦਾ ਰੂਪ ਸਮਝਦੇ ਹਨ, ਫਿਰ ਡਾਕਟਰ ਨੇ ਇਹ ਸਭ ਕੁਝ ਕਿਉਂ ਕੀਤਾ? ਮੈਂ ਇਹ ਵੀ ਸੋਚ ਰਿਹਾ ਸਾਂ ਕਿ ਇਹੋ ਜਿਹੇ ਡਾਕਟਰ ਬੀਮਾ ਕੰਪਨੀਆਂ ਨਾਲ ਤਾਂ ਧੋਖਾ ਕਰਦੇ ਹੀ ਹਨ, ਨਾਲ ਹੀ ਆਪਣੇ ਲਾਲਚ ਵੱਸ ਮਰੀਜ਼ਾਂ ਦੇ ਬੇਲੋੜੇ ਟੈਸਟ ਕਰਕੇ ਉਨ੍ਹਾਂ ਦੀ ਸਿਹਤ ਨਾਲ ਵੀ ਖਿਲਵਾੜ ਕਰਦੇ ਹਨ। ਮੈਨੂੰ ਉਸ ਦਿਨ ਪਤਾ ਲੱਗਾ ਕਿ ਡਾਕਟਰਾਂ ਦਾ ਇਕ ਰੂਪ ਇਹ ਵੀ ਹੁੰਦਾ ਹੈ।

# ਹਿੰਦੂ ਧਰਮ ਬਨਾਮ ਗਊ ਮਾਤਾ

## ਜੋ ਇੱਕ ਮਨੁੱਖ ਦੇ ਨਾਮ ਤੋਂ ਜਾਨਵਰ ਤੇ ਤਬਦੀਲ ਕੀਤਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਗੌਮਾਤਾ ਪੁਜਾਰੀ ਦਾ ਰਾਜ :** ਗੌਮਾਤਾ, ਬਰਦੀਆ ਦੇ ਰੂਪ ਵਿੱਚ, ਕਈ ਮਹੀਨਿਆਂ ਤੱਕ ਸਾਮਰਾਜ 'ਤੇ ਰਾਜ ਕੀਤਾ, ਜਿਸ ਦੌਰਾਨ ਉਸਨੇ ਕਈ ਨੀਤੀਆਂ ਅਤੇ ਸੁਧਾਰ ਲਾਗੂ ਕੀਤੇ ਜੋ ਉਸਦੀ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਅਤੇ ਰਈਸਾਂ ਅਤੇ ਅਧਿਕਾਰੀਆਂ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਤਿਆਰ ਕੀਤੇ ਗਏ ਸਨ ।

ਉਸਨੇ ਸ਼ਕਤੀ ਨੂੰ ਕੇਂਦਰੀਕਰਨ ਕਰਨਾ ਸ਼ੁਰੂ ਕਰ ਦਿੱਤਾ, ਇੱਕ ਵਧੇਰੇ ਕੁਸ਼ਲ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਨਿਕ ਪ੍ਰਣਾਲੀ ਬਣਾਉਣਾ ਸ਼ੁਰੂ ਕਰ ਦਿੱਤਾ, ਉਸਨੇ ਇੱਕ ਮਜ਼ਬੂਤ ਅਤੇ ਵਫ਼ਾਦਾਰ ਫੌਜ ਵੀ ਬਣਾਉਣੀ ਸ਼ੁਰੂ ਕਰ ਦਿੱਤੀ, ਜਿਸਨੂੰ ਉਸਨੇ ਆਪਣੇ ਸ਼ਾਸਨ ਦੇ ਕਿਸੇ ਵੀ ਵਿਰੋਧ ਨੂੰ ਕੁਚਲਣ ਲਈ ਵਰਤਿਆ ਜਾਵੇ। ਹਾਲਾਂ ਕੇ ਗੌਮਾਤਾ ਦਾ ਰਾਜ ਚੁਣੌਤੀਆਂ ਤੋਂ ਬਿਨਾਂ ਨਹੀਂ ਸੀ, ਰਾਜਾ ਕੁਰਾਸ ਕਾਮਬੋਜਿਆ ਸਾਇਰਸ ਮਹਾਨ ਦੇ ਵਫ਼ਾਦਾਰ ਰਹੇ ਬਹੁਤ ਸਾਰੇ ਰਈਸ ਅਤੇ ਅਧਿਕਾਰੀ ਨਵੇਂ 'ਬਾਰਡੀਆ', 'ਗੌਮਾਤਾ' 'ਤੇ ਸ਼ੱਕੀ ਸਨ ਅਤੇ ਉਸਦੇ ਵਿਰੁੱਧ ਸਾਜ਼ਿਸ਼ਾਂ ਘੜਨ ਲੱਗ ਪਏ ।

**ਗੌਮਾਤਾ ਦੀ ਸੱਚੀ ਪਛਾਣ ਦੀ ਖੋਜ :** ਰਾਜਾ ਸਾਇਰਸ ਦੇ ਵਫ਼ਾਦਾਰ ਤੇ ਰਿਸ਼ਤੇਦਾਰੀ ਵਿੱਚੋਂ ਭਤੀਜੇ ਰਹੇ ਇੱਕ ਰਈਸ ਦਾਰਾ ਨੇ ਗੌਮਾਤਾ ਪੁਜਾਰੀ ਝੂਠੇ ਬਾਰਡੀਆ ਨੂੰ ਆਪਣੇ ਅਤਿ ਨਜ਼ਦੀਕੀ ਦੋਸਤਾ ਸਲਾਹਕਾਰਾਂ ਨਾਲ ਮਿਲਕੇ ਕਤਲ ਕਰਨ ਦੀ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ।

**ਗੌਮਾਤਾ ਦਾ ਤਖਤਾ ਪਲਟਣਾ :** ਦਾਰਾ, ਰਾਜਾ ਸਾਇਰਸ ਦੇ ਵਫ਼ਾਦਾਰ ਰਹੇ ਹੋਰ ਪਤਵੰਤਿਆਂ ਅਤੇ ਅਧਿਕਾਰੀਆਂ ਦੇ ਇੱਕ ਸਮੂਹ ਦੇ ਨਾਲ, ਗੌਮਾਤਾ ਦੇ ਵਿਰੁੱਧ ਸਾਜ਼ਿਸ਼ ਰਚਣ ਲੱਗ ਪਿਆ। ਉਨ੍ਹਾਂ ਨੇ ਇੱਕ ਛੋਟੀ ਜਿਹੀ ਫੌਜ ਇਕੱਠੀ ਕੀਤੀ ਅਤੇ ਮਹਿਲ ਵੱਲ ਮਾਰਚ ਕੀਤਾ, ਜਿੱਥੇ ਉਨ੍ਹਾਂ ਨੇ ਗੌਮਾਤਾ ਅਤੇ ਉਸਦੇ ਪੈਰੋਕਾਰਾਂ ਦਾ ਸਾਹਮਣਾ ਕੀਤਾ ।ਗੌਮਾਤਾ, ਇਹ ਮਹਿਸੂਸ ਕਰਦੇ ਹੋਏ ਕਿ ਉਸਦੀ ਅਸਲ ਪਛਾਣ ਲੱਭ ਲਈ ਗਈ ਸੀ, ਬਹਾਦਰੀ ਨਾਲ ਲੜਿਆ ਪਰ ਅੰਤ ਵਿੱਚ ਹਾਰ ਗਿਆ, ਉਹ ਲੜਾਈ ਵਿੱਚ ਮਾਰਿਆ ਗਿਆ, ਅਤੇ ਦਾਰਾ ਗੱਦੀ ਸੰਭਾਲੀ, ਅਚਮੇਨੀਡ ਸਾਮਰਾਜ ਦਾ ਨਵਾਂ ਰਾਜਾ ਦਾਰਾ ਮਹਾਨ ਬਣ ਗਿਆ ।

**ਗੌਮਾਤਾ ਦੀ ਵਿਰਾਸਤ :** ਗੌਮਾਤਾ ਦਾ ਰਾਜ, ਭਾਵੇਂ ਥੋੜ੍ਹੇ ਸਮੇਂ ਲਈ ਸੀ, ਪਰ ਅਚਮੇਨੀਡ ਸਾਮਰਾਜ 'ਤੇ ਇੱਕ ਮਹੱਤਵਪੂਰਨ ਪ੍ਰਭਾਵ ਪਿਆ, ਉਸਦੀਆਂ ਨੀਤੀਆਂ ਅਤੇ ਸੁਧਾਰਾਂ ਨੇ ਸ਼ਕਤੀ ਨੂੰ ਕੇਂਦਰੀਕਰਨ ਕਰਨ ਅਤੇ ਇੱਕ ਵਧੇਰੇ ਕੁਸ਼ਲ ਪ੍ਰਸ਼ਾਸਨਿਕ ਪ੍ਰਣਾਲੀ ਬਣਾਉਣ ਵਿੱਚ ਮਦਦ ਕੀਤੀ, ਜਿਸ 'ਤੇ ਭਵਿੱਖ ਦੇ ਰਾਜੇ ਨਿਰਮਾਣ ਕਰਨਗੇ। ਹਾਲਾਂਕਿ, ਉਸਦੀ ਵਿਰਾਸਤ ਉਸਦੇ ਬੇਰਹਿਮ ਅਤੇ ਚਲਾਕ ਸੁਭਾਅ ਦੁਆਰਾ ਵੀ ਦਰਸਾਈ ਗਈ ਹੈ, ਨਾਲ ਹੀ ਕਤਲ ਅਤੇ ਧੋਖਾ ਸਮੇਤ ਉਸਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਜੋ ਵੀ ਕਰਨਾ ਪਿਆ, ਕਰਨ ਦੀ ਉਸਦੀ ਇੱਛਾ।



ਭਾਈ ਸੁਖਵਿੰਦਰ ਸਿੰਘ ਨਾਗੋਕੇ
ਹਜੂਰੀ ਰਾਗੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ।


ਮੈਨੂੰ ਉਮੀਦ ਹੈ ਕਿ ਗੌਮਾਤਾ ਦੇ ਜੀਵਨ ਅਤੇ ਰਾਜ ਦਾ ਇਹ ਵਿਸਤ੍ਰਿਤ ਬਿਰਤਾਂਤ ਇਸ ਗੁੰਝਲਦਾਰ ਅਤੇ ਦਿਲਚਸਪ ਇਤਿਹਾਸਕ ਸ਼ਖਸੀਅਤ ਦੀ ਡੂੰਘੀ ਸਮਝ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ।

**3. ਇੱਕ ਦਿਲਚਸਪ ਅਤੇ ਗੁੰਝਲਦਾਰ ਕਹਾਣੀ:** ਰਾਜਾ ਦਾਰਾ ਕੁਰਾਸ ਕਾਮਬੋਜਿਆ ਦੇ ਗੱਦੀ ਸੰਭਾਲਣ ਤੋਂ ਬਾਅਦ, ਉਸਨੇ ਗੌਮਾਤਾ ਦੇ ਸਮਰਥਕਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ, ਜੋ ਮੁੱਖ ਤੌਰ 'ਤੇ ਮਾਗੀ ਪੁਜਾਰੀ ਅਤੇ ਕੁਲੀਨ ਸਨ,ਇਹਨਾਂ ਵਿੱਚੋਂ ਬਹੁਤ ਸਾਰੇ ਵਿਅਕਤੀਆਂ ਨੂੰ ਆਪਣੀਆਂ ਜਾਨਾਂ ਬਚਾਉਣ ਲਈ ਭੱਜਣ ਲਈ ਮਜਬੂਰ ਕੀਤਾ ਗਿਆ ਸੀ ਅਤੇ ਉਨ੍ਹਾਂ ਵਿੱਚੋਂ ਕੁਝ ਭਾਰਤ ਚਲੇ ਗਏ, ਜਿੱਥੇ ਉਹ ਅੰਤ ਵਿੱਚ ਹਿੰਦੂ ਧਰਮ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੇ ।

ਭਾਰਤ ਵੱਲ ਭੱਜਣ ਵਾਲੇ ਮਾਗੀ ਪੁਜਾਰੀ ਮੁੱਖ ਤੌਰ 'ਤੇ ਗੌਮਾਤਾ ਦੇ ਵੰਸ਼ ਵਿੱਚੋਂ ਸਨ, ਜੋ ਕਿ ਅਚਮੇਨੀਡ ਸਾਮਰਾਜ ਵਿੱਚ ਇੱਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਰਹੀ ਹੈਂ, ਇਹ ਪੁਜਾਰੀ ਆਪਣੇ ਨਾਲ ਪਾਰਸੀ ਧਰਮ ਦੇ ਪਵਿੱਤਰ ਗ੍ਰੰਥ ਅਵੇਸਤਾ, ਦੇ ਨਾਲ-ਨਾਲ ਆਪਣੀਆਂ ਪਰੰਪਰਾਵਾਂ ਅਤੇ ਅਭਿਆਸਾਂ ਦਾ ਗਿਆਨ ਲੈ ਕੇ ਆਏ।

Gadinashin Sarabjit Singh Descendant King of the World Kuras Kambujiyah Cyrus the Great



ਭਾਰਤ ਵਿੱਚ ਮਾਗੀ ਪੁਜਾਰੀਆਂ ਨੂੰ ਸਵਦੇਸ਼ੀ ਸੱਭਿਆਚਾਰ ਦਾ ਸਾਹਮਣਾ ਕਰਨਾ ਪਿਆ, ਜੋ ਕਿ ਹਿੰਦੂ ਪੰਥ ਦੇ ਵੱਖ ਵੱਖ-ਵੱਖ ਦੇਵੀ-ਦੇਵਤਿਆਂ ਦੀ ਪੂਜਾ 'ਤੇ ਕੇਂਦ੍ਰਿਤ ਸੀ, ਮਾਗੀ ਪੁਜਾਰੀ ਇਹਨਾਂ ਪਰੰਪਰਾ ਦੀ ਸੂਝ-ਬੂਝ ਅਤੇ ਡੂੰਘਾਈ ਤੋਂ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਇਸਦੇ ਤੱਤਾਂ ਨੂੰ ਆਪਣੇ ਅਭਿਆਸਾਂ ਵਿੱਚ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ।

(ਚਲਦਾ)

# ਅੱਗ ਦੇ ਮੁਹਾਣੇ 'ਤੇ ਬੈਠਾ ਅਮਰੀਕਾ



ਅਮਰੀਕਾ ਆਪਣੀਆਂ ਹੋਰ ਖਾਸੀਅਤਾਂ ਤੋਂ ਇਲਾਵਾ ਇਸ ਦੇ ਅਚਾਨਕ ਭਬਕ ਪੈਣ ਵਾਲੇ ਭੂਗੋਲਿਕ ਦਾਵਾਨਲਾਂ, ਚੀਕਦੇ ਹੋਏ ਪਰਬਤੀ ਦੱਰਿਆਂ ਲਈ ਵੀ ਜਾਣਿਆ ਜਾਂਦਾ ਹੈ।

ਕਿਸੇ ਵੀ ਯਾਤਰੂ ਨੂੰ ਸਨਵਾਕੁਇਨ ਘਾਟੀ ਵਾਲੇ ਪਾਸਿਓਂ ਲੱਖਾਂ ਮੀਲ ਲੰਮੀ ਪਰਬਤਮਾਲਾ ਦਾ ਸਾਹਮਣਾ ਕਰਨਾ ਪੈਂਦਾ ਹੈ। ਦੂਰੋਂ ਇਸ ਦੇ ਦੁਮੇਲ ਨੂੰ ਵੇਖਿਆਂ ਇੰਜ ਜਾਪਦਾ ਹੈ ਜਿਵੇਂ ਕੋਈ ਸਡੌਲ ਸਰੀਰ ਵਾਲੀ ਔਰਤ ਵੱਖ ਮਾਰ ਕੇ ਸੁੱਤੀ ਪਈ ਹੋਵੇ। ਯਾਤਰੂਆਂ ਨੂੰ ਇਸੇ ਪਾਸਿਓਂ ਛੇ-ਛੇ ਲੀਹਾਂ ਵਾਲੀਆਂ ਲੰਮੀਆਂ-ਚੌੜੀਆਂ ਸੜਕਾਂ ਅਮਰੀਕਾ ਦੇ ਸਭ ਤੋਂ ਵੱਡੇ ਮਹਾਨਗਰ ਲਾਸ ਏਂਜਲਸ ਪਹੁੰਚਾ ਦਿੰਦੀਆਂ ਹਨ। ਇਹ ਉਹੀ ਲਾਸ ਏਂਜਲਸ ਹੈ ਜੋ ਕੁਝ ਦਿਨ ਪਹਿਲਾਂ ਸੰਸਾਰ ਦੀ ਸਭ ਤੋਂ ਭਿਆਨਕ ਅੱਗ ਵਿੱਚ ਘਿਰ ਗਿਆ ਸੀ। ਪਹਾੜਾਂ ਦੇ ਸਿਖਰ 'ਤੇ ਮਹਿੰਗੇ ਭਾਅ ਅਟਾਰੀਆਂ ਪਾਉਣ ਦੇ ਅਤਿ ਦੇ ਅਮੀਰ ਸ਼ੌਕੀਨਾਂ ਨੂੰ ਇਸ ਵਾਰ ਲੈਣੇ ਦੇ ਦੇਣੇ ਪੈ ਗਏ ਸਨ।

ਦੁਨੀਆ ਭਰ ਦੇ ਭੂਗੋਲਿਕ ਮਾਹਿਰ ਮੰਨਦੇ ਹਨ ਕਿ ਅਮਰੀਕਾ ਦਾ ਸਮੁੱਚਾ ਐਟਲਾਂਟਿਕ ਤੱਟ ਲਾਵੇ ਦੇ ਅੰਨ੍ਹੇ ਖੂਹਾਂ 'ਤੇ ਬੈਠਾ ਹੋਇਆ ਹੈ ਜੋ ਕਿਸੇ ਵੀ ਵੇਲੇ ਫਟ ਸਕਦੇ ਹਨ। ਇਹੀ ਕਾਰਨ ਹੈ ਕਿ ਅਮਰੀਕਾ ਨਿੱਕੇ ਮੋਟੇ ਭੂਚਾਲਾਂ ਨਾਲ ਅਕਸਰ ਹਿੱਲਦਾ ਰਹਿੰਦਾ ਹੈ। ਇਉਂ ਹੀ ਕਈ ਵਾਰ ਪ੍ਰਸ਼ਾਂਤ ਮਹਾਂਸਾਗਰ ਦੇ ਨੇੜਿਓਂ ਉੱਠਣ ਵਾਲੇ ਵਾਵਰੋਲੇ ਸੜਕ 'ਤੇ ਚਲਦੇ ਵਾਹਨਾਂ ਨੂੰ ਆਪਣੀ ਘੁਮੇਰ 'ਚ ਫਸਾ ਕੇ ਅੱਧ-ਆਸਮਾਨੇ ਚਾੜ੍ਹ ਦਿੰਦੇ ਹਨ। ਕੁਦਰਤ ਦੇ ਅਜਿਹੇ ਵਚਿੱਤਰ ਵਰਤਾਰਿਆਂ ਬਾਰੇ ਹੌਲੀਵੁੱਡ ਨੇ 'ਟਵਿਸਟਰ' ਜਿਹੀ ਬਾਕਮਾਲ ਫਿਲਮ ਬਣਾਈ ਸੀ।

ਅਮਰੀਕੀ ਸਰਕਾਰ ਨੇ ਇਸੇ ਕਾਰਨ ਹਰੇਕ ਸਾਲ ਮਈ-ਅਕਤੂਬਰ ਨੂੰ ਅੱਗ ਲੱਗਣ ਦੇ ਅੰਦੇਸ਼ੇ ਦਾ ਵੇਲਾ ਮਿਥਿਆ ਹੋਇਆ ਹੈ। ਇਸ ਦੌਰਾਨ ਸਾਰੇ ਦੇਸ਼ ਵਿੱਚ ਫਾਇਰ ਫਾਈਟਿੰਗ ਦੀਆਂ ਜੰਗੀ ਪੱਧਰ ਦੀਆਂ ਮਸ਼ਕਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਮਸ਼ਕਾਂ ਵਿੱਚ ਹਜ਼ਾਰਾਂ ਹਵਾਈ ਜਹਾਜ਼, ਹੈਲੀਕਾਪਟਰ, ਹਜ਼ਾਰਾਂ ਟਨ ਅੱਗ ਬੁਝਾਊ ਗੈਸ ਆਦਿ ਵੀ ਵਰਤੀ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਕਈ ਵਾਰ ਸਿਆਸਤ ਤੇ ਸਰਕਾਰੀ ਕਾਰਨਾਂ ਕਰਕੇ ਅੱਗ ਨੂੰ ਕਾਬੂ ਕਰਨ ਲਈ ਕੀਤਾ ਅਜਿਹਾ ਉੱਚਕੋਟੀ ਦਾ ਪ੍ਰਬੰਧ ਵੀ ਫੇਲ੍ਹ ਹੋ ਜਾਂਦਾ ਹੈ ਜਿਵੇਂ ਕਿ ਇਸ ਵਾਰ ਹੋਇਆ ਹੈ, ਜਦੋਂ ਚੁਫੇਰਿਓਂ ਅੱਗ ਦੇ ਤੇਜ਼ੀ ਨਾਲ ਫੈਲਣ ਦੀਆਂ ਖ਼ਬਰਾਂ ਆਉਣ ਲੱਗੀਆਂ ਤਾਂ ਨਾਲ ਹੀ ਛਿੜਕਾਅ ਕਰਨ ਲਈ ਲੋੜੀਂਦਾ ਪਾਣੀ ਥੁੜ ਜਾਣ ਦੇ ਸਮਾਚਾਰ ਵੀ ਆਉਣ ਲੱਗੇ। ਦੇਸ਼ ਦੀਆਂ ਦੋਵੇਂ ਸਿਆਸੀ ਪਾਰਟੀਆਂ ਇੱਕ ਦੂਜੇ ਨਾਲ ਮਿਹਣੋ-ਮਿਹਣੀ ਹੋਣ ਲੱਗੀਆਂ। ਰਾਸ਼ਟਰਪਤੀ ਡੋਨਲਡ ਟਰੰਪ, ਜਿਸ ਨੇ ਉਦੋਂ ਹਾਲੇ ਅਹੁਦੇ ਦੀ ਸਹੁੰ ਚੁੱਕਣੀ ਸੀ, ਆਪਣੇ ਵਿਰੋਧੀ ਦਲ ਡੈਮੋਕਰੈਟਿਕ ਨੂੰ ਇਸ ਲਈ ਜ਼ਿੰਮੇਵਾਰ ਦੱਸਣ ਲੱਗਿਆ।

ਰੌਚਕ ਤੱਥ ਇਹ ਵੀ ਹੈ ਕਿ ਅਜਿਹੀਆਂ ਕੁਦਰਤੀ ਆਫ਼ਤਾਂ ਦੀ ਬਿੜਕ ਮਨੁੱਖਾਂ ਦੇ ਮੁਕਾਬਲੇ ਜੰਗਲੀ ਜੀਆ ਜੰਤ ਨੂੰ ਕਿਤੇ ਪਹਿਲਾਂ ਲੱਗ ਜਾਂਦੀ ਹੈ। ਲਾਸ ਏਂਜਲਸ ਦੇ ਅਗਨੀਕਾਂਡ ਵਿੱਚ ਵੀ ਲਗਪਗ ਇੰਜ ਹੀ ਵਾਪਰਿਆ। ਜੰਗਲੀ ਭਾਬੜਾਂ ਵਿੱਚ ਘਿਰ ਕੇ ਜਿੱਥੇ ਲਗਪਗ ਚਾਰ ਦਰਜਨ ਮਨੁੱਖ ਤੇ ਪਾਲਤੂ ਆਪਣੀ ਜਾਨ ਗੁਆ ਬੈਠੇ, ਉੱਥੇ ਜਨੌਰਾਂ ਤੇ ਪੰਛੀਆਂ ਬਾਰੇ ਅਜਿਹਾ ਟਾਵਾਂ ਟੱਲਾ ਕੇਸ ਹੀ ਸੁਣਨ ਨੂੰ ਮਿਲਿਆ। ਦੋਧੀ ਜਰਸੀ ਗਾਵਾਂ ਦੀਆਂ ਚਰਾਗਾਹਾਂ ਸਮੇਤ ਇਸ ਪਰਬਤਮਾਲਾ ਵਿੱਚ ਅਸੰਖ ਜੀਆ-ਜੰਤ ਰਹਿੰਦੇ ਹਨ ਜਿਨ੍ਹਾਂ ਵਿੱਚ ਬਾਘ ਬਘੇਲਿਆਂ ਤੋਂ ਲੈ ਕੇ ਬਾਜ਼ ਤੱਕ ਸ਼ਾਮਲ ਹਨ।

ਪੱਛਮ ਵੱਲ ਫੈਲੀ ਉਕਤ ਪਰਬਤਮਾਲਾ ਇੱਕ ਵਿਸ਼ਾਲ ਕੰਧ ਜਾਪਦੀ ਹੈ ਜਿਸ ਦੀਆਂ ਚੋਟੀਆਂ ਵਿਚਕਾਰ ਅਨੇਕਾਂ ਦੱਰੇ (ਮਘੋਰੇ) ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਕਦੇ ਉੱਤਰੋਂ ਤੇ ਕਦੇ ਪੱਛਮੋਂ; ਕਦੇ ਤੇਜ਼ ਕਦੇ ਮੱਧਮ ਹਵਾਵਾਂ ਚੱਤੋ-ਪਹਿਰ ਵਗਦੀਆਂ ਰਹਿੰਦੀਆਂ ਹਨ। ਅਸਲ ਵਿੱਚ ਇਹ ਵਗਦੇ ਹੋਏ ਦੱਰੇ ਤੇ ਝੁਲਦੀਆਂ ਹਵਾਵਾਂ ਹੀ ਕੈਲੀਫੋਰਨੀਆ/ਅਮਰੀਕਾ ਵਿੱਚ ਜੰਗਲੀ ਅੱਗ ਨੂੰ ਭਖਾਉਣ ਤੇ ਚੀਕਦੇ ਤੂਫ਼ਾਨ ਪੈਦਾ ਕਰਨ ਲਈ ਜ਼ਿੰਮੇਵਾਰ ਮੰਨੀਆਂ ਜਾਂਦੀਆਂ ਹਨ।

ਅੱਗ ਤੇ ਹਵਾ ਦੇ ਪਾਗਲ ਕਰ ਦੇਣ ਵਾਲੇ ਮਿਸ਼ਰਣ ਦੀ ਮਾਰ ਕਾਰਨ ਇਸ ਵਾਰ ਚਾਰ ਲੱਖ ਤੋਂ ਵੱਧ ਲੋਕਾਂ ਨੂੰ ਘਰ ਛੱਡਣੇ ਪਏ, ਹਫ਼ਤਾ ਭਰ ਮੱਚ ਕੇ ਪਾਲੀਸੇਡਜ਼ ਰਾਖ ਬਣ ਗਿਆ। ਬੇਅ-ਏਰੀਏ ਸਮੇਤ ਲਾਸ ਏਂਜਲਸ ਨੇੜਲੇ ਬਾਕੀ ਹਲਕਿਆਂ ਵਿੱਚੋਂ ਲੰਘਦੇ ਸੈਂਟਾ ਐਨਾ ਫਰੀਵੇਅ ਉੱਤੇ ਬਣੀ ਰੰਗਨਗਰੀ ਹੌਲੀਵੁੱਡ ਸਦਮੇ ਨਾਲ ਇਸ ਕਦਰ ਮਸੋਸੀ ਗਈ ਕਿ ਧੁਖ਼ਦਾ ਹੋਇਆ ਪਾਲੀਸੇਡਜ਼

-ਸਿੱਧੂ ਦਮਦਮੀ

ਸੰਸਾਰ ਨੂੰ ਦਰਪੇਸ਼ ਵਾਤਾਵਰਣ ਦੇ ਮਸਲੇ ਦਾ ਨਵਾਂ ਚਿੰਨ੍ਹ ਬਣ ਗਿਆ ਹੈ। ਮਨੁੱਖੀ ਤਰੱਕੀ ਲਈ ਆਪਣਾ ਪੇਟ ਫਰੋਲੇ ਜਾਣ ਤੋਂ ਦੁਖੀ ਧਰਤੀ ਮਾਂ ਆਪਣੀ ਨਾਰਾਜ਼ਗੀ ਕੁਦਰਤੀ ਆਫ਼ਤਾਂ ਦੇ ਰੂਪ ਵਿੱਚ ਪ੍ਰਗਟ ਕਰਦੀ ਜਾਪਦੀ ਹੈ।

ਇਸ ਬਵੰਡਰ ਵਿੱਚ ਹੌਲੀਵੁੱਡ ਤੇ ਇਸ ਦੇ ਦੁਆਲੇ ਦਾ ਨੁਕਸਾਨ ਸਭ ਤੋਂ ਵੱਧ ਤੇ ਰੜਕਵਾਂ ਹੋਇਆ ਹੈ- ਸੁਪਰ ਵੀ.ਆਈ.ਪੀ ਤੇ ਔਸਕਰ ਪੁਰਸਕਾਰ ਜੇਤੂ ਮੈੱਲ ਗਿਬਸਨ ਦਾ ਕਰੋੜਾਂ ਦਾ ਬੰਗਲਾ ਸੜ ਕੇ ਸੁਆਹ ਹੋ ਗਿਆ। ਆਵਾਰਾ ਹੋਈ ਅੱਗ ਦੇ ਖਦੇੜੇ ਦੋ ਲੱਖ ਤੋਂ ਵੱਧ ਅਮਰੀਕੀ, 1980 ਤੋਂ ਲੈ ਕੇ ਹੁਣ ਤੱਕ ਹਰ ਦਹਾਕੇ ਗਰਮ ਹੁੰਦੀ ਜਾਂਦੀ ਧਰਤੀ, ਪਿਘਲਦੇ ਗਲੇਸ਼ੀਅਰ ਤੇ ਵੱਡੇ ਦੇਸ਼ਾਂ ਦੀ ਜ਼ਿੱਦ ਨਵੇਂ ਸੰਸਾਰ ਦਾ ਪੁਰਾਣਾ ਦੁੱਖ ਹੈ।

ਕੈਲੀਫੋਰਨੀਆ ਦੀਆਂ ਪਹਾੜੀਆਂ ਵਿੱਚ ਸੈਂਕੜੇ ਦੱਰੇ ਮੌਜੂਦ ਹਨ। ਹਵਾਵਾਂ ਆਪਣਾ ਅਕਾਲ ਵਾਜਾ ਵਜਾਉਂਦੀਆਂ ਇਨ੍ਹਾਂ 'ਚੋਂ ਅਕਸਰ ਲੰਘਦੀਆਂ ਰਹਿੰਦੀਆਂ ਹਨ। ਜਦੋਂ ਕੋਈ ਦੱਰਾ ਹਵਾ ਨਾਲ ਗਰਮ ਹੁੰਦਾ ਹੈ ਤਾਂ ਉਹ ਕਿਸੇ ਦਾਨਾਸੁਰ ਵਾਂਗ ਫੁੰਕਾਰਨ ਲੱਗਦਾ ਹੈ।

ਅਮਰੀਕਾ ਦੇ ਪੱਛਮੀ ਪਾਸੇ ਫੈਲੇ ਕੈਲੀਫੋਰਨੀਆ ਵਿੱਚ ਸੋਕਾ ਦੋ ਵਰ੍ਹੇ ਪਹਿਲਾਂ ਹੀ ਮੁੱਕਿਆ ਸੀ। ਇੱਥੇ ਇਹ ਜ਼ਿਕਰਯੋਗ ਹੈ ਕਿ 2014 ਤੋਂ 2024 ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਵੱਧ ਗਰਮ ਦਹਾਕਾ ਰਿਹਾ ਹੈ। ਧਰਤੀ ਦਾ ਤਾਪਮਾਨ ਲਗਾਤਾਰ ਵਧਦਾ ਆ ਰਿਹਾ ਹੈ। ਇਹ ਵੀ ਕਿ ਸੰਨ 1080 ਤੋਂ ਲੈ ਕੇ ਹੁਣ ਤੱਕ ਹਰੇਕ ਸਾਲ ਪਹਿਲੇ ਨਾਲੋਂ ਜ਼ਿਆਦਾ ਗਰਮ ਰਹਿੰਦਾ ਹੈ।

ਵਾਤਾਵਰਣ ਨਾਲ ਜੁੜੇ ਸਭ ਮਸਲਿਆਂ ਦਾ ਹੱਲ ਸਾਰੇ ਮੁਲਕਾਂ ਵੱਲੋਂ ਸੁਹਿਰਦਤਾ ਨਾਲ ਨੀਤੀਆਂ ਬਣਾ ਕੇ ਇਨ੍ਹਾਂ 'ਤੇ ਅਮਲ ਕਰ ਕੇ ਹੀ ਕੱਢਿਆ ਜਾ ਸਕਦਾ ਹੈ।



## ਈਟਿੰਗ ਡਿਸਆਰਡਰ ਜਾਗਰੁਕਤਾ ਹਫਤਾ-2025

# ਖਾਣ-ਪਾਣ ਦੇ ਵਿਗਾੜ ਨਾਲ ਵੱਧ ਰਹੀਆਂ ਬਿਮਾਰੀਆਂ

*''ਈਟਿੰਗ ਡਿਸਆਰਡਾਰ ਜਾਗਰੁਕਤਾ ਹਫਤਾ 2025 ਦਾ ਥੀਮ ਹੈ- ਕੀ ਕੋਈ ਵੀ ਖਾਣ-ਪੀਣ ਦੇ ਬਿਗਾੜ ਨਾਲ ਪ੍ਰਭਾਵਿਤ ਹੋ ਸਕਦਾ ਹੈ ? ਖਾਣ-ਪੀਣ ਦੇ ਬਿਗਾੜ ਵਾਲੇ ਲੋਕ ਆਮ ਨਾਲੋਂ 5 ਗੁਣਾ ਵੱਧ ਅਲਕੋਹਲ ਅਤੇ ਨਾਜਾਇਜ਼ ਦਵਾਈਆਂ ਦਾ ਇਸਤੇਮਾਲ ਕਰ ਰਹੇ ਹਨ। ਡਾਇਬਟੀਜ਼ ਦੇ ਰੋਗੀ ਜੋ ਖਾਣ-ਪੀਣ ਵਿਗਾੜ ਦੇ ਸ਼ਿਕਾਰ ਹਨ, ਆਪਣੀ ਸ਼ੂਗਰ ਕੰਟਰੋਲ ਕਰਨ 'ਚ ਸੰਘਰਸ਼ ਕਾਰਨ ਸ਼ੂਗਰ ਦੀਆਂ ਪੇਚੀਦਗੀਆਂ ਯਾਨਿ ਦਿਲ ਦੇ ਰੋਗ, ਸਟ੍ਰੋਕ, ਨਿਊਰੋਪੈਥੀ, ਅੱਖਾਂ ਦੀ ਘੱਟ ਹੋ ਰਹੀ ਰੋਸ਼ਨੀ ਅਤੇ ਗੁਰਦੇ ਦੀ ਬਿਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ''*

*ਅਨਿਲ ਧੀਰ (ਡਾ.) ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*




ਹੈਲਥ ਮੀਡੀਆ ਕੇਨੈਡਾ : ਫਰਵਰੀ 2025 ਦੌਰਾਣ ਵਿਸ਼ਵ ਭਰ 'ਚ ਈਟਿੰਗ ਡਿਸਆਰਡਰ ਅਵੇਅਰਨੈਸ ਵੀਕ ਦੌਰਾਨ ਬੱਚਿਆਂ ਤੋਂ ਲੈ ਕੇ ਸੀਨੀਅਰਜ਼ ਨੂੰ ਖਾਣ-ਪੀਣ ਦੇ ਵਿਵਹਾਰ ਬਾਰੇ ਜਾਗਰੁਕ ਕੀਤਾ ਜਾ ਰਿਹਾ ਹੈ। ਮਾੜਾ ਖਾਣ-ਪਾਣ ਸਰੀਰ 'ਤੇ ਮਨ ਨੂੰ ਬਿਮਾਰ ਕਰ ਰਿਹਾ ਹੈ। ਐਨੋਰੈਕਸੀਆ ਨਰਵੋਸਾ, ਬੁਲੀਮੀਆ ਅਤੇ ਬਿੰਜ ਈਟਿੰਗ ਵਗੈਰਾ ਦਾ ਆਮ ਅਸਰ ਦੇਖਿਆ ਜਾਂਦਾ ਹੈ। ਵਿਸ਼ਵ ਭਰ 'ਚ ਭੋਜਨ ਦਾ ਹਰ ਆਦਮੀ ਨਾਲ ਇੱਕ ਵੱਖਰਾ ਹੀ ਰਿਸ਼ਤਾ ਹੁੰਦਾ ਹੈ। ਜ਼ਿੰਦਗੀ 'ਚ ਸਰੀਰਕ-ਮਾਨਸਿਕ ਸਮੱਸਿਆਵਾਂ ਦਾ ਕਾਰਨ ਗਲਤ ਖਾਣਾ-ਪੀਣਾ, ਨਕਾਰਾਤਮਕ ਸੋਚ, ਸਦਮਾ, ਗੈਰ-ਸਿਹਤਮੰਦ ਰਿਸ਼ਤਾ ਅਤੇ ਜੈਨੇਟਿਕਸ ਵਗੈਰਾ, ਦਾ ਅਸਰ ਦੇਖਿਆ ਜਾ ਰਿਹਾ ਹੈ। ਕਰੀਬਨ 30 ਮਿਲੀਅਨ ਅਮਰੀਕਾ ਵਿੱਚ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਔਰਤਾਂ 'ਚ ਘੱਟ ਉਮਰ ਦੀ ਔਰਤਾਂ 'ਚ ਅਤੇ 10 ਮਿਲੀਅਨ ਆਦਮੀ, ਇਹ ਵਿਗਾੜ ਦੇ ਅਸਰ ਹੇਠ ਹਨ। ਵਿਸ਼ਵ ਭਰ 'ਚ ਅੱਜ ਕਰੀਬਨ 72 ਮਿਲੀਅਨ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਛੋਟੀ ਉਮਰ ਵਿੱਚ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਐਨੋਰੈਕਸੀਆ ਖਤਰਨਾਕ ਮਾਨਸਿਕ ਬਿਮਾਰੀ ਕਾਰਨ ਆਤਮ ਹੱਤਿਆ ਦਾ ਅੰਕੜਾ ਵੀ ਵੱਧਿਆ ਹੈ।

**ਖਾਣ-ਪੀਣ ਦੇ ਬਿਗਾੜ ਦੌਰਾਣ ਕਈ ਬਾਰ ਲੱਛਣ:** ਮਾਹਵਾਰੀ ਦਾ ਬੰਦ ਹੋ ਜਾਣਾ, ਡੀਹਾਈਡਰੇਸ਼ਨ ਤੋਂ ਚੱਕਰ ਆਉਣਾ ਜਾਂ ਬੇਹੋਸ਼ ਹੋਣਾ, ਭੁਰਭੁਰੇ ਨਾਖੁਨ,



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਅਸਹਿਣਸ਼ੀਲਤਾ, ਮਾਸਪੇਸ਼ੀ ਦੀ ਕਮਜ਼ੋਰੀ, ਦਿਲ ਦੀ ਜਲਨ, ਭੋਜਨ ਤੋਂ ਬਾਅਦ ਕਬਜ਼, ਪੇਟ ਅੰਦਰ ਹਵਾ ਪੈਦਾ ਹੋਣਾ, ਕਿਡਨੀ ਦੇ ਰੋਗ, ਓਸਟੀਓਪੇਨੀਆ, ਓਸਟੀਓਪੋਰੋਸਿਸ, ਉਦਾਸੀ, ਚਿੜਚਿੜਾਪਨ, ਥਕਾਵਟ, ਮਾੜੀ ਇਕਾਗਰਤਾ ਵਗੈਰਾ ਸਾਹਮਣੇ ਆ ਸਕਦੇ ਹਨ।

ਐਨੋਰੈਕਸੀਆ ਨਰਵੋਸਾ, ਜੋ ਕਿ ਬਹੁਤ ਜ਼ਿਆਦਾ ਖੁਰਾਕ ਯਾਨਿ ਇੱਕ ਬੈਠਕ ਵਿੱਚ ਜ਼ਿਆਦਾ ਮਾਤਰਾ 'ਚ ਭੋਜਨ ਕਰਨਾ, ਭੁੱਖਮਰੀ, ਜਾਂ ਲੋੜ ਤੋਂ ਵੱਧ ਕਸਰਤ ਦੁਆਰਾ ਵਜ਼ਨ ਘਟਾਉਣ ਜਾਂ ਦੇਖਭਾਲ ਆਉਂਦੀ ਹੈ। ਬੁਲੀਮੀਆ ਨਰਵੋਸਾ ਵਿੱਚ ਜ਼ਿਆਦਾ ਖਾਣ-ਪੀਣ ਤੋਂ ਬਾਅਦ ਵਜ਼ਨ ਦੇ ਵੱਧਣ ਤੋਂ ਬਚਣ ਲਈ ਕਸਰਤ ਕਰਨਾ, ਖਾਲੀ ਪੇਟ ਰਹਿਣਾ ਅਤੇ ਜੁਲਾਬ ਲੈਣ ਤੋਂ ਹੈ। ਬਿੰਜ ਈਟਿੰਗ ਡਿਸਆਰਡਰ ਦੌਰਾਨ ਵਿਅਕਤੀ ਭੁੱਖ ਤੋਂ ਵੱਧ ਖਾਣ-ਪੀਣ ਬਾਰੇ ਖੁੱਦ ਨੂੰ ਕੰਟ੍ਰੋਲ ਤੋਂ ਬਾਹਰ ਮਹਿਸੂਸ ਕਰਦਾ ਹੈ। ਐਨੋਰੈਕਸੀਆ ਨਰਵੋਸਾ ਵਾਲੇ ਕੁੱਝ ਵਿਅਕਤੀ ਵੀ ਰੁੱਕ-ਰੁੱਕ ਕੇ ਖਾਂਦੇ ਹਨ ਜਾਂ ਉਲਟੀਆਂ ਜਾਂ ਜੁਲਾਬ ਦੀ ਦੁਰਵਰਤੋਂ ਕਰਕੇ ਖਾ ਲੈਂਦੇ ਹਨ।

ਪਿਕਾ ਇੱਕ ਈਟਿੰਗ ਡਿਸਆਰਡਰ ਹੈ ਜਿਸ 'ਚ ਪੀੜਿਤ ਵਾਰ-ਵਾਰ ਅਜਿਹਾ ਭੋਜਨ ਲੈਂਦਾ ਹੈ ਜਿਸ ਵਿੱਚ ਕੋਈ ਪੋਸ਼ਕ ਤੱਤ ਨਹੀਂ ਹੈ। ਅਜਿਹਾ ਵਿਵਹਾਰ ਕਈ ਮਹੀਨੇ ਤੱਕ ਰਹਿ ਸਕਦਾ ਹੈ। ਆਮ ਤੌਰ 'ਤੇ ਲਏ ਗਏ ਪਦਾਰਥ ਉਮਰ ਅਤੇ ਉਪਲਬਧਤਾ ਦੇ ਨਾਲ ਬਦਲਦੇ ਹਨ ਅਤੇ ਇਸ 'ਚ ਕਾਗਜ਼, ਪੇਂਟ ਚਿਪਸ, ਸਾਬਣ, ਕਪੜਾ, ਵਾਲ, ਚਾਕ, ਕੰਕਰ, ਕੋਲਾ ਅਤੇ ਮਿੱਟੀ ਹੋ ਸਕਦੇ ਹਨ। ਪੀਕਾ ਵਾਲੇ ਆਮ ਤੌਰ 'ਤੇ ਭੋਜਨ ਪ੍ਰਤੀ ਨਫਰਤ ਨਹੀਂ ਹੁੰਦੀ। ਅਜਿਹਾ ਛੋਟੀ ਉਮਰ ਵਿੱਚ ਹੋ ਸਕਦਾ ਹੈ। ਰੁਮੀਨੇਸ਼ਨ ਡਿਸਆਰਡਰ ਵਿੱਚ ਖਾਣਾ ਖਾਣ ਤੋਂ ਬਾਅਦ ਦੁਹਰਾਇਆ ਜਾਣਾ ਅਤੇ ਭੋਜਨ ਨੂੰ ਦੁਬਾਰਾ ਚਬਾਉਣਾ ਅਤੇ ਨਿਗਲਿਆ ਹੋਇਆ ਭੋਜਨ ਆਪਣੀ ਮਰਜੀ ਨਾਲ ਮੂੰਹ ਵਿੱਚ ਨਿਗਲਣਾ, ਚਬਾਉਣ ਅਤੇ ਥੁੱਕਣ ਦੀ ਕ੍ਰਿਆ ਦੇਖੀ ਜਾਂਦੀ ਹੈ। ਅਜਿਹਾ ਬਚਪਨ ਜਾਂ ਕਿਸ਼ੋਰ ਅਵਸਥ ਵਿੱਚ ਹੋ ਸਕਦਾ ਹੈ। ਇੱਕ ਮਹੀਨੇ ਦੌਰਾਣ ਵਾਰ-ਵਾਰ ਹੋ ਸਕਦਾ ਹੈ।




**ਦੇਖਭਾਲ ਦੀ ਲੋੜ:**

- ਸਰੀਰ, ਦਿਮਾਗ 'ਤੇ ਖਾਣ-ਪੀਣ ਦੀਆਂ ਬਿਮਾਰੀਆਂ ਦੇ ਅਸਰ ਕਾਰਨ ਮਨੋਵਿਗਿਆਨਕ ਅਤੇ ਪੋਸ਼ਣ ਸੰਬੰਧੀ ਸਲਾਹ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਮਾਹਿਰ ਵੱਲੋਂ ਮਾਨਸਿਕ ਇਲਾਜ਼ ਦੇ ਨਾਲ ਪੋਸ਼ਣ ਸੰਬੰਧੀ ਸੈਸ਼ਨ ਅਤੇ ਕਦੇ-ਕਦੇ ਸਾਈਕੋਫਾਰਮਕੋਲੋਜੀ ਦੀ ਵੀ ਲੋੜ ਪੈ ਜਾਂਦੀ ਹੈ।
- ਐਨੋਰੈਕਸੀਆ ਨਰਵੋਸਾ ਨਾਲ ਪੀੜਿਤਾਂ ਨੂੰ ਖਾਣ-ਪੀਣ 'ਤੇ ਵਜ਼ਨ ਕੰਟ੍ਰੋਲ ਕਰਨ ਦੇ ਵਿਵਹਾਰ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।
- ਮਾਂ-ਬਾਪ ਦੀ ਜ਼ਿੰਮੇਵਾਰੀ ਬਚਪਨ 'ਤੇ ਗ੍ਰੋ ਹੋ ਰਹੇ ਬੱਚਿਆਂ ਨੂੰ ਪੋਸ਼ਟਿਕ ਖੁਰਾਕ ਬਾਰੇ ਜਾਗਰੁਕ ਕਰਨ ਬੱਚੇ ਦੀ ਸਿਹਤ ਮੁਤਾਬਿਕ ਮਾਹਿਰ ਨਾਲ ਸਲਾਹ ਕਰਦੇ ਰਹਿਣਾ ਚਾਹੀਦਾ ਹੈ।
- ਅੰਤਰਰਾਸ਼ਟਰੀ ਪੱਧਰ 'ਤੇ ਗੰਭੀਰ ਐਨੋਰੈਕਸੀਆ ਦੇ ਪੀੜਿਤਾਂ ਦੇ ਵਜ਼ਨ ਨੂੰ ਬਹਾਲ ਕਰਨ ਅਤੇ ਖਾਣ-ਪੀਣ ਦੇ ਵਿਵਹਾਰ ਨੂੰ ਆਮ ਬਣਾਉਣ ਵਿੱਚ ਵਿਸ਼ੇਸ਼ ਪ੍ਰੋਗਰਾਮ ਕੰਮ ਕਰਦੇ ਹਨ। ਹਾਲਾਂਕਿ ਪ੍ਰੋਗਰਾਮ ਡਿਸਚਾਰਜ ਤੋਂ ਬਾਅਦ ਪਹਿਲੇ ਸਾਲ ਵਿੱਚ ਦੁਬਾਰਾ ਹੋਣ ਦਾ ਜੋਖਮ ਮਹੱਤਵਪੂਰਨ ਮੰਨਿਆ ਜਾਂਦਾ ਹੈ।
- ਭਚਪਨ ਤੋਂ ਹੀ ਸੰਤੁਲਿਤ ਪੌਸ਼ਟਿਕ ਖੁਰਾਕ 'ਤੇ ਧਿਆਨ ਦੇਣ ਦੀ ਲੋੜ ਹੈ। ਕਿਉਂਕਿ ਪ੍ਰਭਾਵਿਤ ਵਿਅਕਤੀ ਦੀ ਉਮਰ ਦੇ ਬਾਵਜੂਦ ਰੋਗੀ ਦੀ ਟੈਨਸ਼ਨ ਦੇ ਨਾਲ ਪਰਿਵਾਰ ਲਈ ਵੀ ਮੁਸ਼ਕਲਾਂ ਵੱਧ ਜਾਂਦੀਆਂ ਹਨ।
- ਬੁਲੀਮੀਆ ਨਰਵੋਸਾ ਵਾਲੇ ਆਮ ਤੌਰ 'ਤੇ ਵਿਕਲਪਕ ਡਾਈਟਿੰਗ ਕਰਦੇ ਹਨ ਜਾਂ ਸਿਰਫ ਘੱਟ ਕੈਲੋਰੀ ਵਾਲੇ ਸੇਫ ਭੋਜਨ ਲੈਂਦੇ ਹਨ ਅਤੇ ਵਰਜਿਤ ਉਚ ਕੈਲੋਰੀ ਵਾਲੀ ਖੁਰਾਕ 'ਤੇ ਬਹੁਤ ਜ਼ਿਆਦਾ ਭੋਜਨ ਕਰਦੇ ਹਨ। ਕਈ ਬਾਰ ਗੰਭੀਰ ਹਾਲਤ ਵਿੱਚ ਈਸੋਫੀਗਲ ਹੰਝੂ, ਗੈਸਟ੍ਰਿਕ ਫਟਣਾ ਅਤੇ ਖਤਰਨਾਕ ਕਾਰਡੀਅਕ ਐਰੀਥਮੀਆ ਦੀ ਸੰਭਾਵਨਾ ਹੋ ਸਕਦੀ ਹੈ। ਮਾਹਿਰ ਵੱਲੋਂ ਡਾਇਗਨੋਜ਼ ਅਤੇ ਇਲਾਜ਼ ਜ਼ਰੂਰੀ ਹੋ ਜਾਂਦਾ ਹੈ।

**ਨੋਟ :** ਖਾਣ-ਪੀਣ ਨਾਲ ਜੁੜੇ ਰੋਗਾਂ ਦੀ ਹਾਲਤ ਵਿੱਚ ਬਿਨਾ ਦੇਰੀ ਮਾਹਿਰ ਦੀ ਸਲਾਹ ਲੈਣ ਅਤੇ ਇਲਾਜ਼ ਦੌਰਾਣ ਲਾਪ੍ਰਵਾਹੀ ਖਤਰਨਾਕ ਸਾਬਿਤ ਹੋ ਸਕਦੀ ਹੈ। ਬਿਮਾਰੀ ਦੀ ਹਾਲਤ ਵਿੱਚ ਸਾਈਕੋ-ਥੈਰੇਪੀ, ਐਂਟੀ-ਡਿਪ੍ਰੈਸੈਂਟਸ ਅਤੇ ਰਜਿਸਟਰਡ ਪੋਸ਼ਣ ਮਾਹਿਰ ਹੈਲਪ ਕਰ ਸਕਦਾ ਹੈ।

# ਪੈਰਾਂ ਦੀ ਦਰਦ !

ਸੀਤੇਸ਼ ਕੁਮਾਰ ਦਿਵੇਦੀ

ਪੈਰਾਂ ਵਿਚ ਕਈ ਤਰ੍ਹਾਂ ਦੇ ਜ਼ਖ਼ਮ ਹੁੰਦੇ ਹਨ, ਕਈ ਤਰ੍ਹਾਂ ਦੀ ਦਰਦ ਹੁੰਦੀ ਹੈ ਪਰ ਔਰਤਾਂ ਹੋਣ ਜਾਂ ਮਰਦ, ਸਭ ਇਸ ਪ੍ਰਤੀ ਲਾਪ੍ਰਵਾਹ ਮਿਲ ਜਾਂਦੇ ਹਨ। ਜੋ ਪੈਰ ਸਰੀਰ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਉਸ ਦੇ ਭਾਰ ਨੂੰ ਢੋਂਦੇ ਹਨ ਤਾਂ ਉਨ੍ਹਾਂ ਪ੍ਰਤੀ ਲਗਾਤਾਰ ਉਦਾਸੀਨਤਾ ਕਿਸੇ ਵੱਡੀ ਸਮੱਸਿਆ ਦਾ ਕਾਰਨ ਬਣ ਸਕਦੀ ਹੈ। ਹਰ ਰੋਜ਼ ਇਸ਼ਨਾਨ ਕਰਦੇ ਸਮੇਂ, ਪੈਰ ਧੋਂਦੇ ਸਮੇਂ ਅਤੇ ਰਾਤ ਨੂੰ ਸੌਂਦੇ ਸਮੇਂ ਕੁਝ ਮਿੰਟ



ਵੀ ਇਨ੍ਹਾਂ ਵੱਲ ਧਿਆਨ ਦਿਓ ਤਾਂ ਆਉਣ ਵਾਲੇ ਦਿਨਾਂ ਦੀ ਕਿਸੇ ਵੱਡੀ ਪ੍ਰੇਸ਼ਾਨੀ ਤੋਂ ਬਚ ਸਕਦੇ ਹਨ। ਸਾਵਧਾਨੀ ਨਾ ਵਰਤਣ ਕਾਰਨ ਸਾਧਾਰਨ ਤੌਰ 'ਤੇ ਧੂੜ-ਮਿੱਟੀ ਦੀ ਪਰਤ ਜੰਮ ਜਾਂਦੀ ਹੈ। ਚਮੜੀ ਖੁਰਦਰੀ ਹੋ ਜਾਂਦੀ ਹੈ। ਅੱਡੀਆਂ ਫਟ ਜਾਂਦੀਆਂ ਹਨ। ਨਹੁੰ ਟੁੱਟ ਜਾਂ ਫਟ ਜਾਂਦੇ ਹਨ। ਜੇਕਰ ਕਿਸੇ ਵੀ ਵਿਅਕਤੀ ਦਾ ਮੂੰਹ ਅਤੇ ਪਹਿਰਾਵਾ ਸਾਫ਼-ਸੁਥਰਾ ਹੋਵੇ ਅਤੇ ਪੈਰ ਗੰਦੇ ਹੋਣ ਤਾਂ ਇਹ ਕਿਸੇ ਵੀ ਵਿਅਕਤੀ ਦੀ ਸ਼ਖ਼ਸੀਅਤ 'ਤੇ ਉਲਟ ਪ੍ਰਭਾਵ ਪਾਉਂਦਾ ਹੈ।

**ਅੱਡੀਆਂ ਦਾ ਫਟਣਾ ਅਤੇ ਦਰਦ ਹੋਣਾ :** ਪੈਰਾਂ ਦੀ ਦੇਖਭਾਲ ਦੀ ਘਾਟ ਕਾਰਨ ਇਸ ਤਰ੍ਹਾਂ ਹੁੰਦਾ ਹੈ। ਇਸ਼ਨਾਨ ਕਰਦੇ ਸਮੇਂ ਜਾਂ ਪੈਰ ਧੋਂਦੇ ਸਮੇਂ ਧਿਆਨ ਦੇ ਕੇ ਉਸ ਨੂੰ ਨਰਮ ਦੰਦਾਂ ਵਾਲੇ ਪਲਾਸਟਿਕ ਬੁਰਸ਼, ਖੁਰਦਰੇ ਕੱਪੜੇ ਜਾਂ ਸੋਪ ਪੱਥਰ ਨਾਲ ਸਾਫ਼ ਕਰੋ। ਪੈਰਾਂ ਨੂੰ ਕੱਪੜੇ ਨਾਲ ਪੂੰਝ ਕੇ ਸੁਕਾਓ। ਸਰ੍ਹੋਂ ਜਾਂ ਜੈਤੂਨ ਦਾ ਤੇਲ ਲਗਾਓ ਜਾਂ ਨਿੰਬੂ, ਗੁਲਾਬ ਜਲ ਅਤੇ ਗਲੈਸਰੀਨ ਦੇ ਮਿਸ਼ਰਨ ਨੂੰ ਲਗਾਓ। ਪੈਰਾਂ 'ਤੇ ਇਸ ਨੂੰ ਰਾਤ ਨੂੰ ਲਗਾਉਣ ਨਾਲ ਜ਼ਿਆਦਾ ਲਾਭ ਮਿਲਦਾ ਹੈ।

**ਪੈਰਾਂ 'ਚ ਸੋਜ :** ਜ਼ਿਆਦਾ ਭਾਰ ਲੈ ਕੇ ਚੱਲਣ ਜਾਂ ਪੈਰਾਂ ਨੂੰ ਜ਼ਿਆਦਾ ਸਮੇਂ ਤੱਕ ਲਟਕਾ ਕੇ ਰੱਖਣ ਨਾਲ ਪੈਰਾਂ ਵਿਚ ਸੋਜ ਪੈਦਾ ਹੁੰਦੀ ਹੈ। ਕਈ ਲੋਕਾਂ ਨੂੰ ਸਖ਼ਤ ਜੁੱਤੀਆਂ, ਚੱਪਲਾਂ, ਜ਼ਿਆਦਾ ਸਮੇਂ ਤੱਕ ਪਾਉਣ ਕਾਰਨ ਪੈਰਾਂ ਵਿਚ ਸੋਜ ਦੀ ਸ਼ਿਕਾਇਤ ਹੁੰਦੀ ਹੈ। ਹਫ਼ਤੇ ਵਿਚ ਸਿਰਫ਼ ਦੋ ਵਾਰ ਗਰਮ ਪਾਣੀ ਨੂੰ ਬਾਲਟੀ ਵਿਚ ਭਰ ਲਓ। ਉਸ ਵਿਚ ਸੇਂਧਾ ਨਮਕ ਮਿਲਾਓ ਅਤੇ ਪੈਰਾਂ ਨੂੰ ਪਾ ਕੇ ਰੱਖੋ ਤਾਂ ਬਹੁਤ ਰਾਹਤ ਮਿਲੇਗੀ।

**ਪੈਰਾਂ ਵਿਚ ਗੰਢਾਂ ਹੋਣਾ :** ਕਈ ਵਾਰ ਗਿੱਟਿਆਂ ਕੋਲ, ਪੈਰਾਂ ਦੀ ਬਾਹਰੀ ਚਮੜੀ ਮੋਟੀ ਹੋ ਜਾਂਦੀ ਹੈ, ਜੋ ਬਾਅਦ ਵਿਚ ਸਖ਼ਤ ਹੋ ਜਾਂਦੀ ਹੈ। ਇਹ ਆਪਣੇ-ਆਪ ਵੀ ਹੋ ਸਕਦੀ ਹੈ। ਇਸ ਦੇ ਹੱਲ ਲਈ ਪੈਰਾਂ ਵਿਚ ਸਹੀ ਨਾਪ ਦੀਆਂ ਜੁੱਤੀਆਂ-ਚੱਪਲਾਂ ਪਾਓ, ਜੁੱਤੀਆਂ ਸੈਂਡਲ ਤੰਗ ਨਾ ਹੋਣ। ਉਨ੍ਹਾਂ ਨੂੰ ਵਿਚ-ਵਿਚਾਲੇ ਖੋਲ੍ਹ ਕੇ ਪੈਰਾਂ ਨੂੰ ਹਵਾ ਲੱਗਣ ਦਿਓ ਅਤੇ ਜ਼ਮੀਨ ਨਾਲ ਸਪਰਸ਼ ਹੋਣ ਦਿਓ। ਗੰਢਾਂ ਨੂੰ ਸੋਪ ਸਟੋਨ ਨਾਲ ਪੋਲੇ-ਪੋਲੇ ਰਗੜ ਕੇ ਸਾਫ਼ ਕਰੋ।

**ਪੈਰਾਂ ਵਿਚ ਜ਼ਖ਼ਮ ਹੋਣਾ :** ਸ਼ੂਗਰ ਪੀੜਤਾਂ ਨੂੰ ਆਪਣੇ ਪੈਰਾਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਕਿਤੇ ਵੀ ਜ਼ਖ਼ਮ ਹੋਵੇ, ਲਾਲ ਚਕਤੇ ਦਿਸਣ ਤਾਂ ਚੌਕੰਨੇ ਹੋ ਜਾਣਾ ਚਾਹੀਦਾ ਹੈ। ਤੰਗ ਜੁੱਤੀਆਂ-ਸੈਂਡਿਲ ਅਤੇ ਸਖ਼ਤ ਚੱਪਲ ਪਾਉਣ ਨਾਲ ਉਹ ਕੱਟਦੇ ਹਨ ਜਾਂ ਛਾਲੇ ਪੈ ਜਾਂਦੇ ਹਨ ਜੋ ਜ਼ਖ਼ਮ ਵਿਚ ਬਦਲ ਜਾਂਦੇ ਹਨ। ਪੈਰਾਂ ਦੀਆਂ ਉਂਗਲੀਆਂ ਦੇ ਜ਼ਿਆਦਾ ਸਮਾਂ ਗਿੱਲਾ ਰਹਿਣ 'ਤੇ ਉਸ ਵਿਚਾਲੇ ਖਾਰਸ਼ ਹੁੰਦੀ ਹੈ। ਚਮੜੀ ਛਿਲੀ ਜਾਂਦੀ ਹੈ। ਜ਼ਖ਼ਮ ਹੋ ਜਾਂਦਾ ਹੈ ਅਤੇ ਉਸ ਵਿਚੋਂ ਪਾਣੀ ਨਿਕਲਦਾ ਹੈ। ਇਸ ਵਿਚਲੇ ਫੰਗਸ ਜਾਂ ਜ਼ਖ਼ਮ ਨੂੰ ਸੁਕਾਉਣ ਲਈ ਪਾਊਡਰ ਲਗਾਉਣਾ ਚਾਹੀਦਾ ਹੈ। ਦਵਾਈ ਦੀਆਂ ਦੁਕਾਨਾਂ ਤੋਂ ਇਸ ਲਈ ਕੋਲਡ ਕ੍ਰੀਮ ਅਤੇ ਮਲ੍ਹਮ ਵੀ ਮਿਲਦੀ ਹੈ। ਸਰ੍ਹੋਂ ਜਾਂ ਮਿੱਠੇ ਤੇਲ ਵਿਚ ਪਿਘਲਾ ਕੇ ਮੋਮ ਮਿਲਾਉਣ ਅਤੇ ਪੈਰਾਂ ਵਿਚ ਲਗਾਉਣ ਨਾਲ ਵੀ ਲਾਭ ਮਿਲਦਾ ਹੈ। ਵੈਸਲੀਨ ਅਤੇ ਐਂਟੀਸੈਪਟਿਕ ਕ੍ਰੀਮ ਲਗਾਉਣ ਨਾਲ ਵੀ ਲਾਭ ਮਿਲਦਾ ਹੈ।

**ਮੈਲ ਦੀ ਪਰਤ :** ਕਦੀ-ਕਦੀ ਪੈਰਾਂ ਦੇ ਅੰਗੂਠੇ ਤੇ ਗਿੱਟਿਆਂ ਦੇ ਕੋਲ ਮੈਲ ਦੀ ਮੋਟੀ ਪਰਤ ਜਮ ?ਹਾਂ ਹੋ ਜਾਂਦੀ ਹੈ, ਜੋ ਕਾਫ਼ੀ ਕੋਸ਼ਿਸ਼ਾਂ ਦੇ ਬਾਅਦ ਵੀ ਨਹੀਂ ਹਟਦੀ। ਜ਼ਿਆਦਾ ਰਗੜਣ ਨਾਲ ਝਰੀਟਾਂ ਪੈ ਜਾਂਦੀਆਂ ਹਨ ਜਾਂ ਖ਼ੂਨ ਨਿਕਲਣ ਲਗਦਾ ਹੈ। ਹਲਦੀ, ਨਹਾਉਣ ਦਾ ਸਾਬਣ ਤੇ ਥੋੜ੍ਹਾ ਜਿਹਾ ਗੁੜ



ਮਿਲਾ ਕੇ ਪੇਸਟ ਬਣਾਓ। ਪੇਸਟ ਨੂੰ ਮੈਲ ਵਾਲੀ ਥਾਂ 'ਤੇ ਪੱਟੀ ਬੰਨ੍ਹ ਕੇ ਰੱਖੋ, ਬਾਅਦ ਵਿਚ ਸਾਫ਼ ਕਰੋ। ਪੂਰਾ ਮੈਲ ਲਹਿ ਜਾਵੇਗਾ। ਹਲਦੀ ਦਾ ਪੀਲਾਪਨ ਨਹਾਉਣ, ਧੋਣ 'ਤੇ ਸਾਫ਼ ਹੋ ਜਾਵੇਗਾ।

**ਨਹੁੰਆਂ ਦੀ ਸਮੱਸਿਆ :** ਪੈਰਾਂ ਦੇ ਨਹੁੰ ਵੀ ਸਾਫ਼ ਰੱਖੋ। ਨੇਲ ਪਾਲਿਸ਼ ਲਗਾਤਾਰ ਬਿਲਕੁਲ ਨਾ ਲਗਾਓ। ਕੁਝ ਦਿਨ ਸਾਫ਼ ਰੱਖੋ। ਇਸ 'ਤੇ ਕੋਲਡ ਕ੍ਰੀਮ ਨਾਲ ਮਾਲਿਸ਼ ਕਰੋ।

**ਪੈਰਾਂ ਦੀ ਕਸਰਤ :** ਪੈਰਾਂ ਨੂੰ ਸੁੰਦਰ ਰੱਖਣ ਲਈ ਇਨ੍ਹਾਂ ਦੀ ਹਲਕੀ-ਹਲਕੀ ਕਸਰਤ ਕਰੋ। ਪੰਜਿਆਂ ਨੂੰ ਹੱਥਾਂ ਨਾਲ ਤੇਜ਼ੀ ਨਾਲ ਹੇਠਾਂ ਕਰੋ। ਫਿਰ ਖੋਲੋ। 15 ਵਾਰ ਇਸ ਤਰ੍ਹਾਂ ਕਰੋ। ਪੈਰਾਂ ਅਤੇ ਪੰਜਿਆਂ ਨੂੰ ਗੋਲਾਈ ਵਿਚ ਘੁਮਾਓ। ਪੈਰਾਂ ਦਾ ਖ਼ੂਨ ਸੰਚਾਰ ਚੰਗੀ ਤਰ੍ਹਾਂ ਹੋਵੇਗਾ। ਸਖ਼ਤ ਤਲੇ ਵਾਲੀ ਅਤੇ ਛੋਟੀਆਂ ਜੁੱਤੀਆਂ, ਚੱਪਲਾਂ, ਸੈਂਡਲ ਬਿਲਕੁਲ ਨਾ ਪਾਓ।

# ਚਿੱਠੀ ਲੈ ਜਾ ਵੇ ਕਾਸਦਾ ਮੇਰੀ



**ਜਗਤਾਰ ਸਿੰਘ ਮਾਨਸਾ**

ਚਿੱਠੀ, ਖ਼ਤ, ਪੱਤਰ ਦਾ ਇਹ ਤਾਂ ਨਹੀਂ ਪਤਾ ਕਿ ਇਸ ਦਾ ਮਨੁੱਖ ਨਾਲ ਕਦੋਂ ਦਾ ਸਬੰਧ ਹੈ? ਪਰ ਇਹ ਹੈ ਬਹੁਤ ਪੁਰਾਣਾ। ਚਿੱਠੀ ਦਾ ਸ਼ਬਦੀ ਅਰਥ ਸੰਦੇਸ਼ ਭੇਜਣਾ ਜਾਂ ਪ੍ਰਾਪਤ ਕਰਨਾ ਅਤੇ ਸੰਦੇਸ਼ ਰਾਹੀਂ ਹੀ ਆਪਸੀ ਗੱਲਬਾਤ ਕਰਨ ਤੋਂ ਹੈ। ਇਤਿਹਾਸ ਵਿੱਚ ਵੀ ਬਹੁਤ ਸਾਰੇ ਇਸ ਤਰ੍ਹਾਂ ਦੇ ਲਿਖੇ ਸੰਦੇਸ਼ ਪੱਤਰ ਮਿਲਦੇ ਹਨ। ਜਦੋਂ ਤੋਂ ਲਿੱਪੀ ਹੋਂਦ ਵਿੱਚ ਆ ਗਈ, ਸੰਦੇਸ਼ ਭੇਜਣੇ ਸ਼ੁਰੂ ਹੋ ਗਏ ਸਨ। ਚਿੱਠੀਆਂ ਪਹਿਲਾਂ ਕਬੂਤਰਾਂ ਜਾਂ ਕਾਸਦਾਂ ਦੁਆਰਾ ਭੇਜੀਆਂ ਜਾਂਦੀਆਂ ਸਨ। ਇਸ ਤੋਂ ਹੀ ਮੌਜੂਦਾ ਡਾਕਖਾਨਾ ਪੈਦਾ ਹੋਇਆ। ਡਾਕੀਏ ਨੂੰ ਪ੍ਰਾਹੁਣੇ ਵਾਂਗ ਉਡੀਕਿਆ ਜਾਂਦਾ ਸੀ। ਉਸ ਦੀ ਟਹਿਲ ਸੇਵਾ ਵੀ ਹੁੰਦੀ ਸੀ। ਉਸ ਨੂੰ ਚੰਗੀ ਖ਼ਬਰ ਲਈ ਸ਼ਗਨ ਵੀ ਦਿੱਤੇ ਜਾਂਦੇ ਸਨ। ਇਹ ਕੰਮ ਵੱਡੀ ਪੱਧਰ ’ਤੇ ਸਮਾਜ ਦਾ ਹਿੱਸਾ ਬਣਿਆ। ਵੀਹ ਕੁ ਸਾਲ ਪਹਿਲਾਂ ਇਨ੍ਹਾਂ ਦਾ ਪ੍ਰਚਲਣ ਆਮ ਸੀ। ਟੈਲੀਫੋਨ ਦਾ ਯੁੱਗ ਸ਼ੁਰੂ ਹੋਇਆ ਤਾਂ ਚਿੱਠੀ ਹਾਸ਼ੀਏ ’ਤੇ ਜਾਣ ਲੱਗੀ ਤਾਂ ਸੱਜਣਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਨੇ ਚਿੱਠੀਆਂ ਲਿਖਣੀਆਂ ਛੱਡ ਦਿੱਤੀਆਂ। ਗੀਤ ਆਉਣ ਲੱਗੇ;

**ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ**
**ਜਦੋਂ ਦਾ ਟੈਲੀਫੋਨ ਲੱਗਿਆ।**

ਚਿੱਠੀ ਮਿੱਤਰ, ਰਿਸ਼ਤੇਦਾਰ ਨੂੰ ਲਿਖੀ ਹੋਈ, ਦਫ਼ਤਰੀ ਚਿੱਠੀ, ਪ੍ਰੇਮ ਪੱਤਰ, ਸਿਫਾਰਸ਼ੀ ਚਿੱਠੀ, ਬੇਰੰਗ ਚਿੱਠੀ, ਦੁੱਖ ਦੀ ਚਿੱਠੀ, ਨੌਕਰੀ ਦੀ ਚਿੱਠੀ, ਵਿਆਹ ਦੀ ਸਾਹਿ ਚਿੱਠੀ, ਬੈਂਕ ਦੀ ਚਿੱਠੀ ਦੇ ਰੂਪ ਵਿੱਚ ਮਿਲਦੀਆਂ ਹਨ। ਇਤਿਹਾਸ ਵਿੱਚ ਕਈ ਪ੍ਰਸਿੱਧ ਚਿੱਠੀਆਂ ਦਾ ਜ਼ਿਕਰ ਮਿਲਦਾ ਹੈ। ਨਹਿਰੂ ਦੀਆਂ ਧੀ ਨੂੰ ਲਿਖੀਆਂ ਚਿੱਠੀਆਂ ਅਤੇ ਹੋਰ ਇਤਿਹਾਸਕ ਪ੍ਰਸਿੱਧੀ ਪ੍ਰਾਪਤ ਬੰਦਿਆਂ ਦੀਆਂ ਲਿਖੀਆਂ ਚਿੱਠੀਆਂ ਦਾ ਜ਼ਿਕਰ ਆਮ ਹੀ ਮਿਲਦਾ ਹੈ। ਆਇਨਸਟਾਈਨ ਦੇ ਅਧਿਆਪਕ ਦੁਆਰਾ ਆਇਨਸਟਾਈਨ ਦੀ ਨਾਲਾਇਕੀ ਬਾਰੇ ਉਸ ਦੀ ਮਾਤਾ ਨੂੰ ਲਿਖੀ ਚਿੱਠੀ, ਜਿਸ ਨੂੰ ਉਸ ਦੀ ਮਾਂ ਨੇ ਲੁਕੋ ਲਿਆ ਸੀ, ਪਰ ਉਹ ਇੱਕ ਵੱਡਾ ਵਿਗਿਆਨੀ ਬਣਿਆ। ਉਹ ਚਿੱਠੀ ਬਾਅਦ ਵਿੱਚ ਆਇਨਸਟਾਈਨ ਨੇ ਪੜ੍ਹੀ, ਜਿਸ ਵਿੱਚ ਉਸ ਨੂੰ ਨਾਲਾਇਕ ਲਿਖਿਆ ਗਿਆ ਸੀ, ਪਰ ਉਸ ਦੀ ਮਾਂ ਦੀ ਮਿਹਨਤ ਨੇ ਉਹ ਪੱਤਰ ਗ਼ਲਤ ਸਾਬਤ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਭੇਜਿਆ ਜ਼ਫ਼ਰਨਾਮਾ, ਉਸ ਦੇ ਜ਼ੁਲਮ ਦੇ ਖਿਲਾਫ਼ ਫ਼ਤਿਹ ਦੀ ਚਿੱਠੀ ਦੇ ਤੌਰ ’ਤੇ ਮੰਨਿਆ ਜਾਂਦਾ ਹੈ। ਇਹ ਸਿੱਖ ਇਤਿਹਾਸ ਵਿੱਚ ਵੱਡਾ ਤੇ ਉੱਚਾ ਪੱਤਰ ਮੰਨਿਆ ਜਾਂਦਾ ਹੈ। ਮਹਾਰਾਣੀ ਜਿੰਦਾਂ, ਖਾਲਸਾ ਰਾਜ ਦੀ ਚਿੰਤਾਜਨਕ ਸਥਿਤੀ ਉੱਤੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਚਿੱਠੀ ਲਿਖਦੀ ਹੈ।

ਕਾਲੇ ਪਾਣੀ ਵਿੱਚੋਂ ਕਿਸ਼ਨੇ ਦੀ ਲਿਖੀ ਚਿੱਠੀ ਜਿਉਣੇ ਮੌੜ ਨੂੰ ਬਦਲਾ ਲੈਣ ਲਈ ਪ੍ਰੇਰਿਤ ਕਰਦੀ ਹੈ। ਇਹ ਡੋਗਰ ਦੀ ਮੌਤ ਦਾ ਕਾਰਨ ਬਣਦੀ ਹੈ:

**ਕਾਲੇ ਪਾਣੀਓਂ ਮੌੜ ਨੂੰ ਖ਼ਤ ਕਿਸ਼ਨੇ ਪਾਇਆ**
**ਬਦਲਾ ਲੈ ਲਈਂ ਜਿਉਂਣਿਆ ਜੇ ਮਾਂ ਦਾ ਜਾਇਆ।**

ਅੱਜਕੱਲ੍ਹ ਰਾਜਨੀਤੀ ਵਿੱਚ ਸਿਫਾਰਸ਼ੀ ਚਿੱਠੀਆਂ ਦੀ ਚਰਚਾ ਬਹੁਤ ਰਹਿੰਦੀ ਹੈ ਕਿ ਕਿਸੇ ਅਹੁਦੇ ਲਈ ਚਿੱਠੀ ਵਿੱਚੋਂ ਕਿਸ ਦਾ ਨਾਮ ਨਿਕਲਦਾ ਹੈ। ਪਹਿਲਾਂ ਘਰਾਂ ਵਿੱਚ ਭੈਣ-ਭਾਈ ਦੀ ਖੈਰ ਸੁੱਖ ਵਜੋਂ ਫ਼ੌਜੀ ਦੀ ਚਿੱਠੀ ਬਹੁਤ ਉਡੀਕੀ ਜਾਂਦੀ ਸੀ। ਜੇਕਰ ਆ ਜਾਂਦੀ ਤਾਂ ਜ਼ਿਆਦਾਤਰ ਲੋਕ ਅਨਪੜ੍ਹ ਹੋਣ ਕਾਰਨ ਆਂਢ ਗੁਆਂਢ ਵਿੱਚੋਂ ਕੋਈ ਨਾ ਕੋਈ ਪੰਜ ਚਾਰ ਜਮਾਤਾਂ ਪੜ੍ਹਿਆ ਬੰਦਾ ਲੱਭਿਆ ਜਾਂਦਾ ਸੀ। ਪੜ੍ਹਕੇ ਚਿੱਠੀ ਕਿਸੇ ਤਾਰ ਵਿੱਚ ਪਾ ਕੇ ਟੰਗ ਦਿੱਤੀ ਜਾਂਦੀ। ਵਰ੍ਹ ?ਆਂ ਤੱਕ ਇਹ ਇੰਝ ਹੀ ਸੰਭਾਲੀਆਂ ਹੋਈਆਂ ਪਈਆਂ ਰਹਿੰਦੀਆਂ ਸਨ। ਵਾਪਸੀ ਚਿੱਠੀ ਵੀ ਭੇਜੀ ਜਾਂਦੀ ਸੀ।

ਚਿੱਠੀ ਲਿਖਣੀ ਵੀ ਕਲਾ ਹੈ, ਕਈਆਂ ਨੂੰ ਬੜੀਆਂ ਸੋਹਣੀਆਂ ਚਿੱਠੀਆਂ ਲਿਖਣੀਆਂ ਆਉਂਦੀਆਂ ਹੁੰਦੀਆਂ ਹਨ। ਸੋਹਣੇ ਸ਼ਬਦਾਂ ਦੀ ਚੋਣ ਵੀ ਇੱਕ ਕਲਾ ਹੈ। ਵਧੀਆ ਢੰਗ ਨਾਲ ਲਿਖੀ ਚਿੱਠੀ ਵੱਡੇ ਵੱਡੇ ਕੰਮ ਕਰਵਾ ਦਿੰਦੀ ਹੈ। ਲਿਖਤੁਮ ਮਤਲਬ ਪਹਿਲਾਂ ਲਿਖਣ ਵਾਲੇ ਦਾ ਨਾਮ ਲਿਖਿਆ ਜਾਂਦਾ, ਫਿਰ ਖੈਰ ਸੁੱਖ, ਫਿਰ ਘਰਾਂ ਦੇ ਫ਼ ?ਕਰ ਫਾਕੇ। ਇਸ ਲਈ ਚਿੱਠੀ ਲਿਖਣ ਵਾਲਾ ਪਹਿਲਾਂ ਕੋਈ ਵਿਸ਼ਵਾਸਯੋਗ ਵਿਅਕਤੀ ਲੱਭਣਾ ਜਾਂ ਫਿਰ ਇਹ ਕੰਮ? ਡਾਕੀਏ ਤੋਂ ਕਰਵਾਇਆ ਜਾਂਦਾ ਸੀ;

**ਚਿੱਠੀ ਲਿਖਦੇ ਪਾੜ੍ਹਿਆ ਮੇਰੀ**
**ਪਤਾਸੇ ਪੰਜ ਤੂੰ ਲੈ ਲਈਂ।**

ਆਸ਼ਕ ਦੀ ਮਸ਼ੂਕ ਨੂੰ ਪਹਿਲੀ ਚਿੱਠੀ ਸਭ ਤੋਂ ਔਖੀ ਲਿਖੀ ਜਾਂਦੀ ਸੀ। ਉਸ ਨੂੰ ਪਤਾ ਨਹੀਂ ਕਿੰਨੇ ਕਾਗਜ਼ ਖ਼ਰਾਬ ਕਰਨੇ ਪੈਂਦੇ ਸਨ। ਇਹੀ ਸੁਆਲ ਵੱਡਾ ਹੁੰਦਾ ਸੀ ਕਿ ਕਿਵੇਂ ਤੇ ਕੀ ਲਿਖਾਂ? ਹੁਣ ਮੋਬਾਈਲ ਨੇ ਸਭ ਆਸਾਨ ਕਰ ਦਿੱਤਾ ਹੈ। ਨਾਲ ਹੀ ਲਿਖੇ ਲਿਖਾਏ ਫਾਰਮੈੱਟ ਵੀ ਮਿਲ ਜਾਂਦੇ ਹਨ। ਈਮੇਲ ਵੀ ਇਸੇ ਦਾ ਰੂਪ ਹੈ। ਬਹੁਤੀ ਵਾਰ ਚਿੱਠੀ ਕਿਸੇ ਖ਼ਾਸ ਵਿਅਕਤੀ ਲਈ ਭੇਜੀ ਹੋਵੇ ਤਾਂ ਬਾਹਰ ਲਿਖਿਆ ਹੁੰਦਾ ਹੈ ਕਿ ਇਸ ਨੂੰ ਉਹੀ ਵਿਅਕਤੀ ਖੋਲ੍ਹੇ, ਪਰ ਅਸੀਂ ਇਹ ਸਲੀਕੇ ਘੱਟ ਹੀ ਸਿੱਖੇ ਹਨ। ਲੋਕ ਚੋਰੀ ਚੋਰੀ ਦੂਜਿਆਂ ਦੇ ਦਸਤਾਵੇਜ਼ ਪੜ੍ਹਨ ਲਈ ਮੌਕੇ ਦੀ ਤਾਕ ਵਿੱਚ ਰਹਿੰਦੇ ਹਨ। ਪਹਿਲਾਂ ਕਈ ਵਾਰੀ ਸਾਦੇ ਕਾਗਜ਼ ’ਤੇ ਲਿਖ ਕੇ ਵੀ ਚਿੱਠੀ ਪਾ ਦਿੱਤੀ ਜਾਂਦੀ ਸੀ, ਇਸ ਨੂੰ ਬੇਰੰਗ ਚਿੱਠੀ ਕਿਹਾ ਜਾਂਦਾ ਸੀ;

**ਜਦ ਆਉਂਦੀਆਂ ਕਲੇਜੇ ਸੱਲ ਪਾਉਂਦੀਆਂ**
**ਤੇਰੀਆਂ ਬੇਰੰਗ ਚਿੱਠੀਆਂ।**

ਸਾਹਿ ਬੰਨ੍ਹੀ ਚਿੱਠੀ ਸਾਦੇ ਕਾਗਜ਼ ’ਤੇ ਮੌਲੀਆਂ ਬੰਨ੍ਹ ਕੇ ਹਲਦੀ ਲਾ ਕੇ ਭੇਜੀਆਂ ਜਾਂਦੀਆਂ ਹਨ। ਅਜਿਹੀ ਚਿੱਠੀ ਨੂੰ ਲੋਕ ਬੇਸਬਰੀ ਨਾਲ ਉਡੀਕਦੇ ਹਨ। ਅੱਜਕੱਲ੍ਹ ਬਾਜ਼ਾਰ ਵਿੱਚ ਸੋਹਣੀਆਂ ਸੋਹਣੀਆਂ ਰੇਡੀਮੇਡ ਚਿੱਠੀਆਂ ਮਿਲਦੀਆਂ ਹਨ। ਅਜਿਹੀਆਂ ਚਿੱਠੀਆਂ ਆਉਣ ’ਤੇ ਭੰਗੜੇ ਪੈਂਦੇ ਨੇ ਅਤੇ ਗੀਤ ਗਾਏ ਜਾਂਦੇ ਨੇ;

**ਸ਼ਗਨਾਂ ਵਾਲੀ ਵੀਰ ਦੀ**
**ਸਾਹਿ ਚਿੱਠੀ ਮੈਂ ਤੇਲ ਚੋ ਚੋ ਲੰਘਾਈ**
**ਮੈਂ ਵਾਰੀ।**

***

**ਸਹੁਰੇ ਰਾਜੇ ਸਾਹਿ ਬੰਨ੍ਹਿਆ**
**ਵੀਰੇ ਬਾਬਲ ਸ਼ਗਨ ਮਨਾਏ**
**ਮੈਂ ਵਾਰੀ।**

***

**ਮੰਨ ਵਧਾਈਆਂ ਮਾਂ ਰਾਣੀਏ**
**ਤੇਰੇ ਘਰ ਸ਼ਗਨ ਆਏ**
**ਮੈਂ ਵਾਰੀ।**

ਇਸ ਤਰ੍ਹਾਂ ਹੀ ਪਾਟੀ ਹੋਈ ਚਿੱਠੀ ਕਿਸੇ ਦੇ ਮਰਨ ਦਾ ਸੁਨੇਹਾ ਮੰਨੀ ਜਾਂਦੀ ਸੀ। ਬਹੁਤੀ ਵਾਰ ਵੈਸੇ ਹੀ ਚਿੱਠੀ ਪਾਟ ਜਾਂਦੀ ਤਾਂ ਰੋਣੇ ਧੋਣੇ ਸ਼ੁਰੂ ਹੋ ਜਾਂਦੇ ਸਨ। ਕਹਿੰਦੇ ਨੇ ਇੱਕ ਵਾਰ ਕਿਸੇ ਮਹਾਜਨ ਪਰਿਵਾਰ ਦੇ ਘਰ ਲੰਡੇ ਇਬਾਰਤ ਵਿੱਚ ਲਿਖੀ ਹੋਈ ਚਿੱਠੀ ਆਈ ਕਿ ਲਾਲਾ ਜੀ ਅਜਮੇਰ ਗਏ। ਅੱਗੇ ਵਾਲਿਆਂ ਨੇ ਲਗਾਂ-ਮਾਤਰਾਂ ਗ਼ਲਤ ਸਮਝ ਲਈਆਂ। ਉਨ੍ਹਾਂ ਲਿਖਿਆ ਹੋਇਆ ਪੜ੍ਹਿਆ ਕਿ ਲਾਲਾ ਜੀ ਅੱਜ ਮਰ ਗਏ। ਰੋਣੇ ਧੋਣੇ ਸ਼ੁਰੂ ਹੋ ਗਏ। ਮੇਰੇ ਮਾਮਾ ਜੀ ਨੇ ਫ਼ੌਜ ਵਿੱਚੋਂ ਚਿੱਠੀ ਲਿਖੀ ਕਿ ਮੇਰਾ ਟੌਵਲ (towel) ਭੇਜ ਦਿਓ, ਪੜ੍ਹਨ ਵਾਲੇ ਨੂੰ ਅੰਗਰੇਜ਼ੀ ਨਾ ਆਵੇ। ਉਹ ਟੁੱਟੀ ਫੁੱਟੀ ਅੰਗਰੇਜ਼ੀ ਪੜ੍ਹ ਕਹਿੰਦਾ ਤਬਲਾ ਮੰਗਵਾਇਆ ਹੈ। ਮੇਰੀ ਨਾਨੀ ਮਿੱਟੀ ਦਾ ਵਧੀਆ ਤਬਲਾ ਚੁੱਕੀ ਫਿਰੇ।

ਪੰਜਾਬੀ ਸਾਹਿਤ ਵਿੱਚ ਵੀਹ ਕੁ ਸਾਲ ਪਹਿਲਾਂ ਤੱਕ ਚਿੱਠੀ ਸ਼ਬਦ ’ਤੇ ਆਮ ਗੀਤ, ਟੱਪੇ, ਬੋਲੀਆਂ ਤੇ ਬਾਤਾਂ ਲਿਖੀਆਂ ਜਾਂਦੀਆਂ ਸਨ, ਪਰ ਟੈਲੀਫੋਨ, ਮੋਬਾਈਲ ਦੇ ਰੁਝਾਨ ਨੇ ਇਹ ਖ਼ਤਮ ਕਰ ਦਿੱਤੇ ਹਨ। ਹੁਣ ਇਸ ਤਰ੍ਹਾਂ ਦੀਆਂ ਰਚਨਾਵਾਂ ਨਹੀਂ ਸੁਣਨ ਨੂੰ ਮਿਲਦੀਆਂ;

**ਚਿੱਠੀ ਲਿਖਤੀ ਮੈਂ ਸਾਰੀ**
**ਮੇਰੀ ਮੱਤ ਗਈ ਮਾਰੀ**
**ਪੂਰੀ ਕਰਕੇ ਤਿਆਰੀ**
**ਜਦ ਲਿਖਣ ਲੱਗੀ ਮੈਂ ਤੇਰਾ ਨਾਂ**
**ਚੰਨਾ ਮੈਂ ਤੇਰਾਂ ਨਾ ਭੁੱਲਗੀ।**

***

**ਚਿੱਠੀਏ ਨੀਂ ਚਿੱਠੀਏ**
**ਹੰਝੂਆਂ ਨਾਲ ਲਿਖੀਏ।**

***

**ਮੈਂ ਚਿੱਠੀ ਲਿਖਾਂ ਤੈਨੂੰ**
**ਹੱਥਾਂ ਗੋਰਿਆਂ ਦੇ ਨਾਲ ਵੇ**
**ਹੋਰ ਸਾਰੇ ਸੁੱਖ ਚੰਨਾ**
**ਸਾਡਾ ਬੁਰਾ ਹਾਲ ਵੇ।**

***

**ਐਡਾ ਖ਼ਤ ਲਿਖਕੇ ਪਾ ਸੱਜਣਾ**
**ਮੇਰੀ ਉਮਰ ਬੀਤ ਜਾਏ ਪੜ੍ਹਦੀ ਦੀ।**

***

**ਚਿੱਠੀਆਂ ਸਾਹਿਬਾਂ ਜੱਟੀ ਨੇ**
**ਲਿਖ ਮਿਰਜ਼ੇ ਨੂੰ ਪਾਈਆਂ।**

***

**ਕਾਵਾਂ ਵੇ ਸੁਣ ਕਾਵਾਂ**
**ਜਾਂਦਾ ਹੋਇਆ ਦੱਸ ਨਾ ਗਿਆ**
**ਲਿਖ ਚਿੱਠੀਆਂ ਕਿੱਧਰ ਨੂੰ ਪਾਵਾਂ।**

***

**ਚਿੱਠੀ ਪਾ ਵੇ ਅੰਮਾਂ ਦਿਆ ਜਾਇਆ**
**ਭੈਣ ਪ੍ਰਦੇਸਣ ਨੂੰ।**

ਚਿੱਠੀ ਦੁੱਖ-ਸੁੱਖ ਤੇ ਪੰਜਾਬੀ ਸੱਭਿਆਚਾਰ, ਪੰਜਾਬੀ ਜੀਵਨ ਤੇ ਪੰਜਾਬੀ ਸਾਹਿਤ ਦਾ ਬਹੁਤ ਪਿਆਰਾ ਤੇ ਨਾ ਭੁੱਲਣਯੋਗ ਹਿੱਸਾ ਰਿਹਾ ਹੈ। ਤਕਨੀਕ ਨੇ ਬਹੁਤ ਕੁਝ ਬਦਲ ਦਿੱਤਾ। ਉੱਥੇ ਹੀ ਇਹ ਚਿੱਠੀ ਨੂੰ ਨਿਗਲ ਗਈ। ਹੁਣ ਚਿੱਠੀ ਸਿਰਫ਼ ਸਕੂਲਾਂ ਦੀਆਂ ਕਿਤਾਬਾਂ ਵਿੱਚ ਬੱਚਿਆਂ ਦੇ ਲਿਖਣ ਦੀ ਸ਼ੈਅ ਬਣ ਕੇ ਰਹਿ ਗਈ ਹੈ, ਜਿਸ ਪ੍ਰਤੀ ਨਾ ਅਧਿਆਪਕ ਅਤੇ ਨਾ ਹੀ ਬੱਚੇ ਸੁਹਿਰਦ ਹਨ। ਹਾਂ ਅੱਜਕਲ੍ਹ ਕਦੇ ਕਦੇ ਬੈਂਕ ਤੋਂ ਜਾਂ ਸਰਕਾਰੀ ਚਿੱਠੀਆਂ ਆ ਜਾਂਦੀਆਂ ਹਨ। ਉਨ੍ਹਾਂ ਦਾ ਬੱਚਿਆਂ ਨਾਲ ਕੋਈ ਸਬੰਧ ਨਹੀਂ ਹੁੰਦਾ। ਨਵੇਂ ਬੱਚੇ ਇਸ ਤੋਂ ਦੂਰ ਹਨ। ਉਹ ਇਸ ਦਾ ਇਤਿਹਾਸ ਜਾਂ ਮਹੱਤਵ ਨਹੀਂ ਜਾਣਦੇ। ਸਕੂਲਾਂ ਵਿੱਚ ਇਹ ਕਲਾ ਜ਼ਰੂਰ ਸਿਖਾਉਣੀ ਚਾਹੀਦੀ ਹੈ ਤਾਂ ਕਿ ਇਸ ਦਾ ਵਜੂਦ ਕਾਇਮ ਰਹਿ ਸਕੇ।









# ਮਨੁੱਖ ਦਾ ਸੁਰੱਖਿਆ ਕਵਚ ਲੰਮੇ ਕੇਸ

ਸਿਰ ਉੱਤੇ ਲੰਮੇ ਕੇਸ ਮਨੁੱਖਤਾ ਦੀ ਵਿਲੱਖਣਤਾ ਹੈ। ਇਹ ਇੱਕ ਵਿਗਿਆਨਕ ਤੱਥ ਹੈ ਕਿ ਮਨੁੱਖ ਦੇ ਹੀ ਸਿਰ ਦੇ ਵਾਲ ਇੰਨੀ ਜ਼ਿਆਦਾ ਲੰਬਾਈ ਤਕ ਵਧੇ ਹਨ, ਜਦੋਂਕਿ ਇਸੇ ਜਾਤੀ ਦੇ ਹੋਰ ਜੀਵਾਂ ਦੇ ਸਿਰ ਦੇ ਵਾਲ ਇਸ ਲੰਬਾਈ ਤੱਕ ਨਹੀਂ ਵਧਦੇ। ਕੁਦਰਤ ਦਾ ਵਿਕਾਸ ਯੋਜਨਾਬੱਧ ਤਰੀਕੇ ਨਾਲ ਹੋ ਰਿਹਾ ਹੈ। ਜਿਉਂ ਜਿਉਂ ਮਨੁੱਖ ਦੇ ਦਿਮਾਗ਼ ਦਾ ਵਿਕਾਸ ਹੁੰਦਾ ਗਿਆ, ਤਿਉਂ ਤਿਉਂ ਇਸ ਦੇ ਸਿਰ ਦੇ ਵਾਲ ਵੀ ਲੰਮੇ ਹੁੰਦੇ ਗਏ।ਬਾਕੀ ਬਾਂਦਰ ਅਤੇ ਅਜਿਹੇ ਹੋਰ ਥਣਧਾਰੀ ਜੀਵਾਂ ਨਾਲੋਂ ਮਨੁੱਖ ਦਾ ਦਿਮਾਗ਼ ਸੱਤ ਗੁਣਾ ਵੱਡਾ ਹੈ। ਮਨੁੱਖੀ ਦਿਮਾਗ਼ ਸਮੁੱਚੀ ਕਾਇਨਾਤ ਦਾ ਸਭ ਤੋਂ ਉਪਰਲਾ ਸਿਰਾ ਹੈ। ਦਿਮਾਗ਼ ਸਿਰ ਵਿੱਚ ਹੈ। ਸਾਰੀ ਕਾਇਨਾਤ ਵਿੱਚ ਸਿਰਫ਼ ਮਨੁੱਖ ਹੀ ਇੱਕ ਅਜਿਹਾ ਜੀਵ ਹੈ ਜਿਸ ਦੇ ਸਿਰ ਉੱਤੇ ਲੰਮੇ ਵਾਲ ਹਨ। ਵਿਗਿਆਨਕ ਪੱਖ ਤੋਂ ਕਿਸੇ ਜੀਵ ਨੂੰ ਮਨੁੱਖ ਤਾਂ ਹੀ ਕਿਹਾ ਜਾਂਦਾ ਹੈ ਜੇ ਉਸ ਦੇ ਸਿਰ ਉੱਤੇ ਲੰਬੇ ਵਾਲ ਹੋਣ।

ਕੇਸ ਕੁਦਰਤ ਵੱਲੋਂ ਨਿਰਧਾਰਿਤ ਨਿਸ਼ਚਿਤ ਲੰਬਾਈ ਤੱਕ ਹੀ ਵਧਦੇ ਹਨ।ਜੇ ਕੇਸ ਕੱਟ ਵੀ ਦਿੱਤੇ ਜਾਣ ਤਾਂ ਫਿਰ ਉਸੇ ਲੰਬਾਈ ਤੱਕ ਹੀ ਦੁਬਾਰਾ ਆ ਜਾਂਦੇ ਹਨ, ਨਾ ਵੱਧ ਤੇ ਨਾ ਹੀ ਘੱਟ।

ਕੇਸ ਮਨੁੱਖ ਦੀ ਸ਼ਖ਼ਸੀ, ਲਿੰਗਕ, ਨਸਲੀ ਅਤੇ ਭੂਗੋਲਿਕ ਪਛਾਣ ਵੀ ਹਨ। ਹਰ ਭੂਗੋਲਿਕ ਖੇਤਰ ਦੀਆਂ ਜ਼ਰੂਰਤਾਂ ਜੀਵਨ ਸ਼ੈਲੀ ਮੁਤਾਬਿਕ ਵੱਖ ਵੱਖ ਹੁੰਦੀਆਂ ਹਨ। ਜ਼ਰੂਰਤ ਅਨੁਕੂਲ ਬਣਾਉਣ ਲਈ ਸਰੀਰਕ ਬਣਤਰ ਵਿੱਚ ਸੋਧ ਹੁੰਦੀ ਰਹਿੰਦੀ ਹੈ। ਸੋਧ ਜੀਵ ਦੀ ਹੋਂਦ ਨੂੰ ਕਾਇਮ ਰੱਖਦੀ ਹੈ। ਜੀਵਨ ਸ਼ੈਲੀ ਅਨੁਸਾਰ ਵਾਲਾਂ ਦੀ ਬਣਤਰ ਵਿੱਚ ਵੀ ਯੋਜਨਾਬੱਧ ਵਿਕਾਸ ਰਾਹੀਂ ਸੋਧ ਹੁੰਦੀ ਰਹੀ ਹੈ। ਸਭ ਤੋਂ ਪਹਿਲਾ ਮਨੁੱਖ ਭੂ-ਮੱਧ ਰੇਖਾ ਦੇ ਨੇੜੇ ਰਹਿੰਦਾ ਸੀ। ਹੌਲੀ ਹੌਲੀ ਉਹ ਭੂ-ਮੱਧ ਰੇਖਾ ਤੋਂ ਦੂਰ ਜਾਣਾ ਸ਼ੁਰੂ ਹੋਇਆ। ਉੱਥੇ ਵਾਤਾਵਰਣ ਵਿੱਚ ਪਰਾਬੈਂਗਣੀ (ਯੂ.ਵੀ.) ਕਿਰਨਾਂ ਦੀ ਮਾਤਰਾ ਘੱਟ ਸੀ। ਇਹ ਕਿਰਨਾਂ ਵਿਟਾਮਿਨ ਡੀ ਬਣਾਉਣ ਲਈ ਲੋੜੀਂਦੀਆਂ ਹਨ। ਵਿਟਾਮਿਨ ਡੀ ਸਰੀਰ ਦੇ ਹਰ ਕਾਰਜ ਲਈ ਲੋੜੀਂਦਾ ਹੈ। ਪਰਾਬੈਂਗਣੀ ਕਿਰਨਾਂ ਦੀ ਲੋੜੀਂਦੀ ਮਾਤਰਾ ਨੂੰ ਜਜ਼ਬ ਕਰਨ ਲਈ ਵਾਲਾਂ ਦੀ ਬਣਤਰ ਵਿੱਚ ਤਬਦੀਲੀ ਆਈ। ਵਾਲ ਘੱਟ ਘੁੰਗਰਾਲੇ, ਸਿੱਧੇ ਅਤੇ ਸੰਘਣੇ ਹੋ ਗਏ। ਵੰਸ਼ ਅਣੂਆਂ ਅਰਥਾਤ ਜੀਨਾਂ ਵਿੱਚ ਵੀ ਤਬਦੀਲੀ ਹੋਈ। ਜੀਨ ਵਾਲਾਂ ਦੀ ਬਣਤਰ ਨੂੰ ਨਿਯੰਤਰਿਤ ਕਰਦੇ ਹਨ। ਜੈਨੇਟਿਕ ਬਣਤਰ ਉੱਤੇ ਸਰੀਰ ਦੀਆਂ ਕਿਰਿਆਵਾਂ ਨਿਰਭਰ ਕਰਦੀਆਂ ਹਨ। ਅਗਲੇਰੇ ਵੰਸ਼ਾਂ ਵਿੱਚ ਵਾਲ ਅਜਿਹੇ ਹੀ ਆਉਣੇ ਸ਼ੁਰੂ ਹੋ ਗਏ। ਗਰਮੀ ਸਿਰ ਅਤੇ ਚਿਹਰੇ ਦੇ ਵਾਲਾਂ ਰਾਹੀਂ ਜ਼ਿਆਦਾ ਆਦਾਨ ਪ੍ਰਦਾਨ ਹੁੰਦੀ ਹੈ। ਇਸ ਲਈ ਠੰਢੇ ਮੁਲਕਾਂ ਵਿੱਚ ਸਿਰ ਦੇ ਵਾਲ ਵਧੇਰੇ ਸੰਘਣੇ ਹੁੰਦੇ ਗਏ।

ਇਹ ਤਬਦੀਲੀਆਂ ਕੁਦਰਤ ਦੀ ਖ਼ਾਸ ਯੋਜਨਾ ਮੁਤਾਬਿਕ ਹਨ। ਗੁਰੂ ਨਾਨਕ ਦੇਵ ਜੀ ਨੇ ਜਪੁ ਬਾਣੀ ਵਿੱਚ ਉਚਾਰਨ ਕੀਤਾ ਹੈ: ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥ ਮਨੁੱਖੀ ਸਰੀਰ ਦਾ ਆਕਾਰ ਹੁਕਮ ਵਿੱਚ ਹੀ ਹੋਇਆ ਹੈ। ਵਾਲਾਂ ਦੀ ਬਣਤਰ ਵੀ ਖ਼ਾਸ ਕਾਇਦੇ ਮੁਤਾਬਿਕ ਹੋਈ ਹੈ। ਸਰੀਰ ਉੱਤੇ ਕੇਸਾਂ ਦੀ ਘਾੜਤ ਗਰਭ ਦੌਰਾਨ ਹੀ ਸ਼ੁਰੂ ਹੋ ਜਾਂਦੀ ਹੈ। ਫਿਰ ਸਾਰੀ ਉਮਰ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ। ਜਨਮ ਤੋਂ ਪਹਿਲਾਂ ਦੇ ਵਾਲ, ਬਚਪਨ ਦੇ ਵਾਲ ਅਤੇ ਕਿਸ਼ੋਰ ਉਮਰ ਦੇ ਵਾਲਾਂ ਦੀ ਬਣਤਰ ਜ਼ਰੂਰਤ ਮੁਤਾਬਿਕ ਭਿੰਨ ਭਿੰਨ ਹੁੰਦੀ ਹੈ। ਸਰੀਰ ਦੇ ਹਰ ਭਾਗ ਦੇ ਵਾਲਾਂ ਦੀ ਬਣਤਰ ਵੀ ਭਿੰਨ ਭਿੰਨ ਹੁੰਦੀ ਹੈ। ਔਰਤ ਤੇ ਮਰਦ ਦੇ ਵਾਲਾਂ ਦਾ ਖਿਲਾਰ ਵੀ ਵੱਖ ਵੱਖ ਹੁੰਦਾ ਹੈ।ਵਾਲ ਸਰੀਰ ਦੇ ਅੰਗਾਂ ਦੀ ਦੇਖਭਾਲ ਲਈ ਮਹੱਤਵਪੂਰਨ ਹਨ। ਇਹ ਰੋਗਾਣੂਆਂ ਲਈ ਵਾੜ ਹਨ। ਇਹ ਸਾਡਾ ਸੁਰੱਖਿਆ ਕਵਚ ਹਨ।



ਕੇਸਾਂ ਦੀ ਜ਼ਰੂਰਤ ਕਿਸੇ ਖ਼ਾਸ ਫ਼ ?ਰਕੇ ਜਾਂ ਧਰਮ ਨਾਲ ਸਬੰਧਿਤ ਲੋਕਾਂ ਨੂੰ ਨਹੀਂ ਸਗੋਂ ਇਹ ਹਰ ਮਨੁੱਖ ਲਈ ਇੱਕੋ ਜਿੰਨੀ ਮਹੱਤਤਾ ਰੱਖਦੇ ਹਨ। ਸਰੀਰ ਦੇ ਹਰ ਅੰਗ ਉੱਤੇ ਉੱਗੇ ਵਾਲਾਂ ਦਾ ਆਪਣਾ ਹੀ ਮਨੋਰਥ ਹੈ। ਅੱਖਾਂ ਦੀਆਂ ਪੁਤਲੀਆਂ ਗਰਭ ਦੌਰਾਨ ਅੱਖਾਂ ਨੂੰ ਗਰਭਕੋਸ਼ ਵਿਚਲੇ ਪਾਣੀ ਤੋਂ ਬਚਾਉਂਦੀਆਂ ਹਨ। ਅੱਖਾਂ ਨੂੰ ਭਰਵੱਟੇ ਧੁੱਪ, ਪਸੀਨੇ ਅਤੇ ਮਿੱਟੀ ਘੱਟੇ ਤੋਂ ਬਚਾਉਂਦੇ ਹਨ। ਪਲਕਾਂ ਦੇ ਵਾਲਾਂ ਦੀਆਂ ਜੜ੍ਹਾਂ ਨਸਤੰਤੂਆਂ ਕਾਰਨ ਅੱਖਾਂ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ। ਕੀੜੇ ਆਦਿ ਤੋਂ ਖ਼ਤਰੇ ਦੀ ਇਤਲਾਹ ਝੱਟ ਮਿਲ ਜਾਂਦੀ ਹੈ। ਜਿਨ੍ਹਾਂ ਦੀਆਂ ਪਲਕਾਂ ਨਹੀਂ ਹੁੰਦੀਆਂ, ਉਨ੍ਹਾਂ ਨੂੰ ਅੱਖਾਂ ਦੀ ਇਨਫੈਕਸ਼ਨ ਵਾਰ ਵਾਰ ਹੁੰਦੀ ਰਹਿੰਦੀ ਹੈ। ਅੰਨ੍ਹਾਪਣ ਵੀ ਹੋ ਸਕਦਾ ਹੈ।

ਕੰਨਾਂ ਵਿਚਲੇ ਵਾਲ ਅਤੇ ਵਾਲਾਂ ਦੇ ਸੈੱਲ ਬਹੁਤ ਮਹੱਤਵਪੂਰਨ ਹਨ।ਬਾਹਰਲੇ ਕੰਨਾਂ ਵਿਚਲੇ ਵਾਲ ਕੰਨਾਂ ਦੀ ਟਿਊਬ ਨੂੰ ਸਾਫ਼ ਰੱਖਦੇ ਹਨ। ਜੇ ਟਿਊਬ ਬਲੌਕ ਹੋ ਜਾਵੇ ਤਾਂ ਸੁਣਨ ਵਿੱਚ ਵਿਘਨ ਪੈਂਦਾ ਹੈ। ਵਾਲ ਆਵਾਜ਼ਾਂ ਦੀ ਤੀਬਰਤਾ ਨੂੰ ਵੀ ਨਿਯਮਿਤ ਕਰਦੇ ਹਨ ਜਿਸ ਨਾਲ ਕੰਨ ਦਾ ਪਰਦਾ ਸੁਰੱਖਿਅਤ ਰਹਿੰਦਾ ਹੈ। ਅੰਦਰਲੇ ਕੰਨਾਂ ਵਿੱਚ ਪਰਦੇ ਦੇ ਅੰਦਰਵਾਰ ਵਾਲਾਂ ਦੇ ਸੈੱਲ ਹੁੰਦੇ ਹਨ। ਇਹ ਸੈੱਲ ਆਵਾਜ਼ਾਂ ਨੂੰ ਬਿਜਲੀ ਦੀਆਂ ਤਰੰਗਾਂ ਵਿੱਚ ਬਦਲ ਦਿੰਦੇ ਹਨ। ਇਹ ਤਰੰਗਾਂ ਦਿਮਾਗ਼ ਤੱਕ ਪਹੁੰਚਦੀਆਂ ਹਨ। ਜੇ ਵਾਲਾਂ ਦੇ ਇਹ ਸੈੱਲ ਨਾ ਹੁੰਦੇ ਤਾਂ ਮਨੁੱਖ ਬੋਲਾ ਹੀ ਹੁੰਦਾ। ਬਜ਼ੁਰਗਾਂ ਵਿੱਚ ਇਹ ਸੈੱਲ ਘੱਟ ਹੁੰਦੇ ਜਾਂਦੇ ਹਨ। ਇਸੇ ਕਾਰਨ ਬਜ਼ੁਰਗਾਂ ਵਿੱਚ ਉੱਚਾ ਸੁਣਨ ਦੀ ਸਮੱਸਿਆ ਆਮ ਹੀ ਹੁੰਦੀ ਹੈ। ਇਹ ਸੈੱਲ ਦੁਬਾਰਾ ਨਹੀਂ ਬਣਦੇ ਅਤੇ ਅਜਿਹਾ ਬੋਲਾਪਣ ਠੀਕ ਨਹੀਂ ਹੁੰਦਾ। ਅੰਦਰਲੇ ਕੰਨਾਂ ਵਿੱਚ ਤਰਲ ਪਦਾਰਥ ਨਾਲ ਭਰੀਆਂ ਹੋਈਆਂ ਟਿਊਬਾਂ ਹੁੰਦੀਆਂ ਹਨ। ਇਨ੍ਹਾਂ ਟਿਊਬਾਂ ਵਿੱਚ ਵੀ ਵਾਲ ਹੁੰਦੇ ਹਨ।

ਡਾ. ਦਰਸ਼ਨਜੋਤ ਕੌਰ

ਵਾਲਾਂ ਦੀ ਹਿਲਜੁਲ ਤੋਂ ਦਿਮਾਗ਼ ਤੱਕ ਸਿਗਨਲ ਪਹੁੰਚ ਕੇ ਸਰੀਰ ਦੀ ਹਿਲਜੁਲ ਦਾ ਸੁਨੇਹਾ ਦਿਮਾਗ਼ ਨੂੰ ਦੇ ਦਿੰਦੇ ਹਨ। ਜੇ ਇਸ ਕੰਮ ਵਿੱਚ ਵਿਘਨ ਪੈ ਜਾਵੇ ਤਾਂ ਮਨੁੱਖ ਸਿੱਧਾ ਖੜ੍ਹਾ ਵੀ ਨਹੀਂ ਹੋ ਸਕਦਾ, ਚੱਕਰ ਆਉਣ ਲੱਗ ਜਾਂਦੇ ਹਨ। ਇਨ੍ਹਾਂ ਵਾਲਾਂ ਦੀ ਅਣਹੋਂਦ ਵਿੱਚ ਅਸੀਂ ਡਿੱਗਦੇ ਹੀ ਰਹਾਂਗੇ। ਸਭ ਕੁਝ ਹਿਲਦਾ ਹੀ ਲੱਗੇਗਾ, ਜਿਵੇਂ ਸਲਾਈਡ ਸ਼ੋਅ ਹੋਵੇ।

ਸੁੰਘਣ ਸ਼ਕਤੀ, ਸਾਹ ਪ੍ਰਣਾਲੀ ਦੀ ਏਅਰ ਕੰਡੀਸ਼ਨਿੰਗ, ਬਿਮਾਰੀਆਂ ਦੇ ਕਿਰਮਾਂ ਨੂੰ ਅੰਦਰ ਜਾਣ ਤੋਂ ਰੋਕਣਾ ਅਤੇ ਸਾਹ ਪ੍ਰਣਾਲੀ ਨੂੰ ਸਾਫ਼ ਰੱਖਣਾ ਨੱਕ ਵਿਚਲੇ ਵਾਲਾਂ ਉੱਤੇ ਨਿਰਭਰ ਹੈ। ਕੇਸ ਸਰੀਰ ਦੀ ਫ਼ੌਜ ਹਨ। ਇਨ੍ਹਾਂ ਨੇ ਸਮੁੱਚੇ ਸਰੀਰ ਦੀ ਕਿਲਾਬੰਦੀ ਕੀਤੀ ਹੋਈ ਹੈ। ਲੋੜ ਮੁਤਾਬਿਕ ਕਿਤੇ ਇਹ ਲੰਮੇ ਹਨ, ਕਿਤੇ ਛੋਟੀ ਛੋਟੀ ਲੂੰਈ ਦੀ ਤਰ੍ਹਾਂ। ਸਰੀਰ ਦੀ ਇਹ ਫ਼ੌਜ ਸਰੀਰ ਦੇ ਨੌਂ ਦਰਵਾਜ਼ਿਆਂ ਦੇ ਬਾਹਰ ਵਧੇਰੇ ਗਿਣਤੀ ਵਿੱਚ ਹੈ।

ਕੁਦਰਤ ਦਾ ਨਿਯਮ ਹੈ ਕਿ ਜਿਨ੍ਹਾਂ ਅੰਗਾਂ ਦੀ ਸਰੀਰ ਨੂੰ ਵਧੇਰੇ ਲੋੜ ਹੁੰਦੀ ਹੈ, ਉਨ੍ਹਾਂ ਅੰਗਾਂ ਦਾ ਵਿਕਾਸ ਹੋਰ ਅੰਗਾਂ ਨਾਲੋਂ ਤੇਜ਼ ਗਤੀ ਨਾਲ ਹੁੰਦਾ ਹੈ।ਹੱਡੀਆਂ ਦੀ ਮਿੱਝ ਤੋਂ ਬਾਅਦ ਵਾਲ ਹੀ ਅਜਿਹੇ ਅੰਗ ਹਨ, ਜਿਨ੍ਹਾਂ ਦਾ ਵਿਕਾਸ ਬਾਕੀ ਸਾਰੇ ਅੰਗਾਂ ਨਾਲੋਂ ਤੇਜ਼ ਅਤੇ ਲਗਾਤਾਰਤਾ ਨਾਲ ਹੋ ਰਿਹਾ ਹੈ। ਕੁਦਰਤ ਵਾਲਾਂ ਪ੍ਰਤੀ ਇੰਨੀ ਸੰਜੀਦਾ ਹੈ ਕਿ ਪੁਰਾਣਾ ਵਾਲ ਉਦੋਂ ਹੀ ਝੜਦਾ ਹੈ, ਜਦੋਂ ਨਵਾਂ ਉਸ ਦੀ ਥਾਂ ਉੱਤੇ ਆਉਣਾ ਸ਼ੁਰੂ ਹੋ ਜਾਂਦਾ ਹੈ। ਮੁਰਦਾ ਵਾਲ ਆਪੇ ਹੀ ਜੜ੍ਹਾਂ ਤੋਂ ਉੱਖੜ ਅਤੇ ਝੜ ਜਾਂਦੇ ਹਨ। ਵਾਲਾਂ ਦੇ ਤਣੇ ਨੂੰ ਜੇ ਸਿਰਫ਼ ਸਿਰੇ ਤੋਂ ਹੀ ਕੱਟਿਆ ਜਾਵੇ ਤਾਂ ਉਹ ਫਿਰ ਉਸੇ ਸ਼ਕਲ ਵਿੱਚ ਦੁਬਾਰਾ ਆ ਜਾਂਦਾ ਹੈ। ਵਾਲ ਕੱਟਣ ਨਾਲ ਦਰਦ ਨਹੀਂ ਹੁੰਦਾ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਵਾਲ ਬੇਲੋੜੇ ਹਨ। ਵਾਲਾਂ ਤੋਂ ਬਿਨਾਂ ਸਰੀਰ ਦਾ ਵਾਤਾਵਰਣ ਗੰਧਲਾ ਹੋ ਜਾਵੇਗਾ ਅਤੇ ਸਰੀਰ ਦੀ ਹੋਂਦ ਨੂੰ ਹੀ ਖ਼ਤਰਾ ਹੋ ਜਾਵੇਗਾ। ਵਾਲਾਂ ਦਾ ਵਿਕਾਸ ਸਾਰੀ ਉਮਰ ਨਿਰਵਿਘਨ ਚਲਦਾ ਰਹਿੰਦਾ ਹੈ। ਵਿਕਾਸ ਦੌਰਾਨ ਸਟੈੱਮ ਸੈੱਲ ਬਣਦੇ ਹੀ ਰਹਿੰਦੇ ਹਨ। ਵਾਲ ਸਟੈੱਮ ਸੈੱਲਾਂ ਦਾ ਭੰਡਾਰ ਹਨ। ਇਨ੍ਹਾਂ ਸੈੱਲਾਂ ਦੀ ਹੋਂਦ ਕਾਰਨ ਵਾਲਾਂ ਵਾਲੀ ਜਗ੍ਹਾ ਉੱਤੇ ਜੇ ਕੋਈ ਜ਼ਖ਼ਮ ਹੋ ਜਾਵੇ ਤਾਂ ਬਹੁਤ ਛੇਤੀ ਠੀਕ ਹੋ ਜਾਂਦਾ ਹੈ। ਮਨੁੱਖ ਦੇ ਸਾਰੇ ਸਰੀਰ ਉੱਤੇ ਵਾਲ ਹਨ। ਜਿੱਥੇ ਜ਼ਿਆਦਾ ਸੰਘਣੇ ਹਨ, ਉੱਥੇ ਜ਼ਖ਼ਮ ਜ਼ਿਆਦਾ ਛੇਤੀ ਭਰਦੇ ਹਨ। ਬਾਂਹ ਦੇ ਬਾਹਰਲੇ ਪਾਸੇ ਦੇ ਜ਼ਖ਼ਮ ਅੰਦਰਲੇ ਪਾਸੇ ਨਾਲੋਂ ਜਲਦੀ ਠੀਕ ਹੁੰਦੇ ਹਨ। ਦੰਦਾਂ ਅਤੇ ਹੱਡੀਆਂ ਦੀ ਸਿਹਤ ਵੀ ਵਾਲਾਂ ਨਾਲ ਜੁੜੀ ਹੋਈ ਹੈ। ਕੇਸ ਸਾਡੀ ਅਹਿਸਾਸ ਸ਼ਕਤੀ ਨੂੰ ਵਧਾ ਕੇ ਸੰਭਾਵੀ ਸੰਕਟਾਂ ਤੋਂ ਸਾਨੂੰ ਸੁਚੇਤ ਕਰਦੇ ਹਨ।

ਚਿਹਰੇ ਦੇ ਵਾਲਾਂ ਦਾ ਮਾਨਸਿਕਤਾ ਨਾਲ ਗੂੜ੍ਹਾ ਸਬੰਧ ਹੈ। ਦਾੜ੍ਹੀ ਮਰਦਾਨਗੀ ਦਾ ਪ੍ਰਤੀਕ ਹੈ। ਮਨੋਵਿਗਿਆਨੀ ਪੈਲਗਰੀਨੀ ਕਹਿੰਦਾ ਹੈ ਕਿ ਦਾੜ੍ਹੀ ਵਾਲਾ ਵਿਅਕਤੀ ਆਜ਼ਾਦ ਮਾਨਸਿਕਤਾ ਵਾਲਾ, ਤਾਕਤਵਰ, ਤਿਆਰ ਬਰ ਤਿਆਰ ਅਤੇ ਬਹਾਦਰੀ ਦੇ ਕੰਮ ਕਰਨ ਵਾਲਾ ਹੁੰਦਾ ਹੈ। ਕੇਸਾਂ ਦੀ ਅਧਿਆਤਮਿਕ ਮਹੱਤਤਾ ਤੋਂ ਤਾਂ ਮੁਨਕਰ ਹੋਇਆ ਹੀ ਨਹੀਂ ਜਾ ਸਕਦਾ। ਸਿਰ ਉੱਤੇ ਲੰਮੇ ਵਾਲਾਂ ਨੂੰ ਤਾਂ ਹੀ ਰਿਸ਼ੀ ਜੂੜਾ ਕਿਹਾ ਜਾਂਦਾ ਹੈ।

ਕੇਸਾਂ ਦੇ ਵਿਕਾਸ ਵਿੱਚ ਦਖਲ ਦੇਣਾ ਵਾਹਿਗੁਰੂ ਦੇ ਹੁਕਮ ਵਿੱਚ ਦਖਲ ਦੇਣਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਦਸਾਂ ਜੋਤਾਂ ਨੇ ਹਰ ਵਿਅਕਤੀ ਨੂੰ ਮਨੁੱਖਤਾ ਦੇ ਸਿਖਰ ਉੱਤੇ ਪਹੁੰਚਾਉਣ ਲਈ ਕੇਸਾਂ ਦੀ ਮਹੱਤਤਾ ਨੂੰ ਦਰਸਾਇਆ ਹੈ। ਕੇਸ ਕਟਾਉਣ ਨੂੰ ਬੱਜਰ ਭੁੱਲ ਕਿਹਾ ਹੈ। ਕੇਸਾਂ ਦੀ ਬੇਅਦਬੀ ਕਰਣ ਵਾਲੇ ਨੂੰ ਪਤਿਤ ਕਿਹਾ ਹੈ। ਕੇਸਾਂ ਨੂੰ ਗੁਰੂ ਦੀ ਮੋਹਰ ਦੱਸ ਕੇ ਕੇਸਾਂ ਦਾ ਮਾਣ ਵਧਾਇਆ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਮਨੁੱਖਤਾ ਦੀ ਆਜ਼ਾਦ ਮਾਨਸਿਕਤਾ, ਵਿਲੱਖਣਤਾ ਅਤੇ ਪਛਾਣ ਨੂੰ ਬਰਕਰਾਰ ਰੱਖਣ ਲਈ ਕੇਸਾਂ ਖ਼ਾਤਰ ਬੇਅੰਤ ਕੁਰਬਾਨੀਆਂ ਕੀਤੀਆਂ ਹਨ।ਕੇਸ ਸਿਰਫ਼ ਸਿੱਖਾਂ ਦੀ ਨਹੀਂ ਸਗੋਂ ਮਨੁੱਖਤਾ ਦੀ ਪਛਾਣ ਅਤੇ ਲੋੜ ਹਨ। ਮਨੁੱਖਤਾ ਨੂੰ ਬਰਕਰਾਰ ਰੱਖਣ ਲਈ ਸਮੁੱਚੀ ਮਨੁੱਖਤਾ ਨੂੰ ਕੇਸਾਂ ਸਬੰਧੀ ਸੁਚੇਤ ਕਰਨ ਦੀ ਲੋੜ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਮਾਂ ਬੋਲੀ ਦਾ ਬੂਟਾ

ਆਉ ਸਾਰੇ ਮਾਂ ਬੋਲੀ ਦਾ ਬੂਟਾ,
ਘਰ ਘਰ ਲਾਈਏ।
ਸੱਭਿਆਚਾਰ ਦੀ ਖ਼ਾਦ ਤੇ ਪਾਣੀ,
ਉਸ ਬੂਟੇ ਵਿੱਚ ਪਾਈਏ।
ਲੋਕ ਗੀਤ ਤੇ ਲੋਕ ਰਵਾਇਤਾਂ,
ਫੁੱਲ ਤੇ ਫ਼ਲ ਬਣ ਜਾਣਾ।
ਹੌਲੀ ਹੌਲੀ ਹੁੰਦਾ ਬੂਟਾ,
ਰੁੱਖ ਇੱਕ ਦਿਨ ਬਣ ਜਾਣਾ।
ੳ, ਅ, ੲ, ਸ ਬਣ ਜਾਣੇ ਇਹਦੇ ਪੱਤੇ,
ਜੜ੍ਹਾਂ ਇਸਦੀਆਂ ਡੂੰਘੀਆਂ ਹੋਵਣ,
ਰੱਬ ਸਲਾਮਤ ਰੱਖੇ।
ਇਸ ਦੀਆਂ ਛਾਵਾਂ ਦੇ ਹੇਠਾਂ,
ਤ੍ਰਿੰਝਣ ਕੱਤਣ ਕੁੜੀਆਂ।
ਨਿੱਘ ਮਾਨਣ ਇਹਦੀ ਬੱਚੇ ਬੁੱਢੇ,
ਰਹਿਣ ਸਦਾ ਨਾਲ ਜੁੜੀਆਂ।
ਲੰਮੀ ਇਸਦੀ ਉਮਰ ਹੋਜੇ,
ਬਾਬਾ ਨਾਨਕ ਬਰਕਤ ਪਾਵੇ।
ਸਾਰੇ ਬੂਟੇ ਮੁਰਝਾਵਣ ਪਰ,
ਇਹ ਕਦੇ ਨਾ ਮੁਰਝਾਵੇ।
ਮਾਂ ਬੋਲੀ ਦਾ ਹੁੰਦਾ ਨਿਰਾਦਰ,
ਦਿਲ ਪਿਆ ਕੁਰਲਾਵੇ।
ਆਪਣਿਆਂ ਨੇ ਹੀ ਲੱਗੇ ਬਾਗ਼,
ਸਵਾਰਥ ਲਈ ਉਜਾੜੇ।
ਆਉ ਪੰਜਾਬੀ ਬੋਲੀ ਬਚਾਈਏ,
ਸ਼ਰਮਾ ਵਾਸਤਾ ਪਾਵੇ।

**-ਰਜਵਿੰਦਰ ਪਾਲ ਸ਼ਰਮਾ**

## ਯਕੀਨ

ਗੱਲ ਤਾਂ ਯਕੀਨ 'ਤੇ ਖੜ੍ਹੀ ਸੀ
ਯਕੀਨ ਨਾ ਰਿਹਾ
ਘਰਾਂ ਨੂੰ ਦਰਵਾਜ਼ੇ ਲੱਗ ਗਏ।
ਯਕੀਨ ਹੋਰ ਡੋਲਿਆ
ਤਾਂ ਗਿੱਠ ਗਿੱਠ ਤੱਕ ਦੇ
ਜਿੰਦੇ ਵੀ ਆ ਗਏ।
ਫਿਰ
ਯਕੀਨ ਵਾਂਗ ਦਰਵਾਜ਼ੇ ਦੇ ਜਿੰਦੇ ਵੀ
ਟੁੱਟਣ ਲੱਗੇ।
ਹੁਣ ਇੱਕ ਦੂਜੇ 'ਤੇ
ਯਕੀਨ ਬਿਲਕੁਲ ਖ਼ਤਮ ਏ
ਤਾਹੀਂ ਕੈਮਰੇ ਲੱਗ ਗਏ।
ਹੁਣ ਕੈਮਰਿਆਂ 'ਤੇ ਵੀ
ਯਕੀਨ ਨਹੀਂ ਰਿਹਾ।
ਅੱਜਕਲ੍ਹ ਸਾਰੇ ਠੱਗ ਨੇ
ਹੁਣ ਜੋ ਯਕੀਨ ਕਰ ਗਿਆ
ਉਹ ਠੱਗਿਆ ਗਿਆ।
ਚੰਗਾ ਸੀ ਜੇ
ਆਪਸੀ ਯਕੀਨ ਬਣਿਆ ਰਹਿੰਦਾ।

**-ਲਾਡੀ ਜਗਤਾਰ**

## ਕਿਹੜਾ ਕਿਹੜਾ ਵਿਕਿਆ

ਕਿਹੜਾ-ਕਿਹੜਾ ਵਿਕਿਆ ਹੋਇਆ
ਕਿਹੜਾ ਮੱਥੇ ਲਿਖਿਆ ਹੋਇਆ।
ਜਿਸ ਨੂੰ ਭਰਵੇਂ ਫ਼ਲ ਲੱਗੇ ਹਨ
ਰੁੱਖ ਉਹ ਹੀ ਹੈ ਲਿਫਿਆ ਹੋਇਆ।

ਹਰ ਬੰਦੇ ਨੂੰ ਇਹੀ ਭੁਲੇਖਾ
ਸਭ ਕੁਝ ਉਸ ਸਿਰ ਟਿਕਿਆ ਹੋਇਆ।
ਤੇਰਾ ਨਾਂ ਦਿਲ ਉੱਤੇ ਓਵੇਂ
ਹੱਥ ਤੋਂ ਭਾਵੇਂ ਮਿਟਿਆ ਹੋਇਆ।

ਮੰਜ਼ਿਲ ਉਸ ਨੂੰ ਲੱਭਦੀ ਫਿਰਦੀ
ਜਿਸ ਨੇ ਪੁੱਜਣਾ ਮਿਥਿਆ ਹੋਇਆ।
ਤੇਰੇ ਪਿੰਡ ਨੂੰ ਜਾਂਦਾ ਰਸਤਾ
ਮੈਂ ਅੱਖਾਂ ਨਾਲ ਮਿਣਿਆ ਹੋਇਆ।

ਦੁਨੀਆ ਦੇ ਵਿੱਚ ਹਰ ਬੰਦਾ ਹੀ
ਜਾਪੇ ਜਿੱਦਾਂ ਪਿਸਿਆ ਹੋਇਆ।
ਨਾ ਰਿਸ਼ਤਾ ਨਾ ਸ਼ੀਸ਼ਾ ਬਚਦਾ
ਜਿਹੜਾ ਹੋਵੇ ਤਿੜਿਆ ਹੋਇਆ।

**-ਹਰਦੀਪ ਬਿਰਦੀ**

## ਪੰਜ ਆਬਾਂ ਵਾਲਾ ਪੰਜਾਬ

ਬੜੇ ਕਿੱਸੇ ਮਾਏ ਸੁਣੇ ਮੈਂ, ਸੁਣੀਆਂ ਕਹਾਣੀਆਂ
ਪਿਆਰ ਦਾ ਸੁਨੇਹਾ ਜਿੱਥੇ, ਜੁੜਦੀਆਂ ਢਾਣੀਆਂ
ਰੰਗਲਾ ਉਹ ਫੁੱਲਾਂ 'ਚੋਂ, ਗੁਲਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਸਵਾ ਲੱਖ ਨਾਲ ਭਿੜਨਾ, ਸਿਖਾਇਆ ਜਿੱਥੇ ਗੁਰਾਂ ਨੇ
ਕਿਰਤ ਦਾ ਸੂਰਜ, ਚੜ੍ਹਾਇਆ ਜਿੱਥੇ ਗੁਰਾਂ ਨੇ
ਭਲੇ ਸਰਬੱਤ ਵਾਲਾ, ਹਿਸਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਜਿੱਥੇ ਰਾਜ ਸੀ ਉਹ ਰਾਜੇ ਦਾ, ਮਹਾਰਾਜਾ ਕਹਿੰਦੇ ਜਿਹਨੂੰ
ਪੰਡਾਂ ਸਿਰ ਉੱਤੇ ਚੱਕਦਾ ਸੀ, ਦਿਲ ਵਾਲਾ ਕਹਿੰਦੇ ਜਿਹਨੂੰ
ਰਣਜੀਤ ਸਿੰਘ ਸੂਰਮਾ, ਜਨਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਵਹਿੰਦੀਆਂ ਹਵਾਵਾਂ ਵਿੱਚ ਪਹਿਲਾਂ ਜਿਹੀ ਲੋਰ ਨਈਂ
ਪੰਜਾਬ ਦਿਆਂ ਚੋਬਰਾਂ ਦੀ, ਪਹਿਲਾਂ ਜਿਹੀ ਤੋਰ ਨਈਂ
ਸਰਾਭਾ, ਭਗਤ ਤੇ ਊਧਮ ਸੁਨਾਮ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਕਹਿੰਦੇ ਨਸ਼ਿਆਂ 'ਚ ਡੁੱਬਿਆ ਏ, ਅੱਜ ਦਾ ਪੰਜਾਬ ਮਾਏ
ਪਹਿਲਾਂ ਜਿਹੇ ਨੂਰ ਨਾਲ, ਨਹੀਂ ਜਚਦਾ ਪੰਜਾਬ ਮਾਏ
ਠਾਠਾਂ ਮਾਰਦਾ ਉਹ ਜੁੱਸਾ ਤੇ ਸ਼ਬਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਜਿੱਥੇ ਦੁੱਧ ਦੀਆਂ ਨਹਿਰਾਂ ਸੀ, ਤੇ ਨਹਿਰਾਂ ਵਿੱਚ ਲਹਿਰਾਂ ਸੀ
ਜਿੱਥੇ ਦਾਦੇ ਦਿਆਂ ਮੋਢਿਆਂ 'ਤੇ ਪੋਤੇ ਦੀਆਂ ਸੈਰਾਂ ਸੀ
ਰਿਸ਼ਤਿਆਂ 'ਚ ਪ੍ਰੇਮ ਦਾ ਸੈਲਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਸਿੰਘ ਰਮਨਦੀਪ ਲੋਚਦਾ, ਜੋ ਪਹਿਲਾਂ ਜਿਹਾ ਪੰਜਾਬ ਮਾਏ
ਸਾਫ਼ ਰੜਿਆਂ 'ਚ ਸੋਭਦਾ, ਜੋ ਮਹਿਲਾਂ ਜਿਹਾ ਪੰਜਾਬ ਮਾਏ
ਤਿਨਾਬ ਦਿੱਤਾ, ਜਿਹਲਮ ਚਨਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?

**-ਰਮਨਦੀਪ ਸਿੰਘ**

## ਬਸੰਤ ਰੁੱਤ

ਖੇੜੇ ਖ਼ੁਸ਼ੀਆਂ ਨਾਲ ਲਿਆਈ।
ਸੁਹਣੀ ਰੁੱਤ ਬਸੰਤ ਹੈ ਆਈ।
ਕੁਦਰਤ ਰਾਣੀ ਮੌਲ਼ ਪਈ ਹੈ,
ਪੱਤਝੜ ਕੀਤੀ ਝੱਟ ਵਿਦਾਈ।
ਪਾਲ਼ਾ ਗਿਆ ਤੇ ਸੁਹਣਾ ਮੌਸਮ,
ਮਨ ਦੀ ਜਿਸਨੇ ਤਰੰਗ ਖਿੜਾਈ।
ਬੱਚਿਆਂ ਅਤੇ ਜਵਾਨਾਂ ਰਲਕੇ,
ਪਤੰਗਾਂ ਦੀ ਹੈ ਡੋਰ ਵਧਾਈ।
ਲਾਉਂਦੇ ਪੇਚੇ ਨਾਲ ਡੋਰ ਦੇ,
ਆਸਮਾਨ ਵਿੱਚ ਧੂੰਮ ਮਚਾਈ।
ਸਰ੍ਹੋਂਆਂ ਦੇ ਪੀਲੇ ਫੁੱਲਾਂ ਨੇ,
ਖੇਤਾਂ ਦੇ ਵਿੱਚ ਛਹਿਬਰ ਲਾਈ।
ਰੰਗ ਬਸੰਤੀ ਚਾਰ ਦਿਸ਼ਾਵੀਂ,
ਇੰਦਰ-ਧਨੁਸ਼ ਦੀ ਸ਼ਕਲ ਬਣਾਈ।
ਛੇ ਰੁੱਤਾਂ 'ਚੋਂ ਰੁੱਤ ਬਸੰਤੀ,
ਰੁੱਤਾਂ ਦੀ ਰਾਣੀ ਕਹਿਲਾਈ।
ਗੁਰਬਾਣੀ ਦੇ ਰਾਗਾਂ ਦੇ ਵਿੱਚ,
ਮਹਾਂਪੁਰਖਾਂ ਇਸ ਦੀ ਮਹਿਮਾ ਗਾਈ।
ਰੁੱਖਾਂ ਉੱਤੇ ਖੇੜਾ ਆਉਂਦਾ,
ਹਰੀ-ਭਰੀ ਹਰ ਸ਼ਾਖ ਹੋ ਆਈ।
ਕੁਦਰਤ ਦਾ ਵਡਮੁੱਲਾ ਸੁਹੱਪਣ,
ਫਿਰਦੀ ਆਪਣੇ ਵਿੱਚ ਸਮਾਈ।
ਸੁਹਜ ਪਿਆ ਹਰ ਟਾਹਣੀ ਉੱਤੇ,
ਰੁੱਖਾਂ ਨੇ ਹੈ ਸ਼ਾਂ-ਸ਼ਾਂ ਲਾਈ।
ਇਹ ਹੈ ਮੌਸਮ ਬੜਾ ਪਿਆਰਾ,
ਕਿਧਰੋਂ ਨਾ ਕੁਦਰਤ ਕੁਮਲਾਈ।
ਚੁੰਨੀ ਲੈ ਕੇ ਰੁੱਤ ਬਸੰਤੀ,
ਫੁੱਲਾਂ ਦੀ ਹੈ ਮਹਿਕ ਵਧਾਈ।
'ਵਾਵਾਂ ਦੇ ਵਿੱਚ ਮਹਿਕਾਂ ਘੁਲੀਆਂ,
ਜੀਕਰ ਮਹਿਕ ਹਿਮਾਲਿਓਂ ਆਈ।
ਖਿੜੀ-ਖਿੜੀ ਰੁੱਤ ਸੁੰਦਰ ਸੁੰਦਰ,
ਸੱਜਰਾਪਣ ਹੈ ਨਾਲ ਲਿਆਈ।
'ਆਈ ਬਸੰਤ-ਪਾਲ਼ਾ ਉਡੰਤ',
ਲੋਕਾਂ ਮੂੰਹੋਂ ਗੱਲ ਕਹਿਲਾਈ।
ਪੀਲੇ ਚੌਲ ਚਿਲਮਚੀ ਭਰਕੇ,
ਰੁੱਤ ਬਸੰਤੀ ਵੰਡਣ ਆਈ।
ਭਾਬੀਆਂ ਵਾਂਗੂੰ ਦਿਲਕਸ਼ ਕਿੰਨੀ
ਦੁਲਹਨ ਵਾਂਗੂੰ ਸਜੀ-ਸਜਾਈ।
ਛੇਤੀ-ਛੇਤੀ ਆਇਆ ਕਰ ਤੂੰ,
ਤੈਨੂੰ ਦੇਣੀ ਅਸੀਂ ਵਧਾਈ।

**-ਓਮਕਾਰ ਸੂਦ ਬਹੋਨਾ**

## ਅਸਤੀਫਾ ਬਨਾਮ ਜੁਰ੍ਹਤ

ਕਰ'ਤੀ ਦੇਰ ਅਸਤੀਫੇ ਤੱਕ ਪਹੁੰਚਦੇ ਨੇ
ਸਮਾਂ ਲਿਆ ਗੁਲਾਮੀ ਵਿਚ ਗਾਲ ਮੀਆਂ।
ਆਖਾ ਮੰਨਿਆਂ 'ਤਖਤ' ਅਣਡਿੱਠ ਕਰਕੇ
ਕਹਿੰਦਾ ਰਿਹਾ ਜੋ 'ਗੁਰੂ-ਘੰਟਾਲ' ਮੀਆਂ।
ਚੋਣ ਲੜਨੀ ਸੀ ਕਾਹਤੋਂ 'ਪ੍ਰਧਾਨਗੀ' ਦੀ
ਜੇ ਕਰ ਮਾਰਨੀ ਏਦਾਂ ਸੀ 'ਛਾਲ' ਮੀਆਂ।
ਰਿਹਾ 'ਬਾਦਲੀ-ਪ੍ਰੇਮ' ਨਾ ਹੀ ਪੰਥ ਪੱਲੇ
ਲੈਣਾ 'ਮਾਲਕਾਂ' ਹੋਰ ਕੋਈ ਭਾਲ ਮੀਆਂ।
ਥਾਂਹ ਅਸਤੀਫੇ ਦੀ ਜੁਰ੍ਹਤ ਨੂੰ ਵਰਤ ਲੈਂਦਾ
ਦਿੰਦਾ ਉਤਲਿਆਂ ਹੁਕਮਾਂ ਨੂੰ ਟਾਲ ਮੀਆਂ।
'ਤਾਲੋਂ ਖੁੰਝੀ' ਕੋਈ ਡੂੰਮਣੀ 'ਰਾਗ' ਗਾਵੇ
ਉਸਨੂੰ ਕਹਿੰਦੇ ਨੇ 'ਆਲ-ਪਤਾਲ' ਮੀਆਂ!



**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਚਣੌਤੀ ਤੇ ਚਣੌਤੀ

ਸੁਰ ਤਾਂ ਆਖ਼ਰ ਕਰਨਾ ਪੈਣਾ, ਬੇਸੁਰ ਹੋਈਆਂ ਤਾਲਾਂ ਨੂੰ।
ਸਦਾ ਸਲਾਮੀ ਹੁੰਦੀ ਏਥੇ, ਪੈਂਦੀਆਂ ਨਿੱਤ ਧੁਮਾਲਾਂ ਨੂੰ।

ਹਾਨੀ ਵਿਚ ਜਾ ਰਹੀ ਕਿਸਾਨੀ, ਨਿੱਤ ਹੜਤਾਲਾਂ ਹੋ ਰਹੀਆਂ,
ਵਿਗੜੀ ਹੋਈ ਤਕਦੀਰ ਹੈ ਬਣਨੀ, ਸਨਮੁਖ ਹੋ ਸਵਾਲਾਂ ਨੂੰ।

ਪੱਛਮੀਂ ਚਕਾਚੌਂਧ ਪਈ ਕੱਢੇ, ਪੈਰੋਂ ਨਿੱਕੇ ਵੱਡੇ ਨੂੰ,
ਜਲਾਵਤਨ ਹੋ ਰਹੀ ਜਵਾਨੀ, ਆਖਰ ਆਈ ਦਲਾਲਾਂ ਨੂੰ।

ਸੂਬੇ ਦੇ ਵਿਚ ਸਾਜਸ਼ ਤੇ ਕੋਈ, ਕੇਂਦਰ ਦੇ ਵਿਚ ਕਰਦਾ ਏ,
ਦੇਸ਼ ਨਿਕਾਲਾ ਦੇਣ 'ਤੇ ਆਏ, ਗੱਭਰੂਆਂ ਨੂੰ ਤੇ ਬਾਲਾਂ ਨੂੰ।

ਸੋਚਣ ਤੇ ਬੋਲਣ 'ਤੇ ਵੀ ਹੁਣ, ਪਹਿਰੇ ਲੱਗਦੇ ਜਾਂਦੇ ਨੇ,
ਗੋਦੀ ਮੀਡੀਆ ਬੁਰੇ ਝਪੱਟੇ, ਮਾਰੇ ਨੇਕ ਖਿਆਲਾਂ ਨੂੰ।

ਲੱਖਾਂ ਨਹੀਂ ਕਰੋੜਾਂ ਦੇ ਵਿਚ, ਗਿਣਤੀ ਵਿਹਲੜ ਸਾਧਾਂ ਦੀ,
ਰਲ ਕੇ ਬੜੇ ਲੁਟੇਰੇ ਲੁੱਟਦੇ, ਕਿਰਤੀ ਦੀਆਂ ਘਾਲੀਆਂ ਘਾਲਾਂ ਨੂੰ।

ਜਗਤ ਗੁਰੂ ਦਾ ਰੁਤਬਾ ਜੇ, ਭਾਰਤ ਨੂੰ ਸੱਚੀਂ ਹਾਸਲ ਹੈ,
ਕਿਓਂ ਨਹੀਂ ਫੇਰ ਚੁਣੌਤੀ ਦਿੰਦਾ, ਨਕਟਾਈ ਦੀਆਂ ਚਾਲਾਂ ਨੂੰ।

ਜੀਵਨ ਦੀ ਥਾਣੇਦਾਰੀ ਵੀ, ਉਹਦੇ ਹੱਥ ਹੀ ਰਹਿਣੀ ਹੈ,
ਜੋ ਦਊ ਚੁਣੌਤੀ ਮਾਰ ਕੇ ਥਾਪੀ, ਮੰਡੀ ਦੇ ਉਛਾਲਾ ਨੂੰ।

ਬਿਜਲੀਕਰਨ ਦੇ ਦੌਰ 'ਚ ਸਾਡਾ, ਹੋ ਕੇ ਹੁਣ ਬਿਜਲਈ ਸਰਨਾ,
ਪੱਥਰ ਯੁੱਗ ਨੇ ਮੰਨਿਆਂ 'ਢੇਸੀ', ਪੂਜਿਆ ਬੜਾ ਮਿਸ਼ਾਲਾਂ ਨੂੰ।

**-ਕੁਲਵੰਤ ਸਿੰਘ ਢੇਸੀ, ਯੂ ਕੇ**

## ਗ਼ਜ਼ਲ

ਮੈਥੋਂ ਝੂਠ ਬਿਆਨ ਨਹੀਂ ਹੁੰਦਾ
ਤਾਂ ਹੀ ਮੈਂ ਪਰਵਾਨ ਨਹੀਂ ਹੁੰਦਾ।
ਸ਼ਮ੍ਹਾ ਬੁਝਾ ਕੇ ਤੁਰ ਜਾਂਦੈ ਹੁਣ
ਪਰਵਾਨਾ, ਕੁਰਬਾਨ ਨਹੀਂ ਹੁੰਦਾ।
ਮੰਦਿਰ, ਮਸਜਿਦ ਲੁੱਟ ਦਾ ਸਾਧਨ
ਰੱਬ ਦਾ ਕੋਈ ਮਕਾਨ ਨਹੀਂ ਹੁੰਦਾ।
ਇਸ਼ਕ 'ਚ ਜਿੱਤਾਂ ਹਾਰਾਂ ਇੱਕੋ
ਫ਼ਾਇਦਾ ਜਾਂ ਨੁਕਸਾਨ ਨਹੀਂ ਹੁੰਦਾ।
ਰੋਜ਼ੇ ਛੱਡ ਰਜ਼ਾ ਵਿੱਚ ਰਹਿਣਾ
ਐਨਾ ਵੀ ਆਸਾਨ ਨਹੀਂ ਹੁੰਦਾ।
ਬੰਦਾ ਬੰਦੇ ਨੂੰ ਕਿਉਂ ਪੂਜੇ
ਬੰਦਾ ਤਾਂ ਭਗਵਾਨ ਨਹੀਂ ਹੁੰਦਾ।
ਜਾਨ ਵਾਰਨੀ ਯਾਰੀ ਖ਼ਾਤਰ
ਫ਼ਰਜ਼ ਹੁੰਦਾ ਅਹਿਸਾਨ ਨਹੀਂ ਹੁੰਦਾ।
ਦੌਲਤ ਸ਼ੁਹਰਤ ਲਾਹਨਤ ਨੇ ਜੇ
ਪੱਲੇ ਦੀਨ ਈਮਾਨ ਨਹੀਂ ਹੁੰਦਾ।
ਖਾਲੀ ਬਟੂਏ ਨਾਲੋਂ ਭਾਰਾ
ਸਫ਼ਰ 'ਚ ਹੋਰ ਸਾਮਾਨ ਨਹੀਂ ਹੁੰਦਾ।
ਰੌਲਾ-ਰੱਪਾ ਸੁਣਦੇ ਸਾਰੇ
ਚੁੱਪ ਦੇ ਵੱਲ ਧਿਆਨ ਨਹੀਂ ਹੁੰਦਾ।
ਸੀਰਤ ਵਿੱਚੋਂ ਦਿਸ ਪੈਂਦਾ ਏ
ਸੱਚ ਦਾ ਕੋਈ ਨਿਸ਼ਾਨ ਨਹੀਂ ਹੁੰਦਾ।
ਦਿਲ ਵਿੱਚ ਸੁਪਨੇ ਦੱਬਿਆ ਨਾ ਕਰ
ਦਿਲ ਤਾਂ ਕਬਰਸਤਾਨ ਨਹੀਂ ਹੁੰਦਾ।
ਉਹ ਘਰ ਵੀ ਕੀ ਘਰ ਹੈ ਜਿਸਦਾ
ਕੋਈ ਵੀ ਰੋਸ਼ਨਦਾਨ ਨਹੀਂ ਹੁੰਦਾ।
ਤਿੱਖੇ ਤੀਰਾਂ ਨੂੰ ਕੀ ਕਰਨਾ
ਜੇਕਰ ਕੋਲ ਕਮਾਨ ਨਹੀਂ ਹੁੰਦਾ।

**-ਗੁਰਿੰਦਰ ਪ੍ਰੀਤ ਧਾਰੋਵਾਲੀ**

## ਇਹਦੀ ਸ਼ਾਨ ਨਵਾਬੀ

ਪੜ੍ਹ ਪੰਜਾਬੀ, ਲਿਖ ਪੰਜਾਬੀ, ਬੋਲ ਪੰਜਾਬੀ ਯਾਰ
ਮਾਤ-ਭਾਸ਼ਾ ਦਾ ਕਰਨਾ ਸਿੱਖੀਏ, ਆਪਾਂ ਵੀ ਸਤਿਕਾਰ।

ਗੁਰੂਆਂ-ਭਗਤਾਂ ਦਾ ਗ੍ਰੰਥ, ਜੋ ਲਿਖਿਆ ਵਿਚ ਪੰਜਾਬੀ
ਏਸੇ ਗੁਰੂ ਗ੍ਰੰਥ ਤੋਂ ਮਿਲਦੀ, ਸਾਨੂੰ ਸਮਝ ਖ਼ੁਦਾ ਦੀ
ਪੰਜਾਬੀ ਇਨਸਾਨ ਬਣਾਇਆ, ਸਾਨੂੰ ਸਿਰਜਣਹਾਰ।
ਮਾਤ-ਭਾਸ਼ਾ ਦਾ...

ਇਸ ਭਾਸ਼ਾ ਵਿੱਚ ਫ਼ਰੀਦ, ਕਬੀਰ ਜੀ, ਰਚੇ ਨੇ ਕਈ ਸ਼ਲੋਕ
ਦੇਸ਼-ਵਿਦੇਸ਼ 'ਚ ਲੱਖਾਂ, ਏਹੋ ਬੋਲੀ ਬੋਲਣ ਲੋਕ
ਉਨ੍ਹਾਂ ਦਰਵੇਸ਼ਾਂ ਜਿਹਾ ਹੋਵੇ, ਸਾਡਾ ਵੀ ਕਿਰਦਾਰ।
ਮਾਤ-ਭਾਸ਼ਾ ਦਾ...

ਗੁਰਬਾਣੀ ਤੇ ਸੂਫ਼ੀ ਕਵਿਤਾ, ਵਾਰਾਂ- ਕਿੱਸੇ- ਦੋਹੇ
ਇਸ ਭਾਸ਼ਾ ਵਿੱਚ ਵਾਰਿਸ ਸ਼ਾਹ ਨੇ, ਇਸ਼ਕ ਦੇ ਨਗ਼ਮੇ ਛੋਹੇ
ਵਿਚ ਪੰਜਾਬੀ ਲਿਖਿਆ ਪੀਲੂ, ਮੁਕਬਲ, ਅਹਿਮਦ ਯਾਰ।
ਮਾਤ-ਭਾਸ਼ਾ ਦਾ...

ਹਾਸ਼ਮ ਸ਼ਾਹ ਤੇ ਸ਼ਿਵ ਕੁਮਾਰ ਨੇ, ਲਿਖੇ ਨੇ ਬਿਰਹਾ ਗੀਤ
ਏਸੇ ਭਾਸ਼ਾ ਵਿੱਚ ਲਿਖਦਾ ਹੈ, ਕਵਿਤਾ 'ਨਵ ਸੰਗੀਤ'
ਸਾਰੇ ਨੇ ਪੰਜਾਬੀ, ਹਿੰਦੂ-ਮੁਸਲਿਮ ਤੇ ਸਰਦਾਰ।
ਮਾਤ-ਭਾਸ਼ਾ ਦਾ...

ਕਦੇ ਏਸਨੂੰ ਸਮਝ ਗੰਵਾਰੂ, ਪੈਰਾਂ ਵਿੱਚ ਹੈ ਰੋਲੀ
ਬੋਲ ਕੇ ਵੇਖ ਪੰਜਾਬੀ ਭਾਸ਼ਾ, ਹੈ ਨਾ ਮਿਸ਼ਰੀ ਘੋਲੀ
ਮਾਂ-ਬੋਲੀ ਬੋਲਣ ਵਾਲੇ ਨੂੰ, ਨਾ ਪਾਈਏ ਫਿਟਕਾਰ।
ਮਾਤ-ਭਾਸ਼ਾ ਦਾ...

ਪਿਉ-ਦਾਦੇ ਦਾ ਖੋਲ੍ਹ ਵੇਖੀਏ, ਇਹ ਅਨਮੋਲ ਖ਼ਜ਼ਾਨਾ
ਆਪਸ ਵਿੱਚ ਪੰਜਾਬੀ ਬੋਲੋ, ਕੋਈ ਨਾ ਦਿਸੇ ਬੇਗਾਨਾ
ਮਾਂ-ਬੋਲੀ ਦਾ ਉੱਚਾ ਰੁਤਬਾ, ਵਿਰਸਾ, ਸਭਿਆਚਾਰ।
ਮਾਤ-ਭਾਸ਼ਾ ਦਾ...

ਜਨਮ-ਮਰਨ ਤੇ ਵਿਆਹ ਦੇ ਮੌਕੇ, ਜਾਂ ਫਿਰ ਖ਼ੁਸ਼ੀ-ਗ਼ਮੀ ਵਿੱਚ
ਇਹੋ ਭਾਸ਼ਾ ਤ੍ਰਿਪਤੀ ਦੇਵੇ, ਸਾਨੂੰ ਖ਼ੁਸ਼ਕ-ਨਮੀ ਵਿੱਚ
ਗਿਣੇ ਨਾ ਜਾਵਣ ਮਾਂ-ਬੋਲੀ ਦੇ, ਕਿੰਨੇ ਨੇ ਉਪਕਾਰ।
ਮਾਤ-ਭਾਸ਼ਾ ਦਾ...

ਵਿੱਚ ਸੰਸਾਰ ਦੇ ਇਸ ਭਾਸ਼ਾ ਨੂੰ, ਮਿਲਿਆ ਉੱਚਾ ਦਰਜਾ
ਮੰਨੀਏ ਖ਼ੁਦ ਨੂੰ ਜੇ ਪੰਜਾਬੀ, ਬਿਨ ਇਹਦੇ ਨਾ ਸਰਦਾ
ਰਫ਼ਤਾ-ਰਫ਼ਤਾ ਕਰਕੇ ਇਸ ਦੀ, ਤੇਜ਼ ਹੋਈ ਰਫ਼ਤਾਰ।
ਮਾਤ-ਭਾਸ਼ਾ ਦਾ...

ਕੁਝ ਪੜ੍ਹਦੇ ਅਖ਼ਬਾਰ ਰਸਾਲੇ, ਪੜ੍ਹਨ ਕਈ ਗੁਰਬਾਣੀ
ਮਾਂ-ਬੋਲੀ ਪੰਜਾਬੀ ਸਾਡੀ, ਗੱਲ ਇਹ ਸੱਚੀ ਜਾਣੀ
ਦੇਸ਼-ਵਿਦੇਸ਼ੀਂ ਬੋਲਣ, ਮੰਦਿਰ-ਮਸਜਿਦ-ਗੁਰ ਦਰਬਾਰ।
ਮਾਤ-ਭਾਸ਼ਾ ਦਾ...

ਸਮਝੋ-ਸਿੱਖੋ ਹੋਰ ਬੋਲੀਆਂ, ਛੱਡੋ ਨਾ ਪੰਜਾਬੀ
'ਰੂਹੀ' ਉੱਚੀ ਆਖ ਸੁਣਾਵੇ: ਇਹਦੀ ਸ਼ਾਨ ਨਵਾਬੀ
ਮਾਂ-ਬੋਲੀ ਸੁਣ ਕੇ ਹੈ ਛਿੜਦੀ, ਕਣ ਕਣ ਵਿੱਚ ਝੁਣਕਾਰ।
ਮਾਤ-ਭਾਸ਼ਾ ਦਾ...

**-ਪ੍ਰੋ. ਨਵ ਸੰਗੀਤ ਸਿੰਘ**
9417692015

## ਹਾਲਾਤ ਮੇਰੇ ਦੇਸ਼ ਦੇ

ਅੰਬਰ ਵੇਲ ਵਾਂਗ ਆਬਾਦੀ ਵਧੀ ਜਾਵੇ,
ਦਿੱਤੇ ਸਾਰੇ ਮੁਲਖ਼ ਪਛਾੜ ਮੀਆਂ।
ਅਰਥਚਾਰਾ ਦਿਨੋਂ ਦਿਨ ਘਟੀ ਜਾਵੇ,
ਕਰਨ ਝੂਠਾਂ ਦੀ ਨੇਤਾ ਬਛਾੜ ਮੀਆਂ।
ਮਾਰ ਮਹਿੰਗਾਈ ਦੀ ਪਵੇ ਸਭ ਤਾਂਈ,
ਬੈਠੇ ਦੁਕਾਨਾਂ ਛੱਡ ਕਰਾੜ ਮੀਆਂ।
ਘਰੋਂ ਬਾਹਰ ਹੋਇਆ ਦੇਸ਼ ਫਿਰਦਾ,
ਦਿੱਤੀ ਭੁੱਖਮਰੀ ਘਰੀਂ ਵਾੜ ਮੀਆਂ।
ਇੱਥੇ ਹਰ ਕੋਈ ਚੀਕਾਂ ਮਾਰਦਾ ਏ,
ਦਿੱਤਾ ਜੰਡ ਤੇ ਸਭ ਨੂੰ ਚਾੜ੍ਹ ਮੀਆਂ।
ਨੰਬਰ ਇੱਕ ਤੇ ਕਹਿਣ ਦੇਸ਼ ਸਾਡਾ,
ਕੰਨ ਲੋਕਾਂ ਦੇ ਦਿੰਦੇ ਪਾੜ ਮੀਆਂ।
ਕਦੇ ਪੁੱਛੋ ਖਾਂ ਜੋ ਥੱਲੇ ਰਹਿਣ ਲੋਕੀ,
ਕਿਵੇਂ ਕੱਟਦੇ ਸਿਆਲ ਤੇ ਹਾੜ ਮੀਆਂ।
ਓ, ਮੰਦਹਾਲੀ ਨੇ ਲੋਕ ਨਸ਼ੱਈ ਕਰਤੇ,
ਲੀਡਰ ਲੰਘਦੇ, ਪੱਤੋ, ਲਤਾੜ ਮੀਆਂ।

**ਹਰਪ੍ਰੀਤ ਪੱਤੋ**
94658-21417

# ਭਾਰਤੀ ਵਿਦਿਆਰਥੀਆਂ ਲਈ ਸਭ ਤੋਂ ਵਧੀਆ ਪੜ੍ਹਾਈ ਦੇ ਸਥਾਨ

ਜਦੋਂ ਭਾਰਤੀ ਵਿਦਿਆਰਥੀ ਵਿਦੇਸ਼ੀ ਅਕਾਦਮਿਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦੇ ਹਨ, ਤਾਂ ਉਹ ਉੱਚ-ਗੁਣਵੱਤਾ ਵਾਲੀ ਸਿੱਖਿਆ ਅਤੇ ਵਿਸ਼ਵਵਿਆਪੀ ਸੱਭਿਆਚਾਰਕ ਅਨੁਭਵ ਪ੍ਰਾਪਤ ਕਰਦੇ ਹਨ। ਵਿਦੇਸ਼ਾਂ ਵਿੱਚ ਪੜ੍ਹਾਈ ਨਾਲ ਜੁੜੇ ਖਰਚੇ ਭਾਰਤੀ ਵਿਦਿਆਰਥੀਆਂ ਲਈ ਇੱਕ ਵੱਡੀ ਚੁਣੌਤੀ ਪੈਦਾ ਕਰਦੇ ਹਨ। ਕਈ ਦੇਸ਼ ਵਿਦਿਆਰਥੀਆਂ ਨੂੰ ਵਾਜਬ ਕੀਮਤਾਂ 'ਤੇ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਦੇ ਹਨ। ਭਾਰਤੀ ਵਿਦਿਆਰਥੀਆਂ ਲਈ ਸੱਤ ਘੱਟ ਲਾਗਤ ਵਾਲੇ ਅਧਿਐਨ ਸਥਾਨ ਹੇਠਾਂ ਦਿੱਤੇ ਅਨੁਸਾਰ ਉਪਲਬਧ ਹਨ:

ਜਰਮਨੀ ਜਨਤਕ ਜਰਮਨ ਯੂਨੀਵਰਸਿਟੀਆਂ ਦੁਨੀਆ ਭਰ ਵਿੱਚ ਸ਼ਾਨਦਾਰ ਸਿੱਖਿਆ ਪ੍ਰਦਾਨ ਕਰਦੀਆਂ ਹਨ ਜਦੋਂ ਕਿ ਕਿਸੇ ਵੀ ਦੇਸ਼ ਦੇ ਵਿਦਿਆਰਥੀਆਂ ਨੂੰ ਮੁਫ਼ਤ ਟਿਊਸ਼ਨ ਦੀ ਪੇਸ਼ਕਸ਼ ਕਰਦੀਆਂ ਹਨ। ਸਥਾਨਕ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਜਰਮਨ ਜਨਤਕ ਯੂਨੀਵਰਸਿਟੀਆਂ ਵਿੱਚ ਟਿਊਸ਼ਨ ਫੀਸਾਂ ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੁੰਦੀ ਹੈ ਪਰ ਆਮ ਤੌਰ 'ਤੇ ਘੱਟੋ-ਘੱਟ ਪ੍ਰਸ਼ਾਸਕੀ ਫੀਸਾਂ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ। ਰਹਿਣ-ਸਹਿਣ ਦਾ ਖਰਚ ਔਸਤਨ 70,000 ਤੋਂ 80,000 ਰੁਪਏ ਪ੍ਰਤੀ ਮਹੀਨਾ ਹੁੰਦਾ ਹੈ, ਜਿਸ ਵਿੱਚ ਰਿਹਾਇਸ਼, ਭੋਜਨ, ਆਵਾਜਾਈ ਅਤੇ ਹੋਰ ਜ਼ਰੂਰੀ ਚੀਜ਼ਾਂ ਸ਼ਾਮਲ ਹੁੰਦੀਆਂ ਹਨ। 4114 ਸਕਾਲਰਸ਼ਿਪ ਬਹੁਤ ਸਾਰੀਆਂ ਸਕਾਲਰਸ਼ਿਪਾਂ ਵਿੱਚੋਂ ਇੱਕ ਹੈ ਜੋ ਵਿਦੇਸ਼ਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੀਆਂ ਹਨ।

ਮਲੇਸ਼ੀਆ ਮੁੱਖ ਅੰਤਰਰਾਸ਼ਟਰੀ ਵਿਦਿਆਰਥੀ ਮਲੇਸ਼ੀਆ ਨੂੰ ਆਪਣੀ ਪੜ੍ਹਾਈ ਦੀ ਮੰਜ਼ਿਲ ਵਜੋਂ ਚੁਣ ਰਹੇ ਹਨ ਕਿਉਂਕਿ ਇਹ ਵਾਜਬ ਸਿੱਖਿਆ ਲਾਗਤਾਂ ਦੇ ਨਾਲ-ਨਾਲ ਰਹਿਣ ਲਈ ਦਰਮਿਆਨੇ ਖਰਚੇ ਪ੍ਰਦਾਨ ਕਰਦਾ ਹੈ। ਬੈਚਲਰ ਪ੍ਰੋਗਰਾਮਾਂ ਲਈ ਟਿਊਸ਼ਨ ਫੀਸ 1.5 ਲੱਖ ਰੁਪਏ ਤੋਂ 4 ਲੱਖ ਰੁਪਏ ਪ੍ਰਤੀ ਸਾਲ ਤੱਕ ਹੁੰਦੀ ਹੈ, ਜਦੋਂ ਕਿ ਮਾਸਟਰ ਪ੍ਰੋਗਰਾਮਾਂ ਦੀ ਲਾਗਤ 4 ਲੱਖ ਰੁਪਏ ਤੋਂ 9 ਲੱਖ ਰੁਪਏ ਸਾਲਾਨਾ ਹੁੰਦੀ ਹੈ। ਇਸ ਸਥਾਨ 'ਤੇ ਹਰ ਮਹੀਨੇ ਬਚਣ ਦਾ ਕੁੱਲ ਖਰਚ 40,000 ਰੁਪਏ ਤੋਂ 50,000 ਰੁਪਏ ਦੇ ਵਿਚਕਾਰ ਆਉਂਦਾ ਹੈ। ਸੱਭਿਆਚਾਰਾਂ ਦੀ ਵਿਸ਼ਾਲ ਸ਼੍ਰੇਣੀ ਅਤੇ ਸਿੱਖਿਆ ਦੀ ਭਾਸ਼ਾ ਵਜੋਂ ਅੰਗਰੇਜ਼ੀ ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਨੂੰ ਮਲੇਸ਼ੀਆ ਵਿੱਚ ਪੜ੍ਹਨ ਲਈ ਆਕਰਸ਼ਿਤ ਕਰਦੀ ਹੈ।

ਫਰਾਂਸ ਫਰਾਂਸ ਵਿੱਚ ਹਰ ਜਨਤਕ ਸੰਸਥਾ ਇੱਕ ਕਿਫਾਇਤੀ ਸਿੱਖਿਆ ਪ੍ਰੋਗਰਾਮ ਚਲਾਉਂਦੀ ਹੈ। ਬੈਚਲਰ ਪ੍ਰੋਗਰਾਮਾਂ ਲਈ ਟਿਊਸ਼ਨ ਫੀਸ ਔਸਤਨ ਲਗਭਗ 2.5 ਲੱਖ ਰੁਪਏ ਪ੍ਰਤੀ ਸਾਲ ਹੁੰਦੀ ਹੈ, ਜਦੋਂ ਕਿ ਮਾਸਟਰ ਪ੍ਰੋਗਰਾਮਾਂ ਦੀ ਕੀਮਤ 9 ਲੱਖ ਰੁਪਏ ਤੋਂ ਲੈ ਕੇ 15 ਲੱਖ ਰੁਪਏ ਸਾਲਾਨਾ ਤੱਕ ਹੁੰਦੀ ਹੈ।



ਸ਼ਹਿਰ ਦੀ ਸਥਿਤੀ ਦੇ ਆਧਾਰ 'ਤੇ ਜੀਵਨ ਖਰਚ ਵਿੱਚ ਅਸਮਾਨਤਾ ਦੇ ਨਤੀਜੇ ਵਜੋਂ ਪੈਰਿਸ ਬਾਕੀ ਖੇਤਰਾਂ ਦੇ ਮੁਕਾਬਲੇ ਸਭ ਤੋਂ ਮਹਿੰਗਾ ਹੈ। ਫਰਾਂਸ ਵਿੱਚ ਪੜ੍ਹਾਈ ਕਰਨ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਅਪੀਲ ਵਧਦੀ ਹੈ ਕਿਉਂਕਿ ਫਰਾਂਸੀਸੀ ਸੰਸਥਾਵਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਕਈ ਸਕਾਲਰਸ਼ਿਪ ਦੇ ਮੌਕੇ ਪ੍ਰਦਾਨ ਕਰਦੀਆਂ ਹਨ।


ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਨਾਰਵੇ ਹਰ ਕੋਈ, ਨਾਗਰਿਕਤਾ ਦੀ ਪਰਵਾਹ ਕੀਤੇ ਬਿਨਾਂ, ਨਾਰਵੇ ਵਿੱਚ ਮੁਫਤ ਪਬਲਿਕ ਯੂਨੀਵਰਸਿਟੀ ਦਾਖਲਾ ਪ੍ਰਾਪਤ ਕਰਦਾ ਹੈ, ਜੋ ਇੱਕ ਅਜਿਹੇ ਦੇਸ਼ ਵਜੋਂ ਦਰਜਾ ਰੱਖਦਾ ਹੈ ਜੋ ਅਸਧਾਰਨ ਜੀਵਨ ਪੱਧਰ ਪ੍ਰਦਾਨ ਕਰਦਾ ਹੈ। ਸਥਾਨਕ ਰਹਿਣ-ਸਹਿਣ ਦੇ ਖਰਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਦੇਸ਼ ਵਿੱਚ ਆਰਥਿਕ ਖਰਚੇ ਲਗਭਗ INR 1.5 ਲੱਖ ਤੋਂ INR 2 ਲੱਖ ਪ੍ਰਤੀ ਮਹੀਨਾ ਤੱਕ ਪਹੁੰਚਦੇ ਹਨ। ਭਾਰਤੀ ਵਿਦਿਆਰਥੀਆਂ ਨੂੰ ਨਾਰਵੇ ਆਕਰਸ਼ਕ ਲੱਗਦਾ ਹੈ ਕਿਉਂਕਿ ਟਿਊਸ਼ਨ ਫੀਸਾਂ ਮੌਜੂਦ ਨਹੀਂ ਹਨ ਜਦੋਂ ਕਿ ਜਨਤਕ ਯੂਨੀਵਰਸਿਟੀਆਂ ਵਿੱਚ ਅੰਗਰੇਜ਼ੀ-ਸਿਖਲਾਈ ਪ੍ਰੋਗਰਾਮ ਉਪਲਬਧ ਹਨ।

ਆਇਰਲੈਂਡ ਭਾਰਤੀ ਵਿਦਿਆਰਥੀ ਆਇਰਲੈਂਡ ਨੂੰ ਆਪਣੀ ਪੜ੍ਹਾਈ ਦੀ ਮੰਜ਼ਿਲ ਵਜੋਂ ਚੁਣਦੇ ਹਨ ਕਿਉਂਕਿ ਇਸਦੀ ਵਾਜਬ ਟਿਊਸ਼ਨ ਫੀਸਾਂ ਦੇ ਨਾਲ-ਨਾਲ ਇਸਦੇ ਗਤੀਸ਼ੀਲ ਸੱਭਿਆਚਾਰਕ ਵਾਤਾਵਰਣ ਵੀ ਹੈ। ਬੈਚਲਰ ਪ੍ਰੋਗਰਾਮਾਂ ਲਈ ਟਿਊਸ਼ਨ ਫੀਸ 6.3 ਲੱਖ ਰੁਪਏ ਤੋਂ 10 ਲੱਖ ਰੁਪਏ ਪ੍ਰਤੀ ਸਾਲ ਤੱਕ ਹੁੰਦੀ ਹੈ, ਜਦੋਂ ਕਿ ਮਾਸਟਰ ਪ੍ਰੋਗਰਾਮਾਂ ਦੀ ਕੀਮਤ 12 ਲੱਖ ਰੁਪਏ ਤੋਂ 25 ਲੱਖ ਰੁਪਏ ਸਾਲਾਨਾ ਦੇ ਵਿਚਕਾਰ ਹੁੰਦੀ ਹੈ। ਇਸ ਸਥਾਨ 'ਤੇ ਮਹੀਨਾਵਾਰ ਰਹਿਣ-ਸਹਿਣ ਦਾ ਖਰਚ 70,000 ਰੁਪਏ ਤੋਂ 1 ਲੱਖ ਰੁਪਏ ਸਾਲਾਨਾ ਦੇ ਵਿਚਕਾਰ ਹੁੰਦਾ ਹੈ। ਜੋ ਵਿਦਿਆਰਥੀ ਗ੍ਰੈਜੂਏਸ਼ਨ ਤੋਂ ਬਾਅਦ ਕੰਮ ਕਰਨ ਦੇ ਮੌਕੇ ਚਾਹੁੰਦੇ ਹਨ, ਉਹ ਆਇਰਲੈਂਡ ਨੂੰ ਇਸਦੇ ਪੜ੍ਹਾਈ ਤੋਂ ਬਾਅਦ ਦੇ ਕੰਮ ਦੇ ਪ੍ਰੋਗਰਾਮਾਂ ਦੇ ਕਾਰਨ ਇੱਕ ਆਕਰਸ਼ਕ ਮੰਜ਼ਿਲ ਸਮਝਣਗੇ।

ਪੋਲੈਂਡ ਭਾਰਤੀ ਵਿਦਿਆਰਥੀ ਆਪਣੀ ਸਿੱਖਿਆ ਲਈ ਪੋਲੈਂਡ ਨੂੰ ਵੱਧ ਤੋਂ ਵੱਧ ਚੁਣਦੇ ਹਨ ਕਿਉਂਕਿ ਇਹ ਦੇਸ਼ ਕਿਫਾਇਤੀ ਅਕਾਦਮਿਕ ਲਾਗਤਾਂ ਦੇ ਨਾਲ-ਨਾਲ ਰਹਿਣ-ਸਹਿਣ ਦੇ ਖਰਚੇ ਅਤੇ ਉੱਤਮ ਵਿਦਿਅਕ ਗੁਣਵੱਤਾ ਦੀ ਪੇਸ਼ਕਸ਼ ਕਰਦਾ ਹੈ। ਬੈਚਲਰ ਪ੍ਰੋਗਰਾਮਾਂ ਲਈ ਟਿਊਸ਼ਨ ਫੀਸ 2 ਲੱਖ ਰੁਪਏ ਤੋਂ 4 ਲੱਖ ਰੁਪਏ ਪ੍ਰਤੀ ਸਾਲ ਤੱਕ ਹੁੰਦੀ ਹੈ, ਜਦੋਂ ਕਿ ਮਾਸਟਰ ਪ੍ਰੋਗਰਾਮਾਂ ਦੀ ਕੀਮਤ 2.5 ਲੱਖ ਰੁਪਏ ਤੋਂ 5 ਲੱਖ ਰੁਪਏ ਸਾਲਾਨਾ ਹੁੰਦੀ ਹੈ। ਇਸ ਸਥਾਨ 'ਤੇ ਮਹੀਨਾਵਾਰ ਖਰਚ 40000 ਰੁਪਏ ਤੋਂ 60000 ਰੁਪਏ ਦੇ ਵਿਚਕਾਰ ਆਉਂਦਾ ਹੈ। ਇਹ ਦੇਸ਼ ਵਧੇਰੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਦਾ ਹੈ ਕਿਉਂਕਿ ਇਹ ਇਤਿਹਾਸਕ ਮੁੱਲ ਅਤੇ ਇੱਕ ਸੰਪੂਰਨ ਕੇਂਦਰੀ ਯੂਰਪੀਅਨ ਸਥਿਤੀ ਦਾ ਸੁਮੇਲ ਪੇਸ਼ ਕਰਦਾ ਹੈ।

ਮੈਕਸੀਕੋ ਮੈਕਸੀਕੋ ਵਿੱਚ ਘੱਟ ਟਿਊਸ਼ਨ ਕੀਮਤਾਂ ਅਤੇ ਕਿਫਾਇਤੀ ਜੀਵਨ ਖਰਚੇ ਭਾਰਤੀ ਵਿਦਿਆਰਥੀਆਂ ਲਈ ਇੱਕ ਕਿਫਾਇਤੀ ਵਿਦਿਅਕ ਮਾਹੌਲ ਬਣਾਉਂਦੇ ਹਨ ਜੋ ਉੱਥੇ ਪੜ੍ਹਾਈ ਕਰਨਾ ਚਾਹੁੰਦੇ ਹਨ। ਬੈਚਲਰ ਪ੍ਰੋਗਰਾਮਾਂ ਲਈ ਟਿਊਸ਼ਨ ਫੀਸ INR 50,000 ਤੋਂ INR 2 ਲੱਖ ਪ੍ਰਤੀ ਸਾਲ ਤੱਕ ਹੁੰਦੀ ਹੈ, ਜਦੋਂ ਕਿ ਮਾਸਟਰ ਪ੍ਰੋਗਰਾਮਾਂ ਦੀ ਲਾਗਤ INR 70,000 ਤੋਂ INR 2.5 ਲੱਖ ਸਾਲਾਨਾ ਦੇ ਵਿਚਕਾਰ ਹੁੰਦੀ ਹੈ। ਮੈਕਸੀਕੋ ਵਿੱਚ ਔਸਤ ਰਹਿਣ-ਸਹਿਣ ਦਾ ਖਰਚਾ INR 40,000 ਤੋਂ 70,000 ਪ੍ਰਤੀ ਮਹੀਨਾ ਦੇ ਵਿਚਕਾਰ ਹੁੰਦਾ ਹੈ। ਵਿਦਿਆਰਥੀ ਮੈਕਸੀਕਨ ਵਿਦਿਅਕ ਸੰਸਥਾਵਾਂ ਵਿੱਚ ਸਪੈਨਿਸ਼ ਬੋਲਣ ਵਾਲੀਆਂ ਕਲਾਸਾਂ ਵਿੱਚ ਹਿੱਸਾ ਲੈਂਦੇ ਹੋਏ ਇੱਕ ਜੀਵੰਤ ਸੱਭਿਆਚਾਰਕ ਮਾਹੌਲ ਵਿੱਚ ਆਪਣੀ ਸਿੱਖਿਆ ਦਾ ਪਤਾ ਲਗਾ ਸਕਦੇ ਹਨ।

ਸਿੱਟਾ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਦੀ ਯੋਜਨਾ ਬਣਾ ਰਹੇ ਵਿਦਿਆਰਥੀਆਂ ਨੂੰ ਆਪਣਾ ਫੈਸਲਾ ਲੈਂਦੇ ਸਮੇਂ ਟਿਊਸ਼ਨ ਖਰਚੇ ਅਤੇ ਮੁੱਢਲੇ ਰਹਿਣ-ਸਹਿਣ ਦੇ ਖਰਚੇ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ। ਜਿਹੜੇ ਵਿਦਿਆਰਥੀ ਸਥਾਨਕ ਰੀਤੀ-ਰਿਵਾਜਾਂ ਬਾਰੇ ਸਿੱਖਣ ਦੇ ਨਾਲ-ਨਾਲ ਸਕਾਲਰਸ਼ਿਪ ਦੇ ਮੌਕਿਆਂ ਦੀ ਜਾਂਚ ਕਰਦੇ ਹਨ, ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਵਧੇਰੇ ਸੰਤੁਸ਼ਟੀਜਨਕ ਵਿਦਿਅਕ ਅਨੁਭਵ ਪ੍ਰਾਪਤ ਹੋਵੇਗਾ। ਇਹ ਦੇਸ਼ ਘੱਟ ਕੀਮਤਾਂ 'ਤੇ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਦੇ ਹਨ, ਇਸ ਤਰ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਕਰਜ਼ੇ ਤੋਂ ਮੁਕਤ ਅੰਤਰਰਾਸ਼ਟਰੀ ਅਧਿਐਨ ਦੇ ਮੌਕਿਆਂ ਲਈ ਸ਼ਾਨਦਾਰ ਵਿਕਲਪ ਪ੍ਰਦਾਨ ਕਰਦੇ ਹਨ।

# ਪੰਜਾਬੀ ਨੂੰ ਅਣਗੌਲਿਆਂ ਕਰ ਰਹੇ ਪੰਜਾਬੀ

ਜੇਕਰ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿੱਚ ਸਾਡੀ ਹੋਂਦ ਕਾਇਮ ਹੈ ਤਾਂ ਉਹ ਸਾਡੀ ਮਾਤ ਭਾਸ਼ਾ ਪੰਜਾਬੀ ਕਰਕੇ ਹੀ ਕਾਇਮ ਹੈ। ਜਦੋਂ ਅਸੀਂ ਆਪਣੇ ਇਤਿਹਾਸ 'ਤੇ ਝਾਤ ਮਾਰਦੇ ਹਾਂ ਤਾਂ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਮਾਂ ਬੋਲੀ ਨੂੰ ਰੁਤਬਾ ਦਿਵਾਉਣ ਵਾਸਤੇ ਗੁਰੂ ਸਾਹਿਬਾਨ, ਪੀਰਾਂ ਫ਼ਕੀਰਾਂ ਅਤੇ ਸਿੱਧ ਜੋਗੀਆਂ ਦੁਆਰਾ ਦਿੱਤਾ ਯੋਗਦਾਨ ਕਦੇ ਭੁਲਾਇਆ ਨਹੀਂ ਜਾ ਸਕਦਾ। ਵਿਦਵਾਨਾਂ ਅਨੁਸਾਰ ਇਸ ਭਾਸ਼ਾ ਦਾ ਰਿਸ਼ਤਾ ਸਭ ਤੋਂ ਪੁਰਾਣੇ ਵੇਦ ਰਿਗਵੇਦ ਨਾਲ ਵੀ ਜੁੜਦਾ ਹੈ। ਇੱਥੋਂ ਸਿੱਧ ਹੁੰਦਾ ਹੈ ਕਿ ਇਹ ਬੋਲੀ ਮਹਾਨ ਅਤੇ ਮਹਾਨ ਕੌਮ ਦੀ ਜਨਮਦਾਤੀ ਹੈ। ਜੇਕਰ ਪੰਜਾਬੀ ਅਜਿਹੀ ਅਮੀਰ ਵਿਰਾਸਤ ਦੇ ਮਾਲਕ ਹਨ, ਫਿਰ ਉਹ ਆਪਣੀ ਮਾਂ ਬੋਲੀ ਨੂੰ ਤ੍ਰਿਸਕਾਰ ਦਾ ਪਾਤਰ ਕਿਉਂ ਬਣਾ ਰਹੇ ਹਨ। ਅਜੋਕੇ ਸਮੇਂ ਵਿੱਚ ਇਹ ਮਸਲਾ ਗੰਭੀਰ ਤੋਂ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਅਸੀਂ ਆਮ ਤੌਰ 'ਤੇ ਗੱਲਾਂ ਕਰਦੇ ਹਾਂ ਕਿ ਸ਼ਹਿਰਾਂ ਵਿੱਚੋਂ ਪੰਜਾਬੀ ਗਾਇਬ ਹੋ ਗਈ ਹੈ, ਪਰ ਹੁਣ ਤਾਂ ਇਸ ਦੀ ਹਾਲਤ ਪਿੰਡਾਂ ਵਿੱਚ ਵੀ ਤਰਸਯੋਗ ਬਣ ਰਹੀ ਹੈ।

ਦਿਹਾਤੀ ਭਾਰਤ ਵਿੱਚ ਸਿੱਖਿਆ ਦੀ ਸਥਿਤੀ ਸਬੰਧੀ ਏਐੱਸਈਆਰ ਵੱਲੋਂ ਜਾਰੀ ਕੀਤੀ ਰਿਪੋਰਟ ਵਿੱਚ ਪੰਜਾਬ ਦੇ ਪੇਂਡੂ ਸਕੂਲਾਂ ਵਿੱਚ ਵੀ ਪੰਜਾਬੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਜੋ ਬਹੁਤ ਚਿੰਤਾਜਨਕ ਮਸਲਾ ਹੈ। ਰਿਪੋਰਟ ਵਿੱਚ ਸਥਿਤੀ ਇਹ ਦਰਸਾਈ ਗਈ ਹੈ ਕਿ ਪੰਜਾਬ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 40 ਫ਼ੀਸਦੀ ਬੱਚੇ ਪੰਜਾਬੀ ਦਾ ਇੱਕ ਪੈਰ੍ਹਾ ਪੜ੍ਹਨ ਦੇ ਯੋਗ ਵੀ ਨਹੀਂ ਹਨ। ਭਾਵੇਂ ਕਿ ਗਣਿਤ ਵਿੱਚ ਇਹ ਸਥਿਤੀ ਸਰਕਾਰੀ ਸਕੂਲਾਂ ਦੀ ਬਿਹਤਰ ਦਿਖਾਈ ਦਿੱਤੀ ਹੈ। ਹੈਰਾਨ ਕਰਨ ਵਾਲਾ ਖੁਲਾਸਾ ਇਹ ਵੀ ਹੋਇਆ ਹੈ ਕਿ ਪ੍ਰਾਈਵੇਟ ਸਕੂਲਾਂ ਦੇ 15 ਫ਼ੀਸਦੀ ਤੋਂ ਵੱਧ ਬੱਚੇ ਸਿਰਫ਼ ਅੱਖਰ ਗਿਆਨ ਹੀ ਰੱਖਦੇ ਹਨ ਜਦੋਂਕਿ ਉਨ੍ਹਾਂ ਨੂੰ ਸ਼ਬਦ ਦਾ ਕੋਈ ਗਿਆਨ ਨਹੀਂ ਹੈ। 4.6 ਫ਼ੀਸਦੀ ਬੱਚੇ ਤਾਂ ਅੱਖਰਾਂ ਦੀ ਪਛਾਣ ਵੀ ਨਹੀਂ ਕਰ ਸਕਦੇ। ਦਿਹਾਤੀ ਪੰਜਾਬ ਵਿੱਚ ਸਿੱਖਿਆ ਪੱਧਰ ਦੇ ਹੋਏ ਅਧਿਐਨ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਪੰਜਾਬ ਦੇ ਪੇਂਡੂ ਸਕੂਲਾਂ ਦੇ ਤੀਜੀ ਜਮਾਤ ਦੇ 28 ਫ਼ੀਸਦੀ ਬੱਚੇ ਸਿਰਫ਼ ਪਹਿਲੀ ਜਮਾਤ ਦੀ ਪੁਸਤਕ ਪੜ੍ਹ ਸਕਦੇ ਹਨ। ਭਾਵੇਂ ਪੜ੍ਹਨ ਦੀ ਸਮਰੱਥਾ ਵਿੱਚ 3.4 ਫ਼ੀਸਦੀ ਦਾ ਸੁਧਾਰ ਅਤੇ ਨਿੱਜੀ ਸਕੂਲਾਂ ਦੇ ਬੱਚਿਆਂ ਵਿੱਚ ਲਗਭਗ ਇੱਕ ਫ਼ੀਸਦੀ ਦਾ ਨਿਘਾਰ ਦਰਜ ਕੀਤਾ ਗਿਆ ਹੈ। ਕੁੜੀਆਂ ਦੀ ਪੜ੍ਹਨ ਦੀ ਸਮਰੱਥਾ ਮੁੰਡਿਆਂ ਨਾਲੋਂ ਕਿਤੇ ਬਿਹਤਰ ਦਿਸੀ ਹੈ। 29.5 ਤੋਂ ਉਨ੍ਹਾਂ ਦੀ ਸਥਿਤੀ 31.9 ਤੱਕ ਬਿਹਤਰ ਹੋਈ ਹੈ। ਜਦੋਂਕਿ ਅੱਠਵੀਂ ਜਮਾਤ ਦੇ ਮੁੰਡਿਆਂ ਨੇ ਇਸ ਖੇਤਰ ਵਿੱਚ 2022 ਦੇ ਮੁਕਾਬਲੇ 81.2 ਫ਼ੀਸਦੀ ਤੋਂ 2024 ਵਿੱਚ ਘਟ ਕੇ 71 ਫ਼ੀਸਦੀ ਨਾਲ ਗਿਰਾਵਟ ਦਰਜ ਕਰਵਾਈ ਹੈ।




ਅਜਿਹੀ ਚਿੰਤਾਜਨਕ ਸਥਿਤੀ ਪੈਦਾ ਹੋਣ ਦੇ ਕਾਰਨਾਂ 'ਤੇ ਵੀ ਝਾਤੀ ਮਾਰਨ ਦੀ ਲੋੜ ਹੈ। ਪੰਜਾਬ ਦੇ 1992 ਸਕੂਲਾਂ ਵਿੱਚ ਸਿਰਫ਼ ਇੱਕ ਇੱਕ ਅਧਿਆਪਕ ਪੜ੍ਹਾਈ ਕਰਵਾ ਰਿਹਾ ਹੈ। ਇਨ੍ਹਾਂ ਸਕੂਲਾਂ ਵਿੱਚ 69,532 ਵਿਦਿਆਰਥੀ ਪੜ੍ਹ ਰਹੇ ਹਨ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇੱਕ-ਇੱਕ ਅਧਿਆਪਕ ਇਨ੍ਹਾਂ ਵਿਦਿਆਰਥੀਆਂ ਨਾਲ ਕਿਵੇਂ ਨਜਿੱਠਦਾ ਹੋਵੇਗਾ। ਸਕੂਲਾਂ ਵਿੱਚ ਵਿਦਿਆਰਥੀ ਅਧਿਆਪਕ ਦਾ ਅਨੁਪਾਤ ਤਰਕਸੰਗਤ ਨਾ ਹੋਣ ਕਰਕੇ ਵੀ ਸਾਡੀ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਇੱਕ ਹੋਰ ਰਿਪੋਰਟ ਅਨੁਸਾਰ 81 ਸਕੂਲ ਅਜਿਹੇ ਹਨ ਜਿਨ੍ਹਾਂ ਵਿੱਚ 178 ਅਧਿਆਪਕ ਪੜ੍ਹਾ ਰਹੇ ਹਨ ਜਦੋਂਕਿ ਵਿਦਿਆਰਥੀ ਇੱਕ ਵੀ ਨਹੀਂ ਹੈ। ਜਦੋਂ ਸਕੂਲ ਮੁਖੀਆਂ ਦੀ ਗੱਲ ਕਰਦੇ ਹਾਂ ਤਾਂ ਪੰਜਾਬ ਦੇ 44 ਫ਼ੀਸਦੀ ਸਕੂਲ, ਸਕੂਲ ਮੁਖੀਆਂ ਤੋਂ ਸੱਖਣੇ ਪਏ ਹਨ। ਇੱਕ ਪ੍ਰਿੰਸੀਪਲ ਨੂੰ ਪੰਜ ਪੰਜ ਸਕੂਲਾਂ ਦਾ ਕਾਰਜ ਭਾਰ ਦਿੱਤਾ ਹੋਇਆ ਹੈ। ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਅਜਿਹੇ ਹਾਲਾਤ ਵਿੱਚ ਸਕੂਲ ਮੁਖੀ ਆਪਣੀ ਜ਼ਿੰਮੇਵਾਰੀ ਨੂੰ ਸਫ਼ਲਤਾ ਨਾਲ ਕਿਵੇਂ ਨਿਭਾ ਸਕਦਾ ਹੈ? ਬਰਨਾਲਾ ਜ਼ਿਲ੍ਹੇ ਦੇ 73 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਿਰਫ਼ 13 ਪ੍ਰਿੰਸੀਪਲ ਮੌਜੂਦ ਹਨ। ਅਜਿਹਾ ਹਾਲ ਹੀ ਬਾਕੀ ਜ਼ਿਲ੍ਹਿਆਂ ਦਾ ਹੈ ਜਦੋਂਕਿ ਮੁਹਾਲੀ ਜ਼ਿਲ੍ਹੇ ਦੇ 47 ਸਕੂਲਾਂ ਵਿੱਚੋਂ 38 ਵਿੱਚ ਉੱਚ ਅਧਿਕਾਰੀਆਂ ਦੀਆਂ ਪਤਨੀਆਂ ਪ੍ਰਿੰਸੀਪਲ ਹਨ।

ਬਲਜਿੰਦਰ ਮਾਨ

ਇਹ ਵੀ ਦੇਖਣ ਵਿੱਚ ਆਇਆ ਹੈ ਕਿ ਪੰਜਾਬੀ ਪੜ੍ਹਾਉਣ ਵਾਲਿਆਂ ਦੀ ਖ਼ੁਦ ਪੰਜਾਬੀ ਵਿੱਚ ਰੁਚੀ ਨਹੀਂ ਹੁੰਦੀ। ਉਹ ਸਿਲੇਬਸ ਤੋਂ ਇਲਾਵਾ ਵਾਧੂ ਕਿਤਾਬਾਂ ਨੂੰ ਕਦੇ ਹੱਥ ਨਹੀਂ ਲਾਉਂਦੇ ਅਤੇ ਨਾ ਹੀ ਆਪਣੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਜਾਣ ਲਈ ਪ੍ਰੇਰਿਤ ਕਰਦੇ ਹਨ। ਜੇਕਰ ਉਹ ਖ਼ੁਦ ਸਾਹਿਤ ਦੇ ਪ੍ਰੇਮੀ ਨਹੀਂ ਹਨ ਤਾਂ ਉਹ ਆਪਣੇ ਵਿਦਿਆਰਥੀਆਂ ਨੂੰ ਇਸ ਖੇਤਰ ਵਿੱਚ ਸਰਗਰਮ ਕਿਵੇਂ ਕਰ ਸਕਦੇ ਹਨ ਉਨ੍ਹਾਂ ਤਾਂ ਇੱਕੋ ਇੱਕ ਟੀਚਾ ਮਿਥਿਆ ਹੈ ਕਿ ਆਪਣੇ ਵਿਦਿਆਰਥੀਆਂ ਨੂੰ ਸਿਲੇਬਸ ਪੜ੍ਹਾ ਕੇ ਪਾਸ ਕਰਵਾਇਆ ਜਾਵੇ। ਪੰਜਾਬੀ ਭਾਸ਼ਾ ਨਾਲ ਉਨ੍ਹਾਂ ਦਾ ਪਿਆਰ, ਸਤਿਕਾਰ ਅਤੇ ਮੁਹੱਬਤ ਅਜੇ ਪੈਦਾ ਨਹੀਂ ਹੋਈ। ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪਸਾਰ ਵਾਸਤੇ ਪੰਜਾਬੀ ਅਧਿਆਪਕਾਂ ਦਾ ਯੋਗਦਾਨ ਸਭ ਤੋਂ ਉੱਤਮ ਹੋ ਸਕਦਾ ਹੈ। ਜੇਕਰ ਉਹ ਇਸ ਦੀ ਅਣਦੇਖੀ ਕਰਦੇ ਹਨ ਤਾਂ ਮਾਤ ਭਾਸ਼ਾ ਦਾ ਅੱਲ੍ਹਾ ਬੇਲੀ ਹੈ।

ਦਿਹਾਤੀ ਇਲਾਕਿਆਂ ਵਿੱਚ ਵਸਦੀਆਂ ਜਵਾਨ ਮਾਵਾਂ ਆਪਣੇ ਬੱਚਿਆਂ ਨਾਲ ਹਿੰਦੀ ਅੰਗਰੇਜ਼ੀ ਵਿੱਚ ਗੱਲ ਕਰਨ ਨੂੰ ਤਰਜੀਹ ਦੇ ਰਹੀਆਂ ਹਨ। ਜਦੋਂ ਵਿਦਿਆਰਥੀ ਸਕੂਲਾਂ ਵਿੱਚੋਂ ਪੜ੍ਹ ਕੇ ਘਰ ਪੁੱਜਦੇ ਹਨ ਤਾਂ ਉਨ੍ਹਾਂ ਨਾਲ ਉਹ ਆਪਣੀ ਮਾਤ ਭਾਸ਼ਾ ਵਿੱਚ ਗੱਲ ਕਰਨ 'ਚ ਹੇਠੀ ਸਮਝਦੀਆਂ ਹਨ। ਸਾਡੇ ਘਰ ਜਾਂ ਖੇਤਾਂ ਵਿੱਚ ਆਇਆ ਪਰਵਾਸੀ ਸਾਨੂੰ ਆਪਣੀ ਭਾਸ਼ਾ ਸਿਖਾ ਦਿੰਦਾ ਹੈ ਜਦੋਂਕਿ ਅਸੀਂ ਘਰ ਦੇ ਪੰਜ ਸੱਤ ਜੀਅ ਉਸ ਇੱਕ ਨੂੰ ਆਪਣੀ ਪੰਜਾਬੀ ਭਾਸ਼ਾ ਸਿਖਾਉਣ ਤੋਂ ਅਸਮਰੱਥ ਹਾਂ। ਇੱਥੋਂ ਇਹ ਸਿੱਧ ਹੋ ਰਿਹਾ ਹੈ ਕਿ ਸਾਡੀ ਮਾਤ ਭਾਸ਼ਾ ਪਿੰਡਾਂ ਵਿੱਚੋਂ ਵੀ ਗਾਇਬ ਹੋ ਰਹੀ ਹੈ। ਇਨ੍ਹਾਂ ਅਹਿਮ ਮਸਲਿਆਂ ਬਾਰੇ ਸਾਡੀਆਂ ਸਰਕਾਰਾਂ ਅਤੇ ਸਾਹਿਤਕਾਰਾਂ ਨੂੰ ਸਿਰ ਜੋੜ ਵਿਚਾਰਨ ਦੀ ਲੋੜ ਹੈ। ਅਸੀਂ ਸਟੇਜਾਂ 'ਤੇ ਖੜ੍ਹ ਕੇ ਫੜਾਂ ਮਾਰਦੇ ਹਾਂ ਜਦੋਂਕਿ ਅਸਲੀਅਤ ਤੋਂ ਕੋਹਾਂ ਦੂਰ ਬੈਠੇ ਹਾਂ। ਅਸੀਂ ਪੰਜਾਬੀ ਇਸ ਗੱਲ 'ਤੇ ਫ਼ਖ਼ਰ ਮਹਿਸੂਸ ਕਰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੀ ਮਹਾਨ ਰਚਨਾ ਗੁਰਮੁਖੀ ਲਿਪੀ ਵਿੱਚ ਹੋਈ ਹੈ। ਇਸ ਕਰਕੇ ਮਾਤ ਭਾਸ਼ਾ ਨੂੰ ਕੋਈ ਖ਼ਤਰਾ ਨਹੀਂ ਜਦੋਂਕਿ ਹਾਲਤ ਇਹ ਹੈ ਕਿ ਦੁਨੀਆ ਵਿੱਚ ਵਸਦੇ 15 ਕਰੋੜ ਪੰਜਾਬੀ ਸਹਿਜੇ ਸਹਿਜੇ ਆਪਣੀ ਮਾਤ ਭਾਸ਼ਾ ਨਾਲੋਂ ਟੁੱਟ ਰਹੇ ਹਨ। ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਦਾ ਝੋਰਾ ਖਾ ਰਿਹਾ ਹੈ ਜਦੋਂਕਿ ਪੰਜਾਬ ਵਿੱਚ ਵਸਦੇ ਪੰਜਾਬੀ ਇਸ ਦੀ ਕੋਈ ਪਰਵਾਹ ਨਹੀਂ ਕਰ ਰਹੇ। ਪਿੰਡਾਂ ਵਿੱਚ ਲਾਇਬ੍ਰੇਰੀਆਂ ਦਾ ਖੁੱਲ੍ਹਣਾ ਤਾਂ ਦੂਰ ਦੀ ਗੱਲ ਇੱਥੇ ਤਾਂ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਵੀ ਜਾਣ ਦੀ ਕੋਈ ਜ਼ਹਿਮਤ ਨਹੀਂ ਉਠਾਉਂਦਾ।

ਪੰਜਾਬ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲਾਇਬ੍ਰੇਰੀ ਦੀ ਆਸਾਮੀ ਪ੍ਰਵਾਨਿਤ ਹੋਣ ਦੇ ਬਾਵਜੂਦ 772 ਅਸਾਮੀਆਂ ਖਾਲੀ ਪਈਆਂ ਹਨ। ਟਾਈਮ ਟੇਬਲ ਵਿੱਚ ਲਾਇਬ੍ਰੇਰੀ ਦਾ ਪੀਰੀਅਡ ਨਾ ਹੋਣ ਕਰਕੇ ਇਨ੍ਹਾਂ ਦੀ ਵਰਤੋਂ ਨੂੰ ਕੋਈ ਤਵੱਜੋ ਨਹੀਂ ਦਿੱਤੀ ਜਾ ਰਹੀ ਜਦੋਂਕਿ 16.67 ਕਰੋੜ ਦੀ ਸਾਲਾਨਾ ਗਰਾਂਟ ਪੁਸਤਕਾਂ ਖਰੀਦਣ ਵਾਸਤੇ ਸਕੂਲਾਂ ਨੂੰ ਦਿੱਤੀ ਜਾਂਦੀ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ 2023-24 ਦੀ ਜਾਰੀ ਕੀਤੀ ਰਿਪੋਰਟ ਅਨੁਸਾਰ ਗੋਆ ਦੇ 1487 ਸਕੂਲਾਂ ਵਿੱਚ ਪ੍ਰਤੀ ਸਕੂਲ 3364 ਕਿਤਾਬਾਂ ਮੌਜੂਦ ਹਨ। ਪੰਜਾਬ ਵਿੱਚ ਕੁੱਲ 27,404 ਸਕੂਲ ਮੌਜੂਦ ਹਨ ਜਿਨ੍ਹਾਂ ਵਿੱਚੋਂ 19,242 ਸਰਕਾਰੀ ਸਕੂਲ ਹਨ। ਪੰਜਾਬ ਵਿੱਚ ਪ੍ਰਤੀ ਸਕੂਲ ਇਸ ਵੇਲੇ 1654 ਕਿਤਾਬਾਂ ਹਨ। ਪੰਜਾਬ ਦੇ ਸਕੂਲਾਂ ਵਿੱਚ ਇੰਨਾ ਕੁਝ ਮੌਜੂਦ ਹੋਣ ਦੇ ਬਾਵਜੂਦ ਪੰਜਾਬੀ ਨੂੰ ਅਣਗੌਲਿਆਂ ਕਿਉਂ ਕੀਤਾ ਜਾ ਰਿਹਾ ਹੈ? ਇਹ ਗੱਲ ਸਮਝ ਤੋਂ ਬਾਹਰ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਮਾਤ ਭਾਸ਼ਾ ਪੰਜਾਬੀ ਦੇ ਪ੍ਰਚਾਰ ਅਤੇ ਪਸਾਰ ਵਿੱਚ ਆਪੋ ਆਪਣਾ ਯੋਗਦਾਨ ਪਾਈਏ। ਜੇਕਰ ਸਾਡੀ ਭਾਸ਼ਾ ਨਾ ਰਹੀ ਤਾਂ ਸਾਡੀ ਹੋਂਦ ਵੀ ਕਾਇਮ ਨਹੀਂ ਰਹਿ ਸਕੇਗੀ। ਜਿਸ ਪੰਜਾਬੀ ਕੌਮ 'ਤੇ ਅਸੀਂ ਮਾਣ ਕਰਦੇ ਹਾਂ ਉਹ ਕੌਮ ਪੰਜਾਬੀ ਭਾਸ਼ਾ ਨਾਲ ਹੀ ਹੋਂਦ ਵਿੱਚ ਹੈ। ਲੋੜ ਹੈ ਮਾਤ ਭਾਸ਼ਾ ਨੂੰ ਰੁਜ਼ਗਾਰ, ਵਪਾਰ ਅਤੇ ਨਿਆਂ ਦੀ ਭਾਸ਼ਾ ਬਣਾਉਣ ਦੀ। ਜਦੋਂ ਇਹ ਭਾਸ਼ਾ ਇਨ੍ਹਾਂ ਖੇਤਰਾਂ ਵਿੱਚ ਪ੍ਰਚੱਲਿਤ ਹੋ ਗਈ ਤਾਂ ਹਰ ਪੰਜਾਬੀ ਮਾਣ ਤੇ ਸਤਿਕਾਰ ਨਾਲ ਇਸ ਭਾਸ਼ਾ ਨੂੰ ਪੂਰੀ ਨੀਝ ਨਾਲ ਪੜ੍ਹੇਗਾ ਅਤੇ ਬੋਲਣ ਵਿੱਚ ਵੀ ਮਾਣ ਮਹਿਸੂਸ ਕਰੇਗਾ।

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD